ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 48
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 18 February, 2026) ਬੁੱਧਵਾਰ , 18 ਫਰਵਰੀ, 2026, 7 ਫੱਗਣ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਗ੍ਰਹਿ ਮੰਤਰਾਲੇ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ 'ਤੇ ਕੇਸ ਚਲਾਉਣ ਦੀ ਮਨਜ਼ੂਰੀ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਕੇਂਦਰੀ ਗ੍ਰਹਿ ਮੰਤਰਾਲੇ ਨੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਵਿਰੁੱਧ ਅਦਾਲਤੀ ਕਾਰਵਾਈ ਚਲਾਉਣ ਲਈ ਰਸਮੀ ਮਨਜ਼ੂਰੀ ਦੇ ਦਿੱਤੀ ਹੈ। ਮੰਤਰਾਲੇ ਦੇ ਇਸ ਫੈਸਲੇ ਨਾਲ ਹੁਣ ਭੁੱਲਰ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਚਲਾਉਣ ਦਾ ਰਾਹ ਪੂਰੀ ਤਰ੍ਹਾਂ ਸਾਫ਼ ਹੋ ਗਿਆ ਹੈ। ਇਸ ਤੋਂ ਇੱਕ ਦਿਨ ਪਹਿਲਾਂ ਸੋਮਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਅਧਿਕਾਰੀ ਦੀ ਨਿਯਮਤ ਜ਼ਮਾਨਤ ਦੀ ਅਰਜ਼ੀ ਨੂੰ ਵੀ (ਬਾਕੀ ਸਫਾ 2 'ਤੇ)

ਆਰ.ਬੀ.ਆਈ. ਵੱਲੋਂ ਨਵੀਆਂ ਦਿਸ਼ਾ ਨਿਰਦੇਸ਼ ਜਾਰੀ

ਹੁਣ ਫ਼ਰਜ਼ੀ ਇੰਸ਼ੋਰੈਂਸ ਤੇ ਐਨ.ਪੀ.ਐਸ. ਵੇਚਿਆ ਤਾਂ ਖ਼ੈਰ ਨਹੀਂ !

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 17 ਫਰਵਰੀ :: ਭਾਰਤੀ ਰਿਜ਼ਰਵ ਬੈਂਕ ਨੇ ਵਿੱਤੀ ਉਤਪਾਦਾਂ ਦੀ ਗਲਤ ਵਿਕਰੀ ਨੂੰ ਰੋਕਣ ਲਈ ਪ੍ਰਮੁੱਖ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜਿਸ ਵਿੱਚ ਆਰ.ਬੀ.ਆਈ. ਨੇ ਬੈਂਕਾਂ ਨੂੰ ਗਲਤ ਵਿਕਰੀ ਨੂੰ ਰੋਕਣ ਲਈ ਸਖ਼ਤ ਨਿਰਦੇਸ਼ ਦਿੱਤੇ ਹਨ। ਜੇਕਰ ਤੁਸੀਂ ਵੀ ਕਿਸੇ ਬੈਂਕ ਤੋਂ ਬੀਮਾ ਖਰੀਦਦੇ ਹੋ ਜਾਂ ਐੱਨ.ਪੀ.ਐੱਸ. ਜਾਂ ਮਿਊਚੁਅਲ ਫੰਡਾਂ ਵਿੱਚ ਨਿਵੇਸ਼ ਕਰਦੇ ਹੋ ਤਾਂ ਇਹ ਖ਼ਬਰ ਤੁਹਾਡੇ ਲਈ ਹੈ।

ਆਓ ਅਸੀਂ ਤੁਹਾਨੂੰ ਪੂਰੀ ਗਾਈਡਲਾਈਨ ਬਾਰੇ ਦੱਸਦੇ ਹਾਂ। ਗਲਤ ਵਿਕਰੀ ਨੂੰ ਰੋਕਣ ਲਈ ਜਾਰੀ ਕੀਤੇ ਗਏ ਆਪਣੇ ਦਿਸ਼ਾ-ਨਿਰਦੇਸ਼ਾਂ ਵਿੱਚ ਆਰ.ਬੀ.ਆਈ. ਕਹਿੰਦਾ ਹੈ ਕਿ ਬੈਂਕ ਸ਼ਾਖਾਵਾਂ ਦੇ ਅੰਦਰ ਵਿੱਤੀ ਉਤਪਾਦ ਵੇਚਣ ਵਾਲੇ ਏਜੰਟਾਂ ਅਤੇ ਬੈਂਕ ਸਟਾਫ ਨੂੰ ਸਪੱਸ਼ਟ ਤੌਰ 'ਤੇ ਵੱਖ ਕੀਤਾ ਜਾਣਾ ਚਾਹੀਦਾ ਹੈ। ਬੈਂਕਾਂ ਨੂੰ ਇੱਕ ਵਿਕਰੀ ਸੰਹਿਤਾ ਲਾਗੂ ਕਰਨੀ ਚਾਹੀਦੀ ਹੈ, ਜਿਸ ਦੀ ਉਲੰਘਣਾ ਸਜ਼ਾ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਉਤਪਾਦਾਂ ਅਤੇ ਸੇਵਾਵਾਂ ਲਈ ਵੱਖਰੇ ਤੌਰ 'ਤੇ ਸਹਿਮਤੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ ਅਤੇ ਉਹਨਾਂ ਨੂੰ ਜੋੜਿਆ ਨਹੀਂ ਜਾ ਸਕਦਾ। ਬੈਂਕਾਂ ਨੂੰ ਉਪਭੋਗਤਾ ਇੰਟਰਫੇਸ ਨੂੰ ਇਸ ਤਰੀਕੇ ਨਾਲ ਡਿਜ਼ਾਈਨ ਕਰਨਾ ਚਾਹੀਦਾ ਹੈ ਕਿ ਗਾਹਕ ਨਿਯਮਾਂ ਅਤੇ ਸ਼ਰਤਾਂ ਨੂੰ ਪੜ੍ਹੇ ਬਿਨਾਂ ਸਹਿਮਤੀ ਨਾ ਦੇ ਸਕਣ। ਬੈਂਕ ਤੀਜੀ-ਧਿਰ ਦੇ ਉਤਪਾਦਾਂ ਨੂੰ ਆਪਣੇ ਵਜੋਂ ਮਾਰਕੀਟ ਨਹੀਂ ਕਰ ਸਕਦੇ।

ਏਜੰਟ ਬੈਂਕ ਕਰਮਚਾਰੀਆਂ ਵਜੋਂ ਪੇਸ਼ ਨਹੀਂ ਹੋ ਸਕਦੇ। ਇਸ ਤੋਂ ਇਲਾਵਾ, ਸਟਾਫ ਅਤੇ ਏਜੰਟ ਪਹਿਲਾਂ ਤੋਂ ਪ੍ਰਵਾਨਗੀ ਤੋਂ ਬਿਨਾਂ ਗਾਹਕਾਂ ਨੂੰ ਕਾਲ ਜਾਂ ਮਿਲ ਨਹੀਂ ਸਕਦੇ। ਗਲਤ ਵਿਕਰੀ ਦਾ ਅਰਥ ਹੈ ਇੱਕ ਅਜਿਹਾ ਉਤਪਾਦ ਵੇਚਣਾ ਜੋ ਗਾਹਕ ਦੇ ਪ੍ਰੋਫਾਈਲ, ਉਮਰ, ਆਮਦਨ, ਵਿੱਤੀ ਜਾਣਕਾਰੀ, ਜਾਂ ਜੋਖਮ ਦੀ ਭੁੱਖ ਦੇ ਅਨੁਕੂਲ ਨਹੀਂ ਹੈ। ਇਸ ਵਿੱਚ ਅਧੂਰੀ ਜਾਂ ਗੁੰਮਰਾਹਕੁੰਨ ਜਾਣਕਾਰੀ (ਬਾਕੀ ਸਫਾ 2 'ਤੇ)

ਮੁੰਬਈ ਪੁੱਜੇ ਫਰਾਂਸ ਦੇ ਰਾਸ਼ਟਰਪਤੀ ਮੈਕਰੋਂ ਵੱਲੋਂ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ

ਭਾਰਤ-ਫਰਾਂਸ ਮਿਲ ਕੇ ਬਣਾਉਣਗੇ ਐਵਰੈਸਟ ਤੱਕ ਉੱਡਾਣ ਭਰਨ ਵਾਲਾ ਹੈਲੀਕਾਪਟਰ

ਦੋਵੇਂ ਆਗੂਆਂ ਵੱਲੋਂ ਐਚ-125 ਅਸੈਂਬਲੀ ਲਾਈਨ ਦਾ ਉਦਘਾਟਨ

ਚੜ੍ਹਦੀਕਲਾ ਬਿਊਰੋ

================

ਮੁੰਬਈ, 17 ਫਰਵਰੀ : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਮੰਗਲਵਾਰ ਨੂੰ ਮੁੰਬਈ ਦੇ ਮਹਾਰਾਸ਼ਟਰ ਲੋਕ ਭਵਨ ਵਿੱਚ ਮੁਲਾਕਾਤ ਕੀਤੀ। ਰਾਸ਼ਟਰਪਤੀ ਮੈਕਰੋਂ ਦੀ ਇਹ ਚੌਥੀ ਭਾਰਤ ਫੇਰੀ ਹੈ, ਜਿਸ ਦੌਰਾਨ ਦੋਵਾਂ ਨੇਤਾਵਾਂ ਨੇ ਇੱਕ-ਦੂਜੇ ਨੂੰ ਜੱਫੀ ਪਾ ਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ।

ਗੱਲਬਾਤ ਤੋਂ ਪਹਿਲਾਂ ਰਾਸ਼ਟਰਪਤੀ ਮੈਕਰੋਂ ਅਤੇ ਫਸਟ ਲੇਡੀ ਬ੍ਰਿਜਿਟ ਮੈਕਰੋਂ ਨੇ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਅਤੇ ਫਰਾਂਸ ਦੋਵੇਂ ਹੀ ਅੱਤਵਾਦ ਵਿਰੁੱਧ ਇਕਜੁੱਟ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਸਾਰ, ਦੋਵੇਂ ਨੇਤਾ ਸਾਲ 2026 ਨੂੰ 'ਭਾਰਤ-ਫਰਾਂਸ ਇਨੋਵੇਸ਼ਨ ਸਾਲ' ਵਜੋਂ ਲਾਂਚ ਕਰਨਗੇ, ਜਿਸ ਨਾਲ ਦੋਵਾਂ ਦੇਸ਼ਾਂ ਦੀ ਰਣਨੀਤਕ ਭਾਈਵਾਲੀ ਨੂੰ ਨਵੀਂ ਰਫ਼ਤਾਰ ਮਿਲੇਗੀ।



ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਿਲ ਕੇ ਐੱਚ-125 ਹੈਲੀਕਾਪਟਰਾਂ ਦੀ ਅਸੈਂਬਲੀ ਲਾਈਨ ਦਾ ਉਦਘਾਟਨ ਕੀਤਾ। ਮੁੰਬਈ ਵਿੱਚ ਹੋਈ ਇੱਕ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਅਤੇ ਫਰਾਂਸ ਮਿਲ ਕੇ ਹੁਣ ਅਜਿਹੇ ਹੈਲੀਕਾਪਟਰਾਂ ਦਾ ਨਿਰਮਾਣ ਭਾਰਤ ਵਿੱਚ ਕਰਨਗੇ, ਜੋ ਮਾਊਂਟ ਐਵਰੈਸਟ ਜਿਹੀਆਂ ਅਥਾਹ ਉਚਾਈਆਂ ਤੱਕ ਉਡਾਣ ਭਰਨ ਦੇ ਸਮਰੱਥ ਹੋਣਗੇ।ਪ੍ਰਧਾਨ ਮੰਤਰੀ ਮੋਦੀ ਨੇ ਫਰਾਂਸ ਨੂੰ ਭਾਰਤ ਦਾ ਖ਼ਾਸ ਭਾਈਵਾਲ ਦੱਸਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਨੇ ਆਪਣੇ ਸਬੰਧਾਂ ਨੂੰ 'ਸਪੈਸ਼ਲ ਗਲੋਬਲ ਸਟ੍ਰੈਟੇਜਿਕ ਪਾਰਟਨਰਸ਼ਿਪ' ਦੇ ਪੱਧਰ ਤੱਕ ਲਿਜਾਣ ਦਾ ਫੈਸਲਾ ਕੀਤਾ ਹੈ। ਇਸ ਦਾ ਮਤਲਬ ਇਹ ਹੈ ਕਿ ਹੁਣ ਭਾਰਤ ਅਤੇ ਫਰਾਂਸ ਦੇ ਰਿਸ਼ਤੇ ਸਿਰਫ਼ ਵਪਾਰ ਜਾਂ ਹਥਿਆਰਾਂ ਦੀ ਖਰੀਦ-ਵੇਚ ਤੱਕ ਸੀਮਤ ਨਹੀਂ ਰਹਿਣਗੇ, ਸਗੋਂ ਦੋਵੇਂ ਦੇਸ਼ ਸੁਰੱਖਿਆ, ਆਧੁਨਿਕ ਤਕਨਾਲੋਜੀ, ਪੁਲਾੜ , ਸਮੁੰਦਰੀ ਖੇਤਰਾਂ ਦੀ ਸੁਰੱਖਿਆ ਅਤੇ (ਬਾਕੀ ਸਫਾ 2 'ਤੇ)

ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਸੁਣਵਾਈ 11 ਮਾਰਚ ਤੱਕ ਮੁਲਤਵੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 17 ਫਰਵਰੀ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਬੇਅੰਤ ਸਿੰਘ ਕਤਲਕਾਂਡ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਉਸ ਪਟੀਸ਼ਨ 'ਤੇ ਸੁਣਵਾਈ 11 ਮਾਰਚ ਤੱਕ ਲਈ ਮੁਲਤਵੀ ਕਰ ਦਿੱਤੀ, ਜਿਸ 'ਚ ਉਸ ਨੇ ਖ਼ੁਦ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ 'ਚ ਭੇਜਣ ਦੀ ਅਪੀਲ ਕੀਤੀ ਸੀ। ਬੱਬਰ ਖਾਲਸਾ ਦਾ ਅੱਤਵਾਦੀ 1995 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਕਤਲ ਨਾਲ ਸਬੰਧ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਜੱਜ ਐੱਮ.ਐੱਮ. ਸੁੰਦਰੇਸ਼ ਅਤੇ ਜੱਜ ਐੱਨ. ਕੋਟਿਸ਼ਵਰ ਸਿੰਘ ਦੀ ਬੈਂਚ ਨੇ ਸਾਲਿਸੀਟਰ ਜਨਰਲ ਤੁਸ਼ਾਰ ਮੇਹਤਾ ਵਲੋਂ ਮੁਲਤਵੀ ਕਰਨ ਦੀ ਬੇਨਤੀ ਕਰਨ ਤੋਂ ਬਾਅਦ ਮਾਮਲੇ ਦੀ ਸੁਣਵਾਈ ਮੁਲਤਵੀ ਕਰ ਦਿੱਤੀ। ਪਿਛਲੇ ਸਾਲ 27 ਸਤੰਬਰ ਨੂੰ, ਸੁਪਰੀਮ ਕੋਰਟ ਨੇ ਹਵਾਰਾ ਦੀ ਪਟੀਸ਼ਨ 'ਤੇ ਕੇਂਦਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਦਿੱਲੀ ਅਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ। ਹਵਾਰਾ 31 ਅਗਸਤ, 1995 ਨੂੰ ਚੰਡੀਗੜ੍ਹ 'ਚ ਸਿਵਲ ਸਕੱਤਰੇਤ ਦੇ ਪ੍ਰਵੇਸ਼ ਦੁਆਰ 'ਤੇ ਹੋਏ ਧਮਾਕੇ ਨਾਲ (ਬਾਕੀ ਸਫਾ 2 'ਤੇ)

ਭਾਰਤ ਨੇ ਸਵਦੇਸ਼ੀ ਤਕਨੀਕ ਨਾਲ ਮੁੜ ਚਾਲੂ ਕੀਤਾ ਪ੍ਰਮਾਣੂ ਊਰਜਾ ਪਲਾਂਟ

ਅਜਿਹਾ ਕਰਨ ਵਾਲਾ ਏਸ਼ੀਆ ਦਾ ਪਹਿਲਾ ਦੇਸ਼ ਬਣਿਆ

ਚੜ੍ਹਦੀਕਲਾ ਬਿਊਰੋ

================

ਮੁੰਬਈ , 17 ਫਰਵਰੀ : ਭਾਰਤ ਨੇ ਆਪਣੇ ਪ੍ਰਮਾਣੂ ਊਰਜਾ ਉਤਪਾਦਨ ਪ੍ਰੋਗਰਾਮ 'ਚ ਇਕ ਮਹੱਤਵਪੂਰਨ ਉਪਲਬਧੀ ਹਾਸਲ ਕਰ ਲਈ ਹੈ। ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ 'ਚ ਸਥਿਤ ਦੇਸ਼ ਦੇ ਪਹਿਲੇ ਪ੍ਰਮਾਣੂ ਊਰਜਾ ਪਲਾਂਟ (ਟੀ.ਏ.ਪੀ.ਐੱਸ.) ਦੀ ਯੂਨਿਟ-1 ਮੁਰੰਮਤ ਤੇ ਨਵੀਨੀਕਰਨ ਤੋਂ ਬਾਅਦ ਮੁੜ 160 ਮੈਗਾਵਾਟ ਬਿਜਲੀ ਦਾ ਉਤਪਾਦਨ ਕਰਨ ਲੱਗ ਪਈ ਹੈ। ਇਸ ਤਰ੍ਹਾਂ ਭਾਰਤ ਕਿਸੇ ਪ੍ਰਮਾਣੂ ਊਰਜਾ ਪਲਾਂਟ ਨੂੰ ਪੂਰੀ ਤਰ੍ਹਾਂ ਸਵਦੇਸ਼ੀ ਤਕਨੀਕ ਨਾਲ ਨਵਾਂ ਜੀਵਨ ਦੇਣ ਵਾਲਾ ਏਸ਼ੀਆ ਦਾ ਪਹਿਲਾ ਦੇਸ਼ ਬਣ ਗਿਆ ਹੈ। ਕੁਝ ਹੀ ਮਹੀਨਿਆਂ 'ਚ 160



ਮੈਗਾਵਾਟ ਸਮਰੱਥਾ ਵਾਲੇ ਟੀ.ਏ.ਪੀ.ਐੱਸ.-2 ਦਾ ਨਵੀਨੀਕਰਨ ਵੀ ਪੂਰਾ ਹੋ ਜਾਵੇਗਾ। 1969 'ਚ ਚਾਲੂ ਕੀਤੇ ਗਏ ਟੀ.ਏ.ਪੀ.ਐੱਸ.-1 ਅਤੇ ਟੀ.ਏ.ਪੀ.ਐੱਸ.-2, ਪਹਿਲਾਂ ਸੋਵੀਅਤ ਸੰਘ ਤੋਂ ਬਾਹਰ ਏਸ਼ੀਆ ਦੇ ਪਹਿਲੇ ਪ੍ਰਮਾਣੂ ਊਰਜਾ ਰਿਐਕਟਰ ਸਨ। ਨਿਊਕਲੀਅਰ ਪਾਵਰ ਪ੍ਰੋਗਰਾਮ ਦੀ ਲੜੀ 'ਚ ਇਨ੍ਹਾਂ ਦੋਵਾਂ ਰਿਐਕਟਰਾਂ ਦੀ ਕਹਾਣੀ (ਬਾਕੀ ਸਫਾ 2 'ਤੇ)

ਜੇ ਰਾਹੁਲ ਗਾਂਧੀ ਕੋਲ ਸਾਡੇ ਲਈ ਸਮਾਂ ਨਹੀਂ ਤਾਂ ਅਸੀਂ ਵੀ ਵਿਹਲੇ ਨਹੀਂ: ਨਵਜੋਤ ਕੌਰ ਸਿੱਧੂ

ਕੋਇੰਬਟੂਰ (ਤਾਮਿਲਨਾਡੂ) , 17 ਫਰਵਰੀ (ਚ.ਨ.ਸ.):ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਇੱਕ ਵਾਰ ਫਿਰ ਆਪਣੇ ਬਿਆਨਾਂ ਨਾਲ ਸਿਆਸੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਤਾਮਿਲਨਾਡੂ ਦੇ ਕੋਇੰਬਟੂਰ ਵਿੱਚ ਇੱਕ ਪ੍ਰੋਗਰਾਮ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਰਾਹੁਲ ਗਾਂਧੀ ਦੀ ਕਾਰਜਸ਼ੈਲੀ 'ਤੇ ਸਵਾਲ ਚੁੱਕੇ। ਡਾ. ਸਿੱਧੂ ਨੇ ਆਪਣੀ ਅਤੇ ਆਪਣੇ ਪਤੀ ਦੀ ਆਮਦਨ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਰਾਜਨੀਤੀ ਵਿੱਚ ਪੈਸੇ ਕਮਾਉਣ ਲਈ ਨਹੀਂ ਆਏ ਸਨ। ਉਨ੍ਹਾਂ ਦਾਅਵਾ ਕੀਤਾ ਕਿ ਰਾਜਨੀਤੀ (ਬਾਕੀ ਸਫਾ 2 'ਤੇ)

ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਚੁੱਕੀ ਸਹੁੰ

ਬੀ.ਐਨ.ਪੀ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਦੇਸ਼ ਵਿੱਚ ਨਵੀਂ ਸਰਕਾਰ ਦਾ ਗਠਨ

ਚੜ੍ਹਦੀਕਲਾ ਬਿਊਰੋ

================

ਢਾਕਾ, 17 ਫਰਵਰੀ :ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐਨ.ਪੀ.) ਦੇ ਚੇਅਰਮੈਨ ਤਾਰਿਕ ਰਹਿਮਾਨ ਨੇ ਅੱਜ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ।

ਢਾਕਾ ਵਿੱਚ ਸੰਸਦ ਭਵਨ ਦੇ ਸਾਊਥ ਪਲਾਜ਼ਾ ਵਿਚ ਇੱਕ ਸਮਾਗਮ ਵਿੱਚ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਉਨ੍ਹਾਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। 60 ਸਾਲਾ ਤਾਰਿਕ ਰਹਿਮਾਨ ਪਿਛਲੇ 36 ਸਾਲਾਂ

ਵਿੱਚ ਬੰਗਲਾਦੇਸ਼ ਦੇ ਪਹਿਲੇ ਪੁਰਸ਼ ਪ੍ਰਧਾਨ ਮੰਤਰੀ (ਬਾਕੀ ਸਫਾ 2 'ਤੇ)

ਮਜੀਠੀਆ ਦੀ ਸੁਰੱਖਿਆ ਸਬੰਧੀ ਹਾਈ ਕੋਰਟ 'ਚ ਹੋਈ ਸੁਣਵਾਈ

ਚੰਡੀਗੜ੍ਹ , 17 ਫਰਵਰੀ (ਚ.ਨ.ਸ.): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆ ਨੂੰ ਲੈ ਕੇ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਅਹਿਮ ਸੁਣਵਾਈ ਹੋਈ । ਅਦਾਲਤ ਨੇ ਇਸ ਮਾਮਲੇ ਵਿੱਚ ਸਖ਼ਤ ਰੁਖ ਅਖ਼ਤਿਆਰ ਕਰਦਿਆਂ ਕੇਂਦਰ ਸਰਕਾਰ ਅਤੇ ਖੁਫੀਆ ਏਜੰਸੀਆਂ ਤੋਂ ਖਤਰੇ ਦੇ ਅੰਕਲਨ ਦੀ ਤਾਜ਼ਾ ਰਿਪੋਰਟ ਮੰਗੀ ਹੈ। ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਮਜੀਠੀਆ ਦੀ ਸੁਰੱਖਿਆ ਵਿੱਚ ਇਸ ਵੇਲੇ 15 ਸੁਰੱਖਿਆ ਕਰਮੀ ਤਾਇਨਾਤ ਹਨ । ਸਰਕਾਰ ਅਨੁਸਾਰ ਇਸ ਸਮੇਂ ਪਟੀਸ਼ਨਰ ਨੂੰ ਕੋਈ ਅਜਿਹਾ ਵਿਸ਼ੇਸ਼ ਖ਼ਤਰਾ ਨਜ਼ਰ (ਬਾਕੀ ਸਫਾ 2 'ਤੇ)

ਪੰਜਾਬ 'ਚ ਅਗਲੀ ਸਰਦੀਆਂ ਤੋਂ ਚੱਲੇਗੀ ਵੰਦੇ ਭਾਰਤ ਸਲੀਪਰ ਟਰੇਨ: ਬਿੱਟੂ

ਦਿੱਲੀ ਅਤੇ ਅੰਮ੍ਰਿਤਸਰ ਦਰਮਿਆਨ ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਰਸਤੇ ਚੱਲੇਗੀ ਗੱਡੀ

ਅੰਮ੍ਰਿਤਪਾਲ ਸਿੰਘ

================

ਲੁਧਿਆਣਾ, 17 ਫਰਵਰੀ: ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅੱਜ ਦੱਸਿਆ ਕਿ ਅਗਲੀਆਂ ਸਰਦੀਆਂ ਤੋਂ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਰਸਤੇ ਇੱਕ ਵਿਸ਼ੇਸ਼ ਵੰਦੇ ਭਾਰਤ ਸਲੀਪਰ ਟਰੇਨ ਸ਼ੁਰੂ ਕੀਤੀ ਜਾਵੇਗੀ।

ਰਾਹੁਲ ਗਾਂਧੀ ਵੱਲੋਂ ਉਨ੍ਹਾਂ ਨੂੰ ਗੱਦਾਰ ਕਹੇ ਜਾਣ 'ਤੇ ਬਿੱਟੂ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਅਜਿਹੀ ਹਲਕੀ ਸ਼ਬਦਾਵਲੀ ਵਰਤਣੀ ਰਾਹੁਲ ਗਾਂਧੀ ਨੂੰ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਸਵਾਲ ਕੀਤਾ ਕਿ ਕਾਂਗਰਸ ਵਿੱਚ ਵੀ ਬਹੁਤ ਸਾਰੇ ਅਜਿਹੇ ਨੇਤਾ ਅਤੇ ਐਮ.ਪੀ. ਹਨ ਜੋ ਦੂਜੀਆਂ (ਬਾਕੀ ਸਫਾ 2 'ਤੇ)

328 ਸਰੂਪਾਂ ਦੇ ਮਾਮਲੇ 'ਚ ਪੰਜਾਬ ਸਰਕਾਰ ਨੇ ਜਵਾਬ ਦਾਇਰ ਕਰਨ ਲਈ ਮੰਗਿਆ ਸਮਾਂ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਨਾਲ ਸਬੰਧਤ ਮਾਮਲੇ ਵਿੱਚ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ। ਅੱਜ ਦੀ ਸੁਣਵਾਈ ਮੁੱਖ ਤੌਰ 'ਤੇ ਨਵੇਂ ਮੁਲਜ਼ਮ ਜੁਝਾਰ ਸਿੰਘ ਦੀ ਅਗਾਊਂ ਜ਼ਮਾਨਤ ਪਟੀਸ਼ਨ ਅਤੇ ਸਰਕਾਰ ਦੇ ਪੱਖ ਨਾਲ ਸਬੰਧਤ ਸੀ। ਕਾਰਵਾਈ ਦੌਰਾਨ ਪੰਜਾਬ ਸਰਕਾਰ ਨੇ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਆਪਣਾ ਜਵਾਬ ਦਾਇਰ ਕਰਨ ਲਈ ਅਦਾਲਤ ਤੋਂ ਕੁਝ ਹੋਰ ਸਮੇਂ ਦੀ ਮੰਗ ਕੀਤੀ। ਅਦਾਲਤ ਨੇ ਸਰਕਾਰ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 20 ਫਰਵਰੀ ਲਈ ਤੈਅ ਕੀਤੀ ਹੈ।

ਸਿਆਸੀ ਦਲ ਆਪਸੀ ਸਨਮਾਨ ਦੇ ਆਧਾਰ 'ਤੇ ਚੋਣਾਂ ਲੜਨ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 17 ਫਰਵਰੀ : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਦੇਸ਼ 'ਚ ਵੱਖ-ਵੱਖ ਰਾਜਨੀਤਕ ਪਾਰਟੀਆਂ ਨੂੰ ਭਾਈਚਾਰੇ ਨੂੰ ਉਤਸ਼ਾਹ ਦੇ ਕੇ ਆਪਸੀ ਸਨਮਾਨ ਦੇ ਆਧਾਰ 'ਤੇ ਚੋਣਾਂ ਲੜਨੀਆਂ ਚਾਹੀਦੀਆਂ ਹਨ।

ਚੀਫ਼ ਜਸਟਿਸ ਸੂਰੀਆਕਾਂਤ, ਜੱਜ ਬੀ.ਵੀ. ਨਾਗਰਤਨਾ ਅਤੇ ਜੱਜ ਜੋਇਮਲਿਆ ਬਾਗਚੀ ਦੀ ਬੈਂਚ ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸ਼ਰਮਾ ਦੇ ਹਾਲ ਦੇ ਭਾਸ਼ਣਾਂ 'ਤੇ 9 ਲੋਕਾਂ ਵਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ।

ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਦੇਸ਼ 'ਚ ਰਾਜਨੀਤਕ ਦਲਾਂ ਦੇ ਭਾਈਚਾਰੇ ਨੂੰ ਉਤਸ਼ਾਹ ਦੇਣ ਅਤੇ

ਆਪਸੀ ਸਨਮਾਨ ਨਾਲ ਚੋਣ ਲੜਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਅਤੇ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਦੀ ਅਜਿਹੀ ਬਿਆਨਬਾਜ਼ੀ 'ਤੇ ਧਿਆਨ ਦਿੰਦੇ ਹੋਏ ਕਿਹਾ ਕਿ ਅਜਿਹਾ ਆਚਰਨ ਸੰਵਿਧਾਨਕ ਮਰਿਆਦਾ ਦੇ ਅਨੁਕੂਲ ਨਹੀਂ ਹੈ। ਪਟੀਸ਼ਨਕਰਤਾਵਾਂ ਦੀ ਪੈਰਵੀ ਕਰ ਰਹੇ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ, "ਅਦਾਲਤ ਨੂੰ ਇਸ 'ਚ ਕੁਝ ਜ਼ਰੂਰ ਕਰਨਾ ਚਾਹੀਦਾ।" ਤਾਂ ਜੱਜ ਸੂਰੀਆਕਾਂਤ ਨੇ ਕਿਹਾ ਕਿ ਮੌਜੂਦਾ ਪਟੀਸ਼ਨ ਵਾਪਸ ਲਈ ਜਾਵੇ ਅਤੇ ਇਸ ਦੀ ਜਗ੍ਹਾ ਜੋ ਪਟੀਸ਼ਨ ਆਏ, ਉਸ 'ਚ ਸੰਵਿਧਾਨਕ ਕਦਰਾਂ-ਕੀਮਤਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ।

ਮਾਨ ਦੀ ਸਿਹਤ ਬਾਰੇ ਫੋਰਟਿਸ ਹਸਪਤਾਲ ਵੱਲੋਂ ਬੁਲੇਟਿਨ ਜਾਰੀ

ਰੁਟੀਨ ਟੈਸਟਾਂ ਤੋਂ ਬਾਅਦ ਡਾਕਟਰਾਂ ਨੇ ਦਿੱਤੀ ਆਰਾਮ ਦੀ ਸਲਾਹ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ 16 ਫਰਵਰੀ, 2026 ਨੂੰ ਡਾਕਟਰੀ ਜਾਂਚ ਲਈ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਆਏ ਸਨ। ਉਨ੍ਹਾਂ ਦੇ ਸਿਹਤ ਸਬੰਧੀ ਜਾਂਚ ਟੈਸਟ ਕੀਤੇ ਗਏ ਹਨ। ਮੁੱਖ ਮੰਤਰੀ ਦੇ ਸਾਰੇ ਸਰੀਰਕ ਪੈਰਾਮੀਟਰ ਸਥਿਰ ਹਨ ਅਤੇ ਬਿਲਕੁਲ ਆਮ ਪਾਏ ਗਏ ਹਨ। ਉਨ੍ਹਾਂ ਨੂੰ ਸਰੀਰਕ ਥਕਾਵਟ ਮਹਿਸੂਸ ਹੋ ਰਹੀ ਹੈ, ਜਿਸ ਕਾਰਨ ਉਨ੍ਹਾਂ ਨੂੰ ਨਿਗਰਾਨੀ ਅਤੇ ਸਹਾਇਕ ਦੇਖਭਾਲ ਲਈ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਹੈ। ਉਨ੍ਹਾਂ ਦੀ ਹਾਲਤ ਸਥਿਰ ਹੈ ਅਤੇ ਉਹ ਵੱਖ-ਵੱਖ ਮਾਹਰਾਂ ਦੀ ਇੱਕ ਸਾਂਝੀ ਮੈਡੀਕਲ ਟੀਮ ਦੀ ਦੇਖ-ਰੇਖ ਹੇਠ ਹਨ।

ਕੀ ਕੋਈ ਆਈ.ਏ.ਐਸ./ਆਈ.ਪੀ.ਐਸ. ਸਿਆਸੀ ਰੈਲੀ ਵਿੱਚ ਹਿੱਸਾ ਲੈ ਸਕਦਾ ਹੈ ?

ਦਰਸ਼ਨ ਸਿੰਘ ਦਰਸ਼ਕ

ਪਟਿਆਲਾ, 17 ਫਰਵਰੀ : ਪਿਛਲੇ ਦਿਨੀਂ ਮੋਗਾ ਦੇ ਕਿੱਲੀ ਚਾਹਲ ਵਿਖੇ ਆਮ ਆਦਮੀ ਪਾਰਟੀ /ਸਰਕਾਰ ਦੁਆਰਾ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦੇ ਮੱਦੇਨਜ਼ਰ ਕਰਵਾਈ ਗਈ ਰੈਲੀ ਨੂੰ ਲੈ ਕੇ ਵਿਰੋਧੀ ਧਿਰਾਂ ਨੇ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ ਹੈ। ਵਿਰੋਧੀ ਧਿਰਾਂ ਨੇ ਦਾਅਵਾ ਕੀਤਾ ਕਿ ਰੈਲੀ ਨਿਰੋਲ ਸਿਆਸੀ ਸੀ ਅਤੇ ਇਸ ਨੂੰ 2027 ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਆਗਾਜ਼ ਵਜੋਂ ਆਯੋਜਿਤ ਕੀਤਾ ਗਿਆ। ਵਿਰੋਧੀ ਧਿਰ ਦੇ ਲੀਡਰਾਂ ਨੇ ਇਸ ਗੱਲ ਉੱਤੇ ਸੱਤਾਧਾਰੀ ਧਿਰ ਦੀ ਆਲੋਚਨਾ ਕੀਤੀ ਹੈ ਕਿ ਜਿਸ ਰੈਲੀ ਵਿੱਚ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆਂ ਤੋਂ ਇਲਾਵਾ ਹੋਰ ਸਿਆਸੀ ਲੀਡਰ ਬੈਠੇ ਹੋਣ, ਉਸ ਵਿੱਚ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ. ਜੀ.ਪੀ. ਨੇ ਸੰਬੋਧਨ ਕੀਤਾ। ਇਹ ਆਲ ਇੰਡੀਆ ਸਰਵਿਸਿਜ਼ (ਕੰਡਕਟ) ਨਿਯਮ, 1968 ਦਾ ਨਿਯਮ 5 ਦੀ ਉਲੰਘਣਾ ਹੈ।

ਇਸ ਸਬੰਧ ਵਿੱਚ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਮੋਗਾ ਵਿੱਚ ਹੋਏ ਇਕ ਸਰਕਾਰੀ ਸਮਾਗਮ ਦੇ ਸਿਆਸੀਕਰਨ ਨੂੰ ਲੈ ਕੇ ਕੇਂਦਰੀ ਰਾਜ ਮੰਤਰੀ ਡਾ. ਜਿਤੇਂਦਰ ਸਿੰਘ ਨੂੰ ਇਕ ਸ਼ਿਕਾਇਤ ਪੱਤਰ ਲਿਖਿਆ ਹੈ। ਰੰਧਾਵਾ ਨੇ ਦੋਸ਼ ਲਾਇਆ ਹੈ ਕਿ ਨਸ਼ਾ ਵਿਰੋਧੀ ਮੁਹਿੰਮ ਦੇ ਨਾਂ 'ਤੇ ਕਰਵਾਇਆ ਗਿਆ ਇਹ ਪ੍ਰੋਗਰਾਮ ਅਸਲ ਵਿੱਚ ਆਮ ਆਦਮੀ ਪਾਰਟੀ ਦੀ ਇੱਕ ਸਿਆਸੀ ਰੈਲੀ ਸੀ। ਰੰਧਾਵਾ ਨੇ ਆਪਣੀ ਚਿੱਠੀ ਵਿੱਚ

ਲਿਖਿਆ ਹੈ ਕਿ ਸਮਾਗਮ ਦੌਰਾਨ ਆਮ ਆਦਮੀ ਪਾਰਟੀ ਦੇ ਝੰਡਿਆਂ ਅਤੇ ਚਿੰਨ੍ਹਾਂ ਦੀ ਰੱਜ ਕੇ ਵਰਤੋਂ ਕੀਤੀ ਗਈ ਅਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਸਟੇਜ 'ਤੇ ਮਨੀਸ਼ ਸਿਸੋਦੀਆ ਵਰਗੇ ਸੀਨੀਅਰ ਸਿਆਸੀ ਆਗੂਆਂ ਦੀ ਮੌਜੂਦਗੀ ਅਤੇ ਕੇਜਰੀਵਾਲ ਦੇ ਸਿਆਸੀ ਭਾਸ਼ਣ ਨੇ ਇਸ ਸਰਕਾਰੀ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਸਿਆਸੀ ਰੰਗਤ ਦੇ ਦਿੱਤੀ।

ਸਭ ਤੋਂ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਰੰਧਾਵਾ ਨੇ ਸਟੇਜ 'ਤੇ ਪੰਜਾਬ ਦੇ ਮੁੱਖ ਸਕੱਤਰ ਅਤੇ ਡੀ ਜੀ ਪੀ ਦੀ ਮੌਜੂਦਗੀ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਲ ਇੰਡੀਆ ਸਰਵਿਸਿਜ਼ (ਕੰਡਕਟ) ਨਿਯਮ, 1968 ਦਾ ਨਿਯਮ 5 ਅਧਿਕਾਰੀਆਂ ਨੂੰ ਸਿਆਸੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਤੋਂ ਰੋਕਦਾ ਹੈ। ਉਨ੍ਹਾਂ ਅਨੁਸਾਰ, ਸੀਨੀਅਰ ਅਧਿਕਾਰੀਆਂ ਦੀ ਅਜਿਹੀ ਮੌਜੂਦਗੀ ਪ੍ਰਸ਼ਾਸਨਿਕ ਨਿਰਪੱਖਤਾ ਦੇ ਸਿਧਾਂਤਾਂ ਦੇ ਖਿਲਾਫ਼ ਹੈ ਅਤੇ ਜਨਤਾ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਂਦੀ ਹੈ।

ਕਾਂਗਰਸੀ ਆਗੂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਤੋਂ ਇਸ ਸਮਾਗਮ ਦੀ ਪ੍ਰਕਿਰਤੀ ਅਤੇ ਇਸ ਵਿਚ ਅਧਿਕਾਰੀਆਂ ਦੀ ਭੂਮਿਕਾ ਬਾਰੇ ਰਿਪੋਰਟ ਮੰਗੀ ਜਾਵੇ। ਇਹ ਜਾਂਚ ਕੀਤੀ ਜਾਵੇ ਕਿ ਕੀ ਅਧਿਕਾਰੀਆਂ ਨੇ ਨਿਯਮਾਂ ਦੀ ਉਲੰਘਣਾ ਕੀਤੀ ਹੈ ਅਤੇ ਜੇਕਰ ਲੋੜ ਹੋਵੇ ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਰੰਧਾਵਾ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਸਿਵਲ ਸੇਵਾਵਾਂ ਅਤੇ ਸਿਆਸੀ ਪਲੇਟਫਾਰਮਾਂ ਵਿਚਕਾਰ ਸਪੱਸ਼ਟ ਪਾੜਾ ਹੋਣਾ ਲਾਜ਼ਮੀ ਹੈ। ਇਸ ਚਿੱਠੀ ਦੀ ਇਕ ਕਾਪੀ ਭਾਰਤ ਸਰਕਾਰ ਦੇ ਕੈਬਨਿਟ ਸਕੱਤਰ ਨੂੰ ਵੀ ਭੇਜੀ ਗਈ ਹੈ।

ਕੀ ਕਹਿੰਦੇ ਹਨ ਨਿਯਮ ?

ਇੱਕ ਸੇਵਾ ਨਿਭਾ ਰਿਹਾ ਆਈਏਐਸ/ਆਈ ਪੀ ਐਸ ਅਧਿਕਾਰੀ ਕਿਸੇ ਵੀ ਰਾਜਨੀਤਿਕ ਰੈਲੀ ਵਿੱਚ ਸਰਗਰਮੀ ਨਾਲ ਹਿੱਸਾ ਨਹੀਂ ਲੈ ਸਕਦਾ।

ਆਲ ਇੰਡੀਆ ਸਰਵਿਸਿਜ਼ (ਆਚਾਰ) ਨਿਯਮ, 1968, ਅਤੇ ਕੇਂਦਰੀ ਸਿਵਲ ਸਰਵਿਸਿਜ਼ (ਆਚਾਰ) ਨਿਯਮ, 1964, ਆਈਏਐਸ/ਆਈ ਪੀ ਐਸ (ਬਾਕੀ ਸਫਾ 2 'ਤੇ)

ੴ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ। ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

With Profound grief and sorrow we inform the sad demise of our respected

Late Sardarni Inderjit Kaur

(Wife of Late S. Sardar Singh Makkar)

who left for her heavenly adobe on 15-02-2026

BHOG & ANTIM ARDAAS

for the peace of departed soul will be held on Thursday 19, February, 2026 from 1:30 pm to 2:30 pm

At: Shri Sukhmani Sahib Gurudwara, Phase-2, Urban Estate, Dugri, Ludhiana.

Grief Stricken

Surinder Singh Makkar (Son)
Surjit Singh Makkar (Son)
Daljeet Singh Makkar (Son)
Mohinder Singh (Son in Law)
Manjot Singh Makkar (Grandson)
Dicky Makkar (Grandson)
Aman Makkar (Grandson)
Sona Makkar (Grandson)
Jashan Makkar (Grandson)
Sidak Makkar (Grandson)

S.S. Makkar & Co. | Makkar Fabrics

ਭਗਵੰਤ ਮਾਨ ਸਰਕਾਰ ਦੇ ਪੰਜਾਬ ਟ੍ਰੇਡ ਕਮਿਸ਼ਨ ਦੀ ਸ਼ੁਰੂਆਤ

ਵਪਾਰੀਆਂ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਲਈ 10 ਜ਼ਿਲ੍ਹਿਆਂ ਵਿੱਚ ਕੀਤੀਆਂ ਗਈਆਂ ਮੀਟਿੰਗਾਂ: ਚੀਮਾ

ਚੰਡੀਗੜ੍ਹ, 17 ਫਰਵਰੀ (ਅੰਮ੍ਰਿਤਪਾਲ ਸਿੰਘ): ਭਗਵੰਤ ਮਾਨ ਸਰਕਾਰ ਨੇ ਸੂਬੇ ਦੇ ਵਪਾਰੀ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਛੋਟੇ ਵਪਾਰੀਆਂ, ਦੁਕਾਨਦਾਰਾਂ ਤੇ ਉੱਦਮੀਆਂ ਲਈ ਕਾਰੋਬਾਰੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਉਦੇਸ਼ ਨਾਲ 'ਪੰਜਾਬ ਟ੍ਰੇਡ ਕਮਿਸ਼ਨ' ਦੇ ਗਠਨ ਦਾ ਐਲਾਨ ਕੀਤਾ ਹੈ। ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੀ ਆਰਥਿਕਤਾ ਨੂੰ ਚਲਾਉਣ ਵਾਲੇ ਲੋਕਾਂ ਲਈ ਸ਼ਾਸਨ ਨੂੰ ਵਧੇਰੇ ਪਹੁੰਚਯੋਗ ਅਤੇ ਜਵਾਬਦੇਹ ਬਣਾਉਣ ਦੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਪਾਰੀਆਂ ਨੂੰ ਰੁਟੀਨ ਦੀਆਂ ਪ੍ਰਵਾਨਗੀਆਂ, ਵਿਭਾਗੀ ਕਲੀਅਰੈਂਸ ਅਤੇ ਰੋਜ਼ਾਨਾ ਕਾਰੋਬਾਰੀ ਕੰਮਾਂ ਲਈ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ। ਸਾਲਾਂ ਤੋਂ ਛੋਟੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਮਾਮੂਲੀ ਮੁੱਦਿਆਂ ਲਈ ਵੀ ਕਈ ਦਫ਼ਤਰਾਂ ਵਿਚਾਲੇ ਭੱਜ-ਦੌੜ ਕਰਕੇ ਆਪਣਾ ਕੀਮਤੀ ਸਮਾਂ ਬਰਬਾਦ ਕਰਨ ਲਈ ਮਜਬੂਰ ਕੀਤਾ ਜਾਂਦਾ ਰਿਹਾ ਹੈ। ਇਹ ਬਦਲਣਾ ਚਾਹੀਦਾ ਹੈ, ਅਤੇ ਮੌਜੂਦਾ ਸਰਕਾਰ ਇਸ ਨੂੰ ਬਦਲਣ ਲਈ ਦ੍ਰਿੜ ਹੈ।

ਪੰਜਾਬ ਦੇ ਮੰਤਰੀ ਨੇ ਕਿਹਾ ਕਿ ਪੰਜਾਬ ਟ੍ਰੇਡ ਕਮਿਸ਼ਨ ਵਪਾਰੀ ਭਾਈਚਾਰੇ ਦੇ ਸਮੇਂ, ਮਿਹਨਤ ਅਤੇ ਪੈਸੇ ਦੀ ਬਚਤ ਕਰਨ ਲਈ ਇੱਕ ਸਮਰਪਿਤ ਪਲੇਟਫਾਰਮ ਵਜੋਂ ਕੰਮ ਕਰੇਗਾ। ਇਹ ਉਨ੍ਹਾਂ ਦੇ ਮੁੱਦਿਆਂ ਦੇ ਤੇਜ਼ ਅਤੇ ਸੁਚਾਰੂ ਹੱਲ ਲਈ ਇੱਕ ਸੰਗਠਿਤ ਪ੍ਰਣਾਲੀ, ਸਪੱਸ਼ਟ ਜਵਾਬਦੇਹੀ ਅਤੇ ਸਮਾਂਬੱਧ ਹੱਲ ਪ੍ਰਦਾਨ ਕਰੇਗਾ ਤਾਂ ਜੋ ਸਮੱਸਿਆਵਾਂ ਨੂੰ ਅਣਮਿੱਥੇ ਸਮੇਂ ਲਈ ਲਟਕਦਾ ਨਾ ਛੱਡਿਆ ਜਾਵੇ।

ਇਸ ਪਹਿਲਕਦਮੀ ਦੀ ਤਿਆਰੀ ਵਜੋਂ ਫ਼ਰੀਦਕੋਟ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ, ਮੋਗਾ, ਮਲੇਰਕੋਟਲਾ, ਪਟਿਆਲਾ, ਰੂਪਨਗਰ, ਸੰਗਰੂਰ, ਬਰਨਾਲਾ ਅਤੇ ਬਠਿੰਡਾ ਵਿੱਚ ਸਮੀਖਿਆ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਵਿੱਚ ਸਰਕਾਰੀ ਨੁਮਾਇੰਦਿਆਂ, ਸਥਾਨਕ ਪ੍ਰਸ਼ਾਸਨ ਅਤੇ ਸਬੰਧਤ ਟੀਮਾਂ ਨੇ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਸਥਾਨਕ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ ਅਤੇ ਵਪਾਰੀਆਂ ਨਾਲ ਕਾਰਜਸ਼ੀਲ ਰੂਪ-ਰੇਖਾ ਅਤੇ ਜ਼ਿਲ੍ਹਾ ਪੱਧਰੀ ਤਾਲਮੇਲ ਬਾਰੇ ਚਰਚਾ ਕੀਤੀ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਪਾਰੀ ਅਤੇ ਛੋਟੇ ਕਾਰੋਬਾਰ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਸਾਡੀ ਸਰਕਾਰ ਅਜਿਹਾ ਪੰਜਾਬ ਸਿਰਜਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਜਿੱਥੇ ਇਮਾਨਦਾਰ ਕਾਰੋਬਾਰੀ ਕਾਗਜ਼ੀ ਕਾਰਵਾਈ, ਦੇਰੀ ਅਤੇ ਬੇਲੋੜੀ ਪਰੇਸ਼ਾਨੀ ਵਿੱਚ ਫਸਣ ਦੀ ਬਜਾਏ ਆਪਣੇ ਕੰਮ ਦੇ ਵਿਸਥਾਰ 'ਤੇ ਧਿਆਨ ਕੇਂਦਰਿਤ ਕਰ ਸਕਣ।

ਮੰਤਰੀ ਨੇ ਦੁਹਰਾਇਆ ਕਿ ਪੰਜਾਬ ਟ੍ਰੇਡ ਕਮਿਸ਼ਨ ਲੋਕ ਸੇਵਾ, ਪਾਰਦਰਸ਼ਤਾ ਅਤੇ ਕਾਰੋਬਾਰ ਕਰਨ ਦੀ ਸੌਖ ਦੀ ਭਾਵਨਾ ਨਾਲ ਬਣਾਇਆ ਜਾਵੇਗਾ। ਇੱਕੋ ਪਲੇਟਫਾਰਮ ਦੇ ਹੇਠਾਂ ਵਪਾਰੀਆਂ ਨੂੰ ਸਹਾਇਤਾ, ਮਾਰਗਦਰਸ਼ਨ ਅਤੇ ਤੁਰੰਤ ਹੱਲ ਮਿਲਣਗੇ, ਜਿਸ ਨਾਲ ਇਹ ਯਕੀਨੀ ਹੋਵੇਗਾ ਕਿ ਸ਼ਾਸਨ ਉਨ੍ਹਾਂ ਦੇ ਵਿਰੁੱਧ ਨਹੀਂ, ਬਲਕਿ ਉਨ੍ਹਾਂ ਦੇ ਹਿੱਤ ਵਿੱਚ ਕੰਮ ਕਰੇ।

550 ਤੋਂ ਵੱਧ ਨਵੇਂ ਆਮ ਆਦਮੀ ਕਲੀਨਿਕ ਸਥਾਪਤ ਕਰਨ ਦਾ ਐਲਾਨ

ਡਾ. ਬਲਬੀਰ ਸਿੰਘ ਵੱਲੋਂ ਸੂਬਾ ਪੱਧਰੀ ਸਮੀਖਿਆ ਮੀਟਿੰਗ ਦੌਰਾਨ ਮਰੀਜ਼ਾਂ ਲਈ ਬਿਹਤਰ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼

ਚੰਡੀਗੜ੍ਹ, 17 ਫਰਵਰੀ (ਚ.ਨ.ਸ.) : ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਿਵਲ ਸਰਜਨਾਂ ਅਤੇ ਡਿਪਟੀ ਮੈਡੀਕਲ ਕਮਿਸ਼ਨਰਾਂ ਨਾਲ ਸੂਬਾ ਪੱਧਰੀ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਜਿੱਥੇ ਸੂਬਾ ਸਰਕਾਰ ਦੇ ਪ੍ਰਮੁੱਖ ਸਿਹਤ ਪ੍ਰੋਗਰਾਮਾਂ ਦੇ ਜ਼ਮੀਨੀ ਪੱਧਰ 'ਤੇ ਲਾਗੂਕਰਨ ਦੀ ਸਮੀਖਿਆ ਕੀਤੀ, ਉੱਥੇ ਪ੍ਰਾਇਮਰੀ ਤੇ ਸੈਕੰਡਰੀ ਸਿਹਤ ਸੰਭਾਲ ਸੇਵਾਵਾਂ ਵਿੱਚ ਸੁਧਾਰਾਂ ਦੇ ਅਗਲੇ ਪੜਾਅ ਦੀ ਰੂਪ-ਰੇਖਾ ਉਲੀਕੀ। ਸਮੀਖਿਆ ਮੀਟਿੰਗ ਦੌਰਾਨ ਮਰੀਜ਼ਾਂ ਨੂੰ ਦੇਖਭਾਲ ਸੇਵਾ ਪ੍ਰਦਾਨ ਕਰਨ, ਡਿਜੀਟਲ ਸੁਧਾਰਾਂ, ਬੁਨਿਆਦੀ ਢਾਂਚੇ ਦੀ ਅਪਗ੍ਰੇਡੇਸ਼ਨ ਅਤੇ ਜ਼ਿਲ੍ਹਿਆਂ ਵਿੱਚ ਸਖ਼ਤ ਨਿਗਰਾਨ ਵਿਧੀਆਂ 'ਤੇ ਜ਼ੋਰ ਦਿੱਤਾ ਗਿਆ।

ਸੂਬੇ ਦੀ ਮੁੱਢਲੀ ਸਿਹਤ ਸੰਭਾਲ ਦੀ ਰੀੜ੍ਹ ਦੀ ਹੱਡੀ ਵਜੋਂ ਜਾਣ ਜਾਂਦੇ ਆਮ ਆਦਮੀ ਕਲੀਨਿਕਾਂ 'ਤੇ ਚਾਨਣਾ ਪਾਉਂਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਸੂਬੇ ਭਰ ਵਿੱਚ 881 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਜਿੱਥੇ ਵੱਡੀ ਗਿਣਤੀ ਵਿੱਚ ਮਰੀਜ਼ ਇੱਥੇ ਇਲਾਜ ਕਰਵਾਉਣ ਲਈ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਦੌਰਾਨ ਹੀ ਇਹਨਾਂ ਕਲੀਨਿਕਾਂ ਵਿੱਚ ਗਰਭਵਤੀ

ਔਰਤਾਂ ਦੀ ਆਮਦ ਵਿੱਚ ਲੱਗਭੱਗ 30 ਫ਼ੀਸਦ ਦਾ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਕਲੀਨਿਕਾਂ ਵਿੱਚ ਉੱਚ ਜੋਖ਼ਮ ਵਾਲੀਆਂ ਗਰਭ ਅਵਸਥਾਵਾਂ ਵਜੋਂ ਸ਼ਨਾਖਤ ਕੀਤੇ ਗਏ ਮਾਮਲੇ ਸੂਬੇ ਪੱਧਰ 'ਤੇ 29 ਫ਼ੀਸਦ ਤੱਕ ਪਹੁੰਚ ਗਏ ਹਨ, ਜਿਸ ਨਾਲ ਸ਼ੁਰੂਆਤੀ ਡਾਕਟਰੀ ਇਲਾਜ ਸੰਭਵ ਹੋ ਰਿਹਾ ਹੈ ਅਤੇ ਮਾਵਾਂ ਤੇ ਨਵਜੰਮੇ ਬੱਚਿਆਂ ਦੀ ਸਿਹਤ ਦੀ ਰੱਖਿਆ ਕੀਤੀ ਜਾ ਰਹੀ ਹੈ।

ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਛੇਤੀ ਹੀ 243 ਨਵੇਂ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਜਾਣਗੇ ਜਦਕਿ 308 ਉਪ ਸਿਹਤ ਕੇਂਦਰਾਂ ਨੂੰ ਆਮ ਆਦਮੀ ਕਲੀਨਿਕਾਂ ਵਜੋਂ ਅਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਵੀਆਂ ਸੇਵਾਵਾਂ ਵਿੱਚ ਨਵਜਾਤ ਅਤੇ ਬਾਲ ਦੇਖਭਾਲ, ਰੁਟੀਨ ਟੀਕਾਕਰਨ ਅਤੇ ਮੂੰਹ ਤੇ ਪ੍ਰੋਸਟੇਟ ਕੈਂਸਰ ਲਈ ਸਕ੍ਰੀਨਿੰਗ ਸ਼ਾਮਲ ਹੋਵੇਗੀ। ਉਨ੍ਹਾਂ ਨੇ ਬਲਾਕ ਪੱਧਰ ਉੱਤੇ ਰੈਫਰ ਕਰਨ ਦੇ ਮਾਮਲਿਆਂ ਨੂੰ ਘਟਾਉਣ ਅਤੇ ਜ਼ਿਆਦਾ ਇਲਾਜ ਪ੍ਰਦਾਨ ਕਰਨ ਦੇ ਉਦੇਸ਼ ਲਈ ਬਲਾਕ ਪੱਧਰੀ ਸੰਸਥਾਵਾਂ ਨੂੰ ਮਜ਼ਬੂਤ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ।

ਦਵਾਈਆਂ ਦੀ ਉਪਲੱਬਧਤਾ ਬਾਰੇ ਗੱਲ ਕਰਦਿਆਂ ਸਿਹਤ ਮੰਤਰੀ ਨੇ ਸਟਾਕ ਦੀ ਘਾਟ ਪ੍ਰਤੀ ਜ਼ੀਰੋ ਟੋਲਰੈਂਸ ਬਰਕਰਾਰ ਰੱਖਣ ਲਈ ਸਖ਼ਤ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਕਿਹਾ ਕਿ 14 ਜ਼ਿਲ੍ਹਿਆਂ ਨੇ ਆਮ ਆਦਮੀ ਕਲੀਨਿਕਾਂ 'ਤੇ 102 ਜ਼ਰੂਰੀ ਦਵਾਈਆਂ ਵਿੱਚੋਂ ਘੱਟੋ-ਘੱਟ 97 ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ ਕਿ ਸਟਾਕ ਵਿੱਚ ਕਿਸੇ ਵੀ ਤਰ੍ਹਾਂ ਦੀ ਘਾਟ ਹੋਣ ਦੀ ਸੂਰਤ ਵਿੱਚ ਸਬੰਧਤ ਅਧਿਕਾਰੀ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਕੇਂਦਰ ਵਿੱਚ ਆਉਣ ਵਾਲੇ ਹਰੇਕ ਮਰੀਜ਼ ਨੂੰ ਨਿਰਧਾਰਤ ਦਵਾਈਆਂ ਅਤੇ ਜਾਂਚ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣੀਆਂ ਯਕੀਨੀ ਬਣਾਈਆਂ ਜਾਣ। ਉਨ੍ਹਾਂ ਕਿਹਾ ਕਿ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ ਈ-ਔਸ਼ਧੀ ਅਤੇ ਜ਼ਿਲ੍ਹਾ ਪੱਧਰੀ ਡੈਸ਼ਬੋਰਡਾਂ ਰਾਹੀਂ ਨਿਗਰਾਨੀ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਸਮੀਖਿਆ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸਕੀਮ ਤਹਿਤ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦੇ ਨਕਦੀ ਰਹਿਤ ਸਿਹਤ ਬੀਮਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਉਦੇਸ਼ ਮੈਡੀਕਲ ਐਮਰਜੈਂਸੀ ਦੌਰਾਨ ਪਰਿਵਾਰਾਂ ਦੇ ਵਿੱਤੀ ਬੋਝ ਨੂੰ ਬਿਲਕੁੱਲ ਘੱਟ ਕਰਨਾ ਹੈ। ਉਨ੍ਹਾਂ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਕਿ ਉਹ ਸੂਚੀਬੱਧ ਹਸਪਤਾਲਾਂ ਵਿੱਚ ਨਿਰਵਿਘਨ ਰਜਿਸਟਰੇਸ਼ਨ ਅਤੇ ਸੇਵਾਵਾਂ ਪ੍ਰਦਾਨ ਕਰਨਾ ਯਕੀਨੀ ਬਣਾਉਣ ਤਾਂ ਜੋ ਕੋਈ ਵੀ ਯੋਗ ਲਾਭਪਾਤਰੀ ਇਲਾਜ ਤੋਂ ਵਾਂਝਾ ਨਾ ਰਹੇ। ਉਨ੍ਹਾਂ ਵੱਧ ਤੋਂ ਵੱਧ ਪਹੁੰਚ ਯਕੀਨੀ ਬਣਾਉਣ ਅਤੇ ਵਿੱਤੀ ਬੋਝ ਨੂੰ ਘੱਟ ਕਰਨ ਲਈ ਸੀ.ਐਸ.ਸੀ., ਆਸ਼ਾ ਅਤੇ ਪੀ.ਆਰ.ਆਈ. ਨੁਮਾਇੰਦਿਆਂ ਨਾਲ ਨਜ਼ਦੀਕੀ ਤਾਲਮੇਲ ਬਣਾਉਣ ਲਈ ਵੀ ਕਿਹਾ ਕਾਨਫਰੰਸ ਦੌਰਾਨ ਸਥਾਈ ਵਿਕਾਸ ਟੀਚਿਆਂ ਤਹਿਤ ਜੱਚਾ-ਬੱਚਾ ਮੌਤ ਦਰ ਵਿੱਚ ਕਮੀ, ਨਵਜਾਤਾਂ ਦੇ ਬਚਾਅ, ਟੀਕਾਕਰਨ ਮੁਹਿੰਮ ਅਤੇ ਤਪਦਿਕ ਦਾ ਪਤਾ ਲਗਾਉਣ ਸਬੰਧੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਜੱਚਾ-ਬੱਚਾ ਮੌਤ ਦਰ ਦੇ ਅਨੁਪਾਤ ਵਿੱਚ ਸੁਧਾਰ ਅਤੇ ਉੱਚ ਜੋਖਮ ਵਾਲੀਆਂ ਗਰਭ ਅਵਸਥਾਵਾਂ ਦਾ ਪਤਾ ਲਗਾਉਣ ਬਾਰੇ ਵੀ ਚਰਚਾ ਕੀਤੀ ਗਈ ਅਤੇ ਨਾਲ ਹੀ ਸਟੀਕ ਐਚ.ਐਮ.ਆਈ.ਐਸ. ਰਿਪੋਰਟਿੰਗ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ।

ਮੀਟਿੰਗ ਦੌਰਾਨ ਸਾਰੇ 23 ਜ਼ਿਲ੍ਹਿਆਂ ਵਿੱਚ ਪੰਜਾਬ ਸਟੈਮੀ ਅਤੇ ਸਟਰੋਕ ਪ੍ਰੋਜੈਕਟਾਂ ਦੇ ਵਿਸਤਾਰ ਦੀ ਵੀ ਸਮੀਖਿਆ ਕੀਤੀ ਗਈ ਤਾਂ ਜੋ ਟੈਲੀ ਈਸੀਜੀ ਗਾਈਡਡ ਥਰੋਮੋਲਾਈਸਿਸ ਅਤੇ ਹੱਬ ਅਤੇ ਸਪੋਕ ਸਟਰੋਕ ਪ੍ਰਬੰਧਨ ਨੂੰ ਮਜ਼ਬੂਤ ਕੀਤਾ ਜਾ ਸਕੇ। ਐਮਰਜੈਂਸੀ ਹਾਲਤਾਂ ਨਾਲ ਨਜਿੱਠਣ ਅਤੇ ਪਰਿਵਾਰਾਂ 'ਤੇ ਵਿੱਤੀ ਬੋਝ ਨੂੰ ਘਟਾਉਣ ਲਈ ਅਛੂਤ ਦੀਆਂ ਬਿਮਾਰੀਆਂ ਲਈ ਬਿਹਤਰ ਸਕ੍ਰੀਨਿੰਗ ਅਤੇ ਕੈਂਸਰ ਦੀ ਸ਼ੁਰੂਆਤੀ ਪਛਾਣ ਦੀ ਮਹੱਤਤਾ 'ਤੇ ਚਾਨਣਾ ਪਾਇਆ ਗਿਆ।

ਸਿਹਤ ਮੰਤਰੀ ਨੇ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ 2.0' 'ਤੇ ਚਰਚਾ ਕਰਦਿਆਂ ਦੱਸਿਆ ਕਿ ਪ੍ਰਮੁੱਖ ਮੈਡੀਕਲ ਕਾਲਜਾਂ ਦੇ ਕਲੱਸਟਰ ਰਿਸੋਰਸ ਸੈਂਟਰਾਂ ਵਿੱਚ ਇਲਾਜ ਅਤੇ ਮੁੜ ਵਸੇਬੇ ਦੀ ਸਹੂਲਤ ਦਿੱਤੀ ਜਾ ਰਹੀ ਹੈ। ਨਸ਼ੇ ਦੀ ਆਦਤ ਤੋਂ ਮੁਕਤ ਹੋ ਰਹੇ ਪੀੜਤਾਂ ਲਈ ਜਲਦ ਹੀ ਸੂਰਮਾ ਪ੍ਰੋਗਰਾਮ ਤਹਿਤ 'ਅੰਬੈਸਡਰਜ਼ ਆਫ਼ ਰਿਕਵਰੀ' ਸ਼ੁਰੂ ਕੀਤਾ ਜਾਵੇਗਾ, ਜਿਸ ਤਹਿਤ ਡਿਜੀਟਲ ਓਟ ਪ੍ਰਣਾਲੀਆਂ ਅਤੇ ਲੋਕ ਸ਼ਮੂਲੀਅਤ ਰਾਹੀਂ ਸਮਰਥਿਤ ਪੀਅਰ ਸਹਾਇਤਾ ਅਤੇ ਢਾਂਚਾਗਤ ਮੁੜ ਵਸੇਬੇ ਦੁਆਰਾ ਨਸ਼ਾ ਛੁਡਾਉਣ ਵਿੱਚ ਸਹਾਇਤਾ ਕੀਤੀ ਜਾਵੇਗੀ।

ਜ਼ਿਲ੍ਹਾ ਮੁਖੀਆਂ ਨੂੰ ਨਤੀਜਾ-ਮੁਖੀ ਪਹੁੰਚ ਅਪਣਾਉਣ ਦੀ ਅਪੀਲ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਰੇਕ ਮਰੀਜ਼ ਦਾ ਸਮੇਂ ਸਿਰ ਇਲਾਜ ਅਤੇ ਦੇਖਭਾਲ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਿਵਲ ਸਰਜਨਾਂ ਨੂੰ ਸਿਹਤ ਸੰਸਥਾਵਾਂ ਦਾ ਅਚਨਚੇਤ ਨਿਰੀਖਣ ਕਰਨ ਅਤੇ ਮਰੀਜ਼ਾਂ ਪ੍ਰਤੀ ਹਮਦਰਦੀ ਭਰਪੂਰ ਵਿਹਾਰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

ਕਾਨਫਰੰਸ ਦੌਰਾਨ ਪ੍ਰਮੁੱਖ ਸਕੱਤਰ (ਸਿਹਤ) ਕੁਮਾਰ ਰਾਹੁਲ, ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਅਨੁਰਾਗ ਕੁੰਡੂ, ਪੀਐਚਐਸਸੀ ਦੇ ਵਾਈਸ ਚੇਅਰਮੈਨ ਵਿੱਕੀ ਘਨੌਰ, ਐਨ.ਐਚ.ਐਮ. ਦੇ ਸਕੱਤਰ-ਕਮ-ਮੈਨੇਜਿੰਗ ਡਾਇਰੈਕਟਰ ਘਣਸ਼ਿਆਮ ਥੋਰੀ, ਪੀਐਚਐਸਸੀ ਦੇ ਮੈਨੇਜਿੰਗ ਡਾਇਰੈਕਟਰ ਅਮਿਤ ਤਲਵਾਰ, ਸਿਹਤ ਅਤੇ ਪਰਿਵਾਰ ਭਲਾਈ ਦੇ ਡਾਇਰੈਕਟਰ ਡਾ. ਹਿਤਿੰਦਰ ਕੌਰ, ਸਿਹਤ ਸੇਵਾਵਾਂ (ਪਰਿਵਾਰ ਭਲਾਈ) ਦੀ ਡਾਇਰੈਕਟਰ ਡਾ. ਅਦਿਤੀ ਸਲਾਰੀਆ, ਡਾਇਰੈਕਟਰ (ਈ.ਐਸ.ਆਈ.) ਡਾ. ਅਨਿਲ ਕੁਮਾਰ ਗੋਇਲ, ਡਾਇਰੈਕਟਰ (ਪੀ.ਐਚ.ਐਸ.ਸੀ.) ਡਾ. ਐਸ.ਜੇ. ਸਿੰਘ ਸਮੇਤ ਵਿਭਾਗ ਦੇ ਡਿਪਟੀ ਡਾਇਰੈਕਟਰ, ਸਹਾਇਕ ਡਾਇਰੈਕਟਰ ਅਤੇ ਸੀਨੀਅਰ ਸਿਹਤ ਅਧਿਕਾਰੀ ਸ਼ਾਮਲ ਹੋਏ।

ਪਹਿਲੇ ਸਫ਼ੇ ਦੀ ਬਾਕੀ

ਗ੍ਰਿਹ ਮੰਤਰਾਲੇ ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ 'ਤੇ

ਖਾਰਜ ਕਰ ਦਿੱਤਾ ਸੀ, ਜਿਸ ਨਾਲ ਭੁੱਲਰ ਦੀਆਂ ਮੁਸ਼ਕਿਲਾਂ ਹੋਰ ਵੱਧ ਗਈਆਂ ਹਨ। ਗ੍ਰਿਹ ਮੰਤਰਾਲੇ ਵੱਲੋਂ 23 ਜਨਵਰੀ ਨੂੰ ਜਾਰੀ ਕੀਤੇ ਗਏ ਹੁਕਮਾਂ ਵਿੱਚ ਭਾਰਤ ਦੇ ਰਾਸ਼ਟਰਪਤੀ ਦੇ ਨਾਮ 'ਤੇ ਇਹ ਪ੍ਰਵਾਨਗੀ ਦਿੱਤੀ ਗਈ ਹੈ। ਇਹ ਮਨਜ਼ੂਰੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ 1988 ਦੀ ਧਾਰਾ 19(2) ਅਤੇ ਭਾਰਤੀ ਨਿਆ ਸੰਹਿਤਾ 2023 ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਿੱਤੀ ਗਈ ਹੈ। ਇਹ ਸਾਰੀ ਕਾਰਵਾਈ ਸੀ ਬੀ ਆਈ. ਦੀ ਐਂਟੀ-ਕਰਪਸ਼ਨ ਬ੍ਰਾਂਚ ਵੱਲੋਂ ਕੀਤੀ ਗਈ ਜਾਂਚ ਦੇ ਆਧਾਰ 'ਤੇ ਅਮਲ ਵਿੱਚ ਲਿਆਂਦੀ ਗਈ ਹੈ। 2009 ਬੈਚ ਦੇ ਪੰਜਾਬ ਕੈਡਰ ਦੇ ਇਸ ਆਈਪੀਐਸ ਅਧਿਕਾਰੀ 'ਤੇ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋਣ ਦੇ ਪੁਖ਼ਤਾ ਸਬੂਤ ਮਿਲੇ ਹਨ। ਕੇਂਦਰੀ ਗ੍ਰਿਹ ਮੰਤਰਾਲੇ ਨੇ ਇਸ ਮਾਮਲੇ ਦੇ ਸਾਰੇ ਦਸਤਾਵੇਜ਼ਾਂ ਅਤੇ ਰਿਕਾਰਡ ਦੀ ਜਾਂਚ ਕਰਨ ਤੋਂ ਬਾਅਦ ਫਾਈਲ ਕੇਂਦਰੀ ਵਿਜੀਲੈਂਸ ਕਮਿਸ਼ਨ (3੦3) ਨੂੰ ਭੇਜੀ ਸੀ। ਕਮਿਸ਼ਨ ਨੇ ਵੀ ਆਪਣੀ ਜਾਂਚ ਵਿੱਚ ਪਾਇਆ ਕਿ ਭੁੱਲਰ ਵਿਰੁੱਧ ਮੁਕੱਦਮਾ ਚਲਾਉਣ ਲਈ ਲੋੜੀਂਦੇ ਸਬੂਤ ਮੌਜੂਦ ਹਨ। ਜਾਂਚ ਏਜੰਸੀਆਂ ਨੇ ਪਾਇਆ ਕਿ ਪਹਿਲੀ ਨਜ਼ਰੇ ਭੁੱਲਰ ਵਿਰੁੱਧ ਰਿਸ਼ਵਤਖੋਰੀ ਅਤੇ ਵਿੱਤੀ ਗੜਬੜੀਆਂ ਦੇ ਦੋਸ਼ ਸਹੀ ਸਾਬਤ ਹੁੰਦੇ ਹਨ। ਹੁਣ ਜਦੋਂ ਸਰਕਾਰ ਵੱਲੋਂ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਮਿਲ ਗਈ ਹੈ, ਤਾਂ ਜਲਦੀ ਹੀ ਸਮਰੱਥ ਅਦਾਲਤ ਵਿੱਚ ਇਸ ਕੇਸ ਦੀ ਸੁਣਵਾਈ ਸ਼ੁਰੂ ਕੀਤੀ ਜਾਵੇਗੀ।

ਭਾਰਤ-ਫਰਾਂਸ ਮਿਲ ਕੇ ਬਣਾਉਣਗੇ

ਵੱਡੇ ਵਿਸ਼ਵ ਪੱਧਰੀ ਮੁੱਦਿਆਂ 'ਤੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਗੇ।

ਇਸ ਮੌਕੇ ਫਰਾਂਸੀਸੀ ਰਾਸ਼ਟਰਪਤੀ ਮੈਕਰੋਂ ਨੇ ਭਾਰਤ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟਾਉਂਦਿਆਂ ਕਿਹਾ ਕਿ ਫਰਾਂਸ ਭਾਰਤ 'ਤੇ ਪੂਰਾ ਭਰੋਸਾ ਕਰਦਾ ਹੈ, ਇਸੇ ਲਈ ਉਹ ਆਪਣੀ ਸਭ ਤੋਂ ਉੱਨਤ ਤਕਨਾਲੋਜੀ ਭਾਰਤ ਨਾਲ ਸਾਂਝੀ ਕਰ ਰਹੇ ਹਨ। ਇਹ ਸਾਂਝੇਦਾਰੀ ਨਾ ਸਿਰਫ਼ ਭਾਰਤ ਦੀ ਰੱਖਿਆ ਸਮਰੱਥਾ ਨੂੰ ਵਧਾਏਗੀ, ਸਗੋਂ 'ਮੇਕ ਇਨ ਇੰਡੀਆ' ਮੁਹਿੰਮ ਨੂੰ ਵੀ ਵੱਡਾ ਹੁਲਾਰਾ ਦੇਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੁੰਬਈ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਗੱਲਬਾਤ ਕੀਤੀ। ਇਸ ਮੁਲਾਕਾਤ ਦਾ ਮੁੱਖ ਮਕਸਦ ਵਪਾਰ, ਰੱਖਿਆ, ਊਰਜਾ ਅਤੇ ਕ੍ਰਿਟੀਕਲ ਟੈਕਨਾਲੋਜੀ (ਅਹਿਮ ਤਕਨੀਕਾਂ) ਵਰਗੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਸੀ। ਰਾਸ਼ਟਰਪਤੀ ਮੈਕਰੋਂ ਅੱਜ ਸਵੇਰੇ ਤੜਕੇ ਮੁੰਬਈ ਪਹੁੰਚੇ ਸਨ। ਉਹ ਭਾਰਤ ਦੇ ਤਿੰਨ ਰੋਜ਼ਾ ਦੌਰੇ 'ਤੇ ਹਨ, ਜਿਸ ਦੌਰਾਨ ਉਹ ਨਵੀਂ ਦਿੱਲੀ ਵਿੱਚ ਹੋਣ ਵਾਲੇ 'ਏ.ਆਈ. ਇੰਪੈਕਟ ਐਕਸਪੋ-2026' ਵਿੱਚ ਵੀ ਸ਼ਿਰਕਤ ਕਰਨਗੇ।

ਪ੍ਰਧਾਨ ਮੰਤਰੀ ਮੋਦੀ ਨਾਲ ਗੱਲਬਾਤ ਤੋਂ ਬਾਅਦ ਰਾਸ਼ਟਰਪਤੀ ਮੈਕਰੋਂ 'ਭਾਰਤ-ਫਰਾਂਸ ਇਨੋਵੇਸ਼ਨ ਸਾਲ' ਦੀ ਸ਼ੁਰੂਆਤ ਲਈ ਇੱਕ ਵਿਸ਼ੇਸ਼ ਸਮਾਰੋਹ ਵਿੱਚ ਹਿੱਸਾ ਲੈਣਗੇ। ਮੈਕਰੋਂ ਦਾ ਇਹ ਦੌਰਾ ਉਸ ਸਮੇਂ ਹੋ ਰਿਹਾ ਹੈ ਜਦੋਂ ਹਾਲ ਹੀ ਵਿੱਚ ਭਾਰਤ ਨੇ ਫਰਾਂਸ ਤੋਂ 114 ਰਾਫੇਲ ਲੜਾਕੂ ਜਹਾਜ਼ਾਂ ਦੀ ਖਰੀਦ ਦੇ ਲੰਬੇ ਸਮੇਂ ਤੋਂ ਲਟਕ ਰਹੇ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਹੈ। ਇਸ ਸੌਦੇ ਨੂੰ ਹਾਲ ਹੀ ਦੇ ਸਾਲਾਂ ਵਿੱਚ ਦੁਨੀਆਂ ਦੇ ਸਭ ਤੋਂ ਵੱਡੇ ਫੌਜੀ ਖਰੀਦ ਪ੍ਰੋਗਰਾਮਾਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।

ਮੰਨਿਆ ਜਾ ਰਿਹਾ ਹੈ ਕਿ ਦੋਵਾਂ ਨੇਤਾਵਾਂ ਵਿਚਾਲੇ ਰੱਖਿਆ ਸਹਿਯੋਗ ਨੂੰ ਵਧਾਉਣ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਆਪਸੀ ਸਾਂਝੇਦਾਰੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਬਾਰੇ ਵਿਸਥਾਰ ਨਾਲ ਚਰਚਾ ਹੋਈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ 'ਤੇ ਰਾਸ਼ਟਰਪਤੀ ਮੈਕਰੋਂ ਦਾ ਸਵਾਗਤ ਕਰਦਿਆਂ ਕਿਹਾ ਕਿ ਭਾਰਤ ਇਸ ਦੌਰੇ ਨੂੰ ਲੈ ਕੇ ਬਹੁਤ ਉਤਸ਼ਾਹਿਤ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਇਹ ਗੱਲਬਾਤ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰੇਗੀ ਅਤੇ ਵਿਸ਼ਵ ਦੀ ਤਰੱਕੀ ਵਿੱਚ ਯੋਗਦਾਨ ਪਾਵੇਗੀ।

ਹੁਣ ਫ਼ਰਜ਼ੀ ਇੰਸ਼ੋਰੈਂਸ ਤੇ ਐਨ.ਪੀ.ਐਸ.

ਪ੍ਰਦਾਨ ਕਰਨਾ, ਗਾਹਕ ਦੀ ਸਪੱਸ਼ਟ ਸਹਿਮਤੀ ਤੋਂ ਬਿਨਾਂ ਸੇਵਾਵਾਂ ਵੇਚਣਾ, ਪੇਸ਼ਕਸ਼ ਨੂੰ ਵਧਾਉਣ ਲਈ ਦੂਜੀ ਬੀਮਾ ਪਾਲਿਸੀ ਖਰੀਦਣ ਦੀ ਲੋੜ ਕਰਨਾ ਅਤੇ ਗਾਹਕਾਂ ਨੂੰ ਔਨਲਾਈਨ ਧੋਖਾ ਦੇਣ ਲਈ ਹਨੇਰੇ ਪੈਟਰਨਾਂ ਦੀ ਵਰਤੋਂ ਕਰਨਾ ਸ਼ਾਮਲ ਹੈ। ਬੈਂਕ ਉਹ ਉਤਪਾਦ ਨਹੀਂ ਵੇਚ ਸਕਣਗੇ ਜੋ ਗਾਹਕ ਦੇ ਪ੍ਰੋਫਾਈਲ ਲਈ ਢੁਕਵੇਂ ਜਾਂ ਢੁਕਵੇਂ ਨਹੀਂ ਹਨ, ਭਾਵੇਂ ਉਨ੍ਹਾਂ ਕੋਲ ਸਪੱਸ਼ਟ ਪ੍ਰਵਾਨਗੀ ਹੋਵੇ। ਇਹ ਗਲਤ ਬੈਂਕਾਂ ਲਈ ਕਮੀਆਂ ਨੂੰ ਬੰਦ ਕਰ ਦਿੰਦਾ ਹੈ। ਉਹ ਗਲਤ ਵਿਕਰੀ ਦੇ ਦਾਅਵਿਆਂ ਨੂੰ ਰੱਦ ਕਰਨ ਲਈ ਸਮਝੌਤੇ 'ਤੇ ਗਾਹਕ ਦੇ ਦਸਤਖਤ ਦੀ ਵਰਤੋਂ ਨਹੀਂ ਕਰ ਸਕਦੇ। ਕਈ ਵਾਰ,ਬੈਂਕ ਸਬੰਧ ਪ੍ਰਬੰਧਕ ਭੋਲੇ ਗਾਹਕਾਂ ਨੂੰ ਮਿਉਚੁਅਲ ਫੰਡਾਂ ਵਜੋਂ ਯੂਨਿਟ-ਲਿੰਕਡ ਬੀਮਾ ਪਾਲਿਸੀਆਂ ਵੇਚਣ ਦੀ ਕੋਸ਼ਿਸ਼ ਕਰਦੇ ਹਨ। ਬੈਂਕਾਂ ਨੂੰ ਹੁਣ ਵੱਖਰੇ ਅਰਜ਼ੀ ਫਾਰਮਾਂ ਦੀ ਵਰਤੋਂ ਕਰਨ ਅਤੇ ਆਪਣੇ ਅਰਜ਼ੀ ਫਾਰਮਾਂ 'ਤੇ ਉਤਪਾਦ ਦੀ ਕਿਸਮ, ਜਿਵੇਂ ਕਿ ਬੀਮਾ, ਮਿਉਚੁਅਲ ਫੰਡ, ਜਾਂ ਹਾਈਬ੍ਰਿਡ, ਸਪੱਸ਼ਟ ਤੌਰ 'ਤੇ ਦੱਸਣ ਦੀ ਲੋੜ ਹੋ ਸਕਦੀ ਹੈ। ਜੇਕਰ ਗਲਤ ਵਿਕਰੀ ਸਾਬਤ ਹੁੰਦੀ ਹੈ, ਤਾਂ ਬੈਂਕਾਂ ਨੂੰ ਗਾਹਕਾਂ ਦੇ ਭੁਗਤਾਨ ਵਾਪਸ ਕਰਨ ਅਤੇ ਲੈਣ-ਦੇਣ ਰੱਦ ਕਰਨ ਦੀ ਲੋੜ ਹੋ ਸਕਦੀ ਹੈ, ਨਾਲ ਹੀ ਵਿੱਤੀ ਨੁਕਸਾਨ ਲਈ ਵਾਧੂ ਮੁਆਵਜ਼ਾ ਵੀ ਦੇਣਾ ਪੈ ਸਕਦਾ ਹੈ। ਪ੍ਰਸਤਾਵਿਤ ਨਿਯਮਾਂ ਦੇ ਅਨੁਸਾਰ, ਬੈਂਕਾਂ ਨੂੰ ਵਿਕਰੀ ਦੇ 30 ਦਿਨਾਂ ਦੇ ਅੰਦਰ ਇੱਕ ਗੈਰ-ਭੇਦਭਾਵਪੂਰਨ ਸਰਵੇਖਣ ਰਾਹੀਂ ਗਾਹਕ ਫੀਡਬੈਕ ਇਕੱਠਾ ਕਰਨ ਦੀ ਲੋੜ ਹੋਵੇਗੀ। ਮੌਜੂਦਾ ਨੀਤੀਆਂ ਅਤੇ ਸੇਵਾ ਅਭਿਆਸਾਂ ਦੀ ਸਮੀਖਿਆ ਕਰਨ ਵਿੱਚ ਮਦਦ ਕਰਨ ਲਈ ਬੈਂਕਾਂ ਨੂੰ ਹਰ ਛੇ ਮਹੀਨਿਆਂ ਵਿੱਚ ਨਤੀਜਿਆਂ 'ਤੇ ਇੱਕ ਰਿਪੋਰਟ ਤਿਆਰ ਕਰਨ ਦੀ ਲੋੜ ਹੋਵੇਗੀ। ਦਸਤਖਤ ਕੀਤੇ ਸਮਝੌਤੇ ਨੂੰ ਪ੍ਰਾਪਤ ਕਰਨ ਦੇ 30 ਦਿਨਾਂ ਦੇ ਅੰਦਰ ਜਾਂ ਸੰਬੰਧਿਤ ਵਿੱਤੀ ਖੇਤਰ ਰੈਗੂਲੇਟਰ ਦੁਆਰਾ ਪ੍ਰਦਾਨ ਕੀਤੀ ਗਈ ਸਮਾਂ-ਸੀਮਾ ਦੇ ਅਨੁਸਾਰ ਬੈਂਕ ਨਾਲ ਗਲਤ ਵਿਕਰੀ ਦੀ ਸ਼ਿਕਾਇਤ ਦਰਜ ਕਰੋ। ਇਹ ਜਨਤਕ ਫੀਡਬੈਕ ਲਈ ਆਰ.ਬੀ.ਆਈ. ਦੁਆਰਾ ਜਾਰੀ ਕੀਤੇ ਗਏ ਡਰਾਫਟ ਦਿਸ਼ਾ-ਨਿਰਦੇਸ਼ ਹਨ। ਹਿੱਸੇਦਾਰਾਂ ਦੀਆਂ ਟਿੱਪਣੀਆਂ ਦੀ ਸਮੀਖਿਆ ਕਰਨ ਤੋਂ ਬਾਅਦ, ਅੰਤਿਮ ਨਿਯਮ 1 ਜੁਲਾਈ ਤੋਂ ਲਾਗੂ ਕੀਤੇ ਜਾਣਗੇ।

ਤਾਰਿਕ ਰਹਿਮਾਨ ਨੇ ਬੰਗਲਾਦੇਸ਼

ਬਣੇ ਹਨ। ਇਹ ਬਦਲਾਅ 12 ਫਰਵਰੀ ਨੂੰ ਹੋਈਆਂ 13ਵੀਆਂ ਸੰਸਦੀ ਚੋਣਾਂ ਵਿੱਚ ਬੀ.ਐਨ.ਪੀ. ਦੀ ਜਿੱਤ ਤੋਂ ਬਾਅਦ ਆਇਆ ਹੈ, ਜਿੱਥੇ ਉਨ੍ਹਾਂ ਦੀ ਪਾਰਟੀ ਨੇ 297 ਵਿੱਚੋਂ 209 ਸੀਟਾਂ 'ਤੇ ਕਬਜ਼ਾ ਕੀਤਾ।

ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੇ ਵੀ ਸਹੁੰ ਚੁੱਕੀ। ਇਸ ਮੌਕੇ ਭਾਰਤ ਦੀ ਨੁਮਾਇੰਦਗੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕੀਤੀ, ਜੋ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨਾਲ ਢਾਕਾ ਪਹੁੰਚੇ ਸਨ। ਸਮਾਗਮ ਵਿੱਚ ਭੂਟਾਨ ਦੇ ਪ੍ਰਧਾਨ ਮੰਤਰੀ ਤਸ਼ੇਰਿੰਗ ਤੋਬਗੇ ਸਮੇਤ ਹੋਰ ਕਈ ਦੇਸ਼ਾਂ ਦੇ ਮਹਿਮਾਨ ਵੀ ਸ਼ਾਮਲ ਹੋਏ। ਤਾਰਿਕ ਰਹਿਮਾਨ ਦੀ ਇਹ ਤਾਜਪੋਸ਼ੀ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਦੇ 18 ਮਹੀਨਿਆਂ ਦੇ ਕਾਰਜਕਾਲ ਦੇ ਖ਼ਤਮ ਹੋਣ ਦਾ ਸੰਕੇਤ ਹੈ, ਜੋ ਸਾਲ 2024 ਵਿੱਚ ਸ਼ੇਖ ਹਸੀਨਾ ਦੇ ਦੇਸ਼ ਛੱਡਣ ਤੋਂ ਬਾਅਦ ਬਣਾਈ ਗਈ ਸੀ।ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ੀਆ ਦੇ ਪੁੱਤਰ ਤਾਰਿਕ ਰਹਿਮਾਨ ਲੱਗਭੱਗ 17 ਸਾਲਾਂ ਦੀ ਜਲਾਵਤਨੀ ਕੱਟ ਕੇ ਲੰਡਨ ਤੋਂ ਪਰਤੇ ਹਨ। ਆਪਣੇ ਪਹਿਲੇ ਸੰਬੋਧਨ ਵਿੱਚ ਉਨ੍ਹਾਂ ਨੇ ਰਾਸ਼ਟਰੀ ਏਕਤਾ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਗੱਲ ਕਹੀ। ਉਨ੍ਹਾਂ ਦੇ ਸਾਹਮਣੇ ਦੇਸ਼ ਦੀ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣ ਅਤੇ ਕਾਨੂੰਨ ਵਿਵਸਥਾ ਨੂੰ ਸੁਧਾਰਨ ਦੀਆਂ ਵੱਡੀਆਂ ਚੁਣੌਤੀਆਂ ਹਨ। ਦੱਸ ਦੇਈਏ ਕਿ ਇਨ੍ਹਾਂ ਚੋਣਾਂ ਵਿੱਚ ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ 'ਤੇ ਪਾਬੰਦੀ ਲਗਾਈ ਗਈ ਸੀ, ਜਿਸ ਕਾਰਨ ਉਹ ਚੋਣ ਮੈਦਾਨ ਤੋਂ ਬਾਹਰ ਰਹੀ।

ਜੇ ਰਾਹੁਲ ਗਾਂਧੀ ਕੋਲ ਸਾਡੇ ਲਈ ਸਮਾਂ ਨਹੀਂ

ਵਿੱਚ ਆਉਣ ਤੋਂ ਪਹਿਲਾਂ ਉਹ ਆਪ ਬਤੌਰ ਗਾਇਨੀਕੋਲੋਜਿਸਟ ਮਹੀਨੇ ਦੇ 40 ਲੱਖ ਰੁਪਏ ਕਮਾ ਰਹੀ ਸੀ, ਜਦਕਿ ਨਵਜੋਤ ਸਿੰਘ ਸਿੱਧੂ ਕ੍ਰਿਕਟ, ਕੁਮੈਂਟਰੀ ਅਤੇ ਟੀ.ਵੀ. ਕਲਾਕਾਰ ਵਜੋਂ ਦਿਨ ਦੇ ਕਰੀਬ 25 ਲੱਖ ਰੁਪਏ ਕਮਾਉਂਦੇ ਸਨ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੀ ਸੇਵਾ ਲਈ ਆਪਣਾ ਸਭ ਕੁਝ ਛੱਡ ਦਿੱਤਾ ਸੀ। ਰਾਹੁਲ ਗਾਂਧੀ ਦੀ ਆਲੋਚਨਾ ਕਰਦਿਆਂ ਡਾ. ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਕਹਿਣ ਅਤੇ ਕਰਨ ਵਿੱਚ ਬਹੁਤ ਫਰਕ ਹੈ। ਉਨ੍ਹਾਂ ਦੋਸ਼ ਲਾਇਆ ਕਿ ਰਾਹੁਲ ਗਾਂਧੀ ਕੋਲ ਉਨ੍ਹਾਂ ਲੋਕਾਂ ਲਈ ਸਮਾਂ ਨਹੀਂ ਹੈ ਤਾਂ ਅਸੀਂ ਵੀ ਵਿਹਲੇ ਨਹੀਂ।ਸਿੱਧੂ ਨੇ ਸਖ਼ਤ ਲਹਿਜੇ ਵਿੱਚ ਕਿਹਾ ਪੰਜਾਬ ਵਿੱਚ ਪਾਰਟੀ ਬਰਬਾਦ ਹੋ ਰਹੀ ਹੈ ਅਤੇ ਟਿਕਟਾਂ ਪਹਿਲਾਂ ਹੀ ਵੇਚ ਦਿੱਤੀਆਂ ਗਈਆਂ ਹਨ। ਜੇਕਰ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਹੇਠਾਂ ਕੀ ਹੋ ਰਿਹਾ ਹੈ, ਤਾਂ ਤੁਸੀਂ ਉਸ ਕੁਰਸੀ ਦੇ ਲਾਇਕ ਨਹੀਂ ਹੋ। ਉਨ੍ਹਾਂ ਇਹ ਵੀ ਕਿਹਾ ਕਿ ਕਾਂਗਰਸ ਨੇ ਉਨ੍ਹਾਂ ਨਾਲ ਡਿਪਟੀ ਸੀ.ਐਮ. ਬਣਾਉਣ ਅਤੇ 7 ਵਿਭਾਗ ਦੇਣ ਦਾ ਵਾਅਦਾ ਕੀਤਾ ਸੀ, ਪਰ ਕੁਝ ਨਹੀਂ ਮਿਲਿਆ।

ਭਾਰਤ ਨੇ ਸਵਦੇਸ਼ੀ ਤਕਨੀਕ ਨਾਲ ਮੁੜ

ਸਿਰਫ਼ ਲੰਬੀ ਉਮਰ ਦੀ ਨਹੀਂ ਹੈ, ਸਗੋਂ ਲਗਾਤਾਰ ਸਿੱਖਣ ਅਤੇ ਆਧੁਨਿਕੀਕਰਨ ਦੀ ਵੀ ਹੈ। ਆਮ ਤੌਰ 'ਤੇ ਪਰਮਾਣੂ ਰਿਐਕਟਰਾਂ ਦੀ ਉਮਰ 40 ਤੋਂ 50 ਸਾਲ ਮੰਨੀ ਜਾਂਦੀ ਹੈ, ਜਿਸ ਤੋਂ ਬਾਅਦ ਜ਼ਿਆਦਾਤਰ ਦੇਸ਼ ਇਨ੍ਹਾਂ ਨੂੰ ਬੰਦ (ਡੀ-ਕਮਿਸ਼ਨ) ਕਰ ਦਿੰਦੇ ਹਨ। ਪਰ 1969 'ਚ ਸ਼ੁਰੂ ਹੋਏ ਟੀ.ਏ.ਪੀ.ਐੱਸ.-1 ਅਤੇ ਟੀ.ਏ.ਪੀ.ਐੱਸ.-2 ਆਪਣੇ ਪਹਿਲੇ ਕਾਰਜਕਾਲ 'ਚ 57 ਸਾਲ ਸੇਵਾਵਾਂ ਦੇਣ ਤੋਂ ਬਾਅਦ ਭਾਰਤੀ ਵਿਗਿਆਨੀਆਂ ਦੀ ਮਿਹਨਤ ਅਤੇ ਸਵਦੇਸ਼ੀ ਤਕਨੀਕ ਦੇ ਦਮ 'ਤੇ ਇਕ ਵਾਰ ਫਿਰ ਅਗਲੇ 15-20 ਸਾਲਾਂ ਲਈ ਤਿਆਰ ਹੋ ਗਏ ਹਨ। ਨਿਊਕਲੀਅਰ ਪਾਵਰ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ (ਐੱਨ.ਪੀ.ਸੀ.ਆਈ.ਐੱਲ.) ਅਨੁਸਾਰ, ਪੰਜ ਦਹਾਕਿਆਂ ਤੋਂ ਵੱਧ ਸੁਰੱਖਿਅਤ ਸੰਚਾਲਨ ਤੋਂ ਬਾਅਦ ਇਨ੍ਹਾਂ ਦੋਵਾਂ ਇਕਾਈਆਂ ਨੂੰ 2020 'ਚ ਆਧੁਨਿਕੀਕਰਨ ਲਈ ਬੰਦ ਕੀਤਾ ਗਿਆ ਸੀ। ਛੇ ਸਾਲਾਂ ਦੀ ਸਖ਼ਤ ਨਿਗਰਾਨੀ ਹੇਠ ਇਹ ਕੰਮ ਪੂਰਾ ਕੀਤਾ ਗਿਆ ਹੈ। ਟੀ.ਏ.ਪੀ.ਐੱਸ.-1 ਨੂੰ ਰਾਸ਼ਟਰੀ ਗ੍ਰਿਡ ਨਾਲ ਜੋੜ ਦਿੱਤਾ ਗਿਆ ਹੈ ਤੇ ਟੀ.ਏ.ਪੀ.ਐੱਸ.-2 ਵੀ ਜਲਦੀ ਹੀ ਜੋੜ ਦਿੱਤਾ ਜਾਵੇਗਾ। ਪਲਾਂਟ ਦੇ ਨਵੀਨੀਕਰਨ 'ਚ ਰਿਐਕਟਰ ਦੀਆਂ ਪੁਰਾਣੀਆਂ ਪਾਈਪਾਂ ਨੂੰ ਜੰਗ-ਰੋਧਕ ਸਮੱਗਰੀ ਨਾਲ ਬਦਲਣਾ, 3ਡੀ ਲੇਜ਼ਰ ਸਕੈਨਿੰਗ, ਟਰਬਾਈਨ-ਜਨਰੇਟਰ ਪ੍ਰਣਾਲੀ ਦਾ ਨਵੀਨੀਕਰਨ ਤੇ ਬਿਜਲੀ ਪ੍ਰਣਾਲੀਆਂ 'ਚ ਸੁਧਾਰ ਸ਼ਾਮਲ ਸਨ। ਅਜਿਹੇ ਗੁੰਝਲਦਾਰ ਕੰਮਾਂ ਨੂੰ ਸਫਲਤਾਪੂਰਵਕ ਪੂਰਾ ਕਰਨਾ ਐੱਨ.ਪੀ.ਸੀ.ਆਈ.ਐੱਲ. ਦੀ ਇੰਜੀਨੀਅਰਿੰਗ ਉੱਤਮਤਾ ਨੂੰ ਦਰਸਾਉਂਦਾ ਹੈ। ਆਪਣੇ ਕਾਰਜਕਾਲ ਦੌਰਾਨ ਇਨ੍ਹਾਂ ਦੋਵਾਂ ਯੂਨਿਟਾਂ ਨੇ 1,00,000 ਮਿਲੀਅਨ ਯੂਨਿਟ ਤੋਂ ਵੱਧ ਸਵੱਛ ਬਿਜਲੀ ਪੈਦਾ ਕੀਤੀ ਹੈ ਜਿਸ ਨਾਲ ਵਾਤਾਵਰਨ 'ਚ 86 ਮਿਲੀਅਨ ਟਨ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ ਰੋਕਿਆ ਗਿਆ ਹੈ। ਟੀ.ਏ.ਪੀ.ਐੱਸ.-1 ਅਤੇ 2 ਪਹਿਲੀ ਪੀੜ੍ਹੀ ਦੇ BWR (Boiling Water Reactors) ਹਨ। ਇਨ੍ਹਾਂ ਦੀ ਸਥਾਪਨਾ ਭਾਰਤੀ ਪਰਮਾਣੂ ਪ੍ਰੋਗਰਾਮ ਦੇ ਪਿਤਾਮਾ ਡਾ. ਹੋਮੀ ਜਹਾਂਗੀਰ ਭਾਬਾ ਦੀ ਕਲਪਨਾ ਅਨੁਸਾਰ ਕੀਤੀ ਗਈ ਸੀ। ਸ਼ੁਰੂ ਵਿਚ ਇਨ੍ਹਾਂ ਦੀ ਸਮਰੱਥਾ 210 ਮੈਗਾਵਾਟ ਸੀ ਜਿਸ ਨੂੰ ਬਾਅਦ ਵਿਚ ਤਕਨੀਕੀ ਕਾਰਨਾਂ ਕਰਕੇ ਘਟਾ ਕੇ 160 ਮੈਗਾਵਾਟ ਕਰ ਦਿੱਤਾ ਗਿਆ ਸੀ।

ਜਗਤਾਰ ਸਿੰਘ ਹਵਾਰਾ ਦੀ ਪਟੀਸ਼ਨ 'ਤੇ

ਸੰਬੰਧਤ ਮਾਮਲੇ ' ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ, ਜਿਸ 'ਚ ਬੇਅੰਤ ਸਿੰਘ ਅਤੇ 16 ਹੋਰ ਲੋਕ ਮਾਰੇ ਗਏ ਸਨ।

ਸੁਪਰੀਮ ਕੋਰਟ 'ਚ ਦਾਇਰ ਪਟੀਸ਼ਨ 'ਚ ਕਿਹਾ ਗਿਆ ਹੈ ਕਿ 22 ਜਨਵਰੀ 2004 ਨੂੰ ਜੇਲ੍ਹ ਤੋਂ ਦੌੜਨ ਅਤੇ ਬਾਅਦ 'ਚ ਗ੍ਰਿਫ਼ਤਾਰ ਹੋਣ ਦੀ ਘਟਨਾ ਨੂੰ ਛੱਡ ਕੇ, ਹਵਾਰਾ ਦਾ ਜੇਲ੍ਹ 'ਚ ਰਵੱਈਆ ਬੇਦਾਗ਼ ਰਿਹਾ ਹੈ। ਇਸ 'ਚ ਅਪੀਲ ਕੀਤੀ ਗਈ ਹੈ ਕਿ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਹੋਰ ਜੇਲ੍ਹ 'ਚ ਭੇਜ ਦਿੱਤਾ ਜਾਣਾ ਚਾਹੀਦਾ, ਕਿਉਂਕਿ ਰਾਸ਼ਟਰੀ ਰਾਜਧਾਨੀ 'ਚ ਉਸ ਖ਼ਿਲਾਫ਼ ਕੋਈ ਮਾਮਲਾ ਪੈਂਡਿੰਗ ਨਹੀਂ ਹੈ। ਪਟੀਸ਼ਨ 'ਚ ਕਿਹਾ ਗਿਆ ਹੈ,"ਪਟੀਸ਼ਨਕਰਤਾ (ਹਵਾਰਾ) ਮੌਜੂਦਾ ਸਮੇਂ ਪੰਜਾਬ ਸੂਬੇ 'ਚ ਦਰਜ ਇਕ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ... ਉਹ ਪੰਜਾਬ ਸੂਬੇ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਵਾਸੀ ਹੈ ਅਤੇ ਉਸ ਨੂੰ ਪੰਜਾਬ ਦੀ ਹੀ ਕਿਸੇ ਜੇਲ੍ਹ 'ਚ ਰੱਖਿਆ ਜਾਣਾ ਚਾਹੀਦਾ।"

ਮਜੀਠੀਆ ਦੀ ਸੁਰੱਖਿਆ ਸਬੰਧੀ ਹਾਈ ਕੋਰਟ 'ਚ

ਨਹੀਂ ਆ ਰਿਹਾ ਜਿਸ ਲਈ ਸੁਰੱਖਿਆ ਵਧਾਉਣ ਦੀ ਲੋੜ ਹੋਵੇ। ਮਜੀਠੀਆ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਗ੍ਰਿਫ਼ਤਾਰੀ ਤੋਂ ਪਹਿਲਾਂ ਉਨ੍ਹਾਂ ਨੂੰ ➢-ਸ਼੍ਰੇਣੀ ਦੀ ਸੁਰੱਖਿਆ ਮਿਲੀ ਹੋਈ ਸੀ, ਜਿਸ ਨੂੰ ਬਾਅਦ ਵਿੱਚ ਘਟਾ ਦਿੱਤਾ ਗਿਆ। ਉਨ੍ਹਾਂ ਨੇ ਖਤਰੇ ਦਾ ਹਵਾਲਾ ਦਿੰਦੇ ਹੋਏ ਸੁਰੱਖਿਆ ਬਹਾਲ ਕਰਨ ਦੀ ਮੰਗ ਕੀਤੀ। ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਮਜੀਠੀਆ ਨੂੰ ਦਰਪੇਸ਼ ਖਤਰੇ ਦਾ ਨਵੇਂ ਸਿਰੇ ਤੋਂ ਅੰਕਲਨ ਕਰੇ। ਇੰਟੈਲੀਜੈਂਸ ਬਿਊਰੋ ਨੂੰ ਸਕਿਓਰਟੀ ਰਿਵਿਊ ਕਰਨ ਅਤੇ ਇੱਕ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਗਿਆ ਹੈ। ਇਹ ਰਿਪੋਰਟ ਸੀਲਬੰਦ ਕਵਰ ਵਿੱਚ ਅਦਾਲਤ ਨੂੰ ਸੌਂਪਣੀ ਹੋਵੇਗੀ। ਪੰਜਾਬ ਸਰਕਾਰ ਦੇ ਮੁੱਖ ਸਕੱਤਰ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਡੀ.ਜੀ.ਪੀ. ਨਾਲ ਸਲਾਹ-ਮਸ਼ਵਰਾ ਕਰਕੇ ਖਤਰੇ ਦਾ ਜਾਇਜ਼ਾ ਲੈਣ ਅਤੇ ਇਸ ਸਬੰਧੀ ਨਵਾਂ ਹਲਫ਼ਨਾਮਾ ਦਾਇਰ ਕਰਨ । ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਤਾਜ਼ਾ ਹਲਫ਼ਨਾਮਾ ਦਾਇਰ ਕਰਨ ਲਈ ਅਦਾਲਤ ਤੋਂ ਸਮਾਂ ਮੰਗਿਆ ਹੈ। ਹਾਈਕੋਰਟ ਨੇ ਸਾਰੀਆਂ ਧਿਰਾਂ ਨੂੰ ਰਿਪੋਰਟਾਂ ਪੇਸ਼ ਕਰਨ ਲਈ ਸਮਾਂ ਦਿੰਦਿਆਂ ਮਾਮਲੇ ਦੀ ਅਗਲੀ ਸੁਣਵਾਈ 6 ਮਾਰਚ, 2026 ਲਈ ਤੈਅ ਕੀਤੀ ਹੈ।

ਪੰਜਾਬ 'ਚ ਅਗਲੀ ਸਰਦੀਆਂ ਤੋਂ ਚੱਲੇਗੀ

ਪਾਰਟੀਆਂ ਛੱਡ ਕੇ ਆਏ ਹਨ, ਕੀ ਰਾਹੁਲ ਗਾਂਧੀ ਦੇ ਕਹਿਣ ਮੁਤਾਬਕ ਉਹ ਸਾਰੇ ਵੀ ਗੱਦਾਰ ਹਨ?

ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਰੇਲ ਮੰਤਰੀ ਨੇ ਪੰਜਾਬ ਦੇ ਲੋਕਾਂ ਲਈ ਇੱਕ ਵੱਡਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਅਗਲੀਆਂ ਸਰਦੀਆਂ ਤੋਂ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਰਸਤੇ ਇੱਕ ਵਿਸ਼ੇਸ਼ ਵੰਦੇ ਭਾਰਤ ਸਲੀਪਰ ਟਰੇਨ ਸ਼ੁਰੂ ਕੀਤੀ ਜਾਵੇਗੀ। ਇਹ ਇਸ ਖੇਤਰ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ। ਉਨ੍ਹਾਂ ਇਹ ਵੀ ਦੱਸਿਆ ਕਿ ਲੁਧਿਆਣਾ ਦੇ ਬਾਹਰਵਾਰ ਲਾਡੋਵਾਲ ਵਿਚ ਲੋਕੋ-ਸ਼ੈਡ ਬਣਾਉਣ ਲਈ ਜਗ੍ਹਾ ਦੀ ਪਛਾਣ ਕਰ ਲਈ ਗਈ ਹੈ।

ਬਿੱਟੂ ਅੱਜ ਦੋਰਾਹਾ ਵਿਚ ਨੀਲੋਂ ਨੂੰ ਜੋੜਨ ਵਾਲੇ ਰੇਲਵੇ ਓਵਰਬ੍ਰਿਜ (ਆਰਓਬੀ) ਦਾ ਨੀਂਹ ਪੱਥਰ ਰੱਖਣ ਆਏ ਸਨ। ਪ੍ਰਬੰਧਕੀ ਕਾਰਨਾਂ ਕਰਕੇ ਇਸ ਪੁਲ ਦਾ ਕੰਮ ਲੰਬੇ ਸਮੇਂ ਤੋਂ ਰੁਕਿਆ ਹੋਇਆ ਸੀ। ਇਹ ਪੁਲ ਬਣਨ ਨਾਲ ਚੰਡੀਗੜ੍ਹ ਅਤੇ ਮਾਲਵਾ ਖੇਤਰ ਦੇ ਹੋਰ ਹਿੱਸਿਆਂ ਵਿਚਕਾਰ ਆਵਾਜਾਈ ਕਾਫ਼ੀ ਸੌਖੀ ਹੋ ਜਾਵੇਗੀ।

ਕੀ ਕੋਈ ਆਈ.ਏ.ਐਸ./

ਅਧਿਕਾਰੀਆਂ ਲਈ ਨਿਰਧਾਰਤ, ਸਪੱਸ਼ਟ ਤੌਰ 'ਤੇ ਹੇਠ ਲਿਖਿਆਂ ਨੂੰ ਦਰਸਾਉਂਦਾ ਹੈ:ਰਾਜਨੀਤਿਕ ਨਿਰਪੱਖਤਾ: ਅਧਿਕਾਰੀਆਂ ਨੂੰ ਨਾ ਸਿਰਫ਼ ਰਾਜਨੀਤਿਕ ਤੌਰ 'ਤੇ ਨਿਰਪੱਖ ਰਹਿਣਾ ਚਾਹੀਦਾ ਹੈ, ਸਗੋਂ ਅਜਿਹਾ ਦਿਖਾਈ ਵੀ ਦੇਣਾ ਚਾਹੀਦਾ ਹੈ। ਕਿਸੇ ਵੀ ਰਾਜਨੀਤਿਕ ਪਾਰਟੀ ਦੇ ਸਮਰਥਨ ਵਿੱਚ ਰੈਲੀਆਂ ਕਰਨਾ ਜਾਂ ਭੀੜ ਇਕੱਠੀ ਕਰਨਾ ਨਿਯਮਾਂ ਦੀ ਸਿੱਧੀ ਉਲੰਘਣਾ ਮੰਨਿਆ ਜਾਂਦਾ ਹੈ।

ਵਰਜਿਤ ਗਤੀਵਿਧੀਆਂ: ਨਿਯਮ 5 ਦੇ ਅਨੁਸਾਰ, ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਰਾਜਨੀਤਿਕ ਪਾਰਟੀ ਜਾਂ ਸੰਗਠਨ ਦਾ ਮੈਂਬਰ ਨਹੀਂ ਬਣ ਸਕਦਾ, ਨਾ ਹੀ ਉਹ ਉਨ੍ਹਾਂ ਦੀਆਂ ਕਿਸੇ ਵੀ ਗਤੀਵਿਧੀਆਂ ਜਾਂ ਅੰਦੋਲਨ ਵਿੱਚ ਸਹਾਇਤਾ ਕਰ ਸਕਦਾ ਹੈ।

ਚੋਣ ਪਾਬੰਦੀ: ਉਹ ਸੇਵਾ ਵਿੱਚ ਰਹਿੰਦੇ ਹੋਏ ਕਿਸੇ ਵੀ ਚੋਣ (ਲੋਕ ਸਭਾ, ਵਿਧਾਨ ਸਭਾ, ਜਾਂ ਸਥਾਨਕ ਸੰਸਥਾ) ਵਿੱਚ ਉਮੀਦਵਾਰ ਵਜੋਂ ਖੜ੍ਹੇ ਨਹੀਂ ਹੋ ਸਕਦੇ।

ਅਨੁਸ਼ਾਸਨੀ ਕਾਰਵਾਈ: ਜੇਕਰ ਕੋਈ ਅਧਿਕਾਰੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ, ਤਾਂ ਉਨ੍ਹਾਂ ਨੂੰ ਮੁਅੱਤਲ ਜਾਂ ਨੌਕਰੀ ਤੋਂ ਬਰਖਾਸਤ ਕੀਤਾ ਜਾ ਸਕਦਾ ਹੈ। ਚੋਣਾਂ ਦੌਰਾਨ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ 'ਤੇ 3 ਤੋਂ 6 ਮਹੀਨੇ ਦੀ ਕੈਦ ਜਾਂ ਜੁਰਮਾਨਾ ਵੀ ਹੋ ਸਕਦਾ ਹੈ।ਅਪਵਾਦ:ਅਧਿਕਾਰੀ ਕਿਸੇ ਰਾਜਨੀਤਿਕ ਸਮਾਗਮ ਵਿੱਚ ਸਿਰਫ਼ ਤਾਂ ਹੀ ਸ਼ਾਮਲ ਹੋ ਸਕਦੇ ਹਨ ਜੇਕਰ ਉਹ ਸਰਕਾਰੀ ਡਿਊਟੀ 'ਤੇ ਹੋਣ (ਜਿਵੇਂ ਕਿ ਕਾਨੂੰਨ ਵਿਵਸਥਾ ਬਣਾਈ ਰੱਖਣਾ ਜਾਂ ਸੁਰੱਖਿਆ ਪ੍ਰਦਾਨ ਕਰਨਾ)। ਇਸ ਤੋਂ ਇਲਾਵਾ, ਉਹ ਸਿਰਫ਼ ਆਪਣੀ ਵੋਟ ਪਾਉਣ ਦੇ ਹੱਕਦਾਰ ਹਨ, ਬਸ਼ਰਤੇ ਉਹ ਇਹ ਨਾ ਦੱਸਣ ਕਿ ਉਨ੍ਹਾਂ ਨੇ ਕਿਸ ਨੂੰ ਵੋਟ ਦਿੱਤੀ ਹੈ।

ਫੋਰਟਿਸ ਹਸਪਤਾਲ ਮੋਹਾਲੀ ਨੂੰ ਬੰਬ ਰਾਹੀਂ ਨਿਸ਼ਾਨਾ ਬਣਾਉਣ ਵਾਲੀ ਈਮੇਲ ਨਿਕਲੀ ਅਫ਼ਵਾਹ

ਐਸ.ਪੀ. ਸਿਟੀ ਮੋਹਾਲੀ ਦਿਲਪ੍ਰੀਤ ਸਿੰਘ ਵੱਲੋਂ ਕੋਈ ਖ਼ਤਰਾ ਨਾ ਹੋਣ ਦੀ ਪੁਸ਼ਟੀ, ਸ਼ਾਂਤੀ ਰੱਖਣ ਲਈ ਕੀਤੀ ਅਪੀਲ

ਚੰਡੀਗੜ੍ਹ/ਮੋਹਾਲੀ, 17 ਫਰਵਰੀ (ਚ.ਨ.ਸ.) : ਈਮੇਲ ਰਾਹੀਂ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਅੱਜ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਇੱਕ ਵਿਆਪਕ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਜਿਸ ਦੌਰਾਨ ਕੁਝ ਵੀ ਸ਼ੱਕੀ ਨਹੀਂ ਮਿਲਿਆ। ਇਹ ਜਾਣਕਾਰੀ ਸੁਪਰਡੈਂਟ ਆਫ਼ ਪੁਲਿਸ (ਐਸ.ਪੀ.) ਸਿਟੀ ਮੋਹਾਲੀ ਦਿਲਪ੍ਰੀਤ ਸਿੰਘ ਨੇ ਪੁਸ਼ਟੀ ਕਰਦਿਆਂ ਦਿੱਤੀ ।

ਜ਼ਿਕਰਯੋਗ ਹੈ ਕਿ ਇਹ ਧਮਕੀ ਇੱਕ ਸਕੂਲ ਦੀ ਅਧਕਾਰਤ ਈਮੇਲ ਆਈ.ਡੀ. ਤੋਂ ਲੱਗਭੱਗ 8 ਵਜੇ ਮਿਲੀ ਸੀ ਐਸ.ਪੀ. ਸਿਟੀ ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਧਮਕੀ ਵਾਲੀ ਈਮੇਲ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਦਾ ਜ਼ਿਕਰ ਕੀਤਾ ਗਿਆ ਸੀ। ਇਸ ਤੇ ਫੌਰੀ ਕਾਰਵਾਈ ਕਰਨ ਲਈ ਪੁਲਿਸ ਹੈੱਡਕੁਆਰਟਰ, ਰੇਂਜ ਦਫ਼ਤਰ ਅਤੇ ਮੋਹਾਲੀ ਪੁਲਿਸ ਦੀਆਂ ਐਂਟੀ ਸਾਬੋਟਾਜ ਟੀਮਾਂ, ਬੰਬ ਨਿਰੋਧਕ ਦਸਤਿਆਂ ਸਮੇਤ ਤੁਰੰਤ ਹਸਪਤਾਲ ਵਿੱਚ ਪਹੁੰਚ ਗਈਆਂ।

ਕਿਉਂਕਿ ਧਮਕੀ ਸਕੂਲ ਦੇ ਈਮੇਲ ਆਈਡੀ ਰਾਹੀਂ ਆਈ ਸੀ, ਇਸ ਲਈ ਸਾਵਧਾਨੀ ਦੇ ਤੌਰ 'ਤੇ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨੇੜੇ ਦੇ ਸਾਰੇ ਸਕੂਲਾਂ ਦੀ ਵੀ ਚੰਗੀ ਤਰ੍ਹਾਂ ਜਾਂਚ ਕੀਤੀ ਗਈ।

ਐਸ.ਪੀ. ਨੇ ਪੁਸ਼ਟੀ ਕਰਦਿਆਂ ਕਿਹਾ ਕਿ ਸਾਰੀਆਂ ਸੰਭਾਵੀ ਥਾਵਾਂ ਦੀ ਵਿਆਪਕ ਜਾਂਚ ਤੋਂ ਬਾਅਦ ਕੋਈ ਵੀ ਸ਼ੱਕੀ ਪਦਾਰਥ ਜਾਂ ਵਸਤੂ ਨਹੀਂ ਮਿਲੀ । ਇਸ ਲਈ ਇਹ ਧਮਕੀ ਨਿਰਾ ਝੂਠਾ ਜਾਂ ਗੁਮਰਾਹਕੁੰਨ ਜਾਪਦੀ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ।

ਐਸ.ਪੀ. ਦਿਲਪ੍ਰੀਤ ਸਿੰਘ ਨੇ ਕਿਹਾ ਕਿ ਉਕਤ ਈਮੇਲ ਆਈਡੀ ਦੇ ਅਸਲ ਸਰੋਤਾਂ ਦੀ ਸ਼ਨਾਖ਼ਤ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਇਸ ਦੌਰਾਨ, ਲੋਕਾਂ ਨੂੰ ਸ਼ਾਂਤ ਰਹਿਣ ਅਤੇ ਅਧਿਕਾਰੀਆਂ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨਾਗਰਿਕਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਰਿਪੋਰਟ ਨਜ਼ਦੀਕੀ ਪੁਲਿਸ ਥਾਣੇ ਵਿਖੇ ਕਰਨ ਦੀ ਅਪੀਲ ਵੀ ਕੀਤੀ।

ਗੈਂਗਸਟਰਾਂ 'ਤੇ ਵਾਰ ਦਾ 28ਵਾਂ ਦਿਨ

ਪੰਜਾਬ ਪੁਲਿਸ ਨੇ 630 ਥਾਈਂ ਕੀਤੀ ਛਾਪੇਮਾਰੀ; 156 ਗ੍ਰਿਫ਼ਤਾਰ

ਪੁਲਿਸ ਟੀਮਾਂ ਨੇ 88 ਵਿਅਕਤੀਆਂ ਵਿਰੁੱਧ ਕੀਤੀ ਇਹਤਿਆਤੀ ਕਾਰਵਾਈ , 190 ਨੂੰ ਪੁੱਛਗਿੱਛ ਤੋਂ ਬਾਅਦ ਕੀਤਾ ਰਿਹਾਅ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 28ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 630 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਇੱਕ ਫੈਸਲਾਕੁੰਨ ਜੰਗ ਹੈ, ਜਿਸਦੀ ਸ਼ੁਰੂਆਤ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ 20 ਜਨਵਰੀ 2026 ਨੂੰ ਕੀਤੀ ਸੀ। ਜਿਸ ਤਹਿਤ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

ਮੁਹਿੰਮ ਦੇ 28ਵੇਂ ਦਿਨ ਪੁਲਿਸ ਟੀਮਾਂ ਨੇ 156 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ 9,782 ਤੱਕ ਜਾ ਅੱਪੜੀ ਹੈ ।

ਇਸ ਤੋਂ ਇਲਾਵਾ, 88 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 190 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਚਾਰ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਲੋਕ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ/ਗੈਂਗਸਟਰਾਂ ਬਾਰੇ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ—93946-93946 ਰਾਹੀਂ ਰਿਪੋਰਟ ਕਰ ਸਕਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕੀਤੀ ਜਾ ਸਕਦੀ ਹੈ।

ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁਧ' ਨੂੰ353ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 84 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.1 ਕਿਲੋ ਹੈਰੋਇਨ, 92 ਕਿਲੋ ਭੁੱਕੀ, 720 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 11,400 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਦੇ ਨਾਲ, ਸਿਰਫ 353 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 49,974 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ 55 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

ਭਾਰਤ ਨੇ ਈਰਾਨ ਨਾਲ ਸਬੰਧਤ ਤਿੰਨ ਤੇਲ ਟੈਂਕਰ ਕੀਤੇ ਜ਼ਬਤ

ਨਵੀਂ ਦਿੱਲੀ, 17 ਫਰਵਰੀ (ਚ.ਨ.ਸ.): ਭਾਰਤੀ ਤੱਟ ਰੱਖਿਅਕ ਬਲ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਈਰਾਨ ਨਾਲ ਸਬੰਧਤ ਅਤੇ ਅਮਰੀਕੀ ਪਾਬੰਦੀਆਂ ਦੀ ਸੂਚੀ ਵਿੱਚ ਸ਼ਾਮਲ ਤਿੰਨ ਤੇਲ ਟੈਂਕਰਾਂ ਨੂੰ ਜ਼ਬਤ ਕਰ ਲਿਆ ਹੈ।

ਰਿਪੋਰਟ ਅਨੁਸਾਰ, ਇਹ ਜਹਾਜ਼- ਸਟੈਲਰ ਰੂਬੀ, ਐਸਫਾਲਟ ਸਟਾਰ ਅਤੇ ਅਲ ਜਾਫਜ਼ੀਆ, ਆਪਣੀ ਪਛਾਣ ਬਦਲ ਕੇ ਗੈਰ-ਕਾਨੂੰਨੀ ਤਰੀਕੇ ਨਾਲ ਤੇਲ ਦੀ ਤਸਕਰੀ ਕਰ ਰਹੇ ਸਨ। ਮੁੰਬਈ ਦੇ ਤੱਟ ਤੋਂ ਲੱਗਭੱਗ 100 ਨੌਟੀਕਲ ਮੀਲ ਦੂਰ ਕੀਤੀ ਗਈ। ਇਸ ਕਾਰਵਾਈ ਨੇ ਇੱਕ ਕੌਮਾਂਤਰੀ ਤੇਲ ਸਮਗਲਿੰਗ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਭਾਰਤ ਨੇ ਆਪਣੇ ਸਮੁੰਦਰੀ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੇ ਨਜਾਇਜ਼ 'ਸ਼ਿਪ-ਟੂ-ਸ਼ਿਪ' ਟਰਾਂਸਫਰ ਨੂੰ ਰੋਕਣ ਲਈ ਹੁਣ 55 ਦੇ ਕਰੀਬ ਜਹਾਜ਼ ਅਤੇ ਕਈ ਜਹਾਜ਼ ਨਿਗਰਾਨੀ ਲਈ ਤਾਇਨਾਤ ਕਰ ਦਿੱਤੇ ਹਨ।

ਇਹ ਕਾਰਵਾਈ ਭਾਰਤ ਅਤੇ ਅਮਰੀਕਾ ਵਿਚਾਲੇ ਹੋਏ ਤਾਜ਼ਾ ਵਪਾਰਕ ਸਮਝੌਤੇ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਮਜ਼ਬੂਤ ਹੁੰਦੇ ਸਬੰਧਾਂ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਮੰਨੀ ਜਾ ਰਹੀ ਹੈ। ਹਾਲਾਂਕਿ ਇਰਾਨੀ ਸਰਕਾਰੀ ਮੀਡੀਆ ਨੇ ਇਨ੍ਹਾਂ ਜਹਾਜ਼ਾਂ ਦਾ ਆਪਣੀ ਕੌਮੀਂ ਤੇਲ ਕੰਪਨੀ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਤੋਂ ਇਨਕਾਰ ਕੀਤਾ ਹੈ ਪਰ ਅੰਕੜੇ ਦੱਸਦੇ ਹਨ ਕਿ ਇਨ੍ਹਾਂ ਵਿੱਚੋਂ ਕੁਝ ਜਹਾਜ਼ ਪਹਿਲਾਂ ਵੀ ਈਰਾਨੀ ਤੇਲ ਦੀ ਢੋਆ-ਢੁਆਈ ਵਿੱਚ ਸ਼ਾਮਲ ਰਹੇ ਹਨ।

ਭਾਰਤੀ ਅਧਿਕਾਰੀਆਂ ਅਨੁਸਾਰ, ਇਹ ਸਿੰਡੀਕੇਟ ਟੈਕਸ ਚੋਰੀ ਕਰਨ ਅਤੇ ਕੌਮਾਂਤਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਮੁਨਾਫਾ ਕਮਾਉਣ ਲਈ ਕੰਮ ਕਰ ਰਿਹਾ ਸੀ। ਇਸ ਕਾਰਵਾਈ ਨੇ ਵਿਸ਼ਵ ਪੱਧਰ 'ਤੇ ਭਾਰਤ ਨੂੰ ਸਮੁੰਦਰੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੇ ਇੱਕ ਮਜ਼ਬੂਤ ਰਾਖੇ ਵਜੋਂ ਪੇਸ਼ ਕੀਤਾ ਹੈ।

ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

ਮੋਗਾ ਦੀ ਇਤਿਹਾਸਕ ਰੈਲੀ ਨੇ ਨਸ਼ਿਆਂ ਵਿਰੁੱਧ ਪੰਜਾਬ ਦੀ 'ਜੰਗ' ਦੇ ਦੂਜੇ ਪੜਾਅ ਦੀ ਕੀਤੀ ਸ਼ੁਰੂਆਤ : ਧਾਲੀਵਾਲ

ਚੰਡੀਗੜ੍ਹ, 17 ਫਰਵਰੀ (ਅੰਮ੍ਰਿਤਪਾਲ ਸਿੰਘ): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਵਿਲੇਜ ਡਿਫੈਂਸ ਕਮੇਟੀ (ਵੀਡੀਸੀ) ਦੇ ਮੈਂਬਰਾਂ ਦੇ ਸਹੁੰ ਚੁੱਕ ਸਮਾਗਮ ਲਈ ਮੋਗਾ ਵਿੱਚ ਹੋਏ ਵਿਸ਼ਾਲ ਇਕੱਠ ਨੂੰ ਇੱਕ ਇਤਿਹਾਸਕ ਪਲ ਅਤੇ ਨਸ਼ਿਆਂ ਵਿਰੁੱਧ ਪੰਜਾਬ ਦੀ ਜਾਰੀ ਲੜਾਈ ਵਿੱਚ ਇੱਕ ਨਿਰਣਾਇਕ ਮੀਲ ਦਾ ਪੱਥਰ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਭਾਰੀ ਸ਼ਮੂਲੀਅਤ ਸੂਬੇ ਨੂੰ ਨਸ਼ਿਆਂ ਦੀ ਅਲਾਮਤ ਤੋਂ ਮੁਕਤ ਕਰਨ ਲਈ ਜਨਤਕ ਸੰਕਲਪ ਦੀ ਇੱਕ ਨਵੀਂ ਲਹਿਰ ਨੂੰ ਦਰਸਾਉਂਦੀ ਹੈ। ਮੰਗਲਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਮਾਰਚ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਦੇ ਸੂਬੇ ਭਰ ਵਿੱਚ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ। ਉਨ੍ਹਾਂ ਕਿਹਾ ਕਿ।ਵੱਡੇ ਸਮੱਗਲਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਡੱਕਿਆ ਗਿਆ, ਕੇਸ ਦਰਜ ਕੀਤੇ ਗਏ ਤੇ ਨਸ਼ਾ ਤਸਕਰਾਂ ਦੇ ਨੈੱਟਵਰਕ ਵਿਰੁੱਧ ਸਖ਼ਤ ਕਾਰਵਾਈ ਕੀਤੀ ਗਈ। ਸਖ਼ਤੀ ਦੇ ਨਾਲ-ਨਾਲ ਸਰਕਾਰ ਨੇ ਹਜ਼ਾਰਾਂ ਪਿੰਡਾਂ ਵਿੱਚ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ। ਮੁਹਿੰਮ ਤਹਿਤ ਲਏ ਗਏ ਢਾਂਚਾਗਤ ਫੈਸਲਿਆਂ 'ਤੇ ਚਾਨਣਾ ਪਾਉਂਦਿਆਂ 'ਆਪ' ਪੰਜਾਬ ਦੇ ਮੁੱਖ ਬੁਲਾਰੇ ਨੇ ਦੱਸਿਆ ਕਿ ਸਭ ਤੋਂ ਅਹਿਮ ਕਦਮ ਹਰ ਪਿੰਡ, ਸ਼ਹਿਰ ਤੇ ਵਾਰਡ ਵਿੱਚ 10 ਮੈਂਬਰੀ ਪਿੰਡ ਰੱਖਿਆ ਕਮੇਟੀਆਂ

ਦਾ ਗਠਨ ਕਰਨਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਕਮੇਟੀਆਂ ਨੇ ਨਸ਼ਿਆਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਲੋਕਾਂ ਬਾਰੇ ਪੰਜਾਬ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਭਰੋਸੇਯੋਗ ਜਾਣਕਾਰੀ ਸਾਂਝੀ ਕਰਕੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਮੁਹਿੰਮ ਨੂੰ ਸਮੂਹਿਕ ਜ਼ਿੰਮੇਵਾਰੀ ਦੱਸਦਿਆਂ ਧਾਲੀਵਾਲ ਨੇ ਕਿਹਾ ਕਿ ਇਹ ਜੰਗ ਨਾ ਤਾਂ ਇਕੱਲੀ ਪੁਲਿਸ ਜਿੱਤ ਸਕਦੀ ਹੈ, ਨਾ ਇਕੱਲਾ ਪ੍ਰਸ਼ਾਸਨ ਅਤੇ ਨਾ ਹੀ ਇਕੱਲੇ ਲੋਕ। ਇਹ ਤਿੰਨ-ਪੱਖੀ ਲੜਾਈ ਹੈ। ਵੀਡੀਸੀ, ਪੰਜਾਬ ਪੁਲਿਸ ਤੇ ਪ੍ਰਸ਼ਾਸਨਿਕ ਅਧਿਕਾਰੀ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਮਿਲ ਕੇ ਲੜ ਰਹੇ ਹਨ। ਮੋਗਾ ਪ੍ਰੋਗਰਾਮ ਨੂੰ ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਰਾਰ ਦਿੰਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਹਜ਼ਾਰਾਂ ਵੀਡੀਸੀ ਮੈਂਬਰਾਂ ਦੀ ਸ਼ਮੂਲੀਅਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਲੋਕ ਨਸ਼ਿਆਂ ਵਿਰੁੱਧ ਉੱਠ ਖੜ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ ਜਦੋਂ ਲੋਕ ਜਾਗ ਜਾਂਦੇ ਹਨ, ਤਾਂ ਨਸ਼ਾ ਖਤਮ ਹੋ ਸਕਦਾ ਹੈ। ਕੱਲ੍ਹ ਦਾ ਇਕੱਠ 'ਆਪ' ਦੀ ਰੈਲੀ ਨਹੀਂ ਸੀ, ਇਹ ਵੀਡੀਸੀ ਦਾ ਇਕੱਠ ਸੀ, ਜਿਸ ਕਾਰਨ ਮੁੱਖ ਸਕੱਤਰ ਅਤੇ ਡੀਜੀਪੀ ਨੇ ਇਸ ਨੂੰ ਸੰਬੋਧਨ ਕੀਤਾ। 'ਆਪ' ਵਿਧਾਇਕ ਨੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਨਤਕ ਲਾਮਬੰਦੀ ਦੇ ਇਸ ਪੱਧਰ ਨੂੰ ਦੇਖ ਕੇ ਵਿਰੋਧੀ ਆਗੂ ਬੌਖਲਾ ਗਏ ਹਨ। ਉਨ੍ਹਾਂ ਸਵਾਲ ਕੀਤਾ, "ਅਕਾਲੀ ਦਲ ਦੇ 10 ਸਾਲ ਅਤੇ ਕਾਂਗਰਸ ਦੇ 5 ਸਾਲਾਂ ਦੇ ਰਾਜ ਦੌਰਾਨ ਨਸ਼ਾ ਤਸਕਰਾਂ ਵਿਰੁੱਧ ਕੀ ਕਾਰਵਾਈ ਹੋਈ? ਕੀ ਉਨ੍ਹਾਂ ਨੇ ਕਦੇ ਅਜਿਹੀ ਮੁਹਿੰਮ ਚਲਾਈ, ਤਸਕਰਾਂ ਦੀਆਂ ਜਾਇਦਾਦਾਂ ਢਾਹੀਆਂ ਜਾਂ ਵੱਡੇ ਸਮੱਗਲਰਾਂ ਨੂੰ ਜੇਲ੍ਹ ਭੇਜਿਆ?

ਸਾਰੇ ਵੀਡੀਸੀ ਮੈਂਬਰਾਂ ਨੂੰ ਉਨ੍ਹਾਂ ਦੀ ਵਚਨਬੱਧਤਾ ਲਈ ਵਧਾਈ ਦਿੰਦਿਆਂ ਕੁਲਦੀਪ ਸਿੰਘ ਧਾਲੀਵਾਲ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਜਦੋਂ ਤੱਕ ਪੰਜਾਬ ਵਿੱਚੋਂ ਨਸ਼ਿਆਂ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਹੋ ਜਾਂਦਾ, ਉਦੋਂ ਤੱਕ ਉਹ ਇਕਜੁੱਟ ਤੇ ਦ੍ਰਿੜ ਰਹਿਣ।

ਗੁਰਮੀਤ ਸਿੰਘ ਖੁੱਡੀਆਂ ਵੱਲੋਂ ਬੈਲ ਗੱਡੀਆਂ ਦੀਆਂ ਦੌੜਾਂ ਦੀ ਸ਼ੁਰੂਆਤ ਨਾਲ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕ-2026 ਉਦਘਾਟਨ

ਕਿਲਾ ਰਾਏਪੁਰ (ਲੁਧਿਆਣਾ), 17 ਫਰਵਰੀ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ): ਕਿਲਾ ਰਾਏਪੁਰ ਪੇਂਡੂ ਓਲੰਪਿਕ-2026 ਮੰਗਲਵਾਰ ਨੂੰ ਲੁਧਿਆਣਾ ਵਿੱਚ ਬਹੁਤ

ਉਤਸ਼ਾਹ ਤੇ ਧੂਮਧਾਮ ਨਾਲ ਸ਼ੁਰੂ ਹੋਇਆ ਜੋ ਕਿ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਪ੍ਰਸਿੱਧ ਬੈਲ ਗੱਡੀਆਂ ਦੌੜਾਂ ਦੇ ਪੁਨਰ ਸੁਰਜੀਤੀ ਨੂੰ ਦਰਸਾਉਂਦਾ ਹੈ। ਇਹਨਾਂ ਖੇਡਾਂ ਦਾ ਉਦਘਾਟਨ ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਿੰਡ ਕਿਲਾ ਰਾਏਪੁਰ ਦੇ ਖੇਡ ਸਟੇਡੀਅਮ ਵਿੱਚ ਕੀਤਾ। ਇਨ੍ਹਾਂ ਵਿਸ਼ਵ-ਪ੍ਰਸਿੱਧ ਬੈਲ ਗੱਡੀਆਂ ਦੀਆਂ ਦੌੜਾਂ ਦੇ ਮੁੜ ਸ਼ੁਰੂ ਹੋਣ ਨਾਲ ਲੋਕਾਂ/ ਦਰਸ਼ਕਾਂ ਦਾ ਬਹੁਤ ਭਾਰੀ ਇਕੱਠ ਹੋਇਆ। ਜਿਸ ਨਾਲ ਦਰਸ਼ਕ ਪੰਜਾਬ ਤੇ ਬਾਹਰੋਂ ਇਸ ਰੋਮਾਂਚਕ ਖੇਡ ਨੂੰ ਦੇਖਣ ਲਈ ਪਹੁੰਚੇ ਜੋ ਸੂਬੇ ਦੇ ਪੇਂਡੂ ਵਿਰਾਸਤ ਵਿੱਚ ਡੂੰਘਾਈ ਨਾਲ ਜੜ੍ਹਾਂ ਰੱਖਦੇ ਹਨ। ਵਿਧਾਇਕ ਜੀਵਨ ਸਿੰਘ ਸੰਗੋਵਾਲ ਤੇ ਡਾ. ਕੇ.ਐਨ.ਐਸ. ਕੰਗ ਦੇ ਨਾਲ ਕੈਬਨਿਟ ਮੰਤਰੀ ਖੁੱਡੀਆਂ ਨੇ ਬੈਲ-ਗੱਡੀਆਂ ਦੀਆਂ ਦੌੜਾਂ ਦੀ ਸੱਭਿਆਚਾਰਕ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਪੰਜਾਬ ਦੇ ਇਤਿਹਾਸਕ ਤੇ ਰਵਾਇਤੀ ਪੇਂਡੂ ਜੜ੍ਹਾਂ ਨਾਲ ਮਜ਼ਬੂਤ ਸਬੰਧ ਰੱਖਦੀਆ ਹਨ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ "ਪੰਜਾਬ ਵਿਧਾਨ ਸਭਾ ਵਿੱਚ ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ), ਐਕਟ 2025" ਨੂੰ ਸਰਬਸੰਮਤੀ ਨਾਲ ਪਾਸ ਤੇ ਲਾਗੂ ਕਰਕੇ ਇਸ ਪੁਨਰ ਸੁਰਜੀਤੀ ਨੂੰ ਸੰਭਵ ਬਣਾਉਣ ਦਾ ਸਿਹਰਾ ਦਿੱਤਾ, ਜਿਸ ਨੇ ਜਾਨਵਰਾਂ ਲਈ ਸੁਰੱਖਿਆ ਮਾਪਦੰਡ ਪੇਸ਼ ਕੀਤੇ, ਕਾਨੂੰਨੀ ਰੁਕਾਵਟਾਂ ਨੂੰ ਦੂਰ ਕੀਤਾ ਅਤੇ ਇਨ੍ਹਾਂ ਬੈਲ ਗੱਡੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਦਾ ਰਾਹ ਪੱਧਰਾ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹਨਾਂ ਖੇਡਾਂ ਦਾ ਸਮਰਥਨ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਹੋਏ ਕਿਹਾ ਕਿ ਓਲੰਪਿਕ ਤੇ ਹੋਰ ਪ੍ਰਮੁੱਖ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਤਗਮੇ ਪ੍ਰਾਪਤ ਕਰਨ ਵਾਲਿਆਂ ਲਈ ਨਕਦ ਇਨਾਮਾਂ ਵਿੱਚ ਕਾਫ਼ੀ ਵਾਧਾ ਕੀਤਾ ਗਿਆ ਹੈ। ਮੰਤਰੀ ਖੁੱਡੀਆਂ ਨੇ ਅੱਗੇ ਕਿਹਾ ਕਿ ਸਰਕਾਰ ਨੇ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਲਗਭਗ 64,000 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ ਜਿਸ ਨਾਲ ਭਰਤੀ ਵਿੱਚ ਪਾਰਦਰਸ਼ਤਾ ਤੇ ਨਿਰਪੱਖਤਾ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਨੇ ਰਾਜ ਦੀਆਂ ਮੁੱਖ ਬੁਨਿਆਦੀ ਢਾਂਚੇ ਦੀਆਂ ਪ੍ਰਾਪਤੀਆਂ ਵੱਲ ਵੀ ਇਸ਼ਾਰਾ ਕੀਤਾ ਜਿਸ ਵਿੱਚ ਲਗਭਗ 40,000 ਕਿਲੋਮੀਟਰ ਸੜਕਾਂ ਦੇ ਨਿਰਮਾਣ ਅਤੇ ਅਪਗ੍ਰੇਡ ਕਰਨ ਦੇ ਇਤਿਹਾਸਕ ਪ੍ਰੋਜੈਕਟ ਸ਼ਾਮਲ ਹਨ। ਇਸ ਤੋਂ ਇਲਾਵਾ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ ਪ੍ਰਤੀ ਘਰ 600 ਯੂਨਿਟ ਮੁਫ਼ਤ ਬਿਜਲੀ ਪ੍ਰਦਾਨ ਕੀਤੀ ਹੈ ਜਿਸ ਨਾਲ 90 ਪ੍ਰਤੀਸ਼ਤ ਪਰਿਵਾਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ ਹਨ ਜਿਸ ਨਾਲ ਇਹਨਾਂ ਵਸਨੀਕਾਂ ਨੂੰ ਕਾਫ਼ੀ ਰਾਹਤ ਮਿਲੀ ਹੈ। ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂ ਹਸਪਤਾਲ ਲਈ 30 ਲੱਖ ਰੁਪਏ ਦੀ ਗ੍ਰਾਂਟ ਦਾ ਐਲਾਨ ਕੀਤਾ ਤਾਂ ਜੋ ਖੇਤਰ ਵਿੱਚ ਪਸ਼ੂਆਂ ਲਈ ਉੱਚ-ਗੁਣਵੱਤਾ ਵਾਲੀਆਂ ਡਾਕਟਰੀ ਸੇਵਾਵਾਂ ਨੂੰ ਯਕੀਨੀ ਬਣਾਇਆ ਜਾ ਸਕੇ।

ਕਿਲਾ ਰਾਏਪੁਰ ਵਿੱਚ 19 ਫਰਵਰੀ ਤੱਕ ਚੱਲਣ ਵਾਲੀਆਂ ਇਹਨਾਂ ਖੇਡਾਂ ਵਿੱਚ ਨਾ ਸਿਰਫ਼ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਬੈਲ ਗੱਡੀਆਂ ਦੀਆਂ ਦੌੜਾਂ ਦੀ ਬਹੁਤ ਉਮੀਦ ਬਾਅਦ ਤੋਂ ਵਾਪਸੀ ਹੋਈ ਹੈ। ਇਹਨਾਂ ਖੇਡਾਂ ਵਿੱਚ ਕਬੱਡੀ, ਹਾਕੀ, ਐਥਲੈਟਿਕਸ, ਸਾਈਕਲਿੰਗ, ਰੱਸਾਕਸ਼ੀ ਅਤੇ ਹੋਰ ਬਹੁਤ ਸਾਰੀਆਂ ਰਵਾਇਤੀ ਖੇਡਾਂ ਵੀ ਸ਼ਾਮਲ ਹੈ। ਬੈਲ ਗੱਡੀਆਂ ਦੀਆਂ ਦੌੜਾਂ ਦੀ ਪੁਨਰ ਸੁਰਜੀਤੀ ਨਾਲ ਦੇਸ਼ ਤੇ ਵਿਦੇਸ਼ ਵਿੱਚ ਬੈਠੇ ਪੰਜਾਬੀਆਂ ਵਿੱਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ ਹੈ।

ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ 149ਵਾਂ ਸਲਾਨਾ ਖੇਡ ਸਮਾਰੋਹ ਕਰਵਾਇਆ

ਪਟਿਆਲਾ, 16 ਫਰਵਰੀ (ਰੁਪਾਣਾ/ ਮੰਨਵੀ): ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵੱਲੋਂ ਆਪਣਾ 149ਵਾਂ ਸਲਾਨਾ ਖੇਡ ਸਮਾਰੋਹ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਕਾਲਜ ਦੇ ਮੈਦਾਨ ਵਿੱਚ ਕਰਵਾਇਆ ਗਿਆ ਇਹ ਸਮਾਗਮ ਇਸ ਸੰਸਥਾ ਦੇ 150 ਸਾਲ ਪੂਰੇ ਹੋਣ ਦੇ ਜਸ਼ਨ ਦਾ ਇੱਕ ਮਹੱਤਵਪੂਰਨ ਪੜਾਅ ਰਿਹਾ| ਦਿਨ ਦੀ ਸ਼ੁਰੂਆਤ ਇੱਕ ਪ੍ਰਭਾਵਸ਼ਾਲੀ ਉਦਘਾਟਨੀ ਸਮਾਰੋਹ ਨਾਲ ਹੋਈ। ਸਵੇਰ ਦੇ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਪਲਵਿੰਦਰ ਸਿੰਘ ਚੀਮਾ (ਅਰਜੁਨ ਐਵਾਰਡੀ ਤੇ ਐਸ.ਪੀ. ਪਟਿਆਲਾ) ਸ਼ਾਮਲ ਹੋਏ। ਉਨ੍ਹਾਂ ਨੇ ਕਾਲਜ ਦਾ ਝੰਡਾ ਲਹਿਰਾਇਆ ਤੇ ਐਨ.ਸੀ.ਸੀ. (NCC), ਐਨ.ਐਸ.ਐਸ. (NSS) ਤੇ ਸਰੀਰਕ ਸਿੱਖਿਆ ਵਿਭਾਗ ਦੇ ਮਾਰਚਿੰਗ ਦਸਤਿਆਂ ਤੋਂ ਸਲਾਮੀ ਲਈ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਚਰਿੱਤਰ ਨਿਰਮਾਣ ਅਤੇ ਅਨੁਸ਼ਾਸਨ ਵਿੱਚ ਖੇਡਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਅਕਾਦਮਿਕ ਟੀਚਿਆਂ ਦੇ ਨਾਲ-ਨਾਲ ਸਰੀਰਕ ਤੰਦਰੁਸਤੀ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਖੇਡ ਮੇਲੇ ਵਿੱਚ ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਟ੍ਰੈਕ ਅਤੇ ਫੀਲਡ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਨ੍ਹਾਂ ਅਥਲੈਟਿਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਆਪਣੀ ਸਰੀਰਕ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਜੇਤੂ ਵਿਦਿਆਰਥੀਆਂ ਨੂੰ ਕਾਲਜ ਫੈਕਲਟੀ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਪਤੀ ਸਮਾਰੋਹ ਵਿੱਚ ਗੁਰਬਖਸ਼ ਸਿੰਘ ਸੰਧੂ (ਦ੍ਰੋਣਾਚਾਰੀਆ ਐਵਾਰਡੀ, ਰਾਸ਼ਟਰਪਤੀ ਐਵਾਰਡੀ, ਲਾਈਫਟਾਈਮ ਅਚੀਵਮੈਂਟ ਐਵਾਰਡ ਵਿਜੇਤਾ ਤੇ ਭਾਰਤ ਦੇ ਪ੍ਰਸਿੱਧ ਰਾਸ਼ਟਰੀ ਮੁੱਕੇਬਾਜ਼ੀ ਕੋਚ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸੰਧੂ ਨੇ ਵੱਖ-ਵੱਖ ਅਥਲੈਟਿਕ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡੇ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਾਲਜ ਦੀ ਅਮੀਰ ਵਿਰਾਸਤ ਤੇ ਰਾਸ਼ਟਰੀ ਪੱਧਰ ਦੀਆਂ ਖੇਡ ਪ੍ਰਤਿਭਾਵਾਂ ਪੈਦਾ ਕਰਨ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ। 149ਵੇਂ ਖੇਡ ਸਮਾਰੋਹ ਦੀ ਰਿਪੋਰਟ ਵਿਭਾਗ ਦੀ ਮੁਖੀ ਗੁਰਪ੍ਰੀਤ ਕੌਰ ਵੱਲੋਂ ਪੜ੍ਹੀ ਗਈ। ਕਾਲਜ ਚ ਪਹਿਲੀ ਵਾਰ ਟੀਚਿੰਗ ਤੇ ਨੌਨ ਟੀਚਿੰਗ ਸਟਾਫ ਦੇ ਮੁਕਾਬਲੇ ਵੀ ਕਰਵਾਏ ਗਏ। ਇਸ ਖੇਡ ਸਮਾਰੋਹ ਵਿੱਚ 25 ਦੇ ਕਰੀਬ ਪ੍ਰੋਫੈਸਰਾਂ ਨੇ ਨਿੰਬੂ ਦੌੜ ਰੇਸ ਵਿੱਚ ਭਾਗ ਲਿਆ। ਪਹਿਲਾ ਸਥਾਨ ਪ੍ਰੋਫੈਸਰ ਆਸੀਮਾ ਪੁਲਾਹਾ, ਦੂਜਾ ਸਥਾਨ ਸੰਦੀਪ ਕੌਰ ਤੇ ਤੀਜਾ ਸਥਾਨ ਸ਼ਾਲੂ ਕਿੰਗਰ ਨੇ ਪ੍ਰਾਪਤ ਕੀਤਾ।

ਭਗਵੰਤ ਮਾਨ ਦੀ ਜੰਗ ਦੇ ਮੈਦਾਨ 'ਚ ਹਰ ਪਿੰਡ ਦੀ ਵੀਡੀਸੀ ਬਣੀ ਫਰੰਟਲਾਈਨ ਯੋਧਾ : ਪੰਨੂ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਵਿਰੋਧੀ ਪਾਰਟੀਆਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਬੀਤੇ ਦਿਨੀਂ ਮੋਗਾ ਦੇ ਕਿੱਲੀ ਚਾਹਲਾਂ ਵਿਖੇ ਆਯੋਜਿਤ ਵਿਲੇਜ ਡਿਫੈਂਸ ਕਮੇਟੀ (ਵੀਡੀਸੀ) ਦੇ ਸਹੁੰ ਚੁੱਕ ਸਮਾਗਮ ਨੇ ਉਨ੍ਹਾਂ ਰਵਾਇਤੀ ਪਾਰਟੀਆਂ ਦੀ ਤਕਲੀਫ਼ ਵਧਾ ਦਿੱਤੀ ਹੈ, ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ 'ਚਿੱਟੇ' ਦੀ ਅੱਗ ਵਿੱਚ ਧੱਕਿਆ ਸੀ। ਪੰਨੂ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਸਿਆਸੀ ਫਾਇਦੇ ਲਈ ਨਸ਼ਿਆਂ ਨੂੰ ਉਤਸ਼ਾਹਿਤ ਕੀਤਾ, ਅੱਜ ਉਨ੍ਹਾਂ ਨੂੰ ਇਸ ਗੱਲ ਦੀ ਸਭ ਤੋਂ ਵੱਧ ਤਕਲੀਫ਼ ਹੋ ਰਹੀ ਹੈ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਕੋਹੜ ਹਮੇਸ਼ਾ ਲਈ ਖ਼ਤਮ ਹੋਣ ਜਾ ਰਿਹਾ ਹੈ। ਮੰਗਲਵਾਰ ਨੂੰ ਪਾਰਟੀ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ 2007 ਤੋਂ 2017 ਤੇ ਫਿਰ 2017 ਤੋਂ 2022 ਤੱਕ ਪੰਜਾਬ ਨੇ ਉਹ ਕਾਲਾ ਦੌਰ ਦੇਖਿਆ ਹੈ ਜਦੋਂ ਕੋਈ ਨਸ਼ਾ ਤਸਕਰ ਫੜਿਆ ਜਾਂਦਾ ਸੀ, ਤਾਂ ਕੁਝ ਹੀ ਘੰਟਿਆਂ ਵਿੱਚ ਉਸ ਦੀਆਂ ਤਸਵੀਰਾਂ ਉਸ ਸਮੇਂ ਦੇ ਸੱਤਾਧਾਰੀ ਆਗੂਆਂ ਨਾਲ ਵਾਇਰਲ ਹੋ ਜਾਂਦੀਆਂ ਸਨ।ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪੈਸੇ ਦੀ ਖ਼ਾਤਰ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਆਪਣੀ ਖ਼ਰਾਬ ਸਿਹਤ ਦੇ ਬਾਵਜੂਦ ਹਸਪਤਾਲ ਤੋਂ ਸਿੱਧਾ ਰੈਲੀ ਵਿੱਚ ਪਹੁੰਚੇ ਤੇ 1.25 ਲੱਖ ਮੈਂਬਰਾਂ ਨੂੰ ਸਹੁੰ ਚੁਕਾਈ, ਜੋ ਨਸ਼ਿਆਂ ਵਿਰੁੱਧ ਜੰਗ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। 'ਆਪ' ਆਗੂ ਨੇ ਕਿਹਾ ਕਿ ਪੰਜਾਬ ਦੇ ਹਰ

ਪਿੰਡ ਅਤੇ ਵਾਰਡ ਤੋਂ 8 ਤੋਂ 10 ਜਾਗਰੂਕ ਨਾਗਰਿਕਾਂ ਨੂੰ ਮਿਲਾ ਕੇ ਲਗਭਗ 1.25 ਮੈਂਬਰਾਂ ਦੀ ਵਿਲੇਜ ਡਿਫੈਂਸ ਕਮੇਟੀ ਬਣਾਈ ਗਈ ਹੈ। ਇਹ ਕੋਈ ਕਾਗਜ਼ੀ ਕਾਰਵਾਈ ਨਹੀਂ ਹੈ, ਜਿਵੇਂ ਕੈਪ. ਅਮਰਿੰਦਰ ਸਿੰਘ ਨੇ 2018 ਵਿੱਚ ਕੀਤੀ ਸੀ। ਅੱਜ ਹਰ ਮੈਂਬਰ ਕੋਲ ਇੱਕ ਵਿਸ਼ੇਸ਼ ਐਪ ਹੈ, ਜਿਸ ਰਾਹੀਂ ਨਸ਼ਾ ਵੇਚਣ ਵਾਲਿਆਂ ਦੀ ਸਿੱਧੀ ਜਾਣਕਾਰੀ ਪੁਲਿਸ ਹੈੱਡਕੁਆਰਟਰ ਤੇ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚਦੀ ਹੈ। ਹੁਣ ਤੱਕ ਇਸ ਐਪ ਰਾਹੀਂ 1400 ਤੋਂ ਵੱਧ ਸ਼ਿਕਾਇਤਾਂ ਆਈਆਂ ਹਨ, ਜਿਨ੍ਹਾਂ 'ਤੇ ਸਖ਼ਤ ਕਾਰਵਾਈ ਕਰਦਿਆਂ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਪੰਨੂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਇਹ ਵਿਰੋਧੀ ਪਾਰਟੀਆਂ ਚਾਹੁੰਦੀਆਂ ਹਨ ਕਿ ਪੰਜਾਬ ਵਿੱਚ ਨਸ਼ਿਆਂ ਨਾਲ ਲਾਸ਼ਾਂ ਡਿੱਗਦੀਆਂ ਰਹਿਣ ਤਾਂ ਜੋ ਇਹ ਉਨ੍ਹਾਂ 'ਤੇ ਆਪਣੀ ਗੰਦੀ ਰਾਜਨੀਤੀ ਕਰ ਸਕਣ। ਉਨ੍ਹਾਂ ਕਿਹਾ ਕਿ 1.25 ਲੱਖ ਵੀਡੀਸੀ ਮੈਂਬਰ ਕੇਵਲ ਨਸ਼ਾ ਤਸਕਰਾਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਨੇਤਾਵਾਂ ਨੂੰ ਵੀ ਜਵਾਬ ਦੇਣਗੇ ਜੋ ਇਸ ਮੁਹਿੰਮ ਖ਼ਿਲਾਫ਼ ਬੋਲ ਰਹੇ ਹਨ। ਜਦੋਂ ਇਹ ਨੇਤਾ ਪਿੰਡਾਂ ਵਿੱਚ ਜਾਣਗੇ, ਤਾਂ ਪੰਜਾਬ ਦੇ ਲੋਕ ਇਨ੍ਹਾਂ ਨੂੰ ਪੁੱਛਣਗੇ ਕਿ ਜਦੋਂ ਅਸੀਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਅੱਗੇ ਆਏ ਹਾਂ, ਤਾਂ ਤੁਹਾਨੂੰ ਤਕਲੀਫ਼ ਕਿਉਂ ਹੋ ਰਹੀ ਹੈ? ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਇਹ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਨਹੀਂ ਹੋ ਜਾਂਦਾ।

ਗੁਰਸ਼ਰਨ ਸਿੰਘ ਛੀਨਾ ਨੇ ਡਾ. ਬਲਬੀਰ ਸਿੰਘ ਦੀ ਮੌਜੂਦਗੀ 'ਚ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਕਾਰਜਭਾਰ ਸੰਭਾਲਿਆ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਗੁਰਸ਼ਰਨ ਸਿੰਘ ਛੀਨਾ ਨੇ ਮੰਗਲਵਾਰ ਨੂੰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਕਾਰਜਭਾਰ ਸੰਭਾਲਿਆ। ਇਸ ਮੌਕੇ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸੂਬੇ ਦੇ ਜਨਤਕ ਸਿਹਤ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਤੇ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਕੰਮ ਕਰਨਗੇ। ਛੀਨਾ, ਜੋ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਦੇ ਜੁਆਇੰਟ ਸਕੱਤਰ ਰਹੇ ਹਨ, ਰਾਜਾਸਾਂਸੀ ਹਲਕੇ ਵਿੱਚ ਇੱਕ ਪ੍ਰਮੁੱਖ ਜਨਤਕ ਚਿਹਰਾ ਮੰਨੇ ਜਾਂਦੇ ਹਨ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣੀ ਸਰਗਰਮ ਭੂਮਿਕਾ ਲਈ ਜਾਣੇ ਜਾਂਦੇ ਹਨ। ਡਾ. ਬਲਬੀਰ ਸਿੰਘ ਨੇ ਛੀਨਾ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਨਗੇ। ਉਨ੍ਹਾਂ ਨਵੇਂ ਚੇਅਰਮੈਨ ਨੂੰ ਅਪੀਲ ਕੀਤੀ ਕਿ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਦਿਖਾਈ ਗਈ ਊਰਜਾ ਅਤੇ ਵਚਨਬੱਧਤਾ ਨੂੰ ਪ੍ਰਸ਼ਾਸਨਿਕ ਕੰਮਾਂ

ਵਿੱਚ ਵੀ ਜਾਰੀ ਰੱਖਣ ਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਸਮੇਂ ਸਿਰ ਪਹੁੰਚੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਲੰਬੇ ਤੱਕ ਕਾਰਗਰ ਰਹਿਣ ਵਾਲੀ ਯੋਜਨਾ ਹੈ ਅਤੇ ਪੰਜਾਬ ਸਰਕਾਰ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਦਕਿ ਵਿਰੋਧੀ ਪਾਰਟੀਆਂ ਚੋਣਾਂ ਦੇ ਹਿਸਾਬ-ਕਿਤਾਬ ਵਿੱਚ ਰੁੱਝੀਆਂ ਹੋਈਆਂ ਹਨ। ਮੁੱਖ ਮੰਤਰੀ ਸਿਹਤ ਯੋਜਨਾ ਦੀ ਪ੍ਰਗਤੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਮਰੀਜ਼ਾਂ ਨੂੰ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਦਾਖਲੇ ਤੋਂ ਲੈ ਕੇ ਛੁੱਟੀ ਤੱਕ ਨਗਦੀ ਰਹਿਤ ਇਲਾਜ ਦੀ ਸੁਵਿਧਾ ਮਿਲਦੀ ਹੈ। ਰਾਜ ਵਿੱਚ 23 ਹਸਪਤਾਲਾਂ ਵਿੱਚ ਗੰਭੀਰ ਦੇਖਭਾਲ ਇਕਾਈਆਂ ਸਥਾਪਿਤ ਕੀਤੀਆਂ ਗਈਆਂ ਹਨ, ਜਿਸ ਨਾਲ ਜੀਵਨ ਰੱਖਿਆ ਸੇਵਾਵਾਂ ਦੀ ਪਹੁੰਚ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਮੌਕੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸਨੀ ਸਿੰਘ ਅਹਲੂਵਾਲੀਆ, ਐਮ ਡੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਅਮਿਤ ਤਲਵਾਰ, ਉਪ ਚੇਅਰਮੈਨ ਪੀ ਐਚ ਐਸ ਸੀ ਮਨਿੰਦਰਜੀਤ ਸਿੰਘ ਵਿਕੀ ਘਨੌਰ, ਸੋਨੀਆ ਮਾਨ ਅਤੇ ਹੋਰ ਅਧਿਕਾਰੀ ਤੇ ਆਗੂ ਵੀ ਮੌਜੂਦ ਸਨ।

ਪੰਜਾਬ ਦੀ ਸਿੱਖਿਆ ਪ੍ਰਣਾਲੀ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ "ਅਧਿਆਪਕ ਮੇਲੇ" ਵਿੱਚ 8 ਹਜ਼ਾਰ ਤੋਂ ਵੱਧ ਅਧਿਆਪਕ ਹੋਏ ਸ਼ਾਮਲ : ਬੈਂਸ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਸੂਬੇ ਦੇ ਵਿਦਿਅਕ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਦੋ-ਰੋਜ਼ਾ "ਅਧਿਆਪਕ ਮੇਲਾ 2025-26" ਕਰਵਾਇਆ ਗਿਆ। ਇਸ ਮੈਗਾ ਈਵੈਂਟ ਵਿੱਚ 8,000 ਤੋਂ ਵੱਧ ਅਧਿਆਪਕਾਂ ਨੇ ਹਿੱਸਾ ਲਿਆ, ਜਿਸ ਦਾ ਉਦੇਸ਼ ਸਰਕਾਰੀ ਸਕੂਲਾਂ ਨੂੰ ਸਿਰਜਣਾਤਮਕਤਾ, ਤਕਨਾਲੋਜੀ ਤੇ ਸਿੱਖਿਆ ਸ਼ਾਸਤਰੀ ਉੱਤਮਤਾ ਦੇ ਇੱਕ ਜੀਵੰਤ ਕੇਂਦਰ ਵਿੱਚ ਬਦਲਣਾ ਸੀ। ਇਸ ਸਮਾਗਮ ਨੂੰ ਸੂਬੇ ਦੇ ਅਧਿਆਪਕ ਭਾਈਚਾਰੇ ਦੀ ਨਵੀਨਤਮ ਸੋਚ ਦੇ ਪ੍ਰਮਾਣ ਦੱਸਦਿਆਂ, ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ, "ਅਧਿਆਪਕ ਮੇਲਾ ਰਵਾਇਤੀ ਕਲਾਸਰੂਮ ਸਿੱਖਿਆ ਵਿੱਚ ਬਦਲਾਅ ਲਿਆਉਣ ਤੇ ਇੱਕ ਗਤੀਸ਼ੀਲ ਮੰਚ ਪ੍ਰਦਾਨ ਕਰਨ ਲਈ ਕਰਵਾਇਆ ਗਿਆ ਸੀ ਜਿੱਥੇ ਸਿੱਖਿਆ ਸ਼ਾਸਤਰ ਵਿੱਚ ਨਵੀਨਤਾ ਨੂੰ ਸ਼ਾਮਲ ਕੀਤਾ ਜਾਂਦਾ ਹੈ। ਸਾਡੇ ਅਧਿਆਪਕਾਂ ਨੂੰ ਰਵਾਇਤੀ ਤਰੀਕਿਆਂ ਨੂੰ ਆਧੁਨਿਕ ਤਕਨਾਲੋਜੀ ਨਾਲ ਜੋੜਨ ਲਈ ਉਤਸ਼ਾਹਿਤ ਕਰਕੇ, ਅਸੀਂ ਸਿੱਧੇ ਤੌਰ 'ਤੇ ਪੰਜਾਬ ਦੇ ਹਰ ਬੱਚੇ ਦੇ ਭਵਿੱਖ ਵਿੱਚ ਨਿਵੇਸ਼ ਕਰ ਰਹੇ ਹਾਂ। ਸਮਾਗਮ ਦੌਰਾਨ ਦਿਖਾਈ ਗਈ ਊਰਜਾ ਤੇ ਰਚਨਾਤਮਕਤਾ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੀ ਸਿੱਖਿਆ ਪ੍ਰਣਾਲੀ ਉੱਤਮਤਾ ਦੇ ਇੱਕ ਨਵੇਂ ਯੁੱਗ ਵੱਲ ਵੱਧਣ ਲਈ ਪੂਰੀ ਤਰ੍ਹਾਂ ਤਿਆਰ ਹੈ।"

ਮੰਤਰੀ ਨੇ ਕਿਹਾ, "ਅਧਿਆਪਕ ਦੇਸ਼ ਦੇ ਭਵਿੱਖ ਦੇ ਨਿਰਮਾਤਾ ਹਨ।" ਬੈਂਸ ਨੇ ਕਿਹਾ ਕਿ ਇਸ ਅਧਿਆਪਕ ਮੇਲਾ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਦੇ ਵਿਸ਼ਾ ਅਧਿਆਪਕਾਂ ਨੇ ਦਸ ਵੱਖ-ਵੱਖ ਸ਼੍ਰੇਣੀਆਂ ਵਿੱਚ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਅਤਿ-ਆਧੁਨਿਕ ਸਿਖਲਾਈ ਐਪਸ ਤੇ ਆਈਟੀ ਟੂਲ ਵਿਕਸਤ ਕਰਨ ਤੋਂ ਲੈ ਕੇ ਵਨ-ਐਕਟ ਨਾਟਕਾਂ ਨਾਲ ਹਾਜ਼ਰੀਨ ਦਾ ਮਨੋਰੰਜਨ ਕਰਨ ਤੇ ਬਿਹਤਰ ਮਾਈਕ੍ਰੋ-ਟੀਚਿੰਗ ਤਕਨੀਕਾਂ ਦਾ ਪ੍ਰਦਰਸ਼ਨ ਕਰਨ ਤੱਕ, ਵਿਲੱਖਣ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਹੋਰ ਸ਼੍ਰੇਣੀਆਂ ਵਿੱਚ ਮਨੋਰੰਜਕ ਗਤੀਵਿਧੀਆਂ ਜਿਵੇਂ ਕਿ ਪਹੇਲੀਆਂ ਤੇ ਕਵਿਜ਼, ਵਿਸ਼ੇਸ਼ ਸਿੱਖਿਆ ਕਿੱਟਾਂ, ਹੱਥ ਲਿਖਤ ਅਤੇ ਕੈਲੀਗ੍ਰਾਫੀ, ਦਸਤੀ ਮਾਡਲ ਅਤੇ ਫਲੈਸ਼ਕਾਰਡ ਤੇ ਸਿੱਖਣ ਲਈ ਤਿਆਰ ਕੀਤੇ ਗਏ ਮੈਨੂਅਲ ਅਤੇ ਵੀਡੀਓ ਗੇਮਾਂ, ਵਿਸ਼ੇ ਦੇ ਗਿਆਨ ਨੂੰ ਅਸਲ-ਜੀਵਨ ਵਿੱਚ ਅਪਣਾਉਣਾ ਸ਼ਾਮਲ ਸੀ।

ਉਨ੍ਹਾਂ ਦੱਸਿਆ ਕਿ ਇਸ ਦੌਰਾਨ ਬਲਾਕ ਪੱਧਰ 'ਤੇ 8,000 ਤੋਂ ਵੱਧ ਭਾਗੀਦਾਰ ਸ਼ਾਮਲ ਹੋਏ, ਜਿਸ ਵਿੱਚੋਂ ਹਰੇਕ ਬਲਾਕ ਵਿੱਚੋਂ ਚੋਟੀ ਦੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਮੁਕਾਬਲੇ ਲਈ ਚੁਣਿਆ ਗਿਆ। ਫਿਰ ਹਰੇਕ ਸ਼੍ਰੇਣੀ ਦੇ ਬਿਹਤਰ ਪ੍ਰਦਰਸ਼ਨ ਕਰਨ ਵਾਲਿਆਂ ਨੇ ਫਤਿਹਗੜ੍ਹ ਸਾਹਿਬ ਵਿਖੇ ਹੋਏ ਸੂਬਾ ਪੱਧਰੀ ਫਾਈਨਲ ਵਿੱਚ ਹਿੱਸਾ ਲਿਆ। ਜੇਤੂਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਸਮਰਪਣ ਤੇ ਨਵੀਨਤਾਕਾਰੀ ਯੋਗਦਾਨ ਨੂੰ ਮਾਨਤਾ ਦੇਣ ਦੇ ਨਾਲ-ਨਾਲ ਸਰਟੀਫਿਕੇਟ, ਟਰਾਫੀਆਂ ਅਤੇ ਵਿਸ਼ੇਸ਼ ਸੰਗ੍ਰਹਿ ਨਾਲ ਸਨਮਾਨਿਤ ਕੀਤਾ ਗਿਆ।

ਇਸ ਅਧਿਆਪਕ ਮੇਲੇ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਤੇ ਨੇੜਲੇ ਸਕੂਲਾਂ ਦੇ ਵਿਦਿਆਰਥੀਆਂ ਨੇ ਵੀ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਨਾਲ ਇੱਕ ਅਮੀਰ ਭਾਈਚਾਰਕ-ਸਿਖਲਾਈ ਮਾਹੌਲ ਬਣ ਗਿਆ। ਐਸਸੀਈਆਰਟੀ ਦੀ ਡਾਇਰੈਕਟਰ ਕਿਰਨ ਸ਼ਰਮਾ ਤੇ ਹੋਰ ਸੀਨੀਅਰ ਅਧਿਕਾਰੀ ਵੀ ਇਸ ਮੈਗਾ ਸਮਾਗਮ ਵਿੱਚ ਸ਼ਾਮਲ ਹੋਏ ਤੇ ਉਨ੍ਹਾਂ ਨੇ ਹਾਜ਼ਰੀਨ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਵਿਦਿਅਕ ਉੱਤਮਤਾ ਵਿੱਚ ਹੋਰ ਮੱਲ੍ਹਾਂ ਮਾਰਨ ਲਈ ਪ੍ਰੇਰਿਤ ਕੀਤਾ।

ਵਿਜੀਲੈਂਸ ਵੱਲੋਂ 4000 ਰਿਸ਼ਵਤ ਲੈਂਦਾ ਜੂਨੀਅਰ ਇੰਜੀਨੀਅਰ ਰੰਗੇ ਹੱਥੀਂ ਕਾਬੂ

ਚੰਡੀਗੜ੍ਹ 17 ਫਰਵਰੀ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਦੇ ਮੱਦੇਨਜ਼ਰ ਚਲਾਈ ਜਾ ਰਹੀ ਮੁਹਿੰਮ ਤਹਿਤ ਪੀ.ਐਸ.ਪੀ.ਸੀ.ਐਲ. ਦਫ਼ਤਰ ਜ਼ਿਲ੍ਹਾ ਫਾਜ਼ਿਲਕਾ ਵਿਖੇ ਤਾਇਨਾਤ ਜੂਨੀਅਰ ਇੰਜੀਨੀਅਰ ਸਵਰਨ ਸਿੰਘ ਨੂੰ 4000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਪਿੰਡ ਗਗਨ ਕੇ ਜ਼ਿਲ੍ਹਾ ਫਾਜ਼ਿਲਕਾ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ ਖੇਤੀਬਾੜੀ ਦਾ ਕੰਮ ਕਰਦਾ ਹੈ ਤੇ ਉਸਦੇ ਪਰਿਵਾਰਕ ਮੈਂਬਰ ਨੇ ਬਿਜਲੀ ਮੀਟਰ ਵਿੱਚ ਨੁਕਸ ਹੋਣ ਕਾਰਨ ਬਿਜਲੀ ਮੁੜ ਚਾਲੂ ਕਰਨ ਲਈ ਬਿਜਲੀ ਦੀ ਤਾਰ ਮੇਨ ਸਪਲਾਈ ਨਾਲ ਸਿੱਧੀ ਹੀ ਜੋੜ ਦਿੱਤੀ ਸੀ। ਇਸ ਮਾਮਲੇ ਦੀ ਜਾਂਚ ਲਈ ਦੋਸ਼ੀ ਸਵਰਨ ਸਿੰਘ ਜੂਨੀਅਰ ਇੰਜੀਨੀਅਰ ਪੀਐਸਪੀਸੀਐਲ ਫਾਜ਼ਿਲਕਾ ਮੌਕੇ ਤੇ ਪੁੱਜਾ ਤੇ ਉਸਨੇ ਸ਼ਿਕਾਇਤਕਰਤਾ ਵਾਰ-ਵਾਰ ਬੇਨਤੀ ਕਰਨ 'ਤੇ ਸੌਦਾ 4000 ਰੁਪਏ ਵਿੱਚ ਤੈਅ ਹੋ ਗਿਆ।

ਖਿਲਾਫ ਬਿਜਲੀ ਚੋਰੀ ਦਾ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਇਸ ਤੋਂ ਬਾਅਦ, ਸ਼ਿਕਾਇਤਕਰਤਾ ਉਕਤ ਜੂਨੀਅਰ ਇੰਜੀਨੀਅਰ ਨੂੰ ਉਸਦੇ ਦਫ਼ਤਰ ਵਿੱਚ ਮਿਲਿਆ ਜਿੱਥੇ ਉਸਨੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ ਸ਼ਿਕਾਇਤਕਰਤਾ ਤੋਂ 5000 ਰੁਪਏ ਰਿਸ਼ਵਤ ਮੰਗੀ। ਸ਼ਿਕਾਇਤਕਰਤਾ ਨੇ 5000 ਰੁਪਏ ਰਿਸ਼ਵਤ ਮੰਗਣ ਵਾਲੀ ਉਹ ਗੱਲਬਾਤ ਬਤੌਰ ਸਬੂਤ ਰਿਕਾਰਡ ਕਰ ਲਈ। ਦੋਸ਼ੀ ਜੂਨੀਅਰ ਇੰਜੀਨੀਅਰ ਨੂੰ

ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਫਿਰੋਜ਼ਪੁਰ ਵਿੱਚ ਦੋਸ਼ੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਅਪੀਲ ਰੱਦ ਕਰਨ 'ਤੇ ਗਿ. ਰਘਬੀਰ ਸਿੰਘ ਦੀ ਤਿੱਖੀ ਪ੍ਰਤੀਕਿਰਿਆ

ਅੰਮ੍ਰਿਤਸਰ, 17 ਫਰਵਰੀ (ਬਬਲੂ ਮਹਾਜਨ): ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਯਾਚਿਕਾ ਰੱਦ ਕੀਤੇ ਜਾਣ 'ਤੇ ਸਖਤ ਸ਼ਬਦਾਂ ਵਿੱਚ ਨਿੰਦਾ ਜਤਾਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਸਰਕਾਰ ਵੱਲੋਂ ਕੋਈ ਢੁਕਵਾਂ

ਕਦਮ ਨਹੀਂ ਚੁੱਕਿਆ ਜਾ ਰਿਹਾ। ਉਨ੍ਹਾਂ ਨੇ ਕਿਹਾ ਕਿ ਇਹ ਮਾਮਲਾ ਮਨੁੱਖੀ ਅਧਿਕਾਰਾਂ ਅਤੇ ਨਿਆਂ ਨਾਲ ਜੁੜਿਆ ਹੋਇਆ ਹੈ, ਜਿਸ ਨੂੰ ਲੰਬੇ ਸਮੇਂ ਤੱਕ ਟਾਲਿਆ ਨਹੀਂ ਜਾਣਾ ਚਾਹੀਦਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਕ ਪਾਸੇ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਗੰਭੀਰਤਾ ਨਹੀਂ ਦਿਖਾਈ ਜਾ ਰਹੀ, ਦੂਜੇ ਪਾਸੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਬਾਰ-ਬਾਰ ਪਰੋਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਫੈਸਲੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ ਅਤੇ ਸਰਕਾਰਾਂ ਨੂੰ ਇਸ ਮਾਮਲੇ ਵਿੱਚ ਸੰਵੇਦਨਸ਼ੀਲ ਰਵੱਈਆ ਅਪਣਾਉਣਾ ਚਾਹੀਦਾ ਹੈ।

ਇਸਦੇ ਨਾਲ ਹੀ ਗਿਆਨੀ ਰਘਬੀਰ ਸਿੰਘ ਨੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਏਆਈ ਤਕਨੀਕ ਨਾਲ ਤਿਆਰ ਕੀਤੀ ਗਈ ਵੀਡੀਓ ਦੀ ਵੀ ਕੜੀ ਨਿੰਦਾ ਕੀਤੀ। ਇਸ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਇੱਕ ਨੌਜਵਾਨ ਲੜਕਾ ਸਕੋਰਪੀਓ ਗੱਡੀ ਵਿੱਚ ਬੈਠ ਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਦਾਖਲ ਹੋ ਰਿਹਾ ਹੈ। ਹੈਡ ਗ੍ਰੰਥੀ ਸਾਹਿਬ ਨੇ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਗੰਭੀਰ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹੀ ਗਲਤ ਹਰਕਤ ਕਰਨ ਦੀ ਹਿੰਮਤ ਨਾ ਕਰੇ। ਉਨ੍ਹਾਂ ਸੰਗਤ ਨੂੰ ਵੀ ਅਪੀਲ ਕੀਤੀ ਕਿ ਇਸ ਤਰ੍ਹਾਂ ਦੀਆਂ ਭੜਕਾਊ ਜਾਂ ਭ੍ਰਮ ਫੈਲਾਉਣ ਵਾਲੀਆਂ ਵੀਡੀਓਜ਼ ਨੂੰ ਅੱਗੇ ਸ਼ੇਅਰ ਨਾ ਕੀਤਾ ਜਾਵੇ ਅਤੇ ਸੱਚਾਈ ਦੀ ਪੁਸ਼ਟੀ ਤੋਂ ਬਿਨਾਂ ਕਿਸੇ ਵੀ ਸਮੱਗਰੀ 'ਤੇ ਵਿਸ਼ਵਾਸ ਨਾ ਕੀਤਾ ਜਾਵੇ।

ਸਾਕਾ ਨਨਕਾਣਾ ਸਾਹਿਬ ਤੇ ਗੰਗਸਰ ਜੈਤੋ ਮੋਰਚਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਸਮਾਗਮ 21 ਨੂੰ : ਕਾਲਕਾ

ਨਵੀਂ ਦਿੱਲੀ, 17 ਫਰਵਰੀ (ਅੰਮ੍ਰਿਤਪਾਲ ਸਿੰਘ): ਸਿੱਖ ਕੌਮ ਦੀ ਅਮਰ ਸ਼ਹਾਦਤਾਂ ਨੂੰ ਨਮਨ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਹੈ ਕਿ ਸਾਕਾ ਨਨਕਾਣਾ ਸਾਹਿਬ ਤੇ ਗੰਗਸਰ ਜੈਤੋ ਮੋਰਚਾ ਦੇ ਮਹਾਨ ਸ਼ਹੀਦਾਂ ਦੀ ਪਵਿੱਤਰ ਯਾਦ ਨੂੰ ਸਮਰਪਿਤ ਵਿਸ਼ੇਸ਼ ਕੀਰਤਨ ਸਮਾਗਮ ਸ਼ਨਿੱਚਰਵਾਰ, 21 ਫਰਵਰੀ ਨੂੰ ਸਵੇਰੇ 6 ਵਜੇ ਤੋਂ ਦੁਪਹਿਰ 1 ਵਜੇ ਤੱਕ ਗੁਰਦੁਆਰਾ ਨਾਨਕ ਪਿਆਉ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਕਾ ਨਨਕਾਣਾ ਸਾਹਿਬ ਤੇ ਗੰਗਸਰ ਜੈਤੋ ਮੋਰਚਾ ਸਿੱਖ ਇਤਿਹਾਸ ਨੇ ਕੌਮ ਨੂੰ ਧਰਮ, ਅਸੂਲ ਤੇ ਅਡੋਲਤਾ ਦੀ ਅਮਰ ਪ੍ਰੇਰਣਾ ਬਖ਼ਸ਼ੀ। ਇਹ ਸਮਾਗਮ ਸ਼ਹੀਦਾਂ ਦੀ ਅਟੱਲ ਆਤਮਿਕ ਸ਼ਕਤੀ ਤੇ ਕੁਰਬਾਨੀ ਨੂੰ ਯਾਦ ਕਰਦਿਆਂ ਸੰਗਤਾਂ ਵਿੱਚ ਗੁਰਮਤਿ

ਚੇਤਨਾ ਦਾ ਪ੍ਰਕਾਸ਼ ਫੈਲਾਉਣ ਦਾ ਕੇਂਦਰ ਬਣੇਗਾ। ਸਮਾਗਮ ਦੌਰਾਨ ਰਾਗੀ ਜਥਿਆਂ ਵੱਲੋਂ ਰਸਭਰੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਾਮ-ਬਾਣੀ ਨਾਲ ਜੋੜਿਆ ਜਾਵੇਗਾ ਤੇ ਸ਼ਹੀਦਾਂ ਦੀ ਅਮਰ ਵਿਰਾਸਤ 'ਤੇ ਵਿਸ਼ੇਸ਼ ਵਿਚਾਰ ਵੀ ਸਾਂਝੇ ਕੀਤੇ ਜਾਣਗੇ। ਹਰਮੀਤ ਸਿੰਘ ਕਾਲਕਾ ਨੇ ਦਿੱਲੀ ਤੇ ਆਸ-ਪਾਸ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਰਿਵਾਰਾਂ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਅਨਮੋਲ ਖੁਸ਼ੀਆਂ ਪ੍ਰਾਪਤ ਕਰਨ ਤੇ ਸ਼ਹੀਦਾਂ ਨੂੰ ਸਾਂਝੀ ਸ਼ਰਧਾਂਜਲੀ ਅਰਪਿਤ ਕਰਨ। ਇਹ ਪਾਵਨ ਮੌਕੇ ਤੇ ਸੰਗਤਾਂ ਲਈ ਇਤਿਹਾਸਕ ਯਾਦਾਂ ਨੂੰ ਤਾਜ਼ਾ ਕਰਨ ਤੇ ਗੁਰਮਤਿ ਰਾਹੀਂ ਨਵੀਂ ਰੂਹਾਨੀ ਸ਼ਕਤੀ ਹਾਸਲ ਕਰਨ ਦਾ ਸੁਨਹਿਰਾ ਮੌਕਾ ਹੋਵੇਗਾ।

20,000 ਰੁ. ਰਿਸ਼ਵਤ ਲੈਂਦਾ ਕਾਨੂੰਗੋ ਦਾ ਭਰਾ ਪਰਮਿੰਦਰ ਸਿੰਘ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

ਚੰਡੀਗੜ੍ਹ, 17 ਫਰਵਰੀ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ, ਸਬ-ਤਹਿਸੀਲ ਮਹਿਤਪੁਰ, ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਕਾਨੂੰਗੋ ਜਤਿੰਦਰ ਸਿੰਘ ਦੇ ਭਰਾ ਪਰਮਿੰਦਰ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰੂ ਤੇਗ ਬਹਾਦਰ ਨਗਰ, ਨਕੋਦਰ, ਜ਼ਿਲ੍ਹਾ ਜਲੰਧਰ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ, ਇੱਕ ਖੇਤੀਬਾੜੀ ਕਰਨ ਵਾਲਾ ਸ਼ਖਸ ਹੈ ਅਤੇ ਕਾਰ ਖਰੀਦ-ਫਰੋਖਤ ਦਾ ਕਾਰੋਬਾਰ ਵੀ ਕਰਦਾ ਹੈ, ਨੇ ਪਿੰਡ ਹਰੀਪੁਰ ਵਿੱਚ 12 ਮਰਲੇ ਦਾ ਘਰ ਖਰੀਦਿਆ ਸੀ। ਕਿਉਂਕਿ ਇਸ ਦੀ ਕੋਈ ਸੇਲ ਡੀਡ ਨਹੀਂ ਬਣਾਈ ਗਈ ਸੀ, ਇਸ ਲਈ ਇੱਕ ਸਿਵਲ ਮੁਕੱਦਮਾ ਦਾਇਰ ਕੀਤਾ ਗਿਆ , ਜਿਸਦਾ ਫੈਸਲਾ ਸ਼ਿਕਾਇਤਕਰਤਾ ਦੇ ਹੱਕ ਵਿੱਚ ਹੋਇਆ ਸੀ। ਫਿਰ ਉਕਤ ਫੈਸਲੇ ਵਿਰੁੱਧ ਅਪੀਲ ਦਾਇਰ ਕੀਤੀ ਗਈ ਸੀ ਜਿਸਨੂੰ ਮਾਣਯੋਗ ਅਦਾਲਤ ਨੇ ਖਾਰਜ ਕਰ ਦਿੱਤਾ ਅਤੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਿਕਾਇਤਕਰਤਾ ਦੇ ਹੱਕ ਵਿੱਚ ਸੇਲ ਡੀਡ ਦਰਜ ਕੀਤੀ ਗਈ। ਬੁਲਾਰੇ ਨੇ ਅੱਗੇ ਦੱਸਿਆ ਕਿ ਘਰ ਦਾ ਕਬਜ਼ਾ ਦੇਣ ਲਈ, ਉਕਤ ਕਾਨੂੰਗੋ ਨੂੰ ਇੱਕ ਅਰਜ਼ੀ ਦਿੱਤੀ ਗਈ ਸੀ। ਇਸ ਸਬੰਧ ਵਿੱਚ, ਕੰਪਿਊਟਰਾਈਜ਼ਡ ਹੱਦਬੰਦੀ ਦੇ ਨਾਮ 'ਤੇ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਕਮ ਵਸੂਲੀ ਗਈ ਸੀ। ਇਸ ਤੋਂ ਬਾਅਦ, ਕਾਨੂੰਗੋ ਵੱਲੋਂ ਘਰ ਖਾਲੀ ਕਰਨ ਲਈ ਇੱਕ ਨੋਟਿਸ ਜਾਰੀ ਕੀਤਾ ਗਿਆ । ਦੋਸ਼ੀ ਕਾਨੂੰਗੋ ਜਤਿੰਦਰ ਸਿੰਘ, ਨੇ ਘਰ ਦਾ ਕਬਜ਼ਾ ਦੇਣ ਲਈ ਸ਼ਿਕਾਇਤਕਰਤਾ ਤੋਂ ਤਹਿਸੀਲਦਾਰ

ਦੇ ਨਾਮ 'ਤੇ 1,00,000 ਰੁਪਏ ਦੀ ਰਿਸ਼ਵਤ ਮੰਗੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵੱਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ, ਕਾਨੂੰਗੋ ਨੇ ਤਹਿਸੀਲਦਾਰ ਦੇ ਨਾਮ 'ਤੇ ਰਿਸ਼ਵਤ ਲਈ ਜ਼ੋਰ ਪਾਇਆ। 10,000 ਰੁਪਏ ਰਿਸ਼ਵਤ ਮੌਕੇ 'ਤੇ ਹੀ ਲੈ ਲਈ ਗਈ ਤੇ ਬਾਕੀ ਰਕਮ ਕਿਸ਼ਤਾਂ ਵਿੱਚ ਅਦਾ ਕਰਨੀ ਤੈਅ ਕੀਤੀ ਗਈ। ਸ਼ਿਕਾਇਤਕਰਤਾ ਨੇ ਗੈਰ-ਕਾਨੂੰਨੀ ਰਿਸ਼ਵਤ ਦੀ ਮੰਗ ਸਬੰਧੀ ਪੂਰੀ ਗੱਲਬਾਤ ਰਿਕਾਰਡ ਕਰ ਲਈ। ਬੁਲਾਰੇ ਨੇ ਖੁਲਾਸਾ ਕੀਤਾ ਕਿ ਦੋਸ਼ੀ ਕਾਨੂੰਗੋ ਜਤਿੰਦਰ ਸਿੰਘ ਨੇ ਸ਼ਿਕਾਇਤਕਰਤਾ 'ਤੇ ਰਿਸ਼ਵਤ ਦੀ ਅਗਲੀ ਕਿਸ਼ਤ ਦੇਣ ਲਈ ਦੁਬਾਰਾ ਦਬਾਅ ਪਾਇਆ। ਕਿਉਂਕਿ ਸ਼ਿਕਾਇਤਕਰਤਾ ਬਿਨਾਂ ਰਿਸ਼ਵਤ ਦਿੱਤੇ ਆਪਣਾ ਕੰਮ ਕਰਵਾਉਣਾ ਚਾਹੁੰਦਾ ਸੀ, ਇਸ ਲਈ ਉਸਨੇ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁੱਖ ਦੋਸ਼ੀ ਜਤਿੰਦਰ ਸਿੰਘ ਕਾਨੂੰਗੋ ਦੇ ਭਰਾ ਪਰਮਿੰਦਰ ਸਿੰਘ, ਜਿਸਨੂੰ ਉਸ ਨੇ ਰਿਸ਼ਵਤ ਲੈਣ ਲਈ ਭੇਜਿਆ ਸੀ, ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

ਮੁੱਖ ਦੋਸ਼ੀ ਕਾਨੂੰਗੋ ਜਤਿੰਦਰ ਸਿੰਘ, ਇਸ ਸਮੇਂ ਫਰਾਰ ਹੈ ਤੇ ਉਸਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਤੇ ਉਸਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਸਬੰਧ ਵਿੱਚ, ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿੱਚ ਇਨ੍ਹਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਸਬੰਧੀ ਹੋਰ ਜਾਂਚ ਜਾਰੀ ਹੈ।

ਕਤਲ, ਗੁੰਡਾਗਰਦੀ ਤੇ ਡਰ ਪੈਦਾ ਕਰਕੇ ਭਾਜਪਾ ਸੂਬੇ 'ਚ ਲਿਆਉਣਾ ਚਾਹੁੰਦੀ ਹੈ ਗਵਰਨਰੀ ਰਾਜ : ਬਘੇਲ, ਵੜਿੰਗ, ਬਾਜਵਾ

ਮਾਨਸਾ, 17 ਫਰਵਰੀ (ਜੀਵਨ ਕੁਮਾਰ): ਕਾਂਗਰਸ ਪਾਰਟੀ ਨੇ ਮਨਰੇਗਾ ਮਜਦੂਰ ਬਚਾਓ ਦਾ ਹੋਕਾ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਭਾਜਪਾ ਅਤੇ ਆਮ ਆਦਮੀ ਪਾਰਟੀ ਤੋਂ ਸੁਚੇਤ ਰਹਿਣ ਦਾ ਹੋਕਾ ਦਿੱਤਾ ਹੈ। ਜ਼ਿਲਾ ਕਾਂਗਰਸ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ ਮਾਨਸਾ ਦੀ ਅਨਾਜ ਮੰਡੀ ਵਿਖੇ ਮਨਰੇਗਾ ਮਜਦੂਰ ਬਚਾਓ ਰੈਲੀ ਵਿਚ ਕੁੰਭ ਮੇਲੇ ਵਾਂਗ ਉਮੜੇ ਲੋਕਾਂ ਦੇ ਜਨ ਸੈਲਾਬ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਭਾਜਪਾ ਪੰਜਾਬ ਅੰਦਰ ਕਤਲੇਆਮ, ਗੁੰਡਾਗਰਦੀ ਲਿਆ ਕੇ ਗਵਰਨਰ ਰਾਜ ਲਗਾਉਣਾ ਚਾਹੁੰਦੀ ਹੈ ਤੇ ਭਗਵੰਤ ਮਾਨ ਸਰਕਾਰ ਹੁਣ ਬੀਬੀਆਂ ਨੂੰ ਇਕ ਹਜ਼ਾਰ ਰੁਪਏ ਦੇਣ ਦਾ ਡਰਾਮਾ ਕਰਕੇ ਕਿਵੇਂ ਨਾ ਕਿਵੇਂ ਫਿਰ ਪੰਜਾਬ ਦੀ ਸੱਤਾ ਤੇ ਕਾਬਜ ਹੋਣਾ ਚਾਹੁੰਦੀ ਹੈ ਪਰ ਮਨਰੇਗਾ ਦੇ ਬੰਦ ਹੋਣ ਨਾਲ, ਜਿਹੜੇ ਲੱਖਾਂ ਮਜਦੂਰਾਂ ਤੇ ਗਰੀਬ ਪਰਿਵਾਰਾਂ ਦੇ ਚੁੱਲੇ ਠੰਡੇ ਹੋ ਗਏ, ਉਸ ਨਾਲ ਕਿਸੇ ਨੂੰ ਕੋਈ ਲੈਣਾ ਦੇਣਾ ਨਹੀਂ। ਇਸ ਮੌਕੇ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਹਾਇਕ ਖਜਾਨਚੀ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਖਰਾਬ ਕਰਕੇ ਕਤਲੇਆਮ ਤੇ ਗੁੰਡਾਗਰਦੀ ਕਰਵਾ ਕੇ ਭਾਜਪਾ ਪੰਜਾਬ ਅੰਦਰ ਗਵਰਨਰੀ ਰਾਜ ਲਿਆਉਣਾ ਚਾਹੁੰਦੀ ਹੈ। ਗਵਰਨਰੀ ਰਾਜ ਦਾ ਮਤਲਬ ਭਾਜਪਾ ਦਾ ਰਾਜ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪੰਜਾਬ ਅੰਦਰ ਕੋਈ ਮੂੰਹ ਨਹੀਂ ਲਗਾਉਂਦਾ, ਲਗਾਤਾਰ ਦੂਜੀਆਂ ਪਾਰਟੀਆਂ ਵਿਚੋਂ

ਨੇਤਾ ਲਿਆ ਕੇ ਕਿਵੇਂ ਨਾ ਕਿਵੇਂ ਪੰਜਾਬ ਅੰਦਰ ਆਪਣਾ ਰਾਜ ਲਿਆਉਣ ਲਈ ਉਤਾਵਲੀ ਹੋ ਰਹੀ ਹੈ ਪਰ ਇਸ ਦਾ ਇਹ ਸੁਪਨਾ ਪੰਜਾਬ ਦੇ ਜਾਗਦੀ ਜਮੀਰ ਵਾਲੇ ਲੋਕ ਪੂਰਾ ਨਹੀਂ ਹੋਣ ਦੇਣਗੇ ਕਿਉਂਕਿ ਕੇਂਦਰ ਸਰਕਾਰ ਨੇ ਪਹਿਲਾਂ ਕਿਸਾਨਾਂ ਲਈ ਕਾਲੇ ਕਾਨੂੰਨ ਲਿਆ ਕੇ, ਹੁਣ ਅਮਰੀਕਾ ਨਾਲ ਵਪਾਰਕ ਸਮਝੌਤਾ ਕਰਕੇ ਅਤੇ ਹੁਣ ਮਨਰੇਗਾ ਦਾ ਨਾਮ ਬਦਲ ਕੇ ਕਿਸਾਨਾਂ ਅਤੇ ਮਜਦੂਰਾਂ ਦਾ ਗਲਾ ਘੁੱਟਿਆ ਜਾ ਰਿਹਾ ਹੈ। ਜਿਸ ਨਾਲ ਪੰਜਾਬ ਅਤੇ ਦੇਸ਼ ਆਰਥਿਕ ਤੌਰ ਤੇ ਖਾਸ ਕਰਕੇ ਮਜਦੂਰ ਕਿਸਾਨ ਅਤੇ ਗਰੀਬ ਵਰਗ ਬਰਬਾਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 2029 ਵਿਚ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਆਉਣ ਤੇ ਭਾਜਪਾ ਵਲੋਂ ਲਿਆਂਦੇ ਮਨਰੇਗਾ ਵਿਰੋਧੀ ਅਤੇ ਹੋਰ ਕਾਲੇ ਕਾਨੂੰਨ ਮੁੱਢੋ ਰੱਦ ਕੀਤੇ ਜਾਣਗੇ। ਪੰਜਾਬ ਅੰਦਰ 2027 ਵਿਚ ਕਾਂਗਰਸ ਦੀ ਸਰਕਾਰ ਬਣਦੇ ਹੀ ਸੂਬੇ ਨੂੰ ਖੇਤੀ, ਉਦਯੋਗ, ਵਪਾਰ, ਰੁਜਗਾਰ, ਸਿੱਖਿਆ ਅਤੇ ਟਕਨਾਲੋਜੀ ਦੇ ਨਵੇਂ ਰਾਹ ਤੇ ਲਿਆਂਦਾ ਜਾਵੇਗਾ ਉਨ੍ਹਾਂ ਮਨਰੇਗਾ ਮਜਦੂਰ ਬਚਾਓ ਰੈਲੀ ਵਿਚ ਪੰਜਾਬ ਦੇ ਲੋਕਾਂ ਨੂੰ ਹੋਕਾ ਦਿੱਤਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਤੋਂ ਪੰਜਾਬ ਦੇ ਲੋਕ ਜੇਕਰ ਚੌਕੰਨੇ ਨਾ ਹੋਏ ਤਾਂ ਮੁੜ ਤੋਂ ਕਾਲਾ ਦੌਰ ਤੇ ਪੰਜਾਬ ਆਰਥਿਕ ਤੌਰ ਤੇ ਕੰਗਾਲ ਹੋਣ ਦਾ ਸਮਾਂ ਦੇਖਣਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹੀ ਦੇਸ਼ ਤੇ ਸੂਬੇ ਅੰਦਰ ਧਰਮ ਨਿਰਪੱਖ ਅਤੇ ਸਰਵਪੱਖੀ ਵਿਕਾਸ ਲਿਆ ਸਕਦੀ ਹੈ। ਭਾਜਪਾ ਧਰਮ ਦੀ ਰਾਜਨੀਤੀ ਕਰ ਰਹੀ ਹੈ ਤੇ ਆਪ ਫੋਕੀ ਵਾਹ ਵਾਹ ਕਰਕੇ ਪੰਜਾਬ ਨੂੰ ਮਾੜੇ ਦੌਰ ਵੱਲ ਲੈ ਕੇ ਜਾ ਰਹੀ ਹੈ। ਜਿਸ ਕਰਕੇ ਅੱਜ ਪੰਜਾਬ ਦੇ ਵਪਾਰੀ, ਉਦਯੋਗਪਤੀ ਸੂਬੇ ਨੂੰ ਛੱਡਣ ਲਈ ਮਜਬੂਰ ਹੋ ਰਹੇ ਹਨ ਪਰ ਭਗਵੰਤ ਮਾਨ ਸਰਕਾਰ ਰੰਗਲੇ ਪੰਜਾਬ ਦਾ ਸ਼ੋਰ ਮਚਾ ਕੇ ਸੂਬੇ ਨੂੰ ਕੰਗਾਲ ਕਰ ਰਹੀ ਹੈ। ਇਸ ਮੌਕੇ ਜ਼ਿਲਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਜ਼ਿਲਾ ਤੇ ਪੰਜਾਬ ਕਾਂਗਰਸ ਵਰਕਰਾਂ ਨੂੰ ਸੂਬੇ ਨੂੰ ਬਚਾਉਣ ਅਤੇ ਖੁਸ਼ਹਾਲੀ ਵੱਲ ਲੈ ਕੇ ਜਾਣ ਲਈ ਇਕਜੁੱਟ ਹੋ ਕੇ ਭਾਜਪਾ ਦੀਆਂ ਵੰਡ ਪਾਊ ਤੇ ਆਪ ਦੀਆਂ ਲਾਰਾ ਲਾਊ ਨੀਤੀਆਂ ਤੋਂ ਖਹਿੜਾ ਛੁਡਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿਵਾਏ ਕਾਂਗਰਸ ਦੇ ਕੋਈ ਵੀ ਪਾਰਟੀ ਸੂਬੇ ਨੂੰ ਪ੍ਰਗਤੀ, ਆਤਮ ਨਿਰਭਰ, ਉਦਯੋਗਿਕ ਤਰੱਕੀ, ਰੁਜਗਾਰ ਮੁਖੀ ਨਹੀਂ ਬਣਾ ਸਕਦੀ।

ਇਸ ਮੌਕੇ ਅਮਰ ਸਿੰਘ ਐਮ.ਪੀ , ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜ, ਅਜੀਤਇੰਦਰ ਸਿੰਘ ਮੋਫਰ, ਬਿਕਰਮ ਮੋਫਰ, ਬਲਕੌਰ ਸਿੱਧੂ, ਗੁਰਪ੍ਰੀਤ ਵਿੱਕੀ, ਰਣਵੀਰ ਕੌਰ ਮੀਆਂ, ਸੱਤਪਾਲ ਮੂਲੇਵਾਲਾ, ਬਲਵਿੰਦਰ ਨਾਰੰਗ, ਜਤਿੰਦਰ ਆਗਰਾ, ਸੁਖਦਰਸ਼ਨ ਖਾਰਾ, ਪ੍ਰਿਤਪਾਲ ਡਾਲੀ, ਮਾਈਕਲ ਗਾਗੋਵਾਲ, ਅਮਰੀਕ ਸਿੰਘ ਢਿੱਲੋਂ, ਮਨਦੀਪ ਸਿੰਘ ਗੋਰਾ, ਲਾਜਪਤ ਰਾਏ ਸ਼ਰਮਾ, ਰਜਨੀਸ਼ ਸ਼ਰਮਾ, ਸਵਰਨਜੀਤ ਖੁਡਾਲ, ਸੁਰੇਸ਼ ਸ਼ਰਮਾ, ਮੱਖਣ ਸ਼ਰਮਾ, ਜਗਦੀਪ ਭਾਰਦਵਾਜ, ਰਮੇਸ਼ ਭੰਮਾ, ਸੁਰਿੰਦਰ ਭੰਮਾ, ਈਸ਼ਵਰ ਭੰਮਾ, ਰਣਜੀਤ ਦੋਦੜਾ, ਪੋਹਲੋਜੀਤ ਬਾਜੇਵਾਲਾ, ਸੱਤਪਾਲ ਵਰਮਾ,ਲਛਮਣ ਰਾਮ ਲਖੀਆ, ਨਵੀਨ ਕਾਲਾ ਬੋਹਾ, ਪ੍ਰਦੀਪ ਬਿੱਟੂ, ਰਕੇਸ਼ ਰੱਲਾ, ਸੁਰੇਸ਼ ਨੰਦਗੜ੍ਹੀਆ, ਲਵਲੀ ਬੋੜਾਵਾਲੀਆ, ਜਸਵੀਰ ਚੱਕ ਅਲੀਸ਼ੇਰ, ਰਾਧੇ ਸ਼ਾਮ ਮੂਸਾ, ਰਾਮ ਸਿੰਘ ਸਰਦੂਲਗੜ੍ਹ ਵੀ ਹਾਜ਼ਰ ਸਨ।

ਸੰਪਾਦਕੀ

ਆਰਟੀਫੀਸ਼ੀਅਲ ਇੰਟੈਲੀਜੈਂਸ ਇੱਕ ਚੁਣੌਤੀ

ਤੇਜ਼ੀ ਨਾਲ ਬਦਲ ਰਹੇ ਭੂ-ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਦੁਨੀਆਂ ਇਸ ਸਮੇਂ ਆਧੁਨਿਕ ਤਕਨਾਲੋਜੀਆਂ ਦੇ ਵਿਕਾਸ ਅਤੇ ਇਸ ਖੇਤਰ ਵਿੱਚ ਵਧੇਰੇ ਨਵੀਨਤਾ ਦੀ ਵਰਤੋਂ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਦੇਸ਼ ਆਪਣੀਆਂ ਵਿਕਾਸ ਨੀਤੀਆਂ ਵਿੱਚ ਨਵੀਨਤਮ ਤਕਨਾਲੋਜੀਆਂ ਨੂੰ ਅਪਣਾ ਰਹੇ ਹਨ ਅਤੇ ਬਹੁਤ ਸਾਰੇ ਰਵਾਇਤੀ ਤੌਰ 'ਤੇ ਕੀਤੇ ਜਾਂਦੇ ਕਾਰਜ ਹੁਣ ਪਰਿਵਰਤਨ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਖਾਸ ਤੌਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਸਤ੍ਰਿਤ ਦਾਇਰੇ ਦਾ ਵਿਸ਼ਵਵਿਆਪੀ ਕਾਰਜ ਅਭਿਆਸਾਂ ਅਤੇ ਉਨ੍ਹਾਂ ਵਿੱਚ ਮਨੁੱਖਾਂ ਦੀ ਭੂਮਿਕਾ 'ਤੇ ਡੂੰਘਾ ਪ੍ਰਭਾਵ ਪਿਆ ਹੈ। ਇਸਨੂੰ ਸਮੇਂ ਦੇ ਨਾਲ ਤਾਲਮੇਲ ਰੱਖਣ ਅਤੇ ਵਿਕਾਸ ਲਈ ਜ਼ਰੂਰੀ ਮੰਨਿਆ ਜਾਂਦਾ ਹੈ ਅਤੇ ਸਾਰੇ ਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਸਕਾਰਾਤਮਕ ਵਰਤੋਂ ਨੂੰ ਸਰਗਰਮੀ ਨਾਲ ਅੱਗੇ ਵਧਾ ਰਹੇ ਹਨ। ਭਾਰਤ ਇਸ ਸਬੰਧ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਸੋਮਵਾਰ ਤੋਂ ਨਵੀਂ ਦਿੱਲੀ ਵਿੱਚ ਪੰਜ ਦਿਨਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਸੰਮੇਲਨ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿੱਚ ਰਾਜਾਂ ਦੇ ਮੁਖੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀਆਂ ਦੇ ਸੀ ਈ ਓ ਸ਼ਾਮਲ ਹੋਣਗੇ। ਸੰਮੇਲਨ ਦਾ ਉਦੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਆਪਕ ਢਾਂਚੇ 'ਤੇ ਚਰਚਾ ਕਰਨਾ ਅਤੇ ਆਮ ਲੋਕਾਂ ਦੇ ਜੀਵਨ 'ਤੇ ਇਸਦੇ ਸਿੱਧੇ ਪ੍ਰਭਾਵ ਅਤੇ ਲਾਭਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਦਰਅਸਲ, ਤਕਨੀਕੀ ਨਵੀਨਤਾ ਦੀ ਤੇਜ਼ ਰਫ਼ਤਾਰ ਅਤੇ ਸਾਰੇ ਮਹੱਤਵਪੂਰਨ ਖੇਤਰਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਫੈਲਾਅ ਨੂੰ ਦੇਖਦੇ ਹੋਏ, ਇਸਦੀ ਸੰਭਾਵਨਾ, ਉਮੀਦਾਂ ਅਤੇ ਸਬੰਧਤ ਚਿੰਤਾਵਾਂ 'ਤੇ ਚਰਚਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਵਿਕਾਸ ਦਾ ਕੋਈ ਵੀ ਰੂਪ ਅੰਤ ਵਿੱਚ ਆਮ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਕਿਸੇ ਵੀ ਤਕਨਾਲੋਜੀ ਦਾ ਨਿਰਣਾ ਇਸਦੀ ਸਮੁੱਚੀ ਭਲਾਈ ਅਤੇ ਵਿਸ਼ਵ ਆਬਾਦੀ ਲਈ ਇਸਦੀ ਉਪਯੋਗਤਾ ਦੇ ਅਧਾਰ 'ਤੇ ਕੀਤਾ ਜਾਵੇਗਾ। ਜਦੋਂ ਤੋਂ ਹਾਲ ਹੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਧਦੇ ਦਾਇਰੇ ਅਤੇ ਪ੍ਰਭਾਵ ਬਾਰੇ ਚਰਚਾ ਸ਼ੁਰੂ ਹੋਈ ਹੈ, ਇਸਨੂੰ ਭਵਿੱਖ ਵਿੱਚ ਨੌਕਰੀਆਂ ਪੈਦਾ ਕਰਨ ਲਈ ਇੱਕ ਸਾਧਨ ਵਜੋਂ ਪੇਸ਼ ਕੀਤਾ ਗਿਆ ਹੈ। ਦੂਜੇ ਪਾਸੇ, ਰੁਜ਼ਗਾਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵਿਆਪਕ ਪ੍ਰਭਾਵ ਅਤੇ ਜੋਖਮਾਂ ਬਾਰੇ ਚਿੰਤਾਵਾਂ ਉਠਾਈਆਂ ਗਈਆਂ ਹਨ। ਦਿੱਲੀ ਕਾਨਫਰੰਸ ਦੇ ਉਦੇਸ਼ਾਂ ਵਿੱਚੋਂ ਇੱਕ ਰੁਜ਼ਗਾਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਪ੍ਰਭਾਵ, ਆਮ ਲੋਕਾਂ ਦੇ ਜੀਵਨ 'ਤੇ ਪ੍ਰਭਾਵ ਅਤੇ ਇਸਦੇ ਜੋਖਮਾਂ ਨੂੰ ਘਟਾਉਣ ਲਈ ਠੋਸ ਉਪਾਵਾਂ ਅਤੇ ਯਤਨਾਂ 'ਤੇ ਚਰਚਾ ਕਰਨਾ ਹੈ। ਇਹ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਦਾਇਰਾ ਕਿੰਨਾ ਵਿਸ਼ਾਲ ਹੋ ਗਿਆ ਹੈ। ਹੱਥ ਵਿੱਚ ਸਮਾਰਟਫੋਨ ਹੁਣ ਸਿਰਫ਼ ਫੋਟੋਆਂ ਨੂੰ ਸੰਪਾਦਿਤ ਕਰਕੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸੁਰਖੀਆਂ ਹਾਸਲ ਕਰਨ ਦਾ ਸਾਧਨ ਨਹੀਂ ਰਿਹਾ। ਡਾਕਟਰੀ ਖੇਤਰ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਬਿਮਾਰੀ ਦੇ ਨਿਦਾਨ ਤੋਂ ਲੈ ਕੇ ਇਲਾਜ ਤੱਕ ਹਰ ਚੀਜ਼ ਲਈ ਕੀਤੀ ਜਾ ਰਹੀ ਹੈ। ਅਪਰਾਧ ਨੂੰ ਰੋਕਣ ਵਿੱਚ ਇਸਦੀ ਉਪਯੋਗਤਾ ਸਾਬਤ ਹੋਈ ਹੈ। ਇਸਦੀ ਵਰਤੋਂ ਸਿੱਖਿਆ ਤੋਂ ਲੈ ਕੇ ਰੱਖਿਆ ਅਤੇ ਕਾਰੋਬਾਰ ਤੱਕ ਵੱਖ-ਵੱਖ ਖੇਤਰਾਂ ਵਿੱਚ ਨਵੇਂ ਪੱਧਰਾਂ 'ਤੇ ਕੀਤੀ ਜਾ ਰਹੀ ਹੈ। ਸਪੱਸ਼ਟ ਤੌਰ 'ਤੇ ਵਿਕਾਸ ਲਈ ਨਵੇਂ ਮਾਪਦੰਡ ਸਥਾਪਤ ਕਰਨ ਅਤੇ ਆਧੁਨਿਕ ਦੁਨੀਆਂ ਵਿੱਚ ਇੱਕ ਸਥਾਨ ਸਥਾਪਤ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਅਪਡੇਟ ਰਹਿਣ ਦੀ ਲੋੜ ਹੋਵੇਗੀ। ਹਾਲਾਂਕਿ ਤੇਜ਼ੀ ਨਾਲ ਉੱਭਰ ਰਹੇ ਮੁੱਦਿਆਂ ਨੂੰ ਹੱਲ ਕਰਨਾ, ਰੁਜ਼ਗਾਰ ਦੇ ਮੌਕਿਆਂ ਦੇ ਸੁੰਗੜਨ ਤੋਂ ਲੈ ਕੇ ਵੱਖ-ਵੱਖ ਪੱਧਰਾਂ 'ਤੇ ਲੋਕਾਂ ਦੇ ਜੀਵਨ ਲਈ ਬਹੁਪੱਖੀ ਜੋਖਮਾਂ ਤੱਕ, ਇੱਕ ਵੱਡੀ ਚੁਣੌਤੀ ਹੋਵੇਗੀ। ਇਸ ਤੋਂ ਇਲਾਵਾ ਜੇਕਰ ਆਰਟੀਫੀਸ਼ੀਅਲ ਇੰਟੈਲੀਜੈਂਸ ਡੇਟਾ ਸੈਂਟਰਾਂ ਦੇ ਵਾਤਾਵਰਣ ਪ੍ਰਭਾਵ ਅਤੇ ਪਾਣੀ ਦੀ ਖਪਤ ਨਾਲ ਸਬੰਧਤ ਚਿੰਤਾਵਾਂ ਨੂੰ ਹੱਲ ਕਰਨ ਲਈ ਠੋਸ ਹੱਲ ਨਹੀਂ ਲੱਭੇ ਜਾਂਦੇ ਹਨ, ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਅਧਾਰਤ ਵਿਕਾਸ ਦੀ ਪਰਖ ਕੀਤੀ ਜਾਵੇਗੀ।

-ਜਗਜੀਤ ਸਿੰਘ ਦਰਦੀ

ਵੋਟਾਂ ਲਈ ਰਾਜਨੀਤਕ ਨਫਰਤੀ ਹੇਟ ਸਪੀਚ ਤੇ ਭਾਸ਼ਾ ਦੀ ਤਮੀਜ਼ ਦਾ ਮਸਲਾ

ਹੇਠ ਸਪੀਚ ਨੂੰ ਵੋਟਾਂ ਦੀ ਸ਼ਤਰੰਜ ਵਜੋਂ ਵੇਖਦੇ ਹਨ ਭਾਰਤੀ ਰਾਜਨੀਤੀ ਦੀ ਨੇਤਾ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਭਾਰਤੀ ਰਾਜਨੀਤੀ ਵਿੱਚ ਭਾਸ਼ਾ ਦੀ ਤਮੀਜ਼ ਦਾ ਮਸਲਾ ਹੁਣ ਬਹੁਤ ਗੰਭੀਰ ਹੋ ਚੁੱਕਾ ਹੈ, ਖਾਸ ਕਰਕੇ ਚੋਣਾਂ ਦੌਰਾਨ ਜਦੋਂ ਨਫ਼ਰਤੀ ਭਾਸ਼ਣ (ਹੇਟ ਸਪੀਚ) ਨੂੰ ਵੋਟਾਂ ਦੀ ਰਾਜਨੀਤੀ ਲਈ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਇਹ ਨਾ ਸਿਰਫ਼ ਧਾਰਮਿਕ ਘੱਟਗਿਣਤੀਆਂ (ਖਾਸ ਕਰਕੇ ਮੁਸਲਿਮਾਂ ਅਤੇ ਕ੍ਰਿਸਚਨਾਂ) ਨੂੰ ਨਿਸ਼ਾਨਾ ਬਣਾਉਂਦਾ ਹੈ, ਸਗੋਂ ਦਲਿਤ ਭਾਈਚਾਰੇ (ਸੈਡਿਊਲਡ ਕਾਸਟਸ) ਨੂੰ ਵੀ ਪ੍ਰਭਾਵਿਤ ਕਰਦਾ ਹੈ।

ਅੱਜ ਚੋਣਾਂ ਵਿੱਚ ਨਫ਼ਰਤੀ ਭਾਸ਼ਣ ਨੂੰ ਵਰਤ ਕੇ ਨੇਤਾ ਵੋਟ ਬੈਂਕ ਨੂੰ ਧੜਨ ਵਿੱਚ ਕਾਮਯਾਬ ਹੋ ਜਾਂਦੇ ਹਨ, ਪਰ ਇਸ ਨਾਲ ਜਾਤੀਗਤ ਅਤੇ ਧਾਰਮਿਕ ਵੰਡ ਵਧਦੀ ਹੈ ਅਤੇ ਦਲਿਤ ਮੁੱਦੇ ਹੋਰ ਗੰਭੀਰ ਹੋ ਜਾਂਦੇ ਹਨ।ਇਹ ਲੇਖ ਵਿਸਤਾਰ ਨਾਲ ਇਸ ਮਸਲੇ ਨੂੰ ਵੇਖੇਗਾ, ਖਾਸ ਕਰਕੇ ਚੋਣਾਂ ਦੌਰਾਨ ਹੇਟ ਸਪੀਚ, ਵੋਟਾਂ ਦੀ ਰਾਜਨੀਤੀ, ਦਲਿਤ ਮੁੱਦੇ ਅਤੇ ਰਾਜਾਂ (ਯੂ.ਪੀ., ਬਿਹਾਰ, ਮੱਧ ਪ੍ਰਦੇਸ਼, ਪੰਜਾਬ ਆਦਿ) ਵਿੱਚ ਉਦਾਹਰਨਾਂ ਨਾਲ।

ਇਸ ਦੇ ਅੰਕੜੇ ਅਤੇ ਰਿਪੋਰਟਾਂ (ਜਿਵੇਂ India Hate Lab 2024 ਅਤੇ 2025) ਤੋਂ ਲੈ ਕੇ ਭਾਸ਼ਾ ਦੀਆਂ ਖਾਸ ਮਿਸਾਲਾਂ ਤੱਕ ਵਿਸਥਾਰ ਨਾਲ ਚਰਚਾ ਕਰਦਿਆਂ ਚੋਣਾਂ ਦੌਰਾਨ ਹੇਟ ਸਪੀਚ ਦਾ ਵਧਦਾ ਰੁਝਾਨ ਅਤੇ ਅੰਕੜੇ ਚੋਣਾਂ ਨੂੰ ਵੋਟਾਂ ਦੀ ਸ਼ਤਰੰਜ ਵਜੋਂ ਵੇਖਣ ਨਾਲ ਨੇਤਾ ਅਕਸਰ ਨਫ਼ਰਤੀ ਭਾਸ਼ਣ ਵਰਤਦੇ ਹਨ ਤਾਂ ਜੋ ਆਪਣੇ ਵੋਟ ਬੈਂਕ ਨੂੰ ਜਗਾਇਆ ਜਾ ਸਕੇ ਅਤੇ ਵਿਰੋਧੀ ਨੂੰ ਕਮਜ਼ੋਰ ਕੀਤਾ ਜਾ ਸਕੇ।

ਅੱਜ India Hate Lab ਦੀਆਂ ਰਿਪੋਰਟਾਂ ਅਨੁਸਾਰ 2023 ਵਿੱਚ 668 ਘਟਨਾਵਾਂ ਦੇ 2024 ਵਿੱਚ 1,165 (74% ਵਾਧਾ), ਜਿਸ ਵਿੱਚ ਲੋਕ ਸਭਾ ਚੋਣਾਂ (ਮਾਰਚ-ਜੂਨ 2024) ਦੌਰਾਨ 373 ਘਟਨਾਵਾਂ (32% ਕੁੱਲ) ਹੋਈਆਂ। 2025 ਵਿੱਚ 1,318 (13% ਵਾਧਾ), ਜਿਸ ਵਿੱਚ ਦਿੱਲੀ ਅਤੇ ਬਿਹਾਰ ਵਿਧਾਨ ਸਭਾ ਚੋਣਾਂ ਅਤੇ ਲੋਕਲ ਬਾਡੀ ਚੋਣਾਂ ਦੌਰਾਨ ਵੱਡਾ ਵਾਧਾ ਹੋਇਆ। ਬਿਹਾਰ ਵਿੱਚ 63% ਘਟਨਾਵਾਂ ਚੋਣਾਂ ਦੇ ਸਮੇਂ (ਅਕਤੂਬਰ-ਨਵੰਬਰ 2025) ਹੋਈਆਂ।

ਸਭ ਤੋਂ ਵੱਧ ਰਾਜ:ਉੱਤਰ ਪ੍ਰਦੇਸ਼ 266 (2025), 242 (2024)। ਮਹਾਰਾਸ਼ਟਰ: 193।ਮੱਧ ਪ੍ਰਦੇਸ਼: 172। ਉੱਤਰਾਖੰਡ: 155।ਬਿਹਾਰ: 67।ਪੰਜਾਬ ਵਿੱਚ ਘੱਟ ਪਰ ਜਾਤੀਗਤ ਮੁੱਦੇ ਵਧੇ।

ਅੱਜ 98% ਘਟਨਾਵਾਂ ਮੁਸਲਿਮਾਂ ਵਿਰੁੱਧ, 12% ਕ੍ਰਿਸਚਨਾਂ ਵਿਰੁੱਧ। ਪਰ ਚੋਣਾਂ ਵਿੱਚ ਦਲਿਤਾਂ ਨੂੰ ਵੀ ਵਰਤਿਆ ਜਾਂਦਾ ਹੈ - ਜਿਵੇਂ ਰਿਜ਼ਰਵੇਸ਼ਨ ਨੂੰ -ਮੁਸਲਿਮਾਂ ਨੂੰ ਦੇਣ ਵਾਲੀ ਅਫਵਾਹ ਫੈਲਾ ਕੇ ਦਲਿਤ ਵੋਟਰਾਂ ਨੂੰ ਡਰਾਉਣਾ ਅਤੇ ਵੋਟਾਂ ਦੀ ਰਾਜਨੀਤੀ ਵਿੱਚ ਹੇਟ ਸਪੀਚ ਦੀ ਵਰਤੋਂਵੋਟ ਬੈਂਕ ਰਾਜਨੀਤੀ ਵਿੱਚ ਹੇਟ ਸਪੀਚ ਨੂੰ ਇੱਕ ਸਟਰੈਟੇਜੀ ਵਜੋਂ ਵਰਤਿਆ ਜਾਂਦਾ ਹੈ।

ਪੋਲਰਾਈਜ਼ੇਸ਼ਨ ਧਰਮ/ਜਾਤੀ ਦੇ ਨਾਂਤੇ ਵੰਡ ਪਾ ਕੇ ਵੋਟਾਂ ਇਕੱਠੀਆਂ ਕਰਨਾ।ਕਾਨੂੰਨੀ ਅਸਰ ਚੋਣ ਕਮਿਸ਼ਨ (539) ਅਕਸਰ MCC (ਮਾਡਲ ਕੋਡ ਆਫ਼ ਕੰਡਕਟ) ਤਹਿਤ ਕਾਰਵਾਈ ਕਰਦਾ ਹੈ ਪਰ ਅਸਰ ਘੱਟ ਹੁੰਦਾ ਹੈ।

ਅੱਜ ਸੋਸ਼ਲ ਮੀਡੀਆ ਵੀਡੀਓ ਅਤੇ ਪੋਸਟਾਂ ਨਾਲ ਨਫ਼ਰਤ ਫੈਲਾਈ ਜਾਂਦੀ ਹੈ, ਜਿਵੇਂ 2024 ਵਿੱਚ BJP ਦਾ ਇੱਕ ਵੀਡੀਓ ਜਿਸ ਵਿੱਚ ਮੁਸਲਿਮਾਂ ਨੂੰ SC/ST/ OBC ਨੂੰ ਧੱਕਾ ਮਾਰ ਕੇ ਫੰਡ ਲੈਂਦੇ ਦਿਖਾਇਆ ਗਿਆ।

ਅੱਜ ਚੋਣਾਂ ਵਿੱਚ ਇਹ ਭਾਸ਼ਾ ਵਿਕਾਸ, ਰੁਜ਼ਗਾਰ ਵਰਗੇ ਮੁੱਦਿਆਂ ਨੂੰ ਪਿੱਛੇ ਛੱਡ ਕੇ ਨਫ਼ਰਤ ਤੇ ਫੋਕਸ ਕਰਦੀ ਹੈ। ਭਾਸ਼ਾ ਦੀਆਂ ਖਾਸ ਉਦਾਹਰਨਾਂ ਚੋਣਾਂ ਦੌਰਾਨਪ੍ਰਧਾਨ ਮੰਤਰੀ ਨਰਿੰਦਰ ਮੋਦੀ (2024 ਲੋਕ ਸਭਾ) ਰਾਜਸਥਾਨ ਵਿੱਚ ਘੁਸਪੈਠੀਏ (infiltrators) ਕਹਿ ਕੇ ਮੁਸਲਿਮਾਂ ਨੂੰ ਨਿਸ਼ਾਨਾ ਬਣਾਇਆ। ਬਿਹਾਰ ਵਿੱਚ ਕਿਹਾ ਕਿ ਵਿਰੋਧੀ ਪਾਰਟੀਆਂ ਦਲਿਤਾਂ, ਆਦਿਵਾਸੀਆਂ ਅਤੇ OBC ਦੇ ਰਿਜ਼ਰਵੇਸ਼ਨ ਖੋਹ ਕੇ ਮੁਸਲਿਮਾਂ ਨੂੰ ਦੇਣਗੇ। ਇਹ ਦਲਿਤ ਮੁੱਦੇ ਨੂੰ ਵਰਤ ਕੇ ਵੰਡ ਪਾਉਣ ਵਾਲੀ ਰਣਨੀਤੀ ਸੀ।ਸੱਤਾ ਨੇ ਕਾਂਗਰਸ ਨੂੰ ਦੋਸ਼ੀ ਠਹਿਰਾਇਆ ਕਿ ਉਹ ਦਲਿਤਾਂ ਦੇ ਰਿਜ਼ਰਵੇਸ਼ਨ ਖੋਹ ਕੇ ਮੁਸਲਿਮਾਂ ਨੂੰ ਦੇਣਗੇ।

ਯੋਗੀ ਆਦਿੱਤਿਆਨਾਥ ਨੇ ਉੱਤਰ ਪ੍ਰਦੇਸ਼ ਵਿੱਚ ÷ਵੋਟ ਜਿਹਾਦ÷ ਵਰਗੇ ਸ਼ਬਦ ਵਰਤੇ।ਗਿਰੀਰਾਜ ਸਿੰਘ (ਬਿਹਾਰ): ਨਮਕ ਹਰਾਮ ਵਰਗੇ ਸ਼ਬਦ ਮੁਸਲਿਮਾਂ ਲਈ।ਪੁਸ਼ਕਰ ਸਿੰਘ ਧਾਮੀ (ਉੱਤਰਾਖੰਡ): 2025 ਵਿੱਚ 71 ਘਟਨਾਵਾਂ, ਚੋਣਾਂ ਦੌਰਾਨ ਵੱਧ ਵਰਤੋਂ।

ਜਾਤੀਗਤ ਪੰਜਾਬ ਵਿੱਚ ਦਲਿਤ ਨੇਤਾਵਾਂ ਵਿਰੁੱਧ ਜਾਤੀਗਤ ਵਰਗੀਆਂ ਟਿੱਪਣੀਆਂ ਜਾਂ ਜਾਤੀ ਵੰਡ ਵਾਲੇ ਬਿਆਨ ਦਿੱਤੇ।

ਅੱਜ ਇਹ ਭਾਸ਼ਾ dehu-manizing ਹੈ ਅਤੇ ਹਿੰਸਾ ਨੂੰ ਉਕਸਾਉਂਦੀ ਹੈ।ਦਲਿਤ ਮੁੱਦੇ ਅਤੇ ਹੇਟ ਸਪੀਚ ਦਾ ਸਬੰਧਦਲਿਤ ਭਾਈਚਾਰਾ (ਲਗਭਗ 16-20% ਭਾਰਤ ਵਿੱਚ, ਪੰਜਾਬ ਵਿੱਚ 32%) ਅਕਸਰ ਨਿਸ਼ਾਨਾ ਬਣਦਾ ਹੈ ਜਾਂ ਵਰਤਿਆ ਜਾਂਦਾ ਹੈ:ਰਿਜ਼ਰਵੇਸ਼ਨ ਨੈਰੇਟਿਵ: ਚੋਣਾਂ ਵਿੱਚ ਕਿਹਾ ਜਾਂਦਾ ਹੈ ਕਿ ਵਿਰੋਧੀ ਮੁਸਲਿਮਾਂ ਨੂੰ ਰਿਜ਼ਰਵੇਸ਼ਨ ਦੇ ਕੇ ਦਲਿਤਾਂ ਦੇ ਹੱਕ ਖੋਹ ਲੈਣਗੇ। ਇਹ ਦਲਿਤ ਵੋਟਰਾਂ ਨੂੰ ਡਰਾਉਣ ਲਈ ਵਰਤਿਆ ਜਾਂਦਾ ਹੈ।

ਅੱਜ ਜਾਤੀਗਤ ਹਿੰਸਾ ਕਾਊ ਵਿਜੀਲੈਂਟਿਜ਼ਮ ਵਿੱਚ ਦਲਿਤਾਂ ਦੀਆਂ ਹੱਤਿਆਵਾਂ ਵਧੀਆਂ, ਜਿਸ ਨੂੰ ਨਫ਼ਰਤੀ ਭਾਸ਼ਣ ਨਾਲ ਜੋੜਿਆ ਜਾਂਦਾ ਹੈ।ਹੁਣ ਪੰਜਾਬ ਵਿੱਚ ਦਲਿਤ ਨੇਤਾਵਾਂ (ਜਿਵੇਂ ਚਰਨਜੀਤ ਸਿੰਘ ਚੰਨੀ) ਵੱਲੋਂ ਜੱਟ ਸਿੱਖ ਡੋਮੀਨੈਂਸ ਵਿਰੁੱਧ ਬਿਆਨ, ਪਰ ਵਿਰੋਧ ਵਿੱਚ ਜਾਤੀਗਤ ਟਿੱਪਣੀਆਂ ਵੀ ਵਧੀਆਂ ਹਨ।

ਬਿਹਾਰ ਅਤੇ ਯੂ.ਪੀ. ਵਿੱਚ ਮਹਾਦਲਿਤ ਵਿਦਿਆਰਥੀਆਂ ਵਿਰੁੱਧ ਹਿੰਸਾ ਅਤੇ ਅਪਮਾਨਜਨਕ ਭਾਸ਼ਾ ਹੈ।

ਇਹ ਦਲਿਤਾਂ ਨੂੰ ਵੱਖ-ਥਲੱਗ ਕਰਦਾ ਹੈ ਅਤੇ ਸਮਾਜਿਕ ਏਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ ਰਾਜਾਂ ਵਿੱਚ ਵਿਸ਼ੇਸ਼ ਸਥਿਤੀ ਅਤੇ ਚੋਣਾਂ ਦਾ ਅਸਰਉੱਤਰ ਪ੍ਰਦੇਸ਼: ਚੋਣਾਂ ਦੌਰਾਨ ਸਭ ਤੋਂ ਵੱਧ ਘਟਨਾਵਾਂ। ਦਲਿਤ (21%+) ਨੂੰ ਵੰਡ ਵਿੱਚ ਵਰਤਿਆ ਜਾਂਦਾ ਹੈ।

ਬਿਹਾਰ: 2025 ਵਿਧਾਨ ਸਭਾ ਚੋਣਾਂ ਦੌਰਾਨ 63% ਘਟਨਾਵਾਂ। ਨਮਕ ਹਰਾਮ ਵਰਗੇ ਬਿਆਨ ਅਤੇ ਦਲਿਤ ਮੁੱਦੇ। ਮੱਧ ਪ੍ਰਦੇਸ਼ ਕ੍ਰਿਸਚਨ ਅਤੇ ਮੁਸਲਿਮ ਵਿਰੁੱਧ, ਪਰ ਜਾਤੀਗਤ ਵੀ।

ਪੰਜਾਬ: ਜਾਤੀਗਤ ਵੰਡ (ਦਲਿਤ vs ਜੱਟ), ਚੋਣਾਂ ਵਿੱਚ ਦਲਿਤ ਨੇਤਾਵਾਂ ਵਿਰੁੱਧ ਟਿੱਪਣੀਆਂ।

ਨੁਕਸਾਨ ਅਤੇ ਹੱਲਨੁਕਸਾਨ:ਸਮਾਜ ਵਿੱਚ ਨਫ਼ਰਤ ਅਤੇ ਹਿੰਸਾ ਵਧਦੀ ਹੈ।ਦਲਿਤ ਅਤੇ ਘੱਟਗਿਣਤੀ ਹੋਰ ਵੱਖ-ਥਲੱਗ।ਲੋਕਤੰਤਰ ਕਮਜ਼ੋਰ ਹੁੰਦਾ ਹੈ।

ਅੱਜ ਨੇਤਾਵਾਂ ਨੂੰ ਸੰਯਮ ਵਰਤਣਾ।539 ਅਤੇ ਕੋਰਟਾਂ ਸਖ਼ਤ ਅਮਲ।ਨਾਗਰਿਕ ਵੋਟ ਵੇਲੇ ਤਮੀਜ਼ ਵਾਲੇ ਨੇਤਾਵਾਂ ਨੂੰ ਚੁਣਨ।

ਸਿੱਖਿਆ ਅਤੇ ਜਾਗਰੂਕਤਾ ਆਦਿ।ਇਹ ਮਸਲਾ ਨੈਤਿਕ, ਸੰਵਿਧਾਨਕ ਅਤੇ ਸਮਾਜਿਕ ਹੈ। ਜੇ ਨਹੀਂ ਰੋਕਿਆ ਤਾਂ ਭਾਰਤ ਦੀ ਏਕਤਾ ਖਤਰੇ ਵਿੱਚ ਪਵੇਗੀ। ਤੁਹਾਡੇ ਵਿਚਾਰ ਬਹੁਤ ਮਹੱਤਵਪੂਰਨ ਹਨ - ਇਸ ਤੇ ਚਰਚਾ ਜਾਰੀ ਰੱਖੀ ਜਾਵੇ।

ਕਿੱਲੀ ਚਾਹਲਾਂ ਦੀ ਰੈਲੀ 'ਚ ਗੱਡੀ ਗਈ ਕਿੱਲੀ!

- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਫਰਵਰੀ 27 ਵਿੱਚ ਨਹੀਂ ਦਸੰਬਰ 26 ਵਿੱਚ ਹੋਣ ਦੀ ਸੰਭਾਵਨਾ
- ਪੰਜਾਬ ਦੀਆਂ 900 ਸਰਕਾਰੀ ਬੱਸਾਂ ਰੈਲੀ ਲਈ ਵਰਕਰ ਢੋਣ ਨੂੰ ਲੱਗੀਆਂ, ਲੋਕ ਸੜਕਾਂ 'ਤੇ ਹੁੰਦੇ ਰਹੇ ਪਰੇਸ਼ਾਨ
- ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਅਤੇ ਚੋਣ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ
- ਕਿੱਲੀ ਚਾਹਲਾਂ ਦੀ 1996 ਦੀ ਇਤਿਹਾਸਕ ਰੈਲੀ ਤੋਂ ਪਿੱਛੋਂ ਅਕਾਲੀ ਦਲ ਦਾ ਸੱਤਾ ਨੂੰ ਪਿਆ ਸੀ ਹੱਥ
- ਪੰਜਾਬ ਸਰਕਾਰ ਦੇ ਚੀਫ਼ ਸੈਕਟਰੀ ਅਤੇ ਡੀਜੀਪੀ ਦਾ ਸੰਬੋਧਨ ਕਰਨਾ ਸਵਾਲਾਂ ਦੇ ਘੇਰੇ ਵਿੱਚ

ਕਮਲਜੀਤ ਸਿੰਘ ਬਨਵੈਤ
98147 34035

ਮੋਗਾ ਨਾਲ ਲੱਗਦਾ ਕਿੱਲੀ ਚਾਹਲਾਂ ਉਹ ਪਿੰਡ ਹੈ, ਜਿੱਥੇ ਸ਼੍ਰੋਮਣੀ ਅਕਾਲੀ ਦਲ ਦਾ 1996 ਨੂੰ ਪਹਿਲੀ ਇਤਿਹਾਸਕ ਰੈਲੀ ਤੋਂ ਬਾਅਦ ਸੱਤਾ ਨੂੰ ਹੱਥ ਪੈ ਗਿਆ ਸੀ। ਇੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਪੰਥਕ ਪਾਰਟੀ ਤੋਂ ਪੰਜਾਬੀ ਪਾਰਟੀ ਵੱਲ ਨੂੰ ਮੋੜ ਕੱਟਿਆ ਸੀ। ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਕਾਂਗਰਸ ਦੀਆਂ ਕਿੱਲੀ ਚਾਹਲਾਂ ਵਿੱਚ ਹੋਈਆਂ ਵੱਡੀਆਂ ਰੈਲੀਆਂ ਨੇ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੀ ਕਿਸਮਤ ਖੋਲ੍ਹੀ ਸੀ। ਭਾਰਤੀ ਜਨਤਾ ਪਾਰਟੀ ਨੇ ਵੀ 22 ਫਰਵਰੀ ਦੀ ਰੈਲੀ ਲਈ ਕਿੱਲੀ ਚਾਹਲਾਂ ਨੂੰ ਚੁਣਿਆ ਸੀ ਪਰ ਕਿਸਾਨਾਂ ਦੇ ਵਿਰੋਧ ਕਾਰਨ ਤਰੀਕ ਬਦਲਨੀ ਪੈ ਗਈ ਹੈ। ਹੁਣ ਆਮ ਆਦਮੀ ਪਾਰਟੀ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਦੇ ਨਾਂ ਹੇਠ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਬਿਗਲ ਬਜਾਉਣ ਵਾਸਤੇ ਇਸੇ ਥਾਂ ਨੂੰ ਚੁਣਿਆ ਗਿਆ ਹੈ। ਪਰ ਇਹ ਰੈਲੀ ਪੰਜਾਬ ਸਰਕਾਰ ਦੀ ਹੋ ਨਿਬੜੀ ਹੈ।

ਰੈਲੀ ਦੌਰਾਨ ਬੋਲਣ ਵਾਲੇ ਬੁਲਾਰਿਆਂ ਨੂੰ ਸੁਣਨ ਤੋਂ ਬਾਅਦ ਹਾਲੇ ਤੱਕ ਆਮ ਬੰਦਾ ਭੰਬਲਭੂਸੇ ਵਿੱਚ ਹੈ ਕਿ ਇਹ ਰੈਲੀ ਪਾਰਟੀ ਦੀ ਸੀ ਜਾਂ ਪੰਜਾਬ ਸਰਕਾਰ ਦੀ ? ਜੇ ਇਹ ਰੈਲੀ ਯੁੱਧ ਨਸ਼ਿਆਂ ਵਿਰੁੱਧ ਦੇ ਨਾਂ ਹੇਠ ਪੰਜਾਬ ਸਰਕਾਰ ਦੀ ਸੀ ਤਦ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਸੱਦਾ ਦੇਣ ਦੀ ਕੋਈ ਤੁੱਕ ਨਹੀਂ ਬਣਦੀ ਸੀ। ਜੇ ਇਹ ਰੈਲੀ ਆਮ ਆਦਮੀ ਪਾਰਟੀ ਦੀ ਸੀ ਤਦ ਪੰਜਾਬ ਸਰਕਾਰ ਦੇ ਚੀਫ਼ ਸੈਕਟਰੀ ਅਤੇ ਡੀਜੀਪੀ ਦਾ ਬੋਲਣਾ ਨਹੀਂ ਸੀ ਬਣਦਾ। ਦੂਜੇ ਬੰਨੇ ਪੰਜਾਬ ਰੋਡਵੇਜ਼ ਦੀਆਂ 9 ਸੌ ਦੇ ਕਰੀਬ ਬੱਸਾਂ ਰੈਲੀ ਵਿੱਚ ਝੋਕਣ ਨਾਲ ਸਰਕਾਰ ਨੇ ਖੱਟਿਆ ਘੱਟ ਤੇ ਗਵਾਇਆ ਜ਼ਿਆਦਾ ਲੱਗਦਾ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਦਾ ਲੈਕਚਰ ਇਤਿਹਾਸਕ ਬਣਿਆ ਹੈ ਜਦੋਂ ਉਹ ਕਹਿੰਦੇ ਹਨ ਕਿ ਨਸ਼ਾ ਪੁਲਿਸ ਅਤੇ ਤਸਕਰਾਂ ਦੇ ਗੱਠਜੋੜ ਨਾਲ ਚੱਲ ਰਿਹਾ ਹੈ। ਉਹਨਾਂ ਮੁਤਾਬਕ ਇਹੋ ਵਜ੍ਹਾ ਹੈ ਕਿ 300 ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਜਾ ਚੁੱਕੀ ਹੈ।

33 ਏਕੜ ਵਿੱਚ ਲਾਏ ਪੰਡਾਲ ਅੰਦਰ ਵਾਹਵਾ ਰੌਣਕ ਸੀ। ਪਰ ਪ੍ਰਬੰਧਕਾਂ ਨੂੰ ਉਮੀਦ ਨਾਲੋਂ ਘੱਟ ਹੁੰਗਾਰਾ ਮਿਲਿਆ ਹੈ। ਇਸ ਦੀ ਮੁੱਖ ਵਜ੍ਹਾ ਸ਼ਾਇਦ ਮੁੱਖ ਮੰਤਰੀ ਭਗਵੰਤ ਮਾਨ ਦਾ ਹਸਪਤਾਲ ਵਿੱਚ ਦਾਖ਼ਲ ਹੋਣ ਤੋਂ ਬਾਅਦ ਰੈਲੀ ਵਿੱਚ ਸ਼ਾਮਿਲ ਹੋਣ ਦਾ ਡਿੱਗਦਾ ਢਹਿੰਦਾ ਪ੍ਰੋਗਰਾਮ ਸੀ। ਦਿਲਚਸਪ ਗੱਲ ਇਹ ਹੈ ਕਿ ਮੁੱਖ ਮੰਤਰੀ ਮਾਨ ਦਾ ਦੁਪਹਿਰ 1 ਵਜੇ ਤੱਕ ਜਾਣ ਦਾ ਕੋਈ ਪੱਕਾ ਪਤਾ ਨਹੀਂ ਸੀ ਤਾਂ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਉਦੋਂ ਤੱਕ 50 ਮੀਟਰ ਦੂਰੀ 'ਤੇ ਆਪਣੇ ਘਰ ਬੈਠੇ ਰਹੇ। ਚਰਚਾ ਹੈ ਕਿ ਭਗਵੰਤ ਮਾਨ ਡਿਪਟੀ ਸੀਐਮ ਦੀ ਚੋਣ ਨੂੰ ਲੈ ਕੇ ਕੇਜਰੀਵਾਲ ਨਾਲ ਵਟੇ ਹੋਏ ਹਨ। ਕੇਜਰੀਵਾਲ ਰੈਲੀ ਲਈ ਉਦੋਂ ਤੁਰੇ ਜਦੋਂ ਭਗਵੰਤ ਮਾਨ ਨੇ ਹਾਂ ਭਰ ਦਿੱਤੀ। ਭਗਵੰਤ ਮਾਨ ਦੀ ਵਿਟਰਨ ਦੀ ਨੇਚਰ ਹੈ। ਉਹ ਵਿਟਰਦੇ ਕਦੇ ਕਦੇ ਹਨ, ਉਹ ਵੀ ਅਣਮੰਨੇ ਮਨ ਨਾਲ। ਜੇ ਉਹ ਪੱਕੇ ਮਨ ਨਾਲ ਸ਼ੁਰੂ ਤੋਂ ਹੀ ਵਿਟਰਨ ਲੱਗ ਪੈਂਦੇ ਤਾਂ ਦਿੱਲੀ ਵਾਲੇ ਏਨੇ ਹਾਵੀ ਨਹੀਂ ਸਨ ਹੋਣੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਦਾਅਵਾ ਕਰਦਿਆਂ ਦੂਜੀਆਂ ਸਿਆਸੀ ਪਾਰਟੀਆਂ ਉੱਤੇ ਪੰਜਾਬ ਨੂੰ ਨਸ਼ੇ ਵਿੱਚ ਧੱਕਣ ਦਾ ਦੋਸ਼ ਲਾਉਂਦੇ ਹਨ। ਪਰ ਆਮ ਆਦਮੀ ਪਾਰਟੀ ਦੇ ਚਾਰ ਸਾਲ ਬੀਤਣ ਤੋਂ ਬਾਅਦ ਵੀ ਇਹੋ ਦੋਸ਼ ਦੁਹਰਾਉਣਾ ਹਾਸੋਹੀਣਾ ਲੱਗਦਾ ਹੈ। ਕੋਈ ਪੁੱਛਣ ਵਾਲਾ ਹੋਵੇ ਭਲਾਂ ਤੁਸੀਂ ਚਾਰ ਸਾਲ ਕੀ ਕਰਦੇ ਰਹੇ।

ਉਹ ਰੈਲੀ ਦੌਰਾਨ ਇਕੱਠ ਨੂੰ ਨਸ਼ੇ ਨਾ ਕਰਨ ਦੀ ਸਹੁੰ ਚੁਕਾਉਂਦੇ ਹਨ। ਅਸਲ ਵਿੱਚ ਆਮ ਆਦਮੀ ਪਾਰਟੀ ਵੱਲੋਂ ਵਿਲੇਜ ਡਿਫੈਂਸ ਕਮੇਟੀਆਂ ਬਣਾਈਆਂ ਗਈਆਂ ਹਨ। ਇਹਨਾਂ ਕਮੇਟੀਆਂ ਨੂੰ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਤੋਰਿਆ ਜਾਣਾ ਸੀ। ਮੁੱਖ ਮੰਤਰੀ ਮਾਨ ਦਾ ਇਕੱਠ ਨੂੰ ਸਹੁੰ ਚੁਕਾਉਣਾ ਲੋਕਾਂ ਨੂੰ ਹਾਸੋਹੀਣਾ ਲੱਗਿਆ ਹੈ ਕਿਉਂਕਿ ਲੋਕ ਕਹਿੰਦੇ ਹਨ ਕਿ ਆਪਣੀ ਮਾਂ ਦੀ ਸਹੁੰ ਖਾ ਕਿ ਸ਼ਰਾਬ ਪੀਣ ਵਾਲੇ ਉੱਤੇ ਭਰੋਸਾ ਕਰੀਏ ਤਾਂ ਕਿਵੇਂ ਕਰੀਏ? ਵੈਸੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਗੁਟਕਾ ਸਾਹਿਬ ਉੱਤੇ ਹੱਥ ਰੱਖ ਕੇ ਪੰਜਾਬ ਵਿੱਚੋਂ ਇੱਕ ਹਫਤੇ ਦੇ ਅੰਦਰ ਅੰਦਰ ਨਸ਼ੇ ਖ਼ਤਮ ਕਰਨ ਦੀ ਸਹੁੰ ਚੁੱਕੀ ਸੀ। ਰੈਲੀ ਤੋਂ ਬਾਅਦ ਬੱਸਾਂ ਵਿੱਚ ਆਪਣੇ ਘਰਾਂ ਨੂੰ ਪਰਤਦਿਆਂ ਆਪ ਦੇ ਵਰਕਰਾਂ ਦਾ ਠੇਕਿਆਂ ਤੋਂ ਸ਼ਰਾਬ ਦੀਆਂ ਪੇਟੀਆਂ ਖਰੀਦਣਾ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ।

ਬਦਲਾਅ ਦੇ ਨਾਂ ਉੱਤੇ ਆਈ ਸਰਕਾਰ ਕੰਮ ਦੂਜੀਆਂ ਪਾਰਟੀਆਂ ਵਾਲੇ ਕਰ ਰਹੀ ਹੈ। ਦੋਸ਼ ਹੈ ਕਿ ਪੰਜਾਬ ਰੋਡਵੇਜ਼ ਦੀਆਂ 900 ਦੇ ਕਰੀਬ ਬੱਸਾਂ ਰੈਲੀ ਵਿੱਚ ਇਕੱਠ ਕਰਨ ਲਈ ਝੋਕੀਆਂ ਗਈਆਂ ਹਨ। ਦੂਜੇ ਬੰਨੇ ਆਮ ਮੁਸਾਫ਼ਰ ਖੱਜਲ-ਖੁਆਰ ਹੁੰਦੇ ਰਹੇ। ਭਗਵੰਤ ਮਾਨ ਦਾ ਅਕਾਲੀ ਲੀਡਰ ਬਿਕਰਮ ਸਿੰਘ ਮਜੀਠੀਆ ਦਾ ਨਾਂ ਲਏ ਉਸ 'ਤੇ ਤੰਜ਼ ਕੱਸਣਾ ਵੀ ਗ਼ੈਰ ਪ੍ਰਸੰਗਕ ਲੱਗਾ। ਮੁੱਖ ਮੰਤਰੀ ਦੇ 63000 ਨੌਜਵਾਨਾਂ ਨੂੰ ਨੌਕਰੀਆਂ ਦੇਣ ਕਰਕੇ ਪੰਜਾਬ ਵਿੱਚ ਪਾਸਪੋਰਟ ਬਣਨ ਦੀ ਗਿਣਤੀ ਘੱਟਣ ਨੂੰ ਲੋਕਾਂ ਨੇ ਇੱਕ ਚੁਟਕਲੇ ਦੀ ਤਰ੍ਹਾਂ ਲਿਆ। ਪੰਜਾਬ ਦੇ ਕਿਸਾਨ ਭਗਵੰਤ ਸਿੰਘ ਮਾਨ ਨੂੰ ਮਿਲਣਾ ਚਾਹੁੰਦੇ ਸਨ ਪਰ ਪੁਲਿਸ ਨੇ ਦੂਰ ਹੀ ਡੱਕੀ ਰੱਖਿਆ। ਅੰਤ ਨੂੰ ਛੇਤੀ ਮਿਲਣ ਦਾ ਭਰੋਸਾ ਦੇ ਕੇ ਜਾਨ ਛੁਡਾਈ ਗਈ। ਮੁੱਖ ਮੰਤਰੀ ਮਾਨ ਰੈਲੀ ਨੂੰ ਸੰਬੋਧਨ ਕਰਨ ਤੋਂ ਬਾਅਦ ਮੁੜ ਹਸਪਤਾਲ ਵਿੱਚ ਦਾਖ਼ਲ ਹੋ ਗਏ। ਮੀਡੀਆ ਖ਼ਬਰਾਂ ਅਨੁਸਾਰ ਉਹਨਾਂ ਨੇ ਹਸਪਤਾਲ ਤੋਂ ਚਾਰ ਘੰਟੇ ਦੀ ਛੁੱਟੀ ਲਈ ਸੀ।

ਦੂਜੇ ਬੰਨੇ ਸਿਆਸੀ ਪਾਰਟੀਆਂ ਨੇ ਆਮ ਆਦਮੀ ਪਾਰਟੀ ਤੇ ਸਰਕਾਰ ਨੂੰ ਪਾਣੀ ਪੀ ਪੀ ਕੋਸਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਰਕਾਰੀ ਬੱਸਾਂ ਦੀ ਦੁਰਵਰਤੋਂ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਰਾਜਪਾਲ ਅਤੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਭੇਜੀ ਗਈ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਪ ਸਰਕਾਰ ਉੱਤੇ ਅਫਸਰਸ਼ਾਹੀ ਦਾ ਸਿਆਸੀਕਰਨ ਕਰਨ ਦਾ ਦੋਸ਼ ਲਾਇਆ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਸ਼ਾਸਨਿਕ ਪੱਖਪਾਤ ਉੱਤੋਂ ਫ਼ਿਕਰਮੰਦੀ ਜ਼ਾਹਿਰ ਕੀਤੀ ਹੈ।

ਆਪ ਹੀ ਨਹੀਂ ਕਾਂਗਰਸ, ਭਾਜਪਾ ਅਤੇ ਅਕਾਲੀ ਵੀ ਪੰਜਾਬ ਦੀ ਸੱਤਾ ਨੂੰ ਹੱਥ ਪਾਉਣ ਲਈ ਤਰਲੋਮੱਛੀ ਹੋ ਰਹੇ ਹਨ। ਚੋਣਾਂ ਵਿੱਚ ਅੱਠ ਮਹੀਨੇ ਰਹਿੰਦਿਆਂ ਹੀ ਰੈਲੀਆਂ, ਮੀਟਿੰਗਾਂ ਅਤੇ ਕਾਨਫਰੰਸਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਪਰ ਪੰਜਾਬ ਦੀ ਕਿਸੇ ਨੂੰ ਵੀ ਚਿੰਤਾ ਨਹੀਂ ਹੈ। ਪੰਜਾਬੀ ਕਿਸੇ ਪਾਰਟੀ ਦੇ ਏਜੰਡੇ 'ਤੇ ਨਹੀਂ ਹਨ। ਸੂਤਰਾਂ ਦੀ ਸੁਣੀਏ ਤਾਂ ਇਸ ਵਾਰ ਪੰਜਾਬ ਦੀਆਂ ਚੋਣਾਂ ਫਰਵਰੀ 2027 ਨੂੰ ਨਹੀਂ, ਦਸੰਬਰ 2026 ਨੂੰ ਹੋਣ ਦੀ ਪੱਕੀ ਸੰਭਾਵਨਾ ਬਣ ਰਹੀ ਹੈ।

ਭਾਰਤੀ ਸੰਸਦ ਅਖਾੜਾ, ਦੰਗਲ ਜਾਂ ਲੋਕਤੰਤਰ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਦੀ ਸੰਸਦ ਦੇ ਬਜਟ ਇਜਲਾਸ ਵਿੱਚ ਇਹਨਾਂ ਦਿਨਾਂ ਵਿੱਚ ਵੱਡੇ ਹੰਗਾਮੇ ਹੋਏ। ਸੱਤਾਧਾਰੀ ਅਤੇ ਵਿਰੋਧੀ ਪੱਖ ਵਿੱਚ ਵੱਡਾ ਦੰਗਲ ਵੇਖਣ ਨੂੰ ਮਿਲਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ ਉੱਤੇ ਵਿਰੋਧੀ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ। ਲੋਕ ਸਭਾ ਵਿੱਚ ਇੰਨਾ ਹੰਗਾਮਾ ਹੋਇਆ ਕਿ ਕਾਂਗਰਸ ਦੇ ਅੱਠ ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ। ਸਪੀਕਰ ਬਿਰਲਾ ਨੇ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਕਰਦੇ ਮਤੇ 'ਤੇ ਬਹਿਸ ਦਾ ਜਵਾਬ ਦੇਣ ਲਈ ਸਦਨ ਵਿੱਚ ਨਾ ਆਉਣ ਦੀ ਬੇਨਤੀ ਕੀਤੀ। ਲੋਕਤੰਤਰ ਦਾ ਇਹ ਵਿਸ਼ੇਸ਼ ਨਮੂਨਾ ਅੱਜ-ਕੱਲ ਦੇਸ਼ ਦੇ ਹਿੱਸੇ ਆ ਰਿਹਾ ਹੈ।

ਲੋਕ ਸਭਾ ਵਿੱਚ ਵਿਰੋਧੀ ਸੰਸਦ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਢਾਂਚੇ 'ਤੇ ਚਰਚਾ ਦੀ ਮੰਗ ਕੀਤੀ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਨੂੰ ਵੀ ਬੋਲਣ ਦੀ ਆਗਿਆ ਨਹੀਂ ਦਿੱਤੀ ਗਈ। ਲੋਕ ਸਭਾ ਅਤੇ ਰਾਜ ਸਭਾ ਵਿੱਚ ਸੱਤਾ ਤੇ ਵਿਰੋਧੀ ਧਿਰ ਆਪਸ ਵਿੱਚ ਬੁਰੀ ਤਰ੍ਹਾਂ ਉਲਝੀ ਰਹੀ। ਲੋਕ ਸਭਾ ਵਿੱਚ ਕਾਂਗਰਸ ਦੀਆਂ ਮਹਿਲਾ ਮੈਂਬਰਾਂ ਨੇ ਸਪੀਕਰ ਬਿਰਲਾ 'ਤੇ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਸਦਨ ਵਿੱਚੋਂ ਗ਼ਾਇਬ ਰਹਿਣ ਨੂੰ ਦਰੁਸਤ ਠਹਿਰਾਅ ਰਹੇ ਹਨ, ਜੋ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਹੈ। ਉਹਨਾਂ ਕਿਹਾ ਕਿ ਪ੍ਰਧਾਨ ਮੰਤਰੀ ਸਦਨ ਵਿੱਚੋਂ ਮੈਂਬਰਾਂ ਵੱਲੋਂ ਕਿਸੇ ਖ਼ਤਰੇ ਕਰਕੇ ਗ਼ੈਰਹਾਜ਼ਰ ਨਹੀਂ ਹੋਏ, ਸਗੋਂ ਡਰ ਕਰਕੇ ਗ਼ੈਰਹਾਜ਼ਰ ਹੋਏ ਹਨ। ਕੀ ਇਹ ਰਾਜਾਸ਼ਾਹੀ ਦਾ ਸੰਕੇਤ ਤਾਂ ਨਹੀਂ?

ਅਮਰੀਕੀ ਯੌਨ ਸ਼ੋਸ਼ਣ ਅਪਰਾਧੀ ਜੈਫ਼ਰੀ ਐਪਸਟਿਨ ਨਾਲ਼ ਜੁੜੀਆਂ ਫਾਈਲਾਂ 'ਚ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਮ ਸਾਹਮਣੇ ਆਉਣ ਕਾਰਨ ਵੱਡਾ ਹੰਗਾਮਾ ਅਤੇ ਨਾਅਰੇਬਾਜ਼ੀ ਵੇਖਣ ਨੂੰ ਮਿਲੀ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਗੀਤ 'ਬੰਦੇ ਮਾਤਰਮ' ਦੇ ਛੇ ਬੰਦ ਅਤੇ ਉਸ ਦੇ ਆਦਰ ਲਈ ਤਿੰਨ ਮਿੰਟ ਕੁਝ ਸਕਿੰਟ ਖੜ੍ਹੇ ਰਹਿਣ, ਉਸਦੇ ਬਾਅਦ ਰਾਸ਼ਟਰ ਗਾਣ ਨੂੰ ਜ਼ਰੂਰੀ ਕਰਾਰ ਦਿੱਤੇ ਜਾਣ ਸਬੰਧੀ ਸਦਨ ਵਿੱਚ ਵੱਡੀ ਬਹਿਸ ਛਿੜੀ। ਇੱਕ ਪੱਖ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਲਾਹ ਨੂੰ ਮੰਨਦੇ ਹਾਂ, ਕਿਸੇ ਹੋਰ ਨੂੰ ਨਹੀਂ। ਇੱਕ ਨੇ ਕਿਹਾ ਕਿ ਮੁਸਲਿਮ ਲੀਗ ਨੇ ਇਸ 'ਤੇ ਇਤਰਾਜ਼ ਕੀਤਾ ਸੀ ਤੇ ਇਤਰਾਜ਼ ਮੰਨਿਆ ਗਿਆ ਸੀ। ਇੱਕ ਹੋਰ ਨੇ ਕਿਹਾ ਕਿ ਇਹ ਸੰਪਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਹੈ, ਜਦਕਿ ਦੂਜੇ ਨੇ ਕਿਹਾ ਕਿ ਇਹ ਦੇਸ਼ ਭਗਤੀ ਦਾ ਗੀਤ ਹੈ।

ਲੋਕਤੰਤਰ ਦੇ ਅਖਾੜੇ ਸੰਸਦ 'ਚ ਬਜਟ ਉੱਤੇ ਬਹਿਸ ਦਰਕਾਰ ਸੀ। ਸੰਸਦ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਬਣਾਉਟੀ ਬੁੱਧੀਮਤਾ (ਏ.ਆਈ.) ਕਾਰਨ ਆ ਰਹੀਆਂ ਚੁਣੌਤੀਆਂ, ਅਮਰੀਕਾ-ਭਾਰਤ ਸਮਝੌਤੇ ਬਾਰੇ ਵਿਸ਼ੇਸ਼ ਚਰਚਾ ਲੋੜੀਂਦੀ ਸੀ। ਚਰਚਾ ਤਾਂ ਦਿੱਲੀ ਦੇ ਪ੍ਰਦਰਸ਼ਨ ਉੱਤੇ, ਮਨੀਪੁਰ ਦੇ ਬਲਾਤਕਾਰਾਂ ਅਤੇ ਕਈ ਥਾਵਾਂ 'ਤੇ ਗੰਦੇ ਪਾਣੀ ਪੀਣ ਕਾਰਨ ਹੋਈਆਂ ਮੌਤਾਂ ਬਾਰੇ ਵੀ ਲੋੜੀਂਦੀ ਸੀ, ਪਰ ਇਹਨਾਂ ਚਰਚਾਵਾਂ ਲਈ ਸਦਨ ਦੇ ਮਾਣਯੋਗ ਮੈਂਬਰ ਸਮਾਂ ਹੀ ਨਹੀਂ ਕੱਢ ਸਕੇ। ਸਮਾਂ ਨਹੀਂ ਕੱਢ ਸਕੇ, ਦੇਸ਼ ਦੇ ਕਾਨੂੰਨਦਾਨ, ਇਸ ਗੱਲ ਲਈ ਚਰਚਾ ਕਰਨ ਵਾਸਤੇ ਕਿ ਪਿਛਲੇ 10 ਸਾਲਾਂ ਵਿੱਚ ਜੱਜਾਂ ਦੇ ਖ਼ਿਲਾਫ ਭ੍ਰਿਸ਼ਟਾਚਾਰ, ਯੌਨ ਦੁਰਾਚਾਰ ਅਤੇ ਹੋਰ ਗੰਭੀਰ 8639 ਸ਼ਿਕਾਇਤਾਂ ਕਿਉਂ ਆ ਗਈਆਂ? ਕੀ ਕਾਰਨ ਹਨ ਇਸਦੇ? ਖ਼ਾਸ ਤੌਰ 'ਤੇ 2024 ਵਿੱਚ ਹੀ 1170 ਸ਼ਿਕਾਇਤਾਂ ਕਿਉਂ ਦਰਜ ਹੋਈਆਂ? ਕਿਵੇਂ ਨੌਜਵਾਨਾਂ ਵਿੱਚ ਬੇਰੁਜ਼ਗਾਰੀ 'ਤੇ ਨਿਰਾਸ਼ਾ ਵੱਧ ਰਹੀ ਹੈ?

ਕਿਉਂ ਨਹੀਂ ਦੇਸ਼ ਦੀ ਸੰਸਦ ਇਸ ਗੱਲ 'ਤੇ ਵਿਚਾਰ ਕਰ ਸਕੀ ਕਿ 28 ਰਾਜਾਂ ਦੇ ਕਿਸਾਨਾਂ ਉੱਤੇ ਔਸਤ ਕਰਜ਼ਾ ਰਕਮ ਵੱਧ ਰਹੀ ਹੈ? ਰਾਸ਼ਟਰੀ ਸੰਖਿਆ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀ-ਪ੍ਰਧਾਨ ਸੂਬਿਆਂ ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਹਰਿਆਣਾ, ਤੇਲੰਗਾਨਾ ਦੇ ਕਿਸਾਨਾਂ ਉੱਤੇ ਪ੍ਰਤੀ ਸਾਲ ਪ੍ਰਤੀ ਕਿਸਾਨ ਕਰਜ਼ਾ ਵੱਧ ਰਿਹਾ ਹੈ। ਆਂਧਰਾ ਪ੍ਰਦੇਸ਼ ਵਿੱਚ ਪ੍ਰਤੀ ਕਿਸਾਨ ਪ੍ਰਤੀ ਪਰਿਵਾਰ ਔਸਤ ਕਰਜ਼ਾ 2,45,554 ਰੁਪਏ, ਕੇਰਲ ਵਿੱਚ 2,42,482 ਰੁਪਏ, ਪੰਜਾਬ ਵਿੱਚ 2,03,249 ਰੁਪਏ, ਜਦਕਿ ਹਰਿਆਣਾ ਵਿੱਚ ਇਹ ਕਰਜ਼ਾ 1,82,922 ਰੁਪਏ ਹੈ।

ਇਹ ਜਾਣਦਿਆਂ ਵੀ ਕਿ ਕਿਸਾਨ ਦੀ ਆਮਦਨ ਘੱਟ ਰਹੀ ਹੈ, ਉਸ ਨੂੰ ਆਧੁਨਿਕ ਮਸ਼ੀਨਰੀ ਅਤੇ ਟਰੈਕਟਰ ਆਦਿ ਖਰੀਦਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਉਸ ਲਈ ਸਰਕਾਰ ਵੱਲੋਂ ਉਸ ਅਹਿਮ ਖੇਤਰ ਲਈ ਸਬਸਿਡੀਆਂ ਮੁਹੱਈਆ ਕਰਨ ਦੀ ਲੋੜ ਹੈ, ਤਾਂ ਕਿ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਰਹੇ। ਚਰਚਾ ਤਾਂ ਇਸ ਗੱਲ 'ਤੇ ਵੀ ਕਰਨੀ ਬਣਦੀ ਸੀ ਕਿ ਦੇਸ਼ ਕਣਕ-ਚਾਵਲ ਦੀ ਸੀਮਿਤ ਫ਼ਸਲ ਪ੍ਰਣਾਲੀ 'ਤੇ ਨਿਰਭਰ ਕਿਉਂ ਹੈ? ਦੇਸ਼ ਵਿੱਚ ਜ਼ਮੀਨ ਹੇਠਲਾ ਪਾਣੀ ਘੱਟ ਰਿਹਾ ਹੈ, ਤਾਂ ਕਿਉਂ ਘੱਟ ਰਿਹਾ ਹੈ? ਪਰ ਦੇਸ਼ ਦੇ ਨੇਤਾ ਤਾਂ ਸਿਰਫ਼ ਕੁਰਸੀ-ਯੁੱਧ ਵਿੱਚ ਗਲਤਾਨ ਰਹੇ। ਬਿਨਾਂ ਸ਼ੱਕ ਦੇਸ਼ ਦੀਆਂ ਸੀਮਾਵਾਂ ਨੂੰ ਸੁਰੱਖਿਆ ਚਾਹੀਦੀ ਹੈ। ਦੇਸ਼ ਵਿੱਚ ਸੜਕਾਂ ਦੇ ਜਾਲ ਵਿਛਾਏ ਜਾਣੇ ਚਾਹੀਦੇ ਹਨ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਜ਼ਰੂਰੀ ਹੈ। ਡਿਜੀਟਲ ਇੰਡੀਆ ਵੀ ਲੋੜੀਂਦਾ ਹੈ। ਪਰ ਬਹਿਸ ਤਾਂ ਇਸ ਗੱਲ 'ਤੇ ਹੋਣੀ ਚਾਹੀਦੀ ਹੈ ਕਿ ਸਰਕਾਰ ਨਿੱਜੀਕਰਨ ਦੇ ਰਾਹ ਪੈ ਕੇ ਦੇਸ਼ ਦਾ ਸਰਮਾਇਆ ਕੁਝ ਧੁਰੰਤਰਾਂ ਨੂੰ ਕਿਉਂ ਲੁਟਾ ਰਹੀ ਹੈ? ਦੇਸ਼ ਦੇ ਹਿੱਤ ਵੱਡੇ ਸਰਮਾਏਦਾਰਾਂ, ਕਾਰਪੋਰੇਟਾਂ ਦੇ ਹੱਥ ਕਿਉਂ ਫੜਾ ਰਹੀ ਹੈ?

ਕਿਉਂ ਚਰਚਾ ਨਹੀਂ ਹੋਈ ਕਿ ਸਰਕਾਰ ਕਿਉਂ ਦਬਾਅ ਵਿੱਚ ਆ ਕੇ ਅਮਰੀਕਾ ਵਰਗੇ ਦੇਸ਼ ਨਾਲ਼ ਟੈਰਿਫ਼ ਸਮਝੌਤਾ ਕਰ ਰਹੀ ਹੈ? ਅਮਰੀਕਾ 18 ਫ਼ੀਸਦੀ ਟੈਰਿਫ਼ ਲਏਗਾ ਅਤੇ ਭਾਰਤ 0 ਫ਼ੀਸਦੀ ਟੈਰਿਫ਼ ਲਵੇਗਾ-ਸਮਾਨਤਾ ਕਿੱਥੇ ਹੈ?

ਅਮਰੀਕੀ ਸਮਝੌਤੇ ਵਿੱਚ ਪਹੇਲੀ ਇਹ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਕੀ ਖਰੀਦੇਗਾ? ਕੀ ਭਾਰਤ ਕੋਲ ਅਮਰੀਕਾ ਤੋਂ ਮਹਿੰਗੇ ਜਹਾਜ਼, ਸੈਨਿਕ ਸਮਾਨ ਅਤੇ ਉੱਚੀ ਕੀਮਤ 'ਤੇ ਤੇਲ ਖਰੀਦਣ ਤੋਂ ਬਿਨਾਂ ਹੋਰ ਕੋਈ ਬਦਲ ਹੈ? ਅਮਰੀਕਾ ਕੋਲ ਇਹੋ-ਜਿਹੀਆਂ ਹੋਰ ਕੋਈ ਚੀਜ਼ਾਂ ਨਹੀਂ ਜੋ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਸਕਣ।

ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧ ਪ੍ਰਦੇਸ਼ ਵਿੱਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿੱਚ ਲਾਡਕੀ ਬਹਿਨ, ਕਰਨਾਟਕ ਵਿੱਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿੱਚ ਉਮਰਈ ਥੋਗਈ, ਹਰਿਆਣਾ ਵਿੱਚ ਲਾਡੋ, ਓਡੀਸ਼ਾ ਵਿੱਚ ਸੁਭੱਦਰਾ, ਝਾਰਖੰਡ ਵਿੱਚ ਮਈਆ ਸਨਮਾਨ, ਛੱਤੀਸਗੜ੍ਹ ਵਿੱਚ ਮਹਤਾਰੀ ਬੰਦਨ, ਬੰਗਾਲ ਵਿੱਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿੱਚ ਮਹਾ ਲਕਸ਼ਮੀ, ਅਸਾਮ ਵਿੱਚ ਔਰਨੋਦੋਈ, ਹਿਮਾਚਲ ਵਿੱਚ ਇੰਦਰਾ ਸਨਮਾਨ ਯੋਜਨਾਵਾਂ ਵਿੱਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ? ਕਿਉਂ ਨਹੀਂ ਇਸ ਮੁੱਦੇ ਉੱਤੇ ਚਰਚਾ ਹੁੰਦੀ ਕਿ 12 ਰਾਜਾਂ ਦੀਆਂ 12.8 ਕਰੋੜ ਔਰਤਾਂ ਨੂੰ ਹਰ ਸਾਲ 1.9 ਲੱਖ ਕਰੋੜ ਰੁਪਏ ਚੋਣਾਂ ਤੋਂ ਪਹਿਲਾਂ ਹੀ ਕਿਉਂ ਦਿੱਤੇ ਜਾਂਦੇ ਹਨ? ਔਰਤਾਂ ਦੀਆਂ ਵੋਟਾਂ ਖਰੀਦਣ ਲਈ ਲਾਲਚ ਦੇਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ?

ਮਸਲੇ ਤਾਂ ਦੇਸ਼ ਨੂੰ ਦਰਪੇਸ਼ ਹੋਰ ਵੀ ਬਥੇਰੇ ਹਨ, ਪਰ ਦੇਸ਼ ਦੇ ਨੇਤਾ ਸੰਜੀਦਗੀ ਨਾਲ਼ ਵਿਚਾਰ ਕਰਨ ਦੇ ਰਾਹ ਨਹੀਂ ਪੈ ਰਹੇ। ਵੋਟਾਂ ਖਰੀਦੀਆਂ ਜਾਂਦੀਆਂ ਹਨ। ਆਗੂ ਕਾਨੂੰਨ-ਘੜਨੀ ਸਭਾ ਦੇ ਮੈਂਬਰ ਬਣਦੇ ਹਨ, ਉਹ ਲੋਕ ਵੀ ਇਹਨਾਂ ਸਦਨਾਂ ਦੇ ਮੈਂਬਰ ਬਣ ਜਾਂਦੇ ਹਨ, ਜਿਨ੍ਹਾਂ ਉੱਤੇ ਅਪਰਾਧਿਕ ਕੇਸ ਦਰਜ ਹਨ। ਫਿਰ ਸਦਨਾਂ ਵਿੱਚ ਜਾ ਕੇ ਦੇਸ਼-ਹਿੱਤ, ਲੋਕ-ਹਿੱਤ ਦੀ ਗੱਲ ਕਰਨੀ ਸ਼ਾਇਦ ਇਹਨਾਂ ਨੂੰ ਸੁਖਾਵੀਂ ਤੇ ਸਾਰਥਕ ਹੀ ਨਹੀਂ ਜਾਪਦੀ।

ਸੰਸਦ ਵਿੱਚ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸਾਬਕਾ ਸੈਨਾ ਜਨਰਲ ਮਨੋਜ ਮੁਕੁੰਦ ਨਰਵਾਣੇ ਦੀ ਪੁਸਤਕ ਵਿੱਚ ਜ਼ਿਕਰ ਕੀਤੀਆਂ ਕੁਝ ਘਟਨਾਵਾਂ ਅਤੇ ਫ਼ੈਸਲਿਆਂ ਸਬੰਧੀ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੀ ਭੂਮਿਕਾ 'ਤੇ ਸਪੱਸ਼ਟੀਕਰਨ ਹੋਣਾ ਚਾਹੀਦਾ ਹੈ ਤਾਂ ਸੰਸਦ ਵਿੱਚ ਇੱਕ ਯੁੱਧ ਛਿੜ ਗਿਆ। ਇਸ ਚਰਚਾ ਨੂੰ ਨਿਯਮਾਂ ਵਿਰੁੱਧ ਦੱਸਿਆ ਗਿਆ। ਵਿਸ਼ੇਸ਼ ਅਧਿਕਾਰ ਹਨਨ ਦਾ ਮਤਾ ਪੇਸ਼ ਕਰਨ ਦੀਆਂ ਤਰਕੀਬਾਂ ਸੋਚੀਆਂ ਗਈਆਂ। ਸਪੀਕਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਹੋਇਆ। ਹਾਏ-ਹਾਏ ਦੇ ਨਾਅਰੇ ਲੱਗੇ।

ਪਰ ਸਦਨ ਦਾ ਇਹ ਸੈਸ਼ਨ ਸੁਸਤ ਬਜਟ ਬਾਰੇ ਚੁੱਪੀ 'ਤੇ ਚੁੱਪ ਰਿਹਾ। ਕੋਈ ਬਹਿਸ ਨਹੀਂ ਕਰ ਸਕਿਆ। ਵੈਸੇ ਇਸ ਸਦਨ ਵਿੱਚ ਬਹਿਸ ਦੀ ਗੁੰਜਾਇਸ਼ ਹੀ ਕਿੱਥੇ ਹੈ? ਵਿਰੋਧੀ ਬੋਲਣ ਲੱਗਦੇ ਹਨ ਤਾਂ ਸੱਤਾਧਾਰੀ ਰੌਲਾ ਪਾਉਂਦੇ ਹਨ। ਅਵਾਜ਼ ਦਬਾ ਦਿੱਤੀ ਜਾਂਦੀ ਹੈ। ਮਸਲੇ ਸਦਨ ਦੇ ਮੈਂਬਰਾਂ ਦੇ ਝੋਲਿਆਂ ਤੋਂ ਬਾਹਰ ਹੀ ਨਹੀਂ ਨਿਕਲਣ ਦਿੱਤੇ ਜਾਂਦੇ।

ਹਾਂ, ਇੱਕ ਕੰਮ ਜ਼ਰੂਰ ਕਰ ਦਿੱਤਾ ਜਾਂਦਾ ਹੈ ਬਹੁਗਿਣਤੀ ਸਰਕਾਰ ਵੱਲੋਂ ਕਿ ਕਿਸਾਨਾਂ-ਮਜ਼ਦੂਰਾਂ ਦੇ ਵਿਰੋਧੀ ਕਾਨੂੰਨ ਇੱਕੋ ਝਟਕੇ ਵਿੱਚ ਪਾਸ ਕਰ ਦਿੱਤੇ ਜਾਂਦੇ ਹਨ। ਮਗਨਰੇਗਾ ਅਤੇ ਮਜ਼ਦੂਰਾਂ ਵਿਰੋਧੀ ਕਾਨੂੰਨਾਂ ਉੱਤੇ ਚਰਚਾ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ।

ਭਾਰਤ ਦੀ ਸੰਸਦ ਲੋਕਤੰਤਰ ਦਾ ਘਰ ਹੈ। ਇਹ ਸਦਨ ਲੋਕਾਂ ਦੀ ਅਵਾਜ਼ ਸੁਣਨ-ਬਣਨ ਲਈ ਬਣਾਏ ਗਏ ਸਨ, ਪਰ ਅੱਜ ਇਹ ਲੋਕਾਂ ਦੀ ਅਵਾਜ਼ ਬੰਦ ਕਰਨ ਲਈ ਵਰਤੇ ਜਾ ਰਹੇ ਹਨ। ਕਾਰਨ ਸਿੱਧਾ ਤੇ ਸਪੱਸ਼ਟ ਹੈ ਕਿ ਇਸ ਸਦਨ ਵਿੱਚ ਲੋਕ-ਹਿੱਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸੰਸਦ ਵਿੱਚ ਆਪੋ-ਆਪਣੇ ਮਸਲੇ ਪੇਸ਼ ਕਰਨ ਦੀ ਗੱਲ ਗ਼ੈਰਹਾਜ਼ਰ ਹੈ। ਕੇਂਦਰੀਕਰਨ ਦੀ ਰਾਜਨੀਤੀ ਹਾਵੀ ਹੋਣ ਕਾਰਨ ਲੋਕਾਂ ਦੀ ਅਵਾਜ਼ ਜਿਵੇਂ ਪਾਰਟੀ ਪੱਧਰ 'ਤੇ ਦਬਾਈ ਜਾ ਰਹੀ ਹੈ, ਉਵੇਂ ਹੀ ਇਹਨਾਂ ਸਦਨਾਂ 'ਚ ਦੱਬੀ ਜਾ ਰਹੀ ਹੈ। ਸਿੱਟਾ ਆਪਸੀ ਗੁੱਟਬਾਜ਼ੀ ਤੇ ਲੜਾਈ ਵਿੱਚ ਨਿਕਲ ਰਿਹਾ ਹੈ।

ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ-ਕੀ ਸਦਨ ਚਿੰਤਤ ਹੈ? ਦੇਸ਼ ਬੇਰੁਜ਼ਗਾਰੀ ਦਾ ਮਾਰਿਆ ਪਿਆ ਹੈ-ਕੀ ਸਦਨ ਮੈਂਬਰਾਂ ਨੂੰ ਫ਼ਿਕਰ ਹੈ? ਦੇਸ਼ ਵਿੱਚ ਕਾਲੇ ਕਾਨੂੰਨ ਬਣ ਰਹੇ ਹਨ, ਕਿਸਾਨ-ਮਜ਼ਦੂਰ ਵਿਰੋਧੀ-ਕੀ ਵਿਰੋਧੀ-ਸੱਤਾਧਾਰੀ ਮੈਂਬਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੈ? ਦੇਸ਼ ਅੱਜ ਧਰਮ ਦੇ ਨਾਮ 'ਤੇ ਵੰਡਿਆ ਜਾ ਰਿਹਾ ਹੈ। ਫ਼ਿਰਕਾਪ੍ਰਸਤੀ ਵੱਧ ਰਹੀ ਹੈ। ਕੀ ਦੇਸ਼ ਦੀ ਸੰਸਦ ਵਿੱਚ ਇਸ ਸਬੰਧੀ ਕਿਸੇ ਚਰਚਾ ਕੀਤੀ ਹੈ? ਬੁਲਡੋਜ਼ਰ ਦੀ ਨੀਤੀ ਭਾਰੂ ਹੋ ਰਹੀ ਹੈ। ਨੇਤਾ-ਸ਼ਾਸਕ ਆਪੇ ਜੱਜ ਬਣ ਰਹੇ ਹਨ। ਕੀ ਸਦਨ ਦੇ ਮੈਂਬਰ ਇਸ ਸਬੰਧੀ ਸੁਚੇਤ ਹਨ? ਕੀ ਦੇਸ਼ ਦੇ ਕੁਦਰਤੀ ਸਾਧਨ ਕਾਰਪੋਰੇਟਾਂ ਹੱਥ ਗਿਰਵੀ ਕੀਤੇ ਜਾ ਰਹੇ ਹਨ-ਇਸ ਸਬੰਧੀ ਕਦੇ ਸੰਸਦ ਵਿੱਚ ਕੁਝ ਤੱਥ 'ਤੇ ਵਿਚਾਰ ਕਿਸੇ ਮੈਂਬਰ ਨੇ ਰੱਖੇ ਹਨ?

ਲੋਕਤੰਤਰ ਦਾ ਦਰਵਾਜ਼ਾ ਭਾਰਤੀ ਸਦਨ ਰੂਹ ਦੇ ਪੱਖੋਂ ਖਾਮੋਸ਼ ਹੈ, ਇਹ ਬੜਬੋਲੀ ਤੇ ਹਮਲਾਵਰ ਹੋਈ ਜ਼ਰੂਰ ਦਿਖਦੀ ਹੈ। "ਵਿਸ਼ੇਸ਼ ਅਧਿਕਾਰ ਹਨਨ" ਲਿਆਉਣ ਦੇ ਮਾਮਲੇ 'ਤੇ ਦੇਸ਼ ਦਾ ਵਿਰੋਧੀ ਧਿਰ ਨੇਤਾ ਇਹ ਤਾਂ ਕਹਿੰਦਾ ਹੈ, "ਮੈਨੂੰ ਪਾਰਲੀਮੈਂਟ ਵਿੱਚੋਂ ਕੱਢ ਦਿਓ, ਮੈਂ ਡਰਨ ਵਾਲਾ ਨਹੀਂ ਹਾਂ। ਮੈਂ ਸੱਚ ਦੇ ਨਾਲ਼ ਖੜ੍ਹਾ ਹਾਂ। ਮੈਂ ਕਿਸਾਨ ਦੇ ਨਾਲ਼ ਖੜ੍ਹਾ ਹਾਂ। ਮੈਂ ਮਜ਼ਦੂਰ ਦੇ ਨਾਲ਼ ਖੜ੍ਹਾ ਹਾਂ।" ਪਰ ਕੀ ਇਹ ਸ਼ਹੀਦ ਦਾ ਦਰਜਾ ਪ੍ਰਾਪਤ ਕਰਨ ਦਾ ਯਤਨ ਤਾਂ ਨਹੀਂ?

ਸੰਸਦ ਦੇ ਸਮਾਗਮਾਂ 'ਤੇ ਕਰੋੜਾਂ ਰੁਪਏ ਪ੍ਰਤੀ ਦਿਨ ਦਾ ਖ਼ਰਚ ਹੈ। ਪਾਰਲੀਮੈਂਟ ਸਦਨ ਲੋਕਾਂ ਦੇ ਦਿੱਤੇ ਟੈਕਸ ਦੇ ਪੈਸਿਆਂ ਦੀ ਦੁਰਵਰਤੋਂ ਦਾ ਸਥਾਨ ਬਣ ਚੁੱਕੇ ਹਨ, ਜਿਹੜੇ ਆਮ ਲੋਕਾਂ ਨੂੰ ਕੋਈ ਰਾਹਤ ਜਾਂ ਚੈਨ ਨਹੀਂ ਦੇ ਰਹੇ। ਲੋਕਤੰਤਰ ਦਾ ਪਵਿੱਤਰ ਥਾਂ ਬਣਨ ਦੀ ਥਾਂ ਦੰਗਲ ਦਾ ਅਖਾੜਾ ਬਣ ਰਹੇ ਹਨ। ਇਹ ਸੱਚਮੁੱਚ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ

ਵਿਸ਼ਾ: ਸਵਰਗੀ ਸ੍ਰੀ ਹਰਚਰਨ ਸਿੰਘ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰਬਰ 50, ਸੈਕਟਰ 47-ਡੀ, ਚੰਡੀਗੜ੍ਹ (ਸੀ.ਪੀ. 2339) ਦੇ ਸੰਬੰਧ ਵਿੱਚ 16.67% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਰਿਕਾਰਡ ਅਨੁਸਾਰ ਸ੍ਰੀ ਹਰਚਰਨ ਸਿੰਘ ਵਪਾਰਕ ਐਸ.ਸੀ.ਓ. ਨੰਬਰ 50, ਸੈਕਟਰ 47-ਡੀ, ਚੰਡੀਗੜ੍ਹ ਦੇ 16.67% ਹਿੱਸੇ ਦੇ ਮਾਲਕ/ਪੱਟੇਦਾਰ ਹਨ। ਭੁਪਿੰਦਰ ਸਿੰਘ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ੍ਰੀ. ਹਰਚਰਨ ਸਿੰਘ ਦੀ ਮੌਤ 16/09/2025 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) ਸੁਰਜੀਤ ਕੌਰ (ਪਤਨੀ) (2) ਭੁਪਿੰਦਰ ਸਿੰਘ (ਪੁੱਤਰ) (3) ਰੁਪਿੰਦਰ ਸਿੰਘ (ਪੁੱਤਰ)। ਹੁਣ, ਭੁਪਿੰਦਰ ਸਿੰਘ ਨੇ 20/01/2023 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਸ੍ਰੀ ਹਰਚਰਨ ਸਿੰਘ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 16.67% ਹਿੱਸੇ ਦੀ ਹੱਦ ਤੱਕ ਵਪਾਰਕ ਐਸਸੀਓ ਨੰਬਰ 50, ਸੈਕਟਰ 47-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ

---

pnb ਪੰਜਾਬ ਨੈਸ਼ਨਲ ਬੈਂਕ ਭਰੋਸੇ ਦਾ ਪ੍ਰਤੀਕ !

ਏਆਰਐਮਬੀ ਜਲੰਧਰ

ਸੋਧ

ਲੜੀ ਨੰਬਰ 2 ਅਤੇ ਲਾਟ: 1 'ਤੇ ਦੱਸੇ ਗਏ ਮੈਸਰਜ਼ ਐਸਆਰ ਮੋਟਰਜ਼, ਹਰਿਆਣਾ, ਹੁਸ਼ਿਆਰਪੁਰ (068200) ਸ਼ਾਖਾ ਦੇ ਖਾਤੇ ਲਈ 14.02.2026 ਨੂੰ ਦ ਪਾਇਨੀਅਰ ਅਤੇ ਚੜ੍ਹਦੀਕਲਾ ਵਿੱਚ ਪ੍ਰਕਾਸ਼ਿਤ ਸਾਡੇ ਈ-ਨਿਲਾਮੀ ਵਿਕਰੀ ਨੋਟਿਸ ਦਾ ਹਵਾਲਾ ਦਿਓ। ਹੁਣ ਇਸ ਜਾਇਦਾਦ ਵਿੱਚ ਕਿਰਪਾ ਕਰਕੇ ਸੰਕੇਤਕ ਕਬਜ਼ੇ ਦੀ ਬਜਾਏ ਭੌਤਿਕ ਕਬਜ਼ੇ ਵਜੋਂ ਕਬਜ਼ੇ ਦੀ ਕਿਸਮ ਪੜ੍ਹੋ।

ਅਧਿਕਾਰਤ ਅਧਿਕਾਰੀ

ਸਟੇਟ ਬੈਂਕ ਆਫ਼ ਇੰਡੀਆ

ਸਟਰੈਸਡ ਅਸੈਟਸ ਦੀ ਰਿਕਵਰੀ ਸ਼ਾਖਾ, ਜ਼ਮੀਨੀ ਮੰਜ਼ਿਲ, ਜ਼ੋਨਲ ਬਿਜ਼ਨਸ ਦਫ਼ਤਰ ਇਮਾਰਤ, ਫਾਊਂਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ, 141 001

ਸੋਧ

ਇਹ 05.02.2026 ਨੂੰ ਅਖ਼ਬਾਰਾਂ "ਇੰਡੀਅਨ ਐਕਸਪ੍ਰੈਸ" ਅਤੇ "ਡੇਲੀ ਚੜ੍ਹਦੀਕਲਾ" ਵਿੱਚ ਪ੍ਰਕਾਸ਼ਿਤ ਈ-ਆਕਸ਼ਨ ਨੋਟਿਸ ਦੇ ਹਵਾਲੇ ਨਾਲ ਹੈ ਜੋ ਲੜੀ ਨੰਬਰ 1: ਮੈਸਰਜ਼ ਰਿਸ਼ਭ ਰਾਈਸ ਮਿੱਲਜ਼, ਪ੍ਰਾਪਰਟੀ1 ਆਈਡੀ: SBIN05271695132, ਪ੍ਰਾਪਰਟੀ2 ਆਈਡੀ: SBIN0527100072, ਪ੍ਰਾਪਰਟੀ3 ਆਈਡੀ: SBIN0527100398 ਵਿਖੇ ਖਾਤੇ ਦੇ ਸਬੰਧ ਵਿੱਚ ਹੈ।

ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ1 ਆਈਡੀ: SBIN05271695132 'ਤੇ ਪ੍ਰਾਪਰਟੀ ਦੇ ਵੇਰਵੇ ਵਿੱਚ, ਕਿਰਪਾ ਕਰਕੇ "17" ਮਰਲਾ ਦੀ ਬਜਾਏ "4 ਮਰਲਾ" ਮਾਪ ਪੜ੍ਹੋ।ਬਾਕੀ ਸਾਰੇ ਉਹੀ ਰਹਿਣਗੇ।

ਮਿਤੀ: 17/02/2026 ਸਥਾਨ: ਲੁਧਿਆਣਾ ਅਧਿਕਾਰਤ ਅਧਿਕਾਰੀ

CSB Bank — PUBLIC NOTICE ON AUCTION OF PLEDGED GOLD ORNAMENTS

Trusted Heritage Smart Future

The borrower/s in specific and interested bidders,in general, are hereby informed that on account of non-repayment of the Banks due by the borrowers as under despite the payment notice and recall/auction notice issued by the Bank, the gold ornaments pledged with the bank security by the respective borrowers for the loan avalled by them will be sold in public auction on "as is where is" and "non-recourse" basis through e-auction portal https://gold.samil.in on 02nd March 2026 at 10.30 AM. The auction may be adjourned to any other later date at the discreation of the bank upon publication of the same in the Bank's notice board. The borrowers are hereby further inform that the gold ornaments will be disposed of by private sale if the public auction is not successful and if there is a further balance to be recovered thereafter, legal action will be initiated against the borrower/s for recovery of the balance amounts due to the bank. In case of diseased borrower, all conditions will be applicable to legal heirs.

S. No.	Account Name	Client ID	No.of Acc.	Bal. Outstanding as on 16/02/2026	Weight (grams)
	CHANDIGARH				
1	Rakesh Kumar Verma	7348551	001	6,51,776.43	118.00
	JALANDHAR				
2	Gurpreet Singh	3908309	001	7,84,575.00	148.09
3	Yash Karan Malhotra	5049432	001	55,503.89	9.80
	CHANDIGARH 2				
4	Gurjeet Singh	4960147	002	7,75,508.00	130.70
	GURDASPUR				
5	Raj Kumar	7907806	001	4,82,015.00	81.60
6	Saranjit Singh	5018646	001	1,14,366.00	19.03
	BHATINDA				
7	Mani Singh	10006960	001	1,14,870.63	21.67
8	Rajinder Kumar	8327845	002	15,92,501.85	203.56
	LUDHIANA-2				
9	Ravi Kumar	5026918	003	1,91,733.29	40.00
	JALANDHAR 2- SUS NAGAR				
10	Yash Karan Malhotra	5049432	001	61,538.16	16.00
	AMRITSAR				
11	Harmeet Singh	8279779	001	8,44,853.00	117.14

For more details/account wise information borrowers/interested bidders may contact respective branches and for participating in the auction, please visit/login to the e-auction portal https://gold.samil.in

Punjab/Chandigarh | 18.02.2026 Sd/- Authorized Officer, CSB Bank

---

ਵਸੂਲੀ ਅਧਿਕਾਰੀ ਦਾ ਦਫਤਰ-1/2

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ -160017

ਮੰਗ ਸੂਚਨਾ (ਪ੍ਰਕਾਸ਼ਨ ਰਾਹੀਂ)

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./563/2025 12.12.2025

ਸਟੇਟ ਬੈਂਕ ਆਫ ਇੰਡੀਆ
ਬਨਾਮ
ਸ੍ਰੀ ਜਸਬੀਰ ਸਿੰਘ

ਵੱਲ,

(ਸੀਡੀ-1) **ਸ੍ਰੀ ਜਸਬੀਰ ਸਿੰਘ** ਸਪੁੱਤਰ ਸ੍ਰੀ ਸੁਖਰਾਮ ਸਿੰਘ ਸਪੁੱਤਰ ਸ੍ਰੀ ਸੋਹਣ ਸਿੰਘ ਵਾਸੀ ਪਿੰਡ ਸ਼ੇਰਪੁਰ ਸਾਧਾ, ਤਹਿਸੀਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ, ਪੰਜਾਬ।

(ਸੀਡੀ-2) ਸ੍ਰੀ ਬਲਵਿੰਦਰ ਸਿੰਘ ਸਪੁੱਤਰ ਸ੍ਰੀ ਚਰਨ ਸਿੰਘ ਪਿੰਡ ਸ਼ੇਰਪੁਰ ਸਾਧਾ, ਤਹਿਸੀਲ ਸੁਲਤਾਨਪੁਰ ਲਧੀ, ਜ਼ਿਲ੍ਹਾ ਕਪੂਰਥਲਾ, ਪੰਜਾਬ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/517/2020 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 22.03.2020 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 8.00% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 27,45,209.00(ਰੁਪਏ ਸਤਾਈ ਲੱਖ ਪੰਤਾਲੀ ਹਜ਼ਾਰ ਦੋ ਸੌ ਨੌਂ ਕੇਵਲ) ਦੀ ਰਕਮ ਅਤੇ ਰੁ. 30000 (ਰੁਪਏ ਤੀਹ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਸਧਾਰਨ ਢੰਗ ਨਾਲ ਤੁਹਾਨੂੰ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ **26.03.2026 ਨੂੰ ਸਵੇਰੇ 10.30 ਵਜੇ** ਇਸ ਟ੍ਰਿਬਿਊਨਲ ਕੋਲ ਹਾਜ਼ਰੀ ਲਗਵਾਓ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

5. **ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :**

(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ

(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 12.12.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮਾਮਲਾ ਨੰ.: ਓਏ/182/2023

ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ੲ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ

ਈਐਕਸਐਚ ਨੰ. 28932

ਯੂਕੋ ਬੈਂਕ
ਬਨਾਮ
ਸੁਰਿੰਦਰ ਕੌਰ ਅਤੇ ਹੋਰ

ਵੱਲ,

(1) ਸੁਰਿੰਦਰ ਕੌਰ (ਮ੍ਰਿਤਕ) ਵਿਧਵਾ ਕਰਮ ਸਿੰਘ ਰਾਹੀਂ ਇਸ ਦੇ ਕਾਨੂੰਨੀ ਵਾਰਸਾਂ ਦੇ ਨਾਮਾਂ ਰਾਹੀਂ

(I) ਦਲਜੀਤ ਸਿੰਘ ਪੁੱਤਰ ਕਰਮ ਸਿੰਘ

(II) ਰਾਮਨਿੰਦਰ ਸਿੰਘ ਪੁੱਤਰ ਕਰਮ ਸਿੰਘ, ਦੋਵੇਂ ਵਾਸੀ ਮੁਹੱਲਾ ਗੁਰੂ ਤੇਗ ਬਹਾਦੁਰ ਨਗਰ, ਜਗਰਾਓਂ, ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ

(2) ਰਾਮਨਿੰਦਰ ਸਿੰਘ ਪੁੱਤਰ ਕਰਮ ਸਿੰਘ ਵਾਸੀ ਮੁਹੱਲਾ ਗੁਰੂ ਤੇਗ ਬਹਾਦੁਰ ਨਗਰ, ਜਗਰਾਓਂ, ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ

ਸੰਮਨ

ਜਿਥੇ ਕਿ, ਓਏ/182/2023, 08.01.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 24,36,881/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ.ਏ.) ਕਾਨੂੰਨ **ਦੀ ਧਾਰਾ 19 (4)** ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ **ਲੜੀ ਨੰ.** 3ੲ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ **ਲੜੀ ਨੰ.** 3ੲ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ੲ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **01.04.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 13.01.2026 ਨੂੰ ਜਾਰੀ।

ਵਿਧਾਇਕ ਕੁਲਵੰਤ ਸਿੰਘ ਨੇ ਕੀਤਾ ਚੌਥੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ

ਮੋਹਾਲੀ, 17 ਫਰਵਰੀ (ਹਰਦੀਪ ਕੌਰ) : ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੋਹਾਲੀ ਹਲਕੇ ਤੋਂ ਅੱਜ ਚੌਥੀ ਬੱਸ ਰਵਾਨਾ ਕੀਤੀ ਗਈ। ਇਹ ਬੱਸ ਫ਼ੇਜ਼- 11 ਦੇ ਵਾਰਡ ਨੰ- 16 ਦੇ ਸਪੋਰਟਸ ਕੰਪਲੈਕਸ ਤੋਂ ਕੁਲਵੰਤ ਸਿੰਘ -ਹਲਕਾ ਵਿਧਾਇਕ ਦੁਆਰਾ ਹਰੀ ਝੰਡੀ ਦਿਖਾ ਕੇ ਰਵਾਨਾ ਕੀਤੀ ਗਈ। ਇਸ ਤੋਂ ਪਹਿਲਾਂ ਵੀ ਮੁੱਖ ਮੰਤਰੀ ਬਸ ਤੀਰਥ ਯਾਤਰਾ ਮੁਹਿੰਮ ਦੇ ਤਹਿਤ ਗੁਰਦੁਆਰਾ ਸਿੰਘ ਸਭਾ ਫੇਜ਼ - 11 ਤੋਂ ਸ਼ਰਧਾਲੂਆਂ ਦਾ ਇੱਕ ਜੱਥਾ ਯਾਤਰਾ ਕਰ ਚੁੱਕਾ ਹੈ,ਵਿਧਾਇਕ ਮੋਹਾਲੀ ਕੁਲਵੰਤ ਸਿੰਘ ਹੋਰਾਂ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ , ਦੁਰਗਿਆਨਾ ਮੰਦਰ, ਜਲ੍ਹਿਆਂਵਾਲਾ ਬਾਗ , ਵਾਲਮੀਕੀ ਮੰਦਰ, ਰਾਮ ਤੀਰਥ ਅਤੇ ਬਾਹਘਾ ਬਾਰਡਰ ਆਦਿ ਜਾ ਕੇ ਵਾਪਸ ਮੋਹਾਲੀ ਪਰਤਣਗੇ ਅਤੇ ਫਿਰ ਤੋਂ ਇਹ ਦੁਬਾਰਾ ਇਹ ਬਸ ਹੋਰ 40 ਯਾਤਰੀ ਲੈ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ, ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਅਜਿਹੀ ਸਰਕਾਰ ਹੈ ਜਿਸ ਨੇ ਹੋਰਨਾਂ ਸੂਬਿਆਂ ਦੀ ਤੁਲਨਾ ਸਭ ਤੋਂ ਪਹਿਲਾਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ , ਉਹਨਾਂ ਕਿਹਾ ਕਿ ਬੇਸ਼ੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਜੋ ਗਰੰਟੀਆਂ ਅਤੇ ਜੋ ਵਾਅਦੇ ਲੱਗੀਆਂ ਵਿਧਾਨ ਸਭਾ ਚੋਣਾਂ ਦੇ ਵਿੱਚ ਲੋਕਾਂ ਨੂੰ ਕੀਤੇ ਗਏ ਸਨ ਉਹਨਾਂ ਨੂੰ ਲਗਭਗ ਪੂਰੇ ਕਰ ਲਿਆ ਗਿਆ ਹੈ ਅਤੇ 1100 ਪ੍ਰਤੀ ਮਹੀਨਾ ਮਹਿਲਾਵਾਂ ਨੂੰ ਆਗਾਮੀ ਬਜਟ ਸੈਸ਼ਨ ਦੇ ਦੌਰਾਨ ਸ਼ੁਰੂ ਕਰ ਦਿੱਤਾ ਜਾਵੇਗਾ।

ਈ-ਨਿਲਾਮੀ ਵਿਕਰੀ ਸੂਚਨਾ — pnb **ਪੰਜਾਬ ਨੈਸ਼ਨਲ ਬੈਂਕ** ... ਭਰੋਸੇ ਦਾ ਪ੍ਰਤੀਕ ! — ਏਆਰਐਮਬੀ-ਜਲੰਧਰ, ਕੰਪਨੀ ਬਾਗ, ਸਿਵਲ ਲਾਈਨਜ਼, ਜਲੰਧਰ-144001, Phone: 0181-4697613, email: cs8249@pnb.bank.in — ਈ-ਨਿਲਾਮੀ ਵਿਕਰੀ ਸੂਚਨਾ

ਸਰਫਾਇਸੀ ਐਕਟ ਦੀ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6) ਦੇ ਅਧੀਨ ਆਮ ਜਨਤਾ ਲਈ 15/30 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਅਚੱਲ ਸੰਪੱਤੀ/ਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ

1. ਵਿਕਰੀ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ।
2. ਬਿਆਨਾ ਰਕਮ ਅਤੇ ਕੇਵਾਈਸੀ ਪੋਰਟਲ https://baanknet.com ਰਾਹੀਂ ਆਨਲਾਈਨ ਕੀਤੇ ਜਾਣਗੇ।
3. **BAANKNET** ਹੈਲਪ ਡੈਸਕ ਨੰਬਰ +91 8291220220, ਜਾਂ **support.baanknet@psballiance.com** 'ਤੇ ਈਮੇਲ ਲਿਖੋ।

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਚੱਲ/ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†), ਗਿਰਵੀਕਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ (ਆਂ), ਜਿਸ ਦਾ ਉਸਾਰੂ/ਭੌਤਿਕ (ਜੋ ਵੀ ਲਾਗੂ ਹੋਵੇ) ਕਬਜ਼ਾ ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਨਾਮੀ ਕਰਜ਼ਦਾਰ (†), ਗਿਰਵੀਕਾਰ (†) ਅਤੇ ਜ਼ਾਮਨ (†) ਤੋਂ ਪੰਜਾਬ ਨੈਸ਼ਨਲ ਬੈਂਕ, ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਵਿਕਰੀ ਦੀ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਕੀਤੀ ਜਾਵੇਗੀ। ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਚੱਲ/ਅਚੱਲ ਸੰਪੱਤੀ ਦਾ ਸੰਖੇਪ ਵੇਰਵੇ ਨਿਮਨ ਦਰਸਾਏ ਗਏ ਹਨ :

ਲੜੀ ਨੰ.	ਸੰਪੱਤੀ ਆਈਡੀ / ਖਾਤੇ ਦਾ ਨਾਮ / ਕਰਜ਼ਦਾਰ/ਜ਼ਾਮਨਾਂ ਦਾ ਨਾਮ ਅਤੇ ਪਤੇ, ਖਾਤਾ	ਸੰਪੱਤੀ ਆਈਡੀ : ਗਿਰਵੀ ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ (†) ਦੇ ਗਿਰਵੀਕਾਰ	ੳ) ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਦੀ ਮਿਤੀ ਅ) ਬਕਾਇਆ ਰਕਮ ਦੀ ਮਿਤੀ ੲ) ਸਰਫਾਇਸੀ ਐਕਟ 2002 ਦੀ ਧਾਰਾ (2) ਦੇ ਅਧੀਨ ਕਬਜ਼ੇ ਦੀ ਮਿਤੀ ਸ) ਕਬਜ਼ੇ ਦਾ ਸਰੂਪ, ਸੰਕੇਤਕ/ਭੌਤਿਕ/ਉਸਾਰੂ	ੳ) ਰਾਖਵੀਂ ਕੀਮਤ (ਰੁ. ਲੱਖਾਂ 'ਚ) ਅ) ਬਿਆਨਾ ਰਕਮ ਜਮ੍ਹਾਂ ੲ) ਬੋਲੀ ਵਾਧਾ ਰਕਮ	ਨਿਲਾਮੀ ਦੀ ਮਿਤੀ	ਸੁਰੱਖਿਅਤ ਕਰਜ਼ਦਾਤਿਆਂ ਲਈ ਜਾਣੂੰ ਦੇਣਦਾਰੀਆਂ ਦੇ ਵੇਰਵੇ
1.	ਪੀਐਨਬੀ-299900-ਜਲੰਧਰ, ਆਈਬੀਬੀ / ਮੈਸਰਜ਼ ਰੈਕਸਨ ਲੈਬਾਰਟਰੀਜ਼ ਲਿਮਟਿਡ / 1) ਮੈਸਰਜ਼ ਰੈਕਸਨ ਲੈਬਾਰਟਰੀਜ਼ ਲਿਮਟਿਡ ਐਡ: ਡੀ-5 ਸਪੋਰਟਸ ਐਂਡ ਸਰਜੀਕਲ ਕੰਪਲੈਕਸ ਕਪੂਰਥਲਾ ਰੋਡ, ਜਲੰਧਰ-144021, ਈ-ਮੇਲ ਆਈਡੀ: info@rexonlaboratories.com, 2) ਸ੍ਰੀ ਰਾਕੇਸ਼ ਸ਼ਰਮਾ ਪੁੱਤਰ ਸ੍ਰੀ ਵਜ਼ੀਰ ਚੰਦ (ਹੁਣ ਮ੍ਰਿਤਕ ਰਾਹੀਂ ਉਸਦੇ ਕਾਨੂੰਨੀ ਵਾਰਸਾਂ): ਏ. ਸ੍ਰੀ ਪੰਕਜ ਸ਼ਰਮਾ ਪੁੱਤਰ ਸਵਰਗੀ ਸ੍ਰੀ ਰਾਕੇਸ਼ ਸ਼ਰਮਾ ਅਤੇ ਬੀ. ਸ਼੍ਰੀਮਤੀ ਅਰੁਣਾ ਸ਼ਰਮਾ ਪਤਨੀ ਸਵਰਗੀ ਸ੍ਰੀ ਰਾਕੇਸ਼ ਸ਼ਰਮਾ ਮਕਾਨ ਨੰ.96, ਸ਼ਹੀਦ ਊਧਮ ਸਿੰਘ ਨਗਰ ਜਲੰਧਰ, 3) ਸ੍ਰੀ ਪੰਕਜ ਸ਼ਰਮਾ ਸਪੁੱਤਰ ਸਵਰਗੀ ਸ੍ਰੀ ਰਾਕੇਸ਼ ਸ਼ਰਮਾ (ਡਾਇਰੈਕਟਰ/ਜ਼ਾਮਨ) ਮਕਾਨ ਨੰ. 96, ਸ਼ਹੀਦ ਊਧਮ ਸਿੰਘ ਨਗਰ ਜਲੰਧਰ, 4) ਸ੍ਰੀ ਵਿਜੇ ਭਾਰਤ ਪੁੱਤਰ ਸ੍ਰੀ ਵਜ਼ੀਰ ਚੰਦ (ਡਾਇਰੈਕਟਰ/ਜ਼ਾਮਨ) ਮਕਾਨ ਨੰ. 96, ਸ਼ਹੀਦ ਊਧਮ ਸਿੰਘ ਨਗਰ ਜਲੰਧਰ, 5) ਸ੍ਰੀ ਕਰਨ ਸ਼ਰਮਾ ਸਪੁੱਤਰ ਸ੍ਰੀ ਵਿਜੇ ਭਾਰਤ (ਡਾਇਰੈਕਟਰ/ਜ਼ਾਮਨ) ਮਕਾਨ ਨੰ.96, ਸ਼ਹੀਦ ਊਧਮ ਸਿੰਘ ਨਗਰ ਜਲੰਧਰ 6) ਸ਼੍ਰੀਮਤੀ ਅਰੁਣਾ ਸ਼ਰਮਾ ਪਤਨੀ ਸਵਰਗੀ ਸ੍ਰੀ ਰਾਕੇਸ਼ ਸ਼ਰਮਾ (ਜ਼ਾਮਨ) ਮਕਾਨ ਨੰ. 96. ਸ਼ਹੀਦ ਊਧਮ ਸਿੰਘ ਨਗਰ ਜਲੰਧਰ, 7) ਸ੍ਰੀ ਆਦਿਤਿਆ ਸ਼ਰਮਾ (ਜ਼ਾਮਨ) ਮਕਾਨ ਨੰ. 96, ਸ਼ਹੀਦ ਊਧਮ ਸਿੰਘ ਨਗਰ ਜਲੰਧਰ, 8) ਮੈਸਰਜ਼ ਆਰ.ਕੇ. ਫਾਰਮਾਸਿਊਟੀਕਲਜ਼ (ਜ਼ਾਮਨ) ਨੇੜੇ ਜਲੰਧਰ ਪੁਲੀਸ ਬਸਤੀ ਬਾਵਾ ਖੇਲ ਕਪੂਰਥਲਾ ਰੋਡ, ਜਲੰਧਰ, 9) ਮੈਸਰਜ਼ ਪ੍ਰਿਆ ਰਬੜ ਐਂਡ ਪਲਾਸਟਿਕ ਇੰਡਸਟਰੀਜ਼ (ਜ਼ਾਮਨ) ਮਕਾਨ ਨੰ.96, ਸ਼ਹੀਦ ਊਧਮ ਸਿੰਘ ਨਗਰ ਜਲੰਧਰ।	ਸੰਪੱਤੀ ਆਈਡੀ -**PUNB299900REXON1** : ਫੈਕਟਰੀ ਦੀ ਜ਼ਮੀਨ ਅਤੇ ਇਮਾਰਤ ਦੇ ਸਾਰੇ ਹਿੱਸੇ ਸਮੇਤ ਲੀਜ਼ 'ਤੇ ਦਿੱਤੀ ਗਈ ਜਾਇਦਾਦ ਦਾ ਬਰਾਬਰ ਗਿਰਵੀਨਾਮਾ, ਸਪੋਰਟਸ ਐਂਡ ਸਰਜੀਕਲ ਕੰਪਲੈਕਸ, ਕਪੂਰਥਲਾ ਰੋਡ, ਜਲੰਧਰ ਵਿਖੇ ਪਲਾਟ ਡੀ - 3, 4 ਅਤੇ 5 'ਤੇ ਸਥਿਤ 1247.42 ਵਰਗ ਗਜ਼ (49.90 ਮਰਲਾ) ਦਾ ਮਾਪ, ਮੈਸਰਜ਼ ਪ੍ਰਿਆ ਡਰੱਗਜ਼ ਲਿਮਟਿਡ (ਰੈਕਸਨ ਲੈਬਾਰਟਰੀਜ਼ ਲਿਮਟਿਡ) ਦੇ ਨਾਮ 'ਤੇ ਲੀਜ਼ ਡੀਡ ਨੰਬਰ 6750 ਮਿਤੀ 25/09/1995 ਦੁਆਰਾ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੁਆਰਾ ਚਲਾਇਆ ਗਿਆ।	ੳ)15.03.2023, ਅ)ਰੁ.10,73,13,685.27 + ਪੂਰਨ ਭੁਗਤਾਨ ਹੋਣ ਤੱਕ ਲਾਗਤ ਅਤੇ ਫੀਸਾਂ ਸਮੇਤ 28.02.2023 ਤੋਂ ਭਾਵੀ ਵਿਆਜ। ੲ)23.05.2023, ਸ) ਸੰਕੇਤਕ ਕਬਜ਼ਾ	Rs. 3,00,00,000/- Rs. 30,00,000/- Rs. 1,00,000/-	06.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
2.	ਰੋਸ਼ਨ ਰੋਡ ਹੁਸ਼ਿਆਰਪੁਰ (028510) / ਅਸ਼ੋਕ ਕੁਮਾਰ ਸ਼ਰਮਾ ਸਪੁੱਤਰ ਵਿਆਸ ਦੇਵ / ਅਸ਼ੋਕ ਕੁਮਾਰ ਸ਼ਰਮਾ ਪੁੱਤਰ ਵਿਆਸ ਦੇਵ, ਪਿੰਡ ਅਜੋਵਾਲ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ	ਸੰਪੱਤੀ ਆਈਡੀ -**PUNB02851ASHOK01** : 01: ਕੁੱਲ 22 ਮਰਲੇ 7 1/2 ਸਰਸਾਈ 80 ਵਰਗ ਫੁੱਟ ਜ਼ਮੀਨ ਦੇ ਸਾਰੇ ਭਾਗ ਅਤੇ ਹਿੱਸੇ ਹੇਠਾਂ ਦਿੱਤੇ ਅਨੁਸਾਰ ਹਨ:-1) ਜ਼ਮੀਨ ਦਾ ਮਾਪ 12 ਮਰਲੇ 7 1 ਸਰਸਾਈ 03 ਮਰਲੇ 4 1 ਸਰਸਾਈ ਦੀ ਜ਼ਮੀਨ ਦਾ 7/10 ਹਿੱਸਾ ਹੈ, ਜਿਸ ਵਿੱਚ ਖਾਤਾ ਨੰਬਰ 77/85, ਖਸਰਾ ਨੰਬਰ 40//13/2/1/1 (0-5), ਅਤੇ 2 ਮਰਲੇ 06 ਸਰਸਾਈ ਹਿੱਸਾ ਖਾਤਾ ਨੰਬਰ 80/88 ਖਸਰਾ ਨੰਬਰ 40//13/2/1/2 (1-14) ਅਤੇ 02 ਮਰਲੇ 6 ਸਰਸਾਈ 2/15 ਹਿੱਸਾ ਖਾਤਾ ਨੰਬਰ 83/91, ਖਸਰਾ ਨੰਬਰ 40//23/2/1/1(1-0) ਅਤੇ 04 ਮਰਲੇ ਜ਼ਮੀਨ ਦਾ 1/10 ਹਿੱਸਾ ਖਾਤਾ ਨੰਬਰ 312/350, ਖਸਰਾ ਨੰਬਰ 40//24/2(2-0) ਜਮ੍ਹਾਂਬੰਦੀ 2011-12, ਅਜੋਵਾਲ, ਹੁਸ਼ਿਆਰਪੁਰ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ, ਰਜਿਸਟਰਡ ਟ੍ਰਾਂਸਫਰ ਡੀਡ ਨੰ. 717, ਜੈਦ ਬਹੀ ਨੰ. 01, ਜਿਲਦ ਨੰ. 4629, ਪੰਨਾ ਨੰ. 17, ਮਿਤੀ 04/05/2017 ਦੇ ਅਨੁਸਾਰ, ਸ਼੍ਰੀਮਤੀ ਸਰਿਸ਼ਟੀ ਸ਼ਰਮਾ ਪਤਨੀ ਸ੍ਰੀ ਅਸ਼ੋਕ ਕੁਮਾਰ ਦੇ ਨਾਮ 'ਤੇ। 2) 00 ਕਨਾਲ 10 ਮਰਲੇ 80 ਵਰਗ ਫੁੱਟ ਦੀ ਰਿਹਾਇਸ਼ੀ-ਕਮ-ਵਪਾਰਕ ਜਾਇਦਾਦ 'ਤੇ ਮੌਰਗੇਜ ਚਾਰਜ ਦਾ ਵਾਧਾ ਜਿਸਦਾ ਮਾਪ 00 ਕਨਾਲ 10 ਮਰਲਾ 80 ਵਰਗ ਗਜ਼ ਜੋ ਕਿ ਖਾਤਾ ਨੰਬਰ 71/16, ਖਸਰਾ ਨੰਬਰ 40//13/2/1/2(1-14), 14/1/1(3-6) ਪਿੰਡ ਅਜੋਵਾਲ, ਹੁਸ਼ਿਆਰਪੁਰ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਪੂਰਬ: ਜਤਿੰਦਰ ਕੁਮਾਰ ਦੀ ਜ਼ਮੀਨ 35'-0", ਪੱਛਮ: ਰਸਤਾ 35'-0" ਉੱਤਰ: ਮਨਜੀਤ ਸਿੰਘ 80'-0", ਦੱਖਣ: ਵਿਕਰੇਤਾ 80'-0÷, ਵਿਕਰੀ ਡੀਡ ਦੇ ਅਨੁਸਾਰ ਵਸੀਕਾ ਨੰਬਰ 8718, ਮਿਤੀ 05.032010, ਜ਼ਿਲਦ ਨੰਬਰ 2348, ਪੰਨਾ ਨੰਬਰ 32, ਸਬ ਰਜਿਸਟਰਾਰ ਹੁਸ਼ਿਆਰਪੁਰ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਫ਼ਤਰ ਵਿੱਚ, ਸ੍ਰੀ ਅਸ਼ੋਕ ਕੁਮਾਰ ਪੁੱਤਰ ਵਿਆਸ ਦੇਵ ਦੇ ਨਾਮ 'ਤੇ ਦਰਜ ਹੈ।	ੳ)04.09.2018, ਅ) ਰੁ.14,99,823.00 (ਰੁਪਏ ਚੌਦਾਂ ਲੱਖ ਨੜਿਨਵੇਂ ਹਜ਼ਾਰ ਅੱਠ ਸੌ ਤੇਈ ਕੇਵਲ) 31.08.2018 ਤੱਕ ਲਾਗੂ ਵਿਆਜ ਸਮੇਤ, 01.09.2018 ਤੋਂ ਪ੍ਰਭਾਵੀ ਠੇਕਾ ਦਰ 'ਤੇ ਅਗਲੇਰੇ ਵਿਆਜ ਸਮੇਤ 31.08.2018 ਤੱਕ ਬਣਦਾ ਵਿਆਜ ਜਮ੍ਹਾਂ ਫੀਸਾਂ, ਜੇਕਰ ਕੋਈ ਹਨ, ਮਨਫੀ ਵਸੂਲੀਆਂ, ਜੇਕਰ ਕੋਈ ਹਨ, ਪੂਰਨ ਭੁਗਤਾਨ ਹੋਣ ਤੱਕ (ਇਸ ਉਪਰੰਤ 'ਸੁਰੱਖਿਅਤ ਕਰਜ਼' ਵਜੋਂ ਸੰਦਰਭਿਤ) ੲ)19.09.2022, ਸ) ਭੌਤਿਕ ਕਬਜ਼ਾ	Rs. 16,35,000/- Rs. 1,63,500/- Rs. 20,000/-	06.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
3.	ਜਲੰਧਰ ਰੋਡ ਹੁਸ਼ਿਆਰਪੁਰ (0205) / ਮੈਸਰਜ਼ ਹੈਰੀਟੇਜ ਹੋਟਲ, ਫਗਵਾੜਾ ਰੋਡ, ਸਬਜ਼ੀ ਮੰਡੀ ਦੇ ਨੇੜੇ, ਹੁਸ਼ਿਆਰਪੁਰ, / (1) ਸ੍ਰੀ ਹਰਪ੍ਰੀਤ ਸਿੰਘ ਪੁੱਤਰ ਸ੍ਰੀ ਤਾਰਾ ਸਿੰਘ, ਅਤੇ (2) ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਸ੍ਰੀ ਹਰਪ੍ਰੀਤ ਸਿੰਘ, ਮਕਾਨ ਨੰਬਰ ਬੀ-25/21, ਕੀਰਤੀ ਨਗਰ, ਹੁਸ਼ਿਆਰਪੁਰ ਅਤੇ (3) ਜ਼ਾਮਨ ਸ੍ਰੀ ਤਾਰਾ ਸਿੰਘ (ਮ੍ਰਿਤਕ) ਕਾਨੂੰਨੀ ਵਾਰਸਾਂ ਰਾਹੀਂ (i) ਸ੍ਰੀ ਹਰਪ੍ਰੀਤ ਸਿੰਘ ਪੁੱਤਰ ਸਵਰਗਵਾਸੀ ਸ੍ਰੀ ਤਾਰਾ ਸਿੰਘ ਅਤੇ (ii) ਸ੍ਰੀਮਤੀ ਰਘਵੀਰ ਕੌਰ ਪਤਨੀ ਸਵਰਗੀ ਸ੍ਰੀ ਤਾਰਾ ਸਿੰਘ, ਦੋਵੇਂ ਵਾਸੀ ਮਕਾਨ ਨੰਬਰ 25/21, ਕੀਰਤੀ ਨਗਰ, ਹੁਸ਼ਿਆਰਪੁਰ।	ਸੰਪੱਤੀ ਆਈਡੀ -**PUNB0205HERITAG01**: 1) ਵਿਕਰੀ ਡੀਡ ਵਾਸਿਕ ਨੰਬਰ 7473 ਮਿਤੀ 26-03-2004 ਦੇ ਅਨੁਸਾਰ ਵਿੱਚ ਸ਼ਾਮਲ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਸੁਪਰ ਸਟ੍ਰਕਚਰ ਮਾਪ ਠੀਕ ਹੈ 10 ਮਰਲਾ, ਖਾਤਾ ਨੰਬਰ 112/144, 40/292, ਖਸਰਾ 74//16/1/1(3-13), ਐਚ.ਬੀ. ਨੰਬਰ 246, ਪਿੰਡ ਖਵਾਸਪੁਰ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ। ਪੂਰਬ-ਸ੍ਰੀ ਤਾਰਾ ਸਿੰਘ ਅਤੇ ਰਸਤਾ (ਚੌੜਾ 8'-9") 60'-0", ਪੱਛਮ-ਸ੍ਰੀ ਪ੍ਰਗਟ ਸਿੰਘ ਦੀ ਜ਼ਮੀਨ 61'-0", ਉੱਤਰ-ਹੋਰ ਮਾਲਕ 53-9", ਦੱਖਣ-ਸ੍ਰੀ ਜੋਗਿੰਦਰ ਸਿੰਘ 44'-0", ਸ਼੍ਰੀਮਤੀ ਰਘੁਵੀਰ ਕੌਰ ਪਤਨੀ ਸ੍ਰੀ ਤਾਰਾ ਸਿੰਘ ਦੇ ਨਾਮ 'ਤੇ। (2) 0ਕੇ 8 ਮਰਲਾ 6 ਸਰਸਾਹੀ ਅਤੇ ਉਸ 'ਤੇ ਸਥਿਤ ਜਾਇਦਾਦ ਸੁਪਰ ਸਟ੍ਰਕਚਰ ਦੇ ਸਾਰੇ ਹਿੱਸੇ (ਸ੍ਰੀ ਤਾਰਾ ਸਿੰਘ ਦੇ ਨਾਮ 'ਤੇ 13 ਮਰਲੇ ਜ਼ਮੀਨ ਵਿੱਚੋਂ, ਜਿਨ੍ਹਾਂ ਨੇ 4 ਮਰਲੇ 3 ਸਰਸਾਹੀ ਦੀ ਜਾਇਦਾਦ ਸ੍ਰੀ ਹਰਵਰਿੰਦਰ ਸਿੰਘ ਪੁੱਤਰ ਸ੍ਰੀ ਰਣਵੀਰ ਸਿੰਘ ਨੂੰ ਸਾਲ 2002-03 ਲਈ ਜਮ੍ਹਾਂਬੰਦੀ ਅਨੁਸਾਰ ਇੰਤਕਾਲ ਨੰਬਰ 19342 ਦੇ ਜ਼ਰੀਏ ਵੇਚ ਦਿੱਤੀ ਸੀ। ਹੁਣ ਤਾਰਾ ਸਿੰਘ 8 ਮਰਲੇ ਅਤੇ 6 ਸਰਸਾਹੀ ਦੀ ਜਾਇਦਾਦ ਦੇ ਮਾਲਕ ਵਜੋਂ ਦਰਜ ਹੈ) ਖਤਾਨੇ ਵਿੱਚੋਂ। 82/112 ਜਿਸ ਵਿੱਚ ਖਸਰਾ ਨੰਬਰ 74R//16/1/1(3-13) ਐਚ.ਬੀ. ਨੰ.246, ਹੈ, ਪਿੰਡ ਖਵਾਸਪੁਰ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਦੀ ਮਾਲੀਆ ਜਾਇਦਾਦ ਵਿੱਚ ਸਥਿਤ ਸ੍ਰੀ ਤਾਰਾ ਸਿੰਘ ਪੁੱਤਰ ਸ੍ਰੀ ਦਲੀਪ ਸਿੰਘ ਦੇ ਨਾਮ 'ਤੇ ਸਬ ਰਜਿਸਟਰਾਰ ਹੁਸ਼ਿਆਰਪੁਰ ਦੇ ਦਫ਼ਤਰ ਵਿੱਚ ਦਸਤਾਵੇਜ਼ ਨੰਬਰ 234, ਬਹੀ ਨੰਬਰ 1, ਜਿਲਦ ਨੰਬਰ 1592, ਪੰਨਾ ਨੰਬਰ 4, ਮਿਤੀ 16.04.1993 ਅਨੁਸਾਰ ਰਜਿਸਟਰਡ, ਟਾਈਟਲ ਡੀਡ ਦੇ ਅਨੁਸਾਰ ਹੱਦਬੰਦੀ: ਪੂਰਬ-ਰਸਤਾ 60'-6", ਪੱਛਮ-ਹੋਰ ਮਾਲਕ 51'-6" +9'0", ਉੱਤਰ-ਜ਼ਮੀਨ ਕੇਹਰ ਸਿੰਘ 62'-6" ਦੱਖਣ-ਰਸਤਾ 40'-0" + 22'6" ਦੇ ਅਧੀਨ	ੳ.08.02.2018, ਅ. ਰੁ. 2,51,17,970.00 (ਰੁ. ਦੋ ਕਰੋੜ ਇਕਵੰਜਾ ਲੱਖ ਸਤਾਰਾਂ ਹਜ਼ਾਰ ਨੌਂ ਸੌ ਸੈਂਤਰ ਕੇਵਲ) ਜਮ੍ਹਾਂ 01.10.2017 ਤੋਂ ਪ੍ਰਭਾਵੀ ਭਾਵੀ ਵਿਆਜ, ਲਾਗਤਾਂ ਅਤੇ ਹੋਰ ਲਾਗੂ ਫੀਸਾਂ, ਮਨਫੀ ਵਸੂਲੀਆਂ, ਜੇਕਰ ਕੋਈ ਹਨ, ਇਸ ਉਪਰੰਤ ਸੁਰੱਖਿਅਤ ਕਰਜ਼ ਵਜੋਂ ਸੰਦਰਭਿਤ। ੲ. 25.04.2018, ਸ. ਸੰਕੇਤਕ ਕਬਜ਼ਾ	Rs. 51,00,000/- Rs. 5,10,000/- Rs. 50,000/-	06.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
4.	ਪੈਨਸ਼ਨ ਸ਼ਾਖਾ (681700) / ਮੈਸਰਜ਼ ਪੀ.ਐਸ. ਹੈਂਡੀਕ੍ਰਾਫਟ / ਮੈਸ. ਪੀ.ਐਸ. ਹੈਂਡੀਕ੍ਰਾਫਟ ਪ੍ਰੋਪ: ਪਰਮਿੰਦਰ ਸਿੰਘ, ਸ੍ਰੀ ਦਰਸ਼ਨ ਸਿੰਘ ਪੁੱਤਰ ਨਰਾਇਣ ਸਿੰਘ (ਜ਼ਾਮਨ), ਦੋਵੇਂ ਪਿੰਡ ਛਾਉਣੀ ਕਲਾਂ, ਰਾਮ ਕਲੋਨੀ ਕੈਂਪ, ਹੁਸ਼ਿਆਰਪੁਰ 146001।	ਸੰਪੱਤੀ ਆਈਡੀ -**PUNB2OQ24516895**: ਪਿੰਡ ਚੌਨੀ ਕਲਾਂ ਹਦਬਸਤ ਨੰਬਰ 24//9/2(4-4), ਖਾਤਾ ਨੰਬਰ 415/484 ਤੋਂ ਬਣੀ 3 ਕਨਾਲ 11 ਮਰਲੇ ਜੰਡ ਸੁਪਰਸਟਰੱਕਚਰ ਦੇ ਸਾਰੇ ਭਾਗ ਅਤੇ ਹਿੱਸੇ ਪਿੰਡ ਚੌਨੀ ਕਲਾਂ ਹਦਬਸਤ ਨੰਬਰ 2 ਵਿਖੇ ਸਥਿਤ ਖਸਰਾ ਨੰਬਰ 24//9/2(4-4), ਖਾਤਾ ਨੰਬਰ 415/484 ਤੋਂ ਬਾਹਰ ਬਣੀ 3 ਕਨਾਲ 11 ਮਰਲੇ 348 ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਜੰਡ ਸੁਪਰਸਟਰੱਕਚਰ ਦੀ ਅਚੱਲ ਜਾਇਦਾਦ, ਉਸ ਉੱਤੇ ਬਣੇ ਸੁਪਰਸਟਰੱਕਚਰ ਸਮੇਤ, ਅਤੇ ਟਰਾਂਸਫਰ ਡੀਡ ਰਾਹੀਂ ਸ੍ਰੀ ਪਰਮਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਨਾਮ 'ਤੇ ਸਬ ਰਜਿਸਟਰਾਰ ਹੁਸ਼ਿਆਰਪੁਰ ਦੇ ਦਫ਼ਤਰ ਵਿੱਚ ਵਸੀਕਾ ਨੰਬਰ 7462, ਜੈਦ ਬਹੀ ਨੰਬਰ 01, ਜਿਲਦ ਨੰਬਰ 4565, ਡੀ ਸਫਾ ਨੰਬਰ 12 ਮਿਤੀ 01.03.2017 ਦੁਆਰਾ ਰਜਿਸਟਰ ਕੀਤਾ ਗਿਆ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਹੈ: ਉੱਤਰ: ਸ਼੍ਰੀਮਤੀ ਸੁਖਵਿੰਦਰ ਕੌਰ 200'0", ਦੱਖਣ: ਸ੍ਰੀ ਮਨਮਿੰਦਰ ਸਿੰਘ 200'0", ਪੂਰਬ: ਸ੍ਰੀ ਗੁਰਬਖਸ਼ ਸਿੰਘ 96'8", ਪੱਛਮ: ਸੜਕ 96'8"	ੳ.05.05.2021, ਅ. ਰੁ. 74,71,328.00 (ਰੁ. ਚੁਹੱਤਰ ਲੱਖ ਇਕਹੱਤਰ ਹਜ਼ਾਰ ਤਿੰਨ ਸੌ ਅਠਾਈ ਕੇਵਲ) 31.03.2021 ਨੂੰ ਜਮ੍ਹਾਂ 01.04.2021 ਤੋਂ ਪ੍ਰਭਾਵੀ ਠੇਕਾ ਦਰ 'ਤੇ ਵਿਆਜ ਜਮ੍ਹਾਂ ਹੋਰ ਫੀਸਾਂ, ਮਨਫੀ ਵਸੂਲੀ, ਜੇਕਰ ਕੋਈ ਹੈ, ਪੂਰਨ ਭੁਗਤਾਨ ਹੋਣ ਤੱਕ। ੲ. 05.07.2024, ਸ. ਭੌਤਿਕ ਕਬਜ਼ਾ	Rs. 51,00,000/- Rs. 5,10,000/- Rs. 50,000/-	06.03.2026 From 11.00 AM to 4.00 PM	ਕਨੈਕਸ਼ਨ ਨੰ. 3242282 8 (H23SP4000077) ਦੇ ਰੁ. 10,20,755/- ਦੇ ਬਕਾਇਆ ਬਿਜਲੀ ਬਿੱਲ ਪੀਐਸਪੀਸੀਐਲ, ਸਿਵਲ ਲਾਈਨਜ਼, ਹੁਸ਼ਿਆਰਪੁਰ ਦੇ ਪੱਤਰ ਮਿਤੀ 06.08.2024 ਦੇ ਅਨੁਸਾਰ।
5.	ਜੇਸੀਡੀਏਵੀ ਦਸੂਆ (470000) / ਮਹਿੰਦਰ ਸਿੰਘ ਵਾਲੀਆ ਪੁੱਤਰ ਲਖਵੀਰ ਸਿੰਘ / ਮਹਿੰਦਰ ਸਿੰਘ ਵਾਲੀਆ ਪੁੱਤਰ ਲਖਵੀਰ ਸਿੰਘ (ਕਰਜ਼ਦਾਰ): 1. ਮਹਿੰਦਰ ਸਿੰਘ ਵਾਲੀਆ ਪੁੱਤਰ ਲਖਵੀਰ ਸਿੰਘ ਵਾਸੀ ਮਕਾਨ ਨੰ. 133, ਵਾਰਡ ਨੰ. 7, ਕਸਬਾ ਰੋਡ, ਦਸੂਹਾ, ਹੁਸ਼ਿਆਰਪੁਰ।	ਸੰਪੱਤੀ 1 ਆਈਡੀ -**PUNB4700MOHIND01** : ਦਸੂਹਾ ਵਿੱਚ ਸਥਿਤ 0 ਕੇ-7 ਮਰਲੇ, ਲਾਲ ਲਕੀਰ ਵਿੱਚ ਸਥਿਤ ਜਾਇਦਾਦ ਦੀ ਮਾਪ, ਜੋ ਕਿ ਮਨਪ੍ਰੀਤ ਕੌਰ ਵਾਲੀਆ ਦੇ ਨਾਮ 'ਤੇ ਸਬ-ਰਜਿਸਟਰਾਰ ਦਸੂਹਾ ਦੇ ਦਫ਼ਤਰ ਵਿੱਚ ਵਾਸਿਕਾ ਨੰਬਰ 602, ਮਿਤੀ 03.06.2016, ਜ਼ੈਦ ਬਹੀ ਨੰਬਰ 1, ਜਿਲਦ ਨੰਬਰ 0, ਡੀ ਸਫਾ ਨੰਬਰ 0 ਦੇ ਅਨੁਸਾਰ ਰਜਿਸਟਰਡ ਹੈ, ਅਤੇ ਹੱਦਬੰਦੀ :ਪੂਰਬ : ਪ੍ਰਾਈਵੇਟ ਰਸਤਾ, ਪੱਛਮ: ਪੰਡਿਤ ਚੁੰਨੀ ਲਾਲ, ਉੱਤਰ: ਮੁਲਕ ਰਾਜ ਦਾ ਮਕਾਨ, ਦੱਖਣ: ਹਰੀ ਰਾਮ ਅਤੇ ਮਹਿੰਦਰ ਸਿੰਘ ਦਾ ਮਕਾਨ	ੳ.14.12.2023, ਅ. ਰੁ. 28,46,591.00 (ਰੁ. ਅਠਾਈ ਲੱਖ ਛਿਆਲੀ ਹਜ਼ਾਰ ਪੰਜ ਸੌ ਇਕਾਨਵੇਂ ਕੇਵਲ) 12.01.2017 ਨੂੰ, 31.12.2016 ਤੱਕ ਗਿਣੇ ਜਾਣ ਵਾਲਾ ਵਿਆਜ, 01.01.2017 ਤੋਂ ਪ੍ਰਭਾਵੀ ਠੇਕਾ ਦਰ 'ਤੇ ਅਗਲੇਰਾ ਵਿਆਜ ਜਮ੍ਹਾਂ ਫੀਸਾਂ, ਜੇਕਰ ਕੋਈ ਹੈ, ਮਨਫੀ ਵਸੂਲੀਆਂ (ਜੇਕਰ ਕੋਈ ਹਨ) ਪੂਰਨ ਭੁਗਤਾਨ ਹੋਣ ਤੱਕ। (ਇਸ ਉਪਰੰਤ "ਸੁਰੱਖਿਅਤ ਕਰਜ਼" ਵਜੋਂ ਸੰਦਰਭਿਤ) ੲ. 25.02.2025, ਸ. ਭੌਤਿਕ ਕਬਜ਼ਾ	Rs. 10,20,000/- Rs. 1,02,000/- Rs. 10,000/-	06.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 2 ਆਈਡੀ -**PUNB4700MOHIND02**: ਲਾਟ 2. ਦਸੂਹਾ ਵਿੱਚ ਸਥਿਤ 0 ਕੇ-31 1/2 ਮਰਲੇ, ਜੋ ਕਿ ਲਾਲ ਲਕੀਰ ਵਿੱਚ ਸਥਿਤ ਹੈ, ਜੋ ਕਿ ਮਨਪ੍ਰੀਤ ਕੌਰ ਵਾਲੀਆ ਦੇ ਨਾਮ 'ਤੇ ਸਬ-ਰਜਿਸਟਰਾਰ ਦਸੂਹਾ ਦੇ ਦਫ਼ਤਰ ਵਿੱਚ ਵਾਸਿਕਾ ਨੰਬਰ 601, ਮਿਤੀ 03.06.2016, ਜ਼ੈਦ ਬਹੀ ਨੰਬਰ 1, ਜਿਲਦ ਨੰਬਰ 0, ਡੀ ਸਫਾ ਨੰਬਰ ਦੇ ਅਨੁਸਾਰ ਰਜਿਸਟਰਡ ਹੈ। 0, ਅਤੇ ਹੱਦਬੰਦੀ ਪੂਰਬ: ਪ੍ਰੀਤਮ ਲਾਲ, ਪੱਛਮ: ਹਰੀ ਰਾਮ ਦਾ ਮਕਾਨ, ਉੱਤਰ: ਮਹਿੰਦਰ ਸਿੰਘ ਵਾਲੀਆ, ਦੱਖਣ: ਹਰੀ ਰਾਮ ਦਾ ਮਕਾਨ	ੲ. 25.02.2025, ਸ. ਭੌਤਿਕ ਕਬਜ਼ਾ	Rs. 12,30,000/- Rs. 1,23,000/- Rs. 10,000/-	06.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
6.	ਕਪੂਰਥਲਾ ਮੇਨ 0258 / ਮੈਸ. ਅਨੀਸ਼ ਇੰਟਰਪ੍ਰਾਇਜ਼ਿਜ਼ / 1) ਮੈਸ. ਅਨੀਸ਼ ਇੰਟਰਪ੍ਰਾਇਜ਼ਿਜ਼ (ਮਲਕੀਅਤ), 2) ਪ੍ਰੋਪਰਾਈਟਰ: ਸ੍ਰੀ ਅਨੀਸ਼ ਅਗਰਵਾਲ ਪੁੱਤਰ ਸ੍ਰੀ ਸ਼ਾਮ ਸੁੰਦਰ ਅਗਰਵਾਲ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਅਗਰਵਾਲ, 15, ਨਵੀਂ ਸਬਜ਼ੀ ਮੰਡੀ, ਨਕੋਦਰ ਰੋਡ, ਕਪੂਰਥਲਾ 144601, ਜ਼ਾਮਨ/ਗਿਰਵੀਕਾਰ: 1) ਸ੍ਰੀ ਸ਼ਾਮ ਸੁੰਦਰ ਅਗਰਵਾਲ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਅਗਰਵਾਲ, 15, ਨਵੀਂ ਸਬਜ਼ੀ ਮੰਡੀ, ਨਕੋਦਰ ਰੋਡ, ਕਪੂਰਥਲਾ 144601, 2) ਸ਼੍ਰੀਮਤੀ ਕਵਿਤਾ ਅਗਰਵਾਲ ਪਤਨੀ ਸ੍ਰੀ ਸ਼ਾਮ ਸੁੰਦਰ ਅਗਰਵਾਲ, 15, ਨਿਊ ਸਬਜ਼ੀ ਮੰਡੀ, ਨਕੋਦਰ ਰੋਡ, ਕਪੂਰਥਲਾ 144601, 3) ਸ਼੍ਰੀਮਤੀ ਹਿਮਾਨੀ ਅਗਰਵਾਲ ਸਪੁੱਤਰੀ ਸ੍ਰੀ ਸ਼ਾਮ ਸੁੰਦਰ ਅਗਰਵਾਲ, 15, ਨਿਊ ਸਬਜ਼ੀ ਮੰਡੀ, ਨਕੋਦਰ ਰੋਡ, ਕਪੂਰਥਲਾ 144601	ਸੰਪੱਤੀ 1 ਆਈਡੀ -**PUNBANISH0258**: ਨਵੀਂ ਸਬਜ਼ੀ ਮੰਡੀ ਕਪੂਰਥਲਾ ਵਿਖੇ ਸਥਿਤ ਆਈਪੀ ਦਾ ਈਐਮ, ਐਸਸੀਐਫ (ਜਨਰਲ) ਪਲਾਟ ਨੰਬਰ 15 (ਦੁਕਾਨ ਕਮ ਫਲੈਟ) 15X60 ਵਰਗ ਫੁੱਟ ਦਾ ਮਾਪ, ਸ੍ਰੀ ਸ਼ਾਮ ਸੁੰਦਰ ਅਗਰਵਾਲ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਦੀ ਮਲਕੀਅਤ ਅਤੇ ਕਬਜ਼ੇ ਵਿੱਚ, ਰਜਿਸਟਰਡ ਵਿਕਰੀ ਡੀਡ 05.12.1990 ਰਾਹੀਂ ਵਸੀਕਾ ਨੰਬਰ 2300 ਦੇ ਅਨੁਸਾਰ।	ੳ)06.10.2021, ਅ) 30.09.2021 ਨੂੰ ਬਕਾਇਆ ਰਕਮ ਰੁ. 1,36,30,402.38/-(ਰੁਪਏ ਇੱਕ ਕਰੋੜ ਛੱਤੀ ਲੱਖ ਤੀਹ ਹਜ਼ਾਰ ਚਾਰ ਸੌ ਦੋ ਅਤੇ ਅਠੱਤੀ ਪੈਸੇ ਕੇਵਲ) + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ। ੲ)14.01.2025, ਸ) ਸੰਕੇਤਕ ਕਬਜ਼ਾ	Rs. 53,55,000/- Rs. 5,36,000/- Rs. 10,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 2 ਆਈਡੀ -**PUNBANISHKADUPUR**-ਪਿੰਡ ਕਦੂਪੁਰ, ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ 10 ਮਰਲੇ ਦੇ ਪਲਾਟ ਦਾ ਈਐਮ ਜ਼ਮੀਨ ਕੁੱਲ 10 ਮਰਲੇ ਹੇਠ ਲਿਖੇ ਅਨੁਸਾਰ:- ਵਿਕਰੀ ਡੀਡ ਨੰਬਰ 3778 ਮਿਤੀ 30.03.2017 ਸ਼੍ਰੀਮਤੀ ਹਿਮਾਨੀ ਅਗਰਵਾਲ ਦੇ ਨਾਮ 'ਤੇ 5 ਮਰਲੇ ਦੀ ਜ਼ਮੀਨ, ਵਿਕਰੀ ਡੀਡ ਨੰਬਰ 3779 ਮਿਤੀ 30.03.2017 ਸ਼੍ਰੀਮਤੀ ਕਵਿਤਾ ਅਗਰਵਾਲ ਦੇ ਨਾਮ 'ਤੇ 5 ਮਰਲੇ ਦੀ ਜ਼ਮੀਨ ਜੋ ਕਿ 195-5 ਮਰਲੇ ਦੀ ਜ਼ਮੀਨ ਵਿੱਚੋਂ 5/3905 ਹਿੱਸਾ ਹੈ, ਜਿਸ ਵਿੱਚ ਖੇਵਟ ਖਾਤਾ ਨੰਬਰ 26/31 ਤੋਂ 40, ਖਸਰਾ ਨੰਬਰ 205/4-8, 387 ਮਿਨ ਪੂਰਬ/4-10, 87/0-16, 222/6-4, 223/3-12, 224/11-10, 225/2-14, 206 ਮਿਟ ਪੱਛਮ/5-2, 214/8-0, 215/8-0, 216/8-0, 217/8-0, 218/4-0, 220/3-2, 232/5-4, 206 ਮਿਨ ਪੂਰਬ/2-0, 207/1-1, 208/1-10, 209/7-17, 221/1-16, 226/8-0, 419/7-10, 536/420/2-9, 538/431/2-1, 380/2-19, 381/4-13, 382/3-4, 383/2/0-10, 391/11-2, 392/4-14, 518/393/1-7, 533/390/1-18, 384/8-16, 383/1/7-10, 385/1/1-14, 385/2/2-7, 386/3-10, 387 ਮਿਨ ਪੱਛਮ/3-10, 388/3-4, 389/2-8, 532/390/4-2, 211/6-9, 476/210/0-3, 479/212/3-19, ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: 30 ਫਲੋਰ / ਹੋਰ ਮਾਲਕ, ਪੱਛਮ: 30 ਫਲੋਰ ਰਸਤਾ 30 ਫਲੋਰ, ਦੱਖਣ: 60 ਫਲੋਰ-6 ਇੰਚ/ ਹੋਰ ਮਾਲਕ, ਉੱਤਰ: 60 ਫੁੱਟ-6 ਇੰਚ/ ਹੋਰ ਮਾਲਕ, ਸਾਲ 2014-2015 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਕਦੂਪੁਰ, ਤਹਿਸੀਲ/ ਜ਼ਿਲ੍ਹਾ ਕਪੂਰਥਲਾ ਵਿਖੇ ਸਥਿਤ।	ੲ)14.01.2025 ਸ) ਸੰਕੇਤਕ ਕਬਜ਼ਾ	Rs. 9,15,000/- Rs. 1,02,000/- Rs. 20,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 3 ਆਈਡੀ -**PUNBANISHDABURJI**- ਪਿੰਡ ਦਬੁਰਜੀ ਵਿਖੇ ਸਥਿਤ ਮਾਲਕੀ ਡੀਡ ਨੰਬਰ 2018-19/30/1/975 ਮਿਤੀ 12.11.2018-ਸ਼੍ਰੀਮਤੀ ਹਿਮਾਨੀ ਅਗਰਵਾਲ ਪੁੱਤਰੀ ਸ਼ਾਮ ਸੁੰਦਰ ਅਗਰਵਾਲ ਦੇ ਤਬਾਦਲੇ ਦੁਆਰਾ ਕੁੱਲ ਜ਼ਮੀਨ 2k-4.75m ਵਾਲੇ 4 ਪਲਾਟਾਂ ਦਾ ਈਐਮ ਕੁੱਲ ਜ਼ਮੀਨ 2 ਕਨਾਲ-4.75 ਮਰਲੇ, ਭਾਵ - 3.25 ਮਰਲੇ ਦੀ ਜ਼ਮੀਨ, ਜੋ ਕਿ 1 ਕਨਾਲ-0 ਮਰਲੇ ਦੀ ਜ਼ਮੀਨ ਦਾ 1/6 ਹਿੱਸਾ ਹੈ, ਜਿਸ ਵਿੱਚ ਖੇਵਟ ਖਾਤਾ ਨੰਬਰ 10/22, ਖਸਰਾ ਨੰਬਰ 616/271/1-0 - 18 ਮਰਲੇ ਦੀ ਜ਼ਮੀਨ ਸ਼ਾਮਲ ਹੈ, ਜੋ ਕਿ 13 ਕਨਾਲ -4 ਮਰਲੇ ਦੀ ਜ਼ਮੀਨ ਦਾ 37/528 ਹਿੱਸਾ ਹੈ, ਜਿਸ ਵਿੱਚ ਖੇਵਟ ਖਾਤਾ ਨੰਬਰ 76/120, ਖਸਰਾ ਨੰਬਰ 659/276/9-17, 661/277/3-7 - 1 ਕਨਾਲ-3 ਮਰਲੇ ਦੀ ਜ਼ਮੀਨ ਹੈ, ਜੋ ਕਿ 12 ਕਨਾਲ-9 ਮਰਲੇ ਦੀ ਜ਼ਮੀਨ ਦਾ 23/249 ਹਿੱਸਾ ਹੈ, ਜਿਸ ਵਿੱਚ ਖੇਵਟ ਖਾਤਾ ਨੰਬਰ 7/18, ਖਸਰਾ ਨੰਬਰ 274/1/0-0, 617/272/3-0, 650/613/259/0-6, 653/615/271/5-9, 654/273/3-14, ਕੁੱਲ 2 ਕਨਾਲ-4.75 ਮਰਲੇ ਜ਼ਮੀਨ ਨੂੰ ਬਾਅਦ ਵਿੱਚ ਪਲਾਟਾਂ ਰਾਹੀਂ ਹੇਠ ਲਿਖੇ ਅਨੁਸਾਰ ਨਿਸ਼ਾਨਬੱਧ ਕੀਤਾ ਗਿਆ ਹੈ:-a) 5.34 ਮਰਲੇ ਦਾ ਪਲਾਟ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ: 25 ਫੁੱਟ/ ਦੂਜੇ ਮਾਲਕ ਦਾ ਘਰ ਪੱਛਮ: 25 ਫੁੱਟ/ ਰਸਤਾ 22 ਫੁੱਟ ਦੱਖਣ: 37 ਫੁੱਟ/ ਦੂਜੇ ਮਾਲਕ ਦਾ ਪਲਾਟ ਉੱਤਰ: 41 ਫੁੱਟ/ ਦੂਜੇ ਮਾਲਕ ਦਾ ਪਲਾਟ ☆) 9.87 ਮਰਲੇ ਦਾ ਪਲਾਟ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ: 60 ਫੁੱਟ/ ਦੂਜੇ ਮਾਲਕ ਦਾ ਪਲਾਟ ਪੱਛਮ: 60 ਫੁੱਟ/ ਮਾਲਕ ਖੁਦ ਦੱਖਣ: 30 ਫੁੱਟ/ ਰਸਤਾ 22 ਫੁੱਟ ਉੱਤਰ: 30 ਫੁੱਟ। ਦੂਜੇ ਮਾਲਕ ਦਾ ਘਰ ∗) 9.87 ਮਰਲੇ ਦਾ ਪਲਾਟ, ਹੇਠ ਲਿਖੇ ਅਨੁਸਾਰ ਘੇਰਿਆ ਹੋਇਆ: - ਪੂਰਬ: 60 ਫੁੱਟ/ ਮਾਲਕ ਖੁਦ ਪੱਛਮ: 60 ਫੁੱਟ/ ਮਾਲਕ ਖੁਦ ਦੱਖਣ: 30 ਫੁੱਟ/ ਰਸਤਾ 22 ਫੁੱਟ ਉੱਤਰ: 30 ਫੁੱਟ/ ਹੋਰ ਮਾਲਕ ਦਾ ਘਰ ➤) 14.87 ਮਰਲੇ ਦਾ ਪਲਾਟ, ਹੇਠ ਲਿਖੇ ਅਨੁਸਾਰ ਘੇਰਿਆ ਹੋਇਆ:- ਪੂਰਬ: 60 ਫੁੱਟ/ ਮਾਲਕ ਖੁਦ, ਪੱਛਮ: 60 ਫੁੱਟ/ 6 ਇੰਚ/ ਹੋਰ ਮਾਲਕ, ਦੱਖਣ: 41 ਫੁੱਟ/ ਰਸਤਾ, ਉੱਤਰ: 49 ਫੁੱਟ/ ਹੋਰ ਮਾਲਕ ਦਾ ਘਰ e) 4.78 ਮਰਲੇ ਦਾ ਪਲਾਟ, ਹੇਠ ਲਿਖੇ ਅਨੁਸਾਰ ਘੇਰਿਆ ਹੋਇਆ: - ਪੂਰਬ: 25 ਫੁੱਟ/ ਹੋਰ ਮਾਲਕ ਦਾ ਘਰ ਪੱਛਮ: 25 ਫੁੱਟ/ ਰਸਤਾ 22 ਫੁੱਟ ਦੱਖਣ: 32 ਫੁੱਟ/ 9 ਇੰਚ/ ਹੋਰ ਮਾਲਕ ਦਾ ਪਲਾਟ, ਉੱਤਰ: 37 ਫੁੱਟ/ ਹੋਰ ਮਾਲਕ ਦਾ ਪਲਾਟ	ੲ)14.01.2025 ਸ) ਸੰਕੇਤਕ ਕਬਜ਼ਾ	Rs. 27,38,000/- Rs. 2,74,000/- Rs. 20,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 4 ਆਈਡੀ -**PUNBANISHSANT221**: 8 ਮਰਲੇ ਦੇ ਪਲਾਟ ਦੇ ਆਈਪੀ ਦਾ ਈਐਮ ਵਿਕਰੀ ਡੀਡ ਨੰਬਰ 3221 ਮਿਤੀ 17.10.2012 ਅਨੁਸਾਰ ਸੰਤਪੁਰਾ, ਕਪੂਰਥਲਾ ਵਿਖੇ ਸ਼੍ਰੀਮਤੀ ਕਵਿਤਾ ਅਗਰਵਾਲ ਪਤਨੀ ਸ੍ਰੀ ਸ਼ਾਮ ਸੁੰਦਰ ਅਗਰਵਾਲ ਦੇ ਨਾਮ 'ਤੇ ਕਪੂਰਥਲਾ ਸ਼ਾਰਕੀ (ਮੁਹੱਲਾ ਸੰਤਪੁਰਾ) ਵਿਖੇ ਸਥਿਤ ਸਾਲ 2005-2006 ਲਈ ਜਮ੍ਹਾਂਬੰਦੀ ਅਨੁਸਾਰ, ਖਸਰਾ ਨੰਬਰ 2070/1-15, 2069/4-18, 2081/5-5, 2074/0-18, 2085/6-19, 2061 ਮਿਨ/3-0, 2062 ਮਿਨ/23-35 ਮਿਨ, 2064 ਮਿਨ/2-15, 2065 ਮਿਨ/1-10, 2072 ਮਿਨ/2-1, 2073 ਮਿਨ/1-17, 2079 ਮਿਨ/2-10, 2080/2-13, 2082/5-3, 2083 ਮਿਨ/2-2, 2084/3, 2084/3,474 2076/5-0, 2077/4-16, 2078/5-0, 2061 ਮਿਨ/2-9, 2062 ਮਿਨ/3-0, 2063 ਮਿਨ/2-0, 2064 ਮਿਨ/2-0, 2065 ਮਿਨ/3-0, 2066 ਮਿਨ/3-0, 2067 ਮਿਨ/2-0, 2071/0-19, 2072/2-0, 2073 ਮਿਨ/2-0, 2083 ਮਿਨ /6-0, 2056/2-12, 2057/5-13, 2058/2-19, 2059/2-16, 2060/6-19, 2066/2-2, 2067/ਮਿਨ ਦੱਖਣ 3-2, 2068/4-17, ਕੁੱਲ ਰਕਬਾ 141 ਕੇ-14 ਮਰਲਾ ਹਿੱਸਾ 8/2834 ਭਾਵ 8 ਮਰਲੇ।	ੲ)14.01.2025 ਸ) ਸੰਕੇਤਕ ਕਬਜ਼ਾ	Rs. 7,56,000/- Rs. 76,000/- Rs. 10,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 5 ਆਈਡੀ -**PUNBANISHSANT266**: ਟਾਈਟਲ ਡੀਡ ਨੰਬਰ 3266 ਮਿਤੀ 18.10.2012 ਅਨੁਸਾਰ ਸੰਤਪੁਰਾ, ਕਪੂਰਥਲਾ ਵਿਖੇ 5 ਮਰਲੇ ਦੇ ਪਲਾਟ ਦੇ ਆਈਪੀ ਦਾ ਈਐਮ। ਸ਼੍ਰੀਮਤੀ ਕਵਿਤਾ ਅਗਰਵਾਲ ਪਤਨੀ ਸ੍ਰੀ ਸ਼ਾਮ ਸੁੰਦਰ ਅਗਰਵਾਲ ਦੇ ਨਾਮ 'ਤੇ ਕਪੂਰਥਲਾ ਸ਼ਾਰਕੀ (ਮੁਹੱਲਾ ਸੰਤਪੁਰਾ) ਵਿਖੇ ਸਥਿਤ ਹੈ। ਸਾਲ 2005-2006 ਲਈ ਜਮ੍ਹਾਂਬੰਦੀ ਅਨੁਸਾਰ, ਖਸਰਾ ਨੰਬਰ 2070/1-15, 2069/4-18, 2081/5-5, 2074/0-18, 2085/6-19, 2061 ਮਿਨ/3-0, 2062 ਮਿਨ/23-35 ਮਿਨ, 2064 ਮਿਨ/2-15, 2065 ਮਿਨ/1-10, 2072 ਮਿਨ/2-1, 2073 ਮਿਨ/1-17, 2079 ਮਿਨ/2-10, 2080/2-13, 2082/5-3, 2083 ਮਿਨ/2-2, 2084/13-2, 2075/4-14, 2076/5-0, 2077/4-16, 2078/5-0, 2061 ਮਿਨ/2-9, 2062 ਮਿਨ/3-0, 2063 ਮਿਨ/2-0, 2064 ਮਿਨ/2-0, 2065 ਮਿਨ/3-0, 2066 ਮਿਨ/3-0, 2067 ਮਿਨ/2-0, 2071/0-19, 2072/2-0, 2073 ਮਿਨ/2-0, 2083 ਮਿਨ/6-0, 2056/2-12, 2057/5-13, 2058/2-19, 2059/2-16, 2060/6-19, 2066/2-2, 2067/ਮਿਨ ਦੱਖਣ 3-2, 2068/4-17, ਕੁੱਲ ਖੇਤਰਫਲ 141 ਕੇ-14 ਮਰਲਾ ਹਿੱਸਾ 5/2834 ਭਾਵ 5 ਮਰਲੇ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: - ਪੂਰਬ: 25 ਫੁੱਟ/ ਪੂਰਨ ਸਿੰਘ ਮਾਲਕ ਖੁਦ, ਪੱਛਮ: 25 ਫੁੱਟ/ ਹਰਨੇ ਸਿੰਘ, ਦੱਖਣ: 34 ਫੁੱਟ/ ਅਵਤਾਰ ਸਿੰਘ ਉੱਤਰ: 34 ਫੁੱਟ/ ਸੜਕ 22 ਫੁੱਟ।	ੲ)14.01.2025 ਸ) ਸੰਕੇਤਕ ਕਬਜ਼ਾ	Rs. 3,22,000/- Rs. 33,000/- Rs. 10,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 6 ਆਈਡੀ -**PUNBANISHSANT267**: ਟਾਈਟਲ ਡੀਡ ਨੰਬਰ 3267 ਮਿਤੀ 18.10.2012 ਨੂੰ ਸੰਤਪੁਰ, ਕਪੂਰਥਲਾ ਵਿਖੇ 6 ਮਰਲੇ ਦੇ ਪਲਾਟ ਦੇ ਆਈਪੀ ਦਾ ਈਐਮ, ਸ਼੍ਰੀਮਤੀ ਕਵਿਤਾ ਅਗਰਵਾਲ ਪਤਨੀ ਸ੍ਰੀ ਸ਼ਾਮ ਸੁੰਦਰ ਅਗਰਵਾਲ ਦੇ ਨਾਮ ਤੇ ਕਪੂਰਥਲਾ ਸ਼ਰਕੀ (ਮੁਹੱਲਾ ਸੰਤਪੁਰਾ) ਵਿਖੇ ਸਥਿਤ ਸਾਲ 2005-2006 ਲਈ ਜਮਾਂਬੰਦੀ ਅਨੁਸਾਰ ਖਸਰਾ ਨੰਬਰ 2070/1-15, 2069/4-18, 2081/5-5, 2074/0-18, 2085/6-19, 2061 ਮਿਨ/3-0, 2062 ਮਿਨ/3-0, 2062 ਮਿਨ/31-23-5 2064 ਮਿਨ/2-15, 2065 ਮਿਨ/1-10, 2072 ਮਿਨ/2-1, 2073 ਮਿਨ/1-17, 2079 ਮਿਨ/2-10, 2080/2-13, 2082/5-3, 2083 ਮਿਨ/2-2, 2084/3, 2084/3,474 2076/5-0, 2077/4-16, 2078/5-0, 2061 ਮਿਨ/2-9, 2062 ਮਿਨ/3-0, 2063 ਮਿਨ/2-0, 2064 ਮਿਨ/2-0, 2065 ਮਿਨ/3-0, 2066 ਮਿਨ/3-0, 2067 ਮਿਨ/2-0, 2071/0-19, 2072/2-0, 2073 ਮਿਨ/2-0, 2083 ਮਿਨ/6-0, 2056/2-12, 2057/5-13, 2058/2-19, 2059/2-16, 2060/6-19, 2066/2-2, 2067/ਮਿਨ ਦੱਖਣ 3-2, 2068/4-17, ਕੁੱਲ ਰਕਬਾ 141 ਕਿ-14 ਮਰਲਾ ਹਿੱਸਾ 6/2834 ਭਾਵ 6 ਮਰਲੇ ਹੱਦਬੰਦੀ ਹੇਠ ਲਿਖੇ ਅਨੁਸਾਰ: - ਪੂਰਬ: 30 ਫੁੱਟ/ ਸੜਕ 20 ਫੁੱਟ ਪੱਛਮ: 28 ਫੁੱਟ/ 7 ਇੰਚ/ ਮਦਨ ਲਾਲ ਦੱਖਣ: 36 ਫੁੱਟ/ ਅਰਜਨ ਸਿੰਘ ਉੱਤਰ: 36 ਫੁੱਟ/ ਪੂਰਨ ਸਿੰਘ ਮਾਲਕ ਖੁਦ	ੲ)14.01.2025 ਸ) ਸੰਕੇਤਕ ਕਬਜ਼ਾ	Rs. 4,87,000/- Rs. 49,000/- Rs. 10,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
		ਸੰਪੱਤੀ 7 ਆਈਡੀ -**PUNBANISHSANT331**: ਸੰਤਪੁਰਾ, ਕਪੂਰਥਲਾ ਵਿਖੇ ਟਾਈਟਲ ਡੀਡ ਨੰਬਰ 3331 ਮਿਤੀ 21.10.2012 ਅਨੁਸਾਰ 10.5 ਮਰਲੇ ਦੇ ਪਲਾਟ ਦੇ ਆਈਪੀ ਦਾ ਈਐਮ, ਸ਼੍ਰੀਮਤੀ ਕਵਿਤਾ ਅਗਰਵਾਲ ਪਤਨੀ ਸ੍ਰੀ ਸ਼ਾਮ ਸੁੰਦਰ ਅਗਰਵਾਲ ਦੇ ਨਾਕ ਤੇ ਕਪੂਰਥਲਾ ਸ਼ਰਕੀ (ਮੁਹੱਲਾ ਸੰਤਪੁਰਾ) ਵਿਖੇ ਸਥਿਤ ਸਾਲ 2005-2006 ਲਈ ਜਮਾਂਬੰਦੀ ਅਨੁਸਾਰ, ਖਸਰਾ ਨੰਬਰ 2070/1-15, 2069/4-18, 2081/5-5, 2074/0-18, 2085/6-19, 2061 ਮਿਨ/3-0, 2062 ਮਿਨ/3-0, 2062 ਮਿਨ/31-23-5 2064 ਮਿਨ/2-15, 2065 ਮਿਨ/1-10, 2072 ਮਿਨ/2-1, 2073 ਮਿਨ/1-17, 2079 ਮਿਨ/2-10, 2080/2-13, 2082/5-3, 2083 ਮਿਨ/2-2, 2084/3, 2084/3,474 2076/5-0, 2077/4-16, 2078/5-0, 2061 ਮਿਨ/2-9, 2062 ਮਿਨ/3-0, 2063 ਮਿਨ/2-0, 2064 ਮਿਨ/2-0, 2065 ਮਿਨ/3-0, 2066 ਮਿਨ/3-0, 2067 ਮਿਨ/2-0, 2071/0-19, 2072/2-0, 2073 ਮਿਨ/2-0, 2083 ਮਿਨ/6-0, 2056/2-12, 2057/5-13, 2058/2-19, 2059/2-16, 2060/6-19, 2066/2-2, 2067/ਮਿਨ ਦੱਖਣ 3-2, 2068/4-17, ਕੁੱਲ ਖੇਤਰਫਲ 141 ਕਿ-14 ਮਰਲਾ ਸ਼ੇਅਰ 21/5668 ਭਾਵ 10.5 ਮਰਲੇ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: - ਪੂਰਬ: 49 ਫੁੱਟ/6 ਇੰਚ/ਪੂਰਨ ਸਿੰਘ ਮਾਲਕ ਖੁਦ ਪੱਛਮ: 62 ਫੁੱਟ/6 ਇੰਚ/ਮਨਦੀਪ ਸਿੰਘ ਦੱਖਣ: 36 ਫੁੱਟ/6 ਇੰਚ/ਸੜਕ 20 ਫੁੱਟ ਉੱਤਰ: 32 ਫੁੱਟ/9 ਇੰਚ/ਸੜਕ 22 ਫੁੱਟ।	ੲ)14.01.2025 ਸ) ਸੰਕੇਤਕ ਕਬਜ਼ਾ	Rs. 8,84,000/- Rs. 89,000/- Rs. 20,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
7.	ਕਪੂਰਥਲਾ ਮੇਨ 0258 / ਸ੍ਰੀ ਸ਼ਾਮ ਸੁੰਦਰ ਅਗਰਵਾਲ / 1) ਸ੍ਰੀ ਸ਼ਾਮ ਸੁੰਦਰ ਅਗਰਵਾਲ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਅਗਰਵਾਲ, 15, ਨਵੀਂ ਸਬਜ਼ੀ ਮੰਡੀ ਨਕੋਦਰ ਰੋਡ, ਕਪੂਰਥਲਾ 144601, 2) ਸ੍ਰੀ ਅਨੀਸ਼ ਅਗਰਵਾਲ ਪੁੱਤਰ ਸ਼ਾਮ ਸੁੰਦਰ ਅਗਰਵਾਲ 15, ਨਿਊ ਸਬਜ਼ੀ ਮੰਡੀ ਨਕੋਦਰ ਰੋਡ, ਕਪੂਰਥਲਾ 144601, 3) ਸ਼੍ਰੀਮਤੀ ਕਵਿਤਾ ਅਗਰਵਾਲ (ਜ਼ਾਮਨ) ਪਤਨੀ ਸ੍ਰੀ ਸ਼ਾਮ ਸੁੰਦਰ ਅਗਰਵਾਲ, 15, ਨਿਊ ਸਬਜ਼ੀ ਮੰਡੀ ਨਕੋਦਰ ਰੋਡ, ਕਪੂਰਥਲਾ 144601	ਸੰਪੱਤੀ ਆਈਡੀ -**PUNBSHAM0258**: ਸ੍ਰੀ ਗੁਰੂ ਅਰਜਨ ਦੇਵ ਨਗਰ, ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਸ੍ਰੀ ਸ਼ਾਮ ਸੁੰਦਰ ਅਗਰਵਾਲ ਦੀ ਮਲਕੀਅਤ ਵਾਲੇ ਕਰਤਾਰਪੁਰ ਸੁਧਾਰ ਟਰੱਸਟ ਤੋਂ 897 ਸਕੀਮ ਅਧੀਨ 1915 ਵਰਗ ਫੁੱਟ ਦੇ ਫਲੈਟ ਨੰਬਰ 403 ਦਾ ਬਰਾਬਰ ਗਿਰਵੀਨਾਮਾ, ਟੀਡੀ ਨੰਬਰ 2018-19/185/1/335 ਮਿਤੀ 04.01.2019 ਦੇ ਅਨੁਸਾਰ ਖਰੀਦਿਆ ਗਿਆ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਪੂਰਬ: ਫਲੈਟ ਨੰਬਰ 402897 ਸੁਪਰ, ਪੱਛਮ: ਪਾਰਕਿੰਗ ਗਰਾਊਂਡ ਫਲੋਰ, ਉੱਤਰ: ਪਾਰਕਿੰਗ ਗਰਾਊਂਡ ਫਲੋਰ, ਦੱਖਣ: ਪਾਰਕਿੰਗ ਗਰਾਊਂਡ ਫਲੋਰ	ੳ)24.05.2021, ਅ)29,91,249.26 (ਰੁ. ਉਣੱਤੀ ਲੱਖ ਇਕਾਨਵੇਂ ਹਜ਼ਾਰ ਦੋ ਸੌ ਉਣੰਜਾ ਅਤੇ ਛੱਬੀ ਪੈਸੇ ਕੇਵਲ) + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ। ੲ) 25.01.2023, ਸ) ਭੌਤਿਕ ਕਬਜ਼ਾ	Rs. 27,68,000/- Rs. 2,77,000/- Rs. 50,000/-	17.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
8.	ਨਵਾਂਸ਼ਹਿਰ 010710 ਐਸਬੀਐਸ ਨਗਰ / ਮੈਸ. ਬੀਬੀ ਟ੍ਰੇਡਰਜ਼ / **ਮੈਸ. ਬੀ ਬੀ ਟ੍ਰੇਡਰਜ਼** ਪ੍ਰੋਪਰਾਈਟਰ ਸ੍ਰੀ ਮੁਲਖ ਰਾਜ ਪੁੱਤਰ ਸੋਹਨ ਲਾਲ ਤਾਰਾ ਆਈਸ ਫੈਕਟਰੀ ਰੋਡ, ਮਾਰਫਤ ਕਿਸਾਨ ਖੇਤੀ ਬਾਜ਼ਾਰ, ਬੰਗਾ ਰੋਡ, ਨੇੜੇ ਰੇਲਵੇ ਫਾਟਕ, ਨਵਾਂਸ਼ਹਿਰ ਸ੍ਰੀ ਮੁਲਖ ਰਾਜ ਪੁੱਤਰ ਸ਼. ਸੋਹਨ ਲਾਲ, ਅਤੇ 3. ਸ੍ਰੀਮਤੀ. ਸ੍ਰੀ ਕਿਰਨ ਪਤਨੀ ਸ੍ਰੀ ਮੁਲਖ ਰਾਜ, ਬੀ-4/143 ਆਰੀਆ ਸਮਾਜ ਰੋਡ, ਤਹਿਸੀਲ ਅਤੇ ਜ਼ਿਲ੍ਹਾ: ਨਵਾਂਸ਼ਹਿਰ।	ਸੰਪੱਤੀ ਆਈਡੀ -**PUNBBBTRADERS010710** ਖਸਰਾ ਨੰਬਰ 752 ਮਿਨ (8-2), 753 ਮਿਨ (9-14), 754 (12-9) ਸ਼ਾਮਲ ਟਾਈਟਲ ਡੀਡ ਨੰਬਰ 4216 ਮਿਤੀ 13.12.17 ਅਧੀਨ ਪਿੰਡ ਮਹੋਲੋਂ-2, ਜ਼ਿਲ੍ਹਾ ਨਵਾਂਸ਼ਹਿਰ ਵਿਖੇ ਸਥਿਤ ਕੁੱਲ ਜ਼ਮੀਨ 30 ਕਨਾਲ-5 ਮਰਲੇ ਦਾ 718/21780 ਹਿੱਸੇ ਵਜੋਂ 0 ਕਨਾਲ-19 ਮਰਲੇ-8-1/2 ਸਰਸਾਹੀ ਮਾਪ ਵਾਲੀ ਸੰਪੱਤੀ ਦੀ ਈਐਮ। ਭੌਤਿਕ ਕਬਜ਼ੇ ਅਧੀਨ ਜਾਇਦਾਦ। ਹੇਠ ਲਿਖੇ ਅਨੁਸਾਰ ਹੱਦਬੰਦੀ ਹੈ:- ਪੂਰਬ: ਕਿਸ਼ਨ ਮੋਹਨ, ਪੱਛਮ: ਰਸਤਾ, ਉੱਤਰ: ਅਮਰੀਕ ਸਿੰਘ ਰਜਨੀ, ਦੱਖਣ: ਸੀਮਾ ਗਾਬਾ।	ੳ)04.07.2014, ਅ)ਰੁ. 26,05,899.50 (ਰੁ. ਛੱਬੀ ਲੱਖ ਪੰਜ ਹਜ਼ਾਰ ਅੱਠ ਸੌ ਨੜਿਨਵੇਂ ਅਤੇ ਪੰਜਾਹ ਪੈਸੇ ਕੇਵਲ) + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ, ਮਨਫੀ ਵਸੂਲੀਆਂ, ਜੇਕਰ ਕੋਈ ਹਨ। ੲ) 28.02.2024, ਸ) ਭੌਤਿਕ ਕਬਜ਼ਾ	Rs. 22,78,000/- Rs. 2,28,000/- Rs. 20,000/-	07.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ
9.	ਨਵਾਂਸ਼ਹਿਰ ਪੁਰਾਣੀ ਕੋਰਟ ਰੋਡ 3519 ਐਸਬੀਐਸ ਨਗਰ ਪੰਜਾਬ / ਮੈਸ. ਗੌਰਵ ਆਟਮਬਾਇਲਜ਼ / ਮੈਸਰਜ਼ ਗੌਰਵ ਆਟੋਮੋਬਾਈਲਜ਼ ਸਰਵਿਸਿਜ਼ ਬੀ-10 ਇੰਡਸਟਰੀਅਲ ਏਰੀਆ, ਫੋਕਲ ਪੁਆਇੰਟ ਬੰਗਾ ਰੋਡ, ਨਵਾਂਸ਼ਹਿਰ-144514, ਮਾਲਕ ਸ੍ਰੀ ਗੁਰਬਿੰਦਰ ਸਿੰਘ ਗੌਰਵ ਪੁੱਤਰ ਸ੍ਰੀ ਸਤਨਾਮ ਸਿੰਘ ਬੀ-10 ਇੰਡਸਟਰੀਅਲ ਏਰੀਆ, ਫੋਕਲ ਪੁਆਇੰਟ ਬੰਗਾ ਰੋਡ, ਨਵਾਂਸ਼ਹਿਰ-144514	ਸੰਪੱਤੀ ਆਈਡੀ -**PUNBGAURAV3519** ਸ੍ਰੀ ਗੁਰਬਿੰਦਰ ਸਿੰਘ ਗੌਰਵ ਪੁੱਤਰ ਸ੍ਰੀ ਸਤਨਾਮ ਸਿੰਘ ਦੇ ਨਾਮ 'ਤੇ ਵਪਾਰਕ ਜਾਇਦਾਦ ਦਾ ਬਰਾਬਰੀ ਵਾਲੀ ਗਿਰਵੀਨਾਮਾ - ਪਿੰਡ ਗੜ੍ਹੀ ਮਹਾਂ ਸਿੰਘ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਸਥਿਤ 20-1 ਮਰਲੇ ਦਾ ਮਾਪ-ਤਬਾਦਲਾ ਡੀਡ ਨੰਬਰ 1947 ਮਿਤੀ 28.07.2017 ਜਿਸ ਵਿੱਚ ਸ਼ਾਮਲ ਹਨ: 0k-5 ਮਰਲੇ ਜ਼ਮੀਨ ਦਾ 1/36 ਹਿੱਸਾ 9k ਖਾਤਾ ਨੰ. 298/420 ਖਸਰਾ ਨੰ. 1218(9-0) 0k-2m ਜ਼ਮੀਨ ਦਾ 2/21 ਹਿੱਸਾ 1k-1m ਖਾਤਾ ਨੰ. 299/421 ਖਸਰਾ ਨੰ. 983/2(1-1) 0k-3m ਜ਼ਮੀਨ ਦਾ 3/25 ਹਿੱਸਾ 10-5m ਖਾਤਾ ਨੰ. 300/422 ਖਸਰਾ ਨੰ. 983/1(1-5) 10-11 ਜ਼ਮੀਨ ਦਾ 31/282 ਹਿੱਸਾ 14k-2m ਖਾਤਾ ਨੰ. 301/423-425 ਖਸਰਾ ਨੰ. 2014-15 ਦੀ ਜਮ੍ਹਾਂਬੰਦੀ ਅਨੁਸਾਰ 983/3 ਮਿਨ (8-14), 983/3 ਮਿਨ (3-15), 983/3 ਮਿਨ (1-13) ਹੱਦਬੰਦੀ: ਪੂਰਬ : ਕਰਤਾਰ ਸਿੰਘ, ਪੱਛਮ: ਸੜਕ, ਉੱਤਰ: ਦੇਵ ਸਿੰਘ ਦੱਖਣ: ਪਿਆਰਾ ਸਿੰਘ	ੳ)19.01.2022, ਅ)ਰੁ. 29,28,930.27 (ਰੁ. ਉਣੱਤੀ ਲੱਖ ਅਠਾਈ ਹਜ਼ਾਰ ਨੌਂ ਸੌ ਤੀਹ ਅਤੇ ਸਤਾਈ ਪੈਸੇ ਕੇਵਲ) + ਐਨਪੀਏ ਵਰਗੀਕਰਨ ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੁੱਟਕਲ ਫੀਸਾਂ, ਮਨਫੀ ਵਸੂਲੀਆਂ, ਜੇਕਰ ਕੋਈ ਹਨ। ੲ)07.07.2022, ਸ) ਭੌਤਿਕ ਕਬਜ਼ਾ (ਖੁੱਲ੍ਹਾ ਪਲਾਟ)	Rs. 23,35,000/- Rs. 2,34,000/- Rs. 20,000/-	07.03.2026 From 11.00 AM to 4.00 PM	ਬੈਂਕ ਨੂੰ ਜਾਣੂੰ ਨਹੀਂ

ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ:- ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 1. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 2. ਅਧਿਕਾਰਤ ਅਧਿਕਾਰੀ ਜਾਂ ਬੈਂਕ ਜਾਇਦਾਦਾਂ (ਈ-ਨਿਲਾਮੀ) ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਨ, ਬੋਝ, ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਣਗੇ। ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਬੋਝ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ, ਜਾਇਦਾਦ ਟੈਕਸ ਦੇ ਬਕਾਏ, ਬਿਜਲੀ ਬਕਾਏ ਆਦਿ ਸ਼ਾਮਲ ਹਨ। 3. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟਰੇਸ਼ਨ ਖਰਚੇ, ਸਟੈਂਪ ਡਿਊਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। ਜੇਕਰ ਬੋਲੀਕਾਰ ਦੇ ਨਾਮ 'ਤੇ ਕੋਈ ਜਾਇਦਾਦ ਆਈਡੀ/ਐਨਓਸੀ/ਕਲੀਅਰੈਂਸ/ਆਈਪੀ ਦੀ ਰਜਿਸਟਰੇਸ਼ਨ ਲਈ ਲੋੜੀਂਦੀ ਕੋਈ ਹੋਰ ਰਸਮੀ ਕਾਰਵਾਈ ਹੈ, ਤਾਂ ਰਸਮੀ ਕਾਰਵਾਈਆਂ ਅਤੇ ਖਰਚੇ ਬੋਲੀਕਾਰ ਦੁਆਰਾ ਸਹਿਣ ਕੀਤੇ ਜਾਣੇ ਚਾਹੀਦੇ ਹਨ। ਜੇਕਰ ਆਈਪੀ ਸੰਕੇਤਕ ਕਬਜ਼ੇ 'ਤੇ ਵੇਚਿਆ ਜਾਂਦਾ ਹੈ ਤਾਂ ਆਈਪੀ ਦਾ ਭੌਤਿਕ ਕਬਜ਼ਾ ਪ੍ਰਦਾਨ ਕਰਨਾ ਬੈਂਕ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ। ਬੈਂਕ ਵਿਕਰੀ ਤੋਂ ਬਾਅਦ ਆਈਪੀ ਦਾ ਸਿਰਫ ਸੰਕੇਤਕ ਕਬਜ਼ਾ ਦੇਵੇਗਾ। 4. ਇਹ ਇੱਛੁਕ ਬੋਲੀਕਾਰ(ਆਂ) ਦੀ ਜ਼ਿੰਮੇਵਾਰੀ ਹੈ ਕਿ ਉਹ ਵਿਕਰੀ ਨੋਟਿਸ, ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ, ਈ-ਨਿਲਾਮੀ ਦੇ ਸੰਚਾਲਨ ਹਿੱਸੇ 'ਤੇ ਮਦਦ ਮੈਨੂਅਲ ਨੂੰ ਸਹੀ ਢੰਗ ਨਾਲ ਪੜ੍ਹਨ ਅਤੇ ਉਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕਰਨ। 5. ਬੋਲੀਕਾਰ ਨੂੰ ਸਹੀ ਇੰਟਰਨੈਟ ਕਨੈਕਟੀਵਿਟੀ, ਪਾਵਰ ਬੈਕ-ਅੱਪ ਆਦਿ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਇੰਟਰਨੈਟ ਫੇਲ੍ਹ ਹੋਣ, ਬਿਜਲੀ ਫੇਲ੍ਹ ਹੋਣ ਜਾਂ ਤਕਨੀਕੀ ਕਾਰਨਾਂ ਜਾਂ ਈ-ਨਿਲਾਮੀਆਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਨਾਂ/ਸੰਕਟਕਾਲਾਂ ਕਾਰਨ ਬੈਂਕ ਕਿਸੇ ਵੀ ਰੁਕਾਵਟ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 6. ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਮੋਬਾਈਲ ਨੰਬਰ ਅਤੇ ਈਮੇਲ-ਆਈਡੀ ਦੀ ਵਰਤੋਂ ਕਰਕੇ ਪੋਰਟਲ https://baanknet.com ਤੇ ਰਜਿਸਟਰ ਕਰਨ। ਇਸ ਤੋਂ ਇਲਾਵਾ, ਉਹ ਲੋੜੀਂਦੇ ਕੇਵਾਈਸੀ ਦਸਤਾਵੇਜ਼ ਅਪਲੋਡ ਕਰਨਗੇ। ਇੱਕ ਵਾਰ ਜਦੋਂ KYC ਦਸਤਾਵੇਜ਼ ਈ-ਨਿਲਾਮੀ ਸੇਵਾ ਪ੍ਰਦਾਤਾ ਦੁਆਰਾ ਤਸਦੀਕ ਹੋ ਜਾਂਦੇ ਹਨ (ਇਸ ਵਿੱਚ 2 ਜਾਂ ਵੱਧ ਕੰਮਕਾਜੀ ਦਿਨ ਲੱਗ ਸਕਦੇ ਹਨ), ਤਾਂ ਇੱਛੁਕ ਬੋਲੀਕਾਰਾਂ/ਖਰੀਦਦਾਰਾਂ ਨੂੰ ਆਪਣੇ ਗਲੋਬਲ EMD ਵਾਲੇਟ ਵਿੱਚ ਔਨਲਾਈਨ ਮੋਡ ਦੀ ਵਰਤੋਂ ਕਰਕੇ EMD ਰਕਮ ਟਰਾਂਸਫਰ ਕਰਨੀ ਪਵੇਗੀ। ਆਪਣੇ ਵਾਲੇਟ ਵਿੱਚ ਕਾਫ਼ੀ ਬਿਆਨਾ ਰਕਮ ਹੋਣ ਤੋਂ ਬਾਅਦ ਹੀ, ਵਿਆਜ ਬੋਲੀਕਾਰ ਈ-ਨਿਲਾਮੀ ਦੀ ਮਿਤੀ 'ਤੇ ਬੋਲੀ ਲਗਾਉਣ ਦੇ ਯੋਗ ਹੋਵੇਗਾ। 7. ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦਾ 25%, ਜਮਾ ਕੀਤੀ ਗਈ ਬਿਆਨਾ ਰਕਮ ਨੂੰ ਘਟਾ ਕੇ, ਉਸੇ ਦਿਨ ਜਾਂ ਅਗਲੇ ਕੰਮਕਾਜੀ ਦਿਨ ਤੋਂ ਬਾਅਦ ਜਮ੍ਹਾ ਕਰਵਾਉਣਾ ਹੋਵੇਗਾ ਅਤੇ ਬਾਕੀ ਰਕਮ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕੀਤੀ ਜਾਵੇਗੀ। 8. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਵੇਖੋ ਜਾਂ ਸਾਡੇ ਦਫ਼ਤਰ ARMB ਜਲੰਧਰ, ਅਧਿਕਾਰਤ ਦਫ਼ਤਰ, ਈ-ਮੇਲ ਆਈਡੀ: cs8249@pnb.co.in ਨਾਲ ਸੰਪਰਕ ਕਰੋ।

ਸਰਫੇਸੀ ਐਕਟ ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਕਾਨੂੰਨੀ 15/30 ਦਿਨਾਂ ਦੀ ਵਿਕਰੀ ਨੋਟਿਸ।

ਮਿਤੀ : 17.02.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

ਸਾਬਕਾ ਫ਼ੌਜੀ ਨੇ ਪਤਨੀ-ਪੁੱਤ ਦੇ ਕਤਲ ਮਗਰੋਂ ਕੀਤੀ ਖ਼ੁਦਕੁਸ਼ੀ

ਕਾਨਪੁਰ/(ਉਤਰ ਪ੍ਰਦੇਸ਼), 17 ਫਰਵਰੀ (ਚ.ਨ.ਸ): ਉਤਰ ਪ੍ਰਦੇਸ਼ ਦੇ ਕਾਨਪੁਰ ਵਿੱਚ ਇੱਕ 57 ਸਾਲ ਦੇ

ਰਿਟਾਇਰਡ ਫੌਜੀ, ਜੋ ਕਾਰਗਿਲ ਜੰਗ ਦਾ ਫ਼ੌਜੀ ਰਹਿ ਚੁੱਕਾ ਸੀ, ਨੇ ਆਪਣੀ ਪਤਨੀ ਤੇ 16 ਸਾਲ ਦੇ ਪੁੱਤਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਤੇ ਫਿਰ ਖ਼ੁਦਕੁਸ਼ੀ ਕਰ ਲਈ ਪੁਲਿਸ ਮੁਤਾਬਿਕ, ਮ੍ਰਿਤਕ ਦੀ ਪਛਾਣ ਚੇਤਰਾਮ ਪਸਵਾਨ ਵਜੋਂ ਹੋਈ ਹੈ।ਉਸ ਦੀ ਲਾਸ਼ ਕਾਠਗੜ੍ਹ-ਇਮਲੀਪੁਰ ਅੰਡਰਪਾਸ ਨੇੜੇ ਮਿਲੀ। ਉਸ ਦੇ ਪਰਿਵਾਰ ਨੂੰ ਸੂਚਿਤ ਕਰਨ ਲਈ ਜਦੋਂ ਪੁਲਿਸ ਚੇਤੇਰਾਮ ਦੇ ਘਰ ਪਹੁੰਚੀ ਤਾਂ ਅੰਦਰ ਉਸ ਦੀ ਪਤਨੀ ਸੁਨੀਤਾ ਵਰਮਾ (48) ਤੇ ਪੁੱਤਰ ਦੀਪ (16) ਦੀਆਂ ਲਾਸ਼ਾਂ ਮਿਲੀਆਂ। ਸੁਨੀਤਾ ਦੇ ਸਿਰ 'ਚ ਗੋਲੀ ਦਾ ਜ਼ਖ਼ਮ ਸੀ, ਜਦਕਿ ਪੁੱਤਰ ਦੇ ਸੀਨੇ 'ਚ ਗੋਲੀ ਲੱਗੀ ਹੋਈ ਸੀ।ਘਰ ਅੰਦਰ ਖ਼ੂਨ ਦੇ ਨਿਸ਼ਾਨ ਸਪੱਸ਼ਟ ਸਨ। ਮੌਕੇ ਤੋਂ ਲਾਇਸੰਸਸ਼ੁਦਾ ਦੋਹਰੀ ਬੈਰਲ ਬੰਦੂਕ ਬ੍ਰਾਮਦ ਕੀਤੀ ਗਈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਦੇ ਪਿੱਛੇ ਘਰੇਲੂ ਝਗੜਾ ਕਾਰਨ ਹੋ ਸਕਦਾ ਹੈ। ਚੇਤਰਾਮ ਨੇ ਘਰ ਦਾ ਮੁੱਖ ਦਰਵਾਜ਼ਾ ਬਾਹਰੋਂ ਤਾਲਾਬੰਦ ਕਰਕੇ ਰੇਲਵੇ ਪਟੜੀ 'ਤੇ ਆਪਣੀ ਜਾਨ ਦੇ ਦਿੱਤੀ। ਪਰਿਵਾਰ ਹਾਲ ਹੀ ਵਿੱਚ ਨਵੇਂ ਘਰ ਵਿੱਚ ਆਇਆ ਸੀ।ਪੁਲਿਸ ਨੇ ਫੋਰੈਂਸਿਕ ਟੀਮਾਂ ਤੋਂ ਸਬੂਤ ਇਕੱਠੇ ਕਰਵਾਏ ਹਨ ਤੇ ਮਾਮਲੇ ਦੀ ਜਾਂਚ ਜਾਰੀ ਹੈ। ਇਸ ਘਟਨਾ ਨੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਰਿਸ਼ਤੇਦਾਰਾਂ ਨੇ ਸ਼ੱਕ ਜਤਾਇਆ ਹੈ ਕਿ ਚੇਤਰਾਮ ਇਸ ਤਰ੍ਹਾਂ ਦਾ ਕਦਮ ਨਹੀਂ ਚੁੱਕ ਸਕਦਾ ਸੀ ਤੇ ਪੂਰੀ ਜਾਂਚ ਦੀ ਮੰਗ ਕੀਤੀ ਹੈ।

ਸਬਰੀਮਾਲਾ ਮੰਦਰ 'ਚ ਔਰਤਾਂ ਨਾਲ ਵਿਤਕਰਾ, 9 ਜੱਜਾਂ ਦਾ ਸੰਵਿਧਾਨਕ ਬੈਂਚ ਕਰੇਗਾ ਸੁਣਵਾਈ

ਨਵੀਂ ਦਿੱਲੀ, 17 ਫਰਵਰੀ (ਚ.ਨ.ਸ): ਸਬਰੀਮਾਲਾ ਮੰਦਰ 'ਚ ਔਰਤਾਂ ਦੇ ਦਾਖਲ ਹੋਣ ਨਾਲ ਜੁੜੇ ਮੁੱਦੇ 'ਤੇ ਇੱਕ ਵਾਰੀ ਫਿਰ ਸੁਪਰੀਮ ਕੋਰਟ ਵਿੱਚ ਸੁਣਵਾਈ ਹੋਏਗੀ।ਸਰਬਉਚ ਅਦਾਲਤ ਨੇ ਔਰਤਾਂ ਦੇ ਖ਼ਿਲਾਫ਼ ਧਾਰਮਿਕ ਅਸਥਾਨਾਂ 'ਤੇ ਹੋਣ ਵਾਲੇ ਵਿਤਕਰੇ ਨਾਲ ਜੁੜੇ ਮਹੱਤਵਪੂਰਨ ਮਾਮਲਿਆਂ ਦੀ ਸੁਣਵਾਈ ਲਈ 9 ਜੱਜਾਂ ਦੀ ਸੰਵਿਧਾਨਕ ਬੈਂਚ ਗਠਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮਾਮਲੇ ਵਿੱਚ ਮੁੱਖ ਤੌਰ 'ਤੇ ਕੇਰਲ ਦੇ ਸਬਰੀਮਾਲਾ ਮੰਦਰ ਨਾਲ ਜੁੜੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਸਬਰੀਮਾਲਾ ਮੰਦਰ ਤੋਂ ਇਲਾਵਾ ਮੁਸਲਿਮ ਮਹਿਲਾਵਾਂ ਨੂੰ ਮਸਜਿਦਾਂ ਤੇ ਦੇਰਗਾਹਾਂ ਵਿੱਚ ਦਾਖਲਾ, ਗੈਰ-ਪਾਰਸੀ ਵਿਅਕਤੀ ਨਾਲ ਵਿਆਹ ਕਰਨ ਵਾਲੀ ਪਾਰਸੀ ਔਰਤਾਂ ਨੂੰ ਅਗਿਆਰੀ (ਅਗਨੀ ਬਾਰੇ ਵੀ ਦੌਰਾਨ ਮੰਦਰ) ਦੇ ਪਵਿੱਤਰ ਅਸਥਾਨ ਵਿੱਚ ਦਾਖ਼ਲ ਹੋਣ ਤੋਂ ਰੋਕਣ ਦੀ ਪਰੰਪਰਾ ਤੇ ਦਾਵੂਦੀ ਬਹਰਾ ਸਮਾਜ ਵਿੱਚ ਪ੍ਰਚਲਿਤ ਰਵਾਇਤਾਂ ਵਿਚਾਰ ਕੀਤਾ ਜਾਵੇਗਾ। ਇਸ ਸੰਵਿਧਾਨਕ ਬੈਂਚ, ਧਾਰਮਿਕ ਅਧਿਕਾਰਾਂ ਤੇ ਆਜ਼ਾਦੀ ਨਾਲ ਜੁੜੇ 7 ਜ਼ਰੂਰੀ ਕਾਨੂੰਨੀ ਸਵਾਲਾਂ ਦੀ ਜਾਂਚ ਕਰੇਗੀ, ਜਿਸ ਦੇ ਆਧਾਰ 'ਤੇ ਇਹ ਤੈਅ ਹੋਵੇਗਾ ਕਿ ਕੇਰਲ ਦੇ ਪ੍ਰਸਿੱਧ ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖਲ ਹੋਣ ਨੂੰ ਲੈ ਕੇ ਵਿਵਾਦ ਦਾ ਆਖ਼ਰੀ ਹੱਲ ਕੀ ਹੋਣਾ ਚਾਹੀਦਾ ਹੈ।ਚੀਫ਼ ਜਸਟਿਸ ਸੂਰਿਆਕਾਂਤ ਤੇ ਜਸਟਿਸ ਜਾਇਮਾਲਿਆ ਬਾਗਚੀ ਤੇ ਬਿਪੁਲ ਐਮ. ਪੰਚੋਲੀ ਦੀ ਬੈਂਚ ਨੇ ਮਾਮਲੇ ਦੀ ਸਾਰੀਆਂ ਧਿਰਾਂ ਨੂੰ 14 ਮਾਰਚ ਤੱਕ ਆਪਣੀਆਂ ਲਿਖਤੀ ਦਲੀਲਾਂ ਦਾਖਲ ਕਰਨ ਦੇ ਨਿਰਦੇਸ਼ ਦਿੱਤੇ ਹਨ।ਕੋਰਟ ਨੇ 10 ਫਰਵਰੀ 2020 ਦੇ ਹੁਕਮ ਦਾ ਹਵਾਲਾ ਦਿੰਦੇ ਹੋਏ ਕਿ ਕਿਹਾ ਕਿ ਜਿਹੜੇ 7 ਸਵਾਲਾਂ ਨੂੰ ਤੈਅ ਕੀਤਾ ਜਾਣਾ, ਉਨ੍ਹਾਂ ਦੇ ਲਈ ਜਵਾਬ ਲਈ ਸੁਣਵਾਈ ਜ਼ਰੂਰੀ ਹੈ। ਕੇਂਦਰ ਸਰਕਾਰ ਨੇ ਕੋਰਟ ਵਿੱਚ ਕਿਹਾ ਹੈ ਕਿ ਉਹ ਸਮੀਖਿਆ ਪਟੀਸ਼ਨ ਦਾ ਸਮਰਥਨ ਕਰ ਰਹੀ ਹੈ ਤੇ ਔਰਤਾਂ ਦੇ ਇਸ ਮੰਦਰ ਵਿੱਚ ਦਾਖਲ ਹੋਣ ਦਾ ਵਿਰੋਧ ਕਰਦੀ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਸੁਣਵਾਈ ਦਾ ਪ੍ਰੋਗਰਾਮ ਵੀ ਤੈਅ ਕਰ ਦਿੱਤਾ ਹੈ। 7 ਤੋਂ 9 ਅਪ੍ਰੈਲ ਤੱਕ ਸਮੀਖਿਆ ਪਟੀਸ਼ਨਕਰਤਾਵਾਂ ਜਾਂ ਉਨ੍ਹਾਂ ਦਾ ਸਮਰਥਨ ਕਰਨ ਦੀਆਂ ਦੀਆਂ ਦਲੀਲਾਂ ਸੁਣੀਆਂ ਜਾਣਗੀਆਂ।

ਵਿਸ਼ਵ ਛੁੱਟੀ ਸੂਚਕਾਂਕ 'ਚ ਭਾਰਤ 190 ਦੇਸ਼ਾਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ

ਮੰਡੀ ਗੋਬਿੰਦਗੜ੍ਹ, 17 ਫਰਵਰੀ (ਚ.ਨ.ਸ): ਦੁਨੀਆਂ ਭਰ ਦਾ ਛੁੱਟੀਆਂ ਦਾ ਕੈਲੰਡਰ ਸਿਰਫ਼ ਆਰਾਮ ਦੇ ਦਿਨ ਨਹੀਂ ਗਿਣਦਾ, ਇਹ ਵੀ ਦੱਸਦਾ ਹੈ ਕਿ ਕੋਈ ਦੇਸ਼ ਆਪਣੀ ਸੰਸਕ੍ਰਿਤੀ, ਧਰਮ ਤੇ ਕਾਰਜ-ਸੰਸਕ੍ਰਿਤੀ ਵਿਚਕਾਰ ਕਿਹੋ ਜਿਹਾ ਸੰਤੁਲਨ ਬਣਾਉਂਦਾ ਹੈ। ਸਾਲ 2026 ਲਈ ਜਾਰੀ ਵਿਸ਼ਵ ਛੁੱਟੀ ਸੂਚਕਾਂਕ 'ਚ ਭਾਰਤ 190 ਦੇਸ਼ਾਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ ਹੈ ਤੇ ਇਸ ਦੀ ਮੁੱਖ ਵਜ੍ਹਾ ਇਸ ਦੀ ਖ਼ੂਬਸੂਰਤ ਸੰਸਕ੍ਰਿਤੀ ਤੇ ਧਾਰਮਿਕ ਵਿਭਿੰਨਤਾ ਹੈ। ਭਾਰਤ 42 ਸਰਕਾਰੀ ਛੁੱਟੀਆਂ ਨਾਲ ਸਿਖਰ 'ਤੇ ਹੈ, ਜਦਕਿ ਵਿਸ਼ਵ ਔਸਤ ਕੇਵਲ 13 ਛੁੱਟੀਆਂ ਦਾ ਹੈ। ਇਸ ਦੇ ਉਲਟ ਅਮਰੀਕਾ 'ਚ ਸਰਕਾਰੀ ਛੁੱਟੀਆਂ ਦੀ ਗਿਣਤੀ ਵਿਸ਼ਵ ਔਸਤ ਤੋਂ ਵੀ ਘੱਟ ਹੈ। ਇਹ ਰਿਪੋਰਟ ਵੱਖ-ਵੱਖ ਦੇਸ਼ਾਂ ਦੇ ਸੰਸਕ੍ਰਿਤੀ, ਧਾਰਮਿਕ ਤੇ ਰਾਸ਼ਟਰੀ ਤਿਉਹਾਰਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਭਾਰਤ ਦੀ ਉਚ ਰੈਂਕਿੰਗ ਦਾ ਮੁੱਖ ਕਾਰਨ ਇੱਥੇ ਵਧੇਰੇ ਧਰਮਾਂ ਦੀ ਬਰਾਬਰੀ ਹੈ।ਇੱਥੇ ਹਿੰਦੂ, ਮੁਸਲਿਮ, ਇਸਾਈ, ਸਿੱਖ, ਬੋਧ ਤੇ ਜੈਨ ਸਮੇਤ ਹੋਰ ਧਰਮਾਂ ਤੇ ਭਾਈਚਾਰਿਆਂ ਦੇ ਤਿਉਹਾਰਾਂ 'ਤੇ ਰਾਸ਼ਟਰੀ ਜਾਂ ਖੇਤਰੀ ਛੁੱਟੀਆਂ ਦਿੱਤੀਆਂ ਜਾਂਦੀਆਂ ਹਨ। ਕੇਂਦਰ ਸਰਕਾਰ ਦੀਆਂ ਲਗਭਗ 17 ਗਜ਼ਟਿਡ ਛੁੱਟੀਆਂ ਦੇ ਨਾਲ-ਨਾਲ ਰਾਜ ਸਰਕਾਰਾਂ ਵੱਲੋਂ ਦਿੱਤੀਆਂ ਸਥਾਨਕ ਛੁੱਟੀਆਂ ਨੂੰ ਜੋੜ ਕੇ ਇਹ ਗਿਣਤੀ ਲਗਭਗ 42 ਤੱਕ ਪਹੁੰਚ ਜਾਂਦੀ ਹੈ।ਇਹ ਪ੍ਰਣਾਲੀ ਸਿਰਫ਼ ਵਿਭਿੰਨਤਾ ਦਾ ਸਤਿਕਾਰ ਕਰਦੀ ਹੈ, ਸਗੋਂ ਸਮਾਜਿਕ ਸਮਰਸਤਾ ਨੂੰ ਵੀ ਮਜ਼ਬੂਤ ਬਣਾਉਂਦੀ ਹੈ।ਦੁਨੀਆਂ ਦੇ ਕਈ ਦੇਸ਼ ਵੀ ਅਨੇਕ ਧਰਮਾਂ ਦੇ ਪ੍ਰਮੁੱਖ ਤਿਉਹਾਰਾਂ ਨੂੰ ਸਰਕਾਰੀ ਛੁੱਟੀ ਵਜੋਂ ਮਾਨਤਾ ਦਿੰਦੇ ਹਨ। ਉਦਾਹਰਣ ਵਜੋਂ ਘੱਟੋ-ਘੱਟ 52 ਦੇਸ਼ਾਂ 'ਚ ਕ੍ਰਿਸਮਿਸ ਤੇ ਈਦ ਦੋਵੇਂ ਮੌਕਿਆਂ 'ਤੇ ਸਰਕਾਰੀ ਛੁੱਟੀ ਹੁੰਦੀ ਹੈ। ਇਨ੍ਹਾਂ ਵਿੱਚੋਂ 30 ਤੋਂ ਵੱਧ ਦੇਸ਼ ਅਫ਼ਰੀਕਾ ਮਹਾਂਦੀਪ ਦੇ ਹਨ, ਜਿੱਥੇ ਸੰਸਕ੍ਰਿਤੀ ਵਿਭਿੰਨਤਾ ਨੂੰ ਖ਼ਾਸ ਮਹੱਤਵ ਦਿੱਤਾ ਜਾਂਦਾ ਹੈ।1 ਜਨਵਰੀ ਨੂੰ ਮਨਾਏ ਜਾਣ ਵਾਲੇ ਨਵੇਂ ਸਾਲ ਮੌਕੇ ਦੁਨੀਆਂ ਦੀ ਸਭ ਤੋਂ ਵੱਧ ਮਨਾਈ ਜਾਣ ਵਾਲੀ ਛੁੱਟੀ ਹੈ। 169 ਦੇਸ਼ਾਂ 'ਚ ਇਹ ਅਧਿਕਾਰਕ ਛੁੱਟੀ ਹੈ।

'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ 2 ਵਿਅਕਤੀਆਂ ਨੇ ਕਰਵਾਇਆ ਮੁਫ਼ਤ ਇਲਾਜ

☛ ਸੂਬਾ ਸਰਕਾਰ ਲੋਕਾਂ ਨੂੰ ਸਿਹਤ ਸਹੂਲਤ ਦੇਣ ਲਈ ਵਚਨਬੱਧ: ਰਮਨ ਬਹਿਲ

ਗੁਰਦਾਸਪੁਰ, 17 ਫਰਵਰੀ (ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਤਹਿਤ ਸੂਬੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ ਤੇ ਇਸ ਤਹਿਤ ਬਣੇ ਹੈਲਥ ਕਾਰਡ ਲੋਕਾਂ ਲਈ ਵਰਦਾਨ ਬਣੇ ਹਨ।ਇਸ ਸਬੰਧੀ ਗੱਲ ਕਰਦਿਆਂ ਗੁਰਦਾਸਪੁਰ ਦੇ ਹਲਕਾ ਇੰਚਾਰਜ ਰਮਨ ਬਹਿਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ, ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ ਤੇ ਲੋਕਾਂ ਦੀ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਸੀ।ਉਨ੍ਹਾਂ ਦੱਸਿਆ ਕਿ ਹੈਲਥ ਕਾਰਡਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ।ਰਮਨ ਬਹਿਲ ਨੇ ਦੱਸਿਆ ਕਿ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਦੇ ਨਿਵਾਸੀ ਚੇਤਨ ਮਹਾਜਨ ਤੇ ਡੇਰਾ ਬਾਬਾ ਨਾਨਕ ਦੇ ਨਿਵਾਸੀ ਨਵਜੋਤ ਸਿੰਘ ਵੱਲੋਂ ਆਪਣਾ ਮੁਫ਼ਤ ਇਲਾਜ ਗੁਰਦਾਸਪੁਰ ਦੇ ਹਸਪਤਾਲ ਵਿੱਚੋਂ ਮੁਫ਼ਤ ਕਰਵਾਇਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਦੁਕਾਨ 'ਤੇ ਕੰਮ ਕਰਨ ਵਾਲੇ ਚੇਤਨ ਮਹਾਜਨ ਦੇ ਗੁਰਦੇ ਵਿੱਚ ਪੱਥਰੀ ਹੋਣ ਕਾਰਨ ਉਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ, ਉਨ੍ਹਾਂ ਦੇ ਇਲਾਜ ਦਾ ਖ਼ਰਚਾ ਡਾਕਟਰਾਂ ਨੇ ਕਰੀਬ 90 ਹਜ਼ਾਰ ਰੁਪਏ ਦੱਸਿਆ ਸੀ। ਆਰਥਿਕ ਤੰਗੀ ਕਾਰਨ ਪਰਿਵਾਰ ਲਈ ਇਹ ਖ਼ਰਚਾ ਚੁੱਕਣਾ ਅਸੰਭਵ ਸੀ ਪਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਮਹਿਜ਼ ਇੱਕ ਦਿਨ ਵਿੱਚ ਉਨ੍ਹਾਂ ਦਾ ਸਿਹਤ ਕਾਰਡ ਬਣ ਗਿਆ। ਇਸ ਤੋਂ ਬਾਅਦ ਗੁਰਦਾਸਪੁਰ ਦੇ ਆਰ.ਪੀ. ਅਰੋੜਾ ਹਸਪਤਾਲ ਵਿੱਚ ਬਿਨਾਂ ਕੋਈ ਪੈਸਾ ਖ਼ਰਚ ਕੀਤੇ, ਉਨ੍ਹਾਂ ਦੇ ਗੁਰਦੇ ਦੀ ਪੱਥਰੀ ਦਾ ਸਫਲ ਆਪ੍ਰੇਸ਼ਨ ਹੋਇਆ।ਇਸੇ ਤਰ੍ਹਾਂ ਇੱਕ ਗਰੀਬ ਕਿਸਾਨ ਦੇ ਬੇਟੇ ਨਵਜੋਤ ਸਿੰਘ ਦੇ ਵੀ ਗੁਰਦੇ ਵਿੱਚ ਪੱਥਰੀ ਹੋਣ ਕਾਰਨ ਡਾਕਟਰਾਂ ਨੇ ਆਪ੍ਰੇਸ਼ਨ ਦਾ ਕਰੀਬ 70 ਹਜ਼ਾਰ ਰੁਪਏ ਖ਼ਰਚਾ ਦੱਸਿਆ ਸੀ, ਆਰਥਿਕ ਤੰਗੀ ਹੋਣ ਕਾਰਨ ਉਨ੍ਹਾਂ ਲਈ ਇਹ ਰਕਮ ਖਰਚ ਕਰਨੀ ਬਹੁਤ ਮੁਸ਼ਕਿਲ ਸੀ, ਪਰ ਗੁਰਦਾਸਪੁਰ ਦੇ ਆਰ.ਪੀ. ਅਰੋੜਾ ਹਸਪਤਾਲ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਉਨ੍ਹਾਂ ਦੇ ਗੁਰਦੇ ਦੀ ਪੱਥਰੀ ਦਾ ਆਪ੍ਰੇਸ਼ਨ ਬਿਨਾਂ ਕੋਈ ਪੈਸਾ ਖ਼ਰਚ ਕੀਤੇ ਹੋਇਆ।

ਮੁੱਖ ਮੰਤਰੀ ਸਿਹਤ ਯੋਜਨਾ ਦੀ ਰਜਿਸਟ੍ਰੇਸ਼ਨ ਲਈ ਨੌਜਵਾਨਾਂ ਨੂੰ ਮਿਲੇਗਾ 1,000 ਰੁਪਏ ਰੋਜ਼ਾਨਾ ਮਾਣਭੱਤਾ

☛ ਸਿਹਤ ਮੰਤਰੀ ਵੱਲੋਂ ਲੈਪਟਾਪ ਰੱਖਣ ਵਾਲੇ ਨੌਜਵਾਨਾਂ ਨੂੰ ਮੁਹਿੰਮ 'ਚ ਸਹਿਯੋਗ ਦੇਣ ਦਾ ਸੱਦਾ

ਸੰਗਰੂਰ, 17 ਫਰਵਰੀ (ਚ.ਨ.ਸ): ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬੇ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ 'ਮੁੱਖ ਮੰਤਰੀ ਸਿਹਤ ਯੋਜਨਾ' ਦੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਹੈ। ਸੰਗਰੂਰ ਵਿਖੇ ਜ਼ਿਲ੍ਹਾ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਦੌਰਾਨ ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਜਿਹੜੇ ਨੌਜਵਾਨਾਂ ਕੋਲ ਆਪਣੇ ਲੈਪਟਾਪ ਹਨ, ਉਹ ਇਸ ਮੁਹਿੰਮ ਵਿੱਚ ਸਹਾਇਤਾ ਕਰ ਸਕਦੇ ਹਨ ਤੇ ਸਰਕਾਰ ਵੱਲੋਂ ਉਨ੍ਹਾਂ ਨੂੰ ਇਸ ਸੇਵਾ ਬਦਲੇ 1,000 ਰੁਪਏ ਪ੍ਰਤੀ ਦਿਨ ਮਾਣਭੱਤਾ ਦਿੱਤਾ ਜਾਵੇਗਾ। ਮੀਟਿੰਗ ਦੌਰਾਨ ਜ਼ਿਲ੍ਹੇ ਵਿੱਚ ਸਕੀਮ ਦੇ ਕਾਰਡ ਬਣਾਉਣ ਦੇ ਕੰਮ ਦੀ ਸਮੀਖਿਆ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਿੰਡਾਂ ਦੇ ਨੌਜਵਾਨ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਇਸ ਭਰਤੀ ਮੁਹਿੰਮ ਦਾ ਹਿੱਸਾ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲਣਗੇ, ਉਥੇ ਹੀ ਯੋਗ ਲਾਭਪਾਤਰੀਆਂ ਦੇ ਕਾਰਡ ਬਣਾਉਣ ਦੀ ਪ੍ਰਕਿਰਿਆ ਵਿੱਚ ਵੀ ਤੇਜ਼ੀ ਆਵੇਗੀ। ਸਿਹਤ ਮੰਤਰੀ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਇਸ ਯੋਜਨਾ ਦੇ ਘੇਰੇ ਵਿੱਚ ਆਉਣ ਵਾਲੇ ਹਰ ਇੱਕ ਯੋਗ ਵਿਅਕਤੀ ਦਾ ਕਾਰਡ ਲਾਜ਼ਮੀ ਤੌਰ 'ਤੇ ਬਣਾਇਆ ਜਾਵੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਮੁੱਚੀ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਤੇ ਮਿਸ਼ਨ ਮੋਡ ਵਿੱਚ ਨੇਪਰੇ ਚਾੜ੍ਹੀ ਜਾਵੇ ਤਾਂ ਜੋ ਕਿਸੇ ਵੀ ਲਾਭਪਾਤਰੀ ਨੂੰ ਦਿੱਕਤ ਨਾ ਆਵੇ।ਇਸ ਸਕੀਮ ਦੀ ਮਹੱਤਤਾ ਬਾਰੇ ਗੱਲ ਕਰਦਿਆਂ ਡਾ. ਬਲਬੀਰ ਸਿੰਘ ਨੇ ਇਸ ਨੂੰ ਸਿਹਤ ਖੇਤਰ ਵਿੱਚ ਇੱਕ ਇਨਕਲਾਬੀ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਉਦੇਸ਼ ਆਮ ਲੋਕਾਂ ਨੂੰ ਮਿਆਰੀ ਤੇ ਨਕਦੀ ਰਹਿਤ ਇਲਾਜ ਦੀ ਸਹੂਲਤ ਪ੍ਰਦਾਨ ਕਰਨਾ ਹੈ ਤਾਂ ਜੋ ਅਚਾਨਕ ਆਉਣ ਵਾਲੀਆਂ ਡਾਕਟਰੀ ਐਮਰਜੈਂਸੀਆਂ ਦੌਰਾਨ ਗਰੀਬ ਤੇ ਮੱਧ ਵਰਗੀ ਪਰਿਵਾਰਾਂ 'ਤੇ ਆਰਥਿਕ ਬੋਝ ਨਾ ਪਵੇ।

'ਰੂਹ ਏ ਪੰਜਾਬ' ਸਮਾਗਮ 'ਚ ਬੱਚਿਆਂ ਨੇ ਪੰਜਾਬੀਅਤ ਦੀ ਅਮੀਰੀ ਨੂੰ ਬਿਆਨਿਆ

ਨਵੀਂ ਦਿੱਲੀ, 17 ਫਰਵਰੀ (ਚ.ਨ.ਸ): ਕੌਮਾਂਤਰੀ ਮਾਂ ਬੋਲੀ ਦਿਹਾੜਾ ਮਨਾਉਂਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੰਜਾਬੀ ਭਾਸ਼ਾ ਪਸਾਰ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ 'ਰੂਹ ਏ ਪੰਜਾਬ' 'ਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ, ਦਸ਼ਮੇਸ਼ ਪਬਲਿਕ ਸਕੂਲ, ਗੋਬਿੰਦਪੁਰੀ ਤੇ ਗੁਰੂ ਤੇਗ ਬਹਾਦਰ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬੱਚਿਆਂ ਨੇ ਵੱਖ-ਵੱਖ ਝਲਕੀਆਂ ਪੇਸ਼ ਕਰਕੇ ਪੰਜਾਬੀਅਤ ਦੀ ਅਮੀਰੀ ਨੂੰ ਬਿਆਨਿਆ। ਇੱਥੋਂ ਦੇ ਮਾਤਾ ਸਾਹਿਬ ਕੌਰ ਆਡੀਟੋਰੀਅਮ, ਮਾਤਾ ਸੁੰਦਰੀ ਕਾਲਜ ਵਿਖੇ ਬੀਤੇ ਦਿਨ ਹੋਏ ਸਮਾਗਮ ਵਿੱਚ ਬੱਚਿਆਂ ਦੇ ਮਾਪਿਆਂ ਦੇ ਨਾਲ ਸਕੂਲਾਂ ਦੇ ਪ੍ਰਿੰਸੀਪਲ ਵੀ ਸ਼ਾਮਲ ਹੋਏ।ਸਮਾਗਮ 'ਚ ਪੁੱਜੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਪੰਜਾਬੀ ਸਾਡੀ ਮਾਂ ਬੋਲੀ ਹੋਣ ਦੇ ਨਾਲ ਸਿੱਖ ਕੌਮ ਦੀ ਰੂਹ ਤੇ ਵਿਰਸੇ ਦੀ ਪਛਾਣ ਹੈ। ਪੰਜਾਬੀ ਭਾਸ਼ਾ ਪ੍ਰਸਾਰ ਕਮੇਟੀ ਦੇ ਚੇਅਰਮੈਨ ਹਰਦਿਤ ਸਿੰਘ ਗੋਬਿੰਦਪੁਰੀ ਨੇ ਕਿਹਾ ਕਿ ਬੱਚਿਆਂ ਨੂੰ ਮਾਪਿਆਂ ਦੇ ਪਰਉਪਕਾਰ ਚੇਤੇ ਰੱਖ ਕੇ ਉਨ੍ਹਾਂ ਦੀ ਸੇਵਾ ਕਰਨ ਦੀ ਲੋੜ ਹੈ ਜਿਸ ਨਾਲ ਬਿਰਧ ਘਰਾਂ ਨੂੰ ਘਟਾਇਆ ਜਾ ਸਕੇ।ਪੰਜਾਬੀ ਕਮੇਟੀ ਦੇ ਕੋ-ਚੇਅਰਮੈਨ ਰਜਿੰਦਰ ਸਿੰਘ ਵਿਰਾਸਤ ਨੇ ਕਿਹਾ ਕਿ ਕਮੇਟੀ ਪੰਜਾਬੀ ਬੋਲੀ ਨੂੰ ਘਰੋਂ-ਘਰੀ ਪਹੁੰਚਾਉਣ ਲਈ ਉਪਰਾਲੇ ਕਰ ਰਹੀ ਹੈ। ਗੋਬਿੰਦਪੁਰੀ ਨੇ ਸਮਾਗਮ 'ਚ ਸਹਿਯੋਗ ਲਈ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦਾ ਧੰਨਵਾਦ ਪ੍ਰਗਟਾਇਆ। ਇਸ ਮੌਕੇ ਪੰਜਾਬੀ ਭਾਸ਼ਾ ਪ੍ਰਸਾਰ ਕਮੇਟੀ ਦੇ ਕੋਰ ਕਮੇਟੀ ਮੈਂਬਰਾਂ, ਸਵਰਨ ਸਿੰਘ ਸਵਰਨ, ਮਾਸਟਰ ਜਗਜੀਤ ਸਿੰਘ, ਅਰਵਿੰਦਰ ਕੌਰ ਖ਼ਾਲਸਾ, ਕਰਮਜੀਤ ਕੌਰ, ਬਲਵਿੰਦਰ ਕੌਰ ਕੰਗ ਸਣੇ ਕਮੇਟੀ ਦੇ ਐਜੂਕੇਸ਼ਨ ਸੈਲ ਦੇ ਚੇਅਰਮੈਨ ਕੁਲਤਾਰਨ ਸਿੰਘ ਕੋਛੜ, ਕਮੇਟੀ ਮੈਂਬਰਾਂ ਪਰਵਿੰਦਰ ਸਿੰਘ ਲੱਕੀ, ਸੁਖਵਿੰਦਰ ਸਿੰਘ ਬੱਬਰ ਦੇ ਨਾਲ ਸਤਨਾਮ ਸਿੰਘ ਸੱਤਾ, ਬਲਜਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਪਾਲਕੋ ਤੇ ਹੋਰ ਸ਼ਾਮਲ ਹੋਏ।

45 ਨਸ਼ੀਲੀਆਂ ਗੋਲੀਆਂ ਸਮੇਤ ਦੋਸ਼ੀ ਕਾਬੂ

ਰਾਹੋਂ, 17 ਫਰਵਰੀ (ਸੰਜੀਵ ਕੁਮਾਰ ਬੋਬੀ): ਨਸ਼ਿਆਂ ਨੂੰ ਠੱਲ੍ਹ ਪਾਉਂਦੇ ਹੋਏ ਬੀਤੀ ਕੱਲ੍ਹ ਰਾਹੋਂ ਦੀ ਪੁਲਿਸ ਵੱਲੋਂ ਐਸ.ਐਚ.ਓ. ਵਰਿੰਦਰ ਕੁਮਾਰ ਦੀ ਅਗਵਾਈ 'ਚ ਆਈਓ ਥਾਣੇਦਾਰ ਏਐਸਆਈ ਮੋਹਨ ਲਾਲ ਵੱਲੋਂ 45 ਨਸ਼ੀਲੀਆਂ ਗੋਲੀਆ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਐਸ.ਐਚ.ਓ. ਚੌਧਰੀ ਵਰਿੰਦਰ ਕੁਮਾਰ ਨੇ ਆਖਿਆ ਕਿ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਜਦੋਂ ਰਾਹੋਂ ਤੋਂ ਘੱਕੇਵਾਲ ਰੋਡ ਤੋਂ ਹੁੰਦੇ ਹੋਏ ਬਿਸਤ ਦੁਆਬ ਨਹਿਰ ਦੇ ਨਾਲ-ਨਾਲ ਜਾਂਦੀ ਲਿੰਕ ਸੜਕ ਨੂੰ ਪੈਂਦੇ ਪਿੰਡ ਸ਼ੇਕਰਾਂ ਨੂੰ ਵੱਲ ਜਾਂਦੀ ਸੜਕ 'ਤੇ ਇੱਕ ਸ਼ੱਕੀ ਵਿਅਕਤੀ ਆਉਂਦਾ ਦਿਖਾਈ ਦਿੱਤਾ, ਸ਼ੱਕ ਦੇ ਆਧਾਰ 'ਤੇ ਉਸ ਕੋਲੋਂ ਤਲਾਸ਼ੀ ਲੈਣ 'ਤੇ ਉਸ ਵੱਲੋਂ ਕੋਲੋਂ 45 ਨਸ਼ੀਲੀਆਂ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ। ਪੁਲਿਸ ਪਾਰਟੀ ਵੱਲੋਂ ਉਸ ਨੂੰ ਮੌਕੇ 'ਤੇ ਕਾਬੂ ਕਰਕੇ ਅਗਲੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਮੁਖੀ ਨੇ ਆਖਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਸ ਦੀ ਪਹਿਚਾਣ ਤੇਜਪਾਲ ਪੁੱਤਰ ਪਵਨ ਕੁਮਾਰ ਵਾਸੀ ਨੇੜੇ ਸ਼ਿਵ ਮੰਦਰ, ਮੁਹੱਲਾ ਖੋਸਲਾ, ਰਾਹੋਂ ਵਜੋਂ ਹੋਈ ਹੈ।ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਹੋਰ ਤਫ਼ਤੀਸ਼ ਲਈ ਰਿਮਾਂਡ ਹਾਸਲ ਕੀਤਾ ਜਾਵੇਗਾ।ਇਸ ਮੌਕੇ ਪੁਲਿਸ ਪਾਰਟੀ ਮੌਜੂਦ ਸੀ।

ਮੰਗਾਂ ਨੂੰ ਲੈ ਕੇ ਬਿਜਲੀ ਮੁਲਾਜ਼ਮਾਂ ਨੇ ਰੋਸ ਮੁਜ਼ਾਹਰਾ ਕੀਤਾ

ਫਤਹਿਗੜ੍ਹ ਚੂੜੀਆਂ, 17 ਫਰਵਰੀ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਸਬ-ਡਵੀਜ਼ਨ ਸ਼ਹਿਰੀ ਵਿਖੇ ਸਮੂਹ ਮੁਲਾਜ਼ਮ ਜਥੇਬੰਦੀਆਂ ਵੱਲੋਂ ਪ੍ਰਧਾਨ ਸਤਨਾਮ ਸਿੰਘ ਬੇਰੀਆਂਵਾਲਾ ਤੇ ਬਾਬਾ ਬਾਲ ਕ੍ਰਿਸ਼ਨ ਦੀ ਪ੍ਰਧਾਨਗੀ ਹੇਠ ਰੋਸ ਮੁਜ਼ਾਹਰਾ ਤੇ ਅਰਥੀ ਫੂਕ ਮੁਜ਼ਾਹਰਾ ਕੀਤਾ ਗਿਆ। ਜਿਸ ਵਿੱਚ ਬੁਲਾਰਿਆਂ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪਾਵਰਕਾਮ ਵੱਲੋਂ ਮਹਿਕਮੇ ਦੀਆਂ ਜ਼ਮੀਨਾਂ ਜਾਇਦਾਦ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਐਕਟ 2025 ਨੂੰ ਰੱਦ ਕੀਤਾ ਜਾਵੇ ਤੇ ਮਹਿਕਮੇ ਵਿੱਚ ਖਾਲੀ ਅਸਾਮੀਆਂ ਦੀ ਭਰਤੀ ਕੀਤੀ ਜਾਵੇ ਤਾਂ ਜੋ ਮਹਿਕਮੇ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ਤੇ ਖਪਤਕਾਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਦਾ ਤੁਰੰਤ ਹੱਲ ਕੀਤਾ ਜਾ ਸਕੇ। ਮੁਲਾਜ਼ਮਾਂ ਦਾ ਪੈਂਡਿੰਗ ਪਿਆ ਹੋਇਆ ਡੀਏਵੀ ਤੁਰੰਤ ਜਾਰੀ ਕੀਤਾ ਜਾਵੇ, ਬਿਜਲੀ ਬੋਰਡ ਦੇ ਦਫਤਰਾਂ ਦੀ ਬਿਲਡਿੰਗ ਦਾ ਵੀ ਸੁਧਾਰ ਕੀਤਾ ਜਾਵੇ। ਗੱਲਬਾਤ ਦੌਰਾਨ ਪ੍ਰਧਾਨ ਸਤਨਾਮ ਸਿੰਘ ਬੇਰੀਆਂਵਾਲਾ ਤੇ ਬਾਬਾ ਬਾਲ ਕ੍ਰਿਸ਼ਨ ਤੇ ਸਮੂਹ ਬਿਜਲੀ ਮੁਲਾਜ਼ਮਾਂ ਨੇ ਕਿਹਾ ਕਿ ਜੇਕਰ ਆਉਣ ਵਾਲੇ ਸਮੇਂ ਵਿੱਚ ਮੰਗਾਂ ਨਹੀਂ ਮੰਨੀਆਂ ਜਾਣਗੀਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ 'ਤੇ ਰਾਜਵਿੰਦਰ ਸਿੰਘ ਟਰਪੱਲਾ, ਸਤਨਾਮ ਸਿੰਘ ਪ੍ਰਧਾਨ, ਬਾਬਾ ਬਾਲ ਕ੍ਰਿਸ਼ਨ, ਕਵਲਜੀਤ ਸਿੰਘ ਲਾਧੀ, ਕੇਵਲ ਕ੍ਰਿਸ਼ਨ ਜੇਈ, ਸੁਵਿੰਦਰ ਸਿੰਘ ਜੇਈ, ਮਨਪ੍ਰੀਤ ਸਿੰਘ ਜੇਈ, ਗੁਰਇਕਬਾਲ ਸਿੰਘ, ਸਰਤਾਜ ਸਿੰਘ, ਵਜ਼ੀਰ ਸਿੰਘ, ਮੁਕੇਸ਼ ਕੁਮਾਰ, ਰਾਜਨ ਜੋਸ਼ੀ, ਨਵਜੋਤ ਸਿੰਘ, ਮਨਿੰਦਰ ਸਿੰਘ, ਸਤਨਾਮ ਸਿੰਘ ਕਾਹਲੋਂ, ਈਸ਼ਾਨ ਸ਼ਰਮਾ, ਰਾਜਨ, ਹਰਦੀਪ ਸਿੰਘ, ਗੁਰਪ੍ਰੀਤ ਤੋਂ ਇਲਾਵਾ ਬਿਜਲੀ ਬੋਰਡ ਦੇ ਮੁਲਾਜ਼ਮ ਸਾਥੀ ਹਾਜ਼ਰ ਸਨ।

ਬਾਬਾ ਮਿੰਡ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ 57ਵੇਂ ਟੂਰਨਾਮੈਂਟ 'ਚ ਸਰਪੰਚ ਬਲਜੀਤ ਸਿੰਘ ਪੇਜੋਚਕ ਸਨਮਾਨਤ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 17 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਬੀਤੇ ਦਿਨੀਂ ਬਾਬਾ ਮਿੰਡ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਾਲਾਨਾ 57ਵਾਂ ਟੂਰਨਾਮੈਂਟ ਬਾਬਾ ਮਿੰਡ ਜੀ ਸਪੋਰਟਸ ਕਲੱਬ, ਗ੍ਰਾਮ ਪੰਚਾਇਤ ਪਿੰਡ ਮਾੜੀ ਬੁਚਿਆਂ, ਨਗਰ ਦੀਆਂ ਸੰਗਤਾਂ ਤੇ ਐਨਆਰਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਜਿਸ ਕਬੱਡੀ ਦੇ ਸ਼ੋਅ ਮੈਚ, ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਈਆਂ ਗਈਆਂ। ਇਸ ਮੌਕੇ ਲੜਕੀਆਂ ਦੀ ਕਬੱਡੀ ਦੇ ਸ਼ੋਅ ਮੈਚ ਲੋਕਾਂ ਦੀ ਖਿੱਚ ਦਾ ਕੇਂਦਰ ਬਣੇ ਰਹੇ। ਇਸ ਟੂਰਨਾਮੈਂਟ ਵਿੱਚ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਭਰਾਤਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਮਰੀਕ ਸਿੰਘ ਗੋਲਡੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ 'ਤੇ ਮੁੱਖ ਮਹਿਮਾਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਮਰੀਕ ਸਿੰਘ ਗੋਲਡੀ ਨੇ ਸੰਬੋਧਨ ਕਰਦਿਆਂ ਆਖਿਆ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਤੇ ਨੌਜਵਾਨ ਪੀੜ੍ਹੀ ਖੇਡਾਂ ਨਾਲ ਜੋੜਨ ਲਈ ਸਾਨੂੰ ਹਰ ਪਿੰਡ ਵਿੱਚ ਖੇਡਾਂ ਕਰਵਾਉਣੀਆਂ ਚਾਹੀਦੀਆਂ ਹਨ। ਇਸ ਮੌਕੇ 'ਤੇ ਅਮਰੀਕ ਸਿੰਘ ਗੋਲਡੀ, ਕਲੱਬ ਪ੍ਰਧਾਨ ਦਲਜੀਤ ਸਿੰਘ ਰਿਆੜ, ਸਰਪੰਚ ਨਿਸ਼ਾਨ ਸਿੰਘ ਮੱਲ੍ਹੀ, ਬਲਦੇਵ ਸਿੰਘ, ਜੱਸ ਗੁਰਾਇਆ ਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਤੇ ਸਰਪੰਚ ਬਲਜੀਤ ਸਿੰਘ ਪੇਜੋਚੱਕ ਸਮੇਤ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ 'ਤੇ ਦਰਸ਼ਨ ਸਿੰਘ ਚੀਮਾ, ਬਿਕਰਮਜੀਤ ਸਿੰਘ ਚੀਮਾ, ਬਲਦੇਵ ਸਿੰਘ ਚੀਮਾ, ਦਾਰਾ ਸਿੰਘ, ਸਰਬਜੀਤ ਸਿੰਘ ਚੀਮਾ, ਖੁਸ਼ਪ੍ਰੀਤ ਸਿੰਘ ਚੀਮਾ, ਮਨਿੰਦਰ ਸਿੰਘ ਚੀਮਾ ਸਮੇਤ ਵੱਡੀ ਗਿਣਤੀ ਵਿੱਚ ਮੋਹਤਬਰ ਹਾਜ਼ਰ ਸਨ।

ਐਸਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨਾਲ ਜਸਵਿੰਦਰ ਸਿੰਘ ਭਾਮ ਵੱਲੋਂ ਮੁਲਾਕਾਤ

☛ 20 ਨੂੰ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਵਿਖੇ ਲੱਗੇਗੀ ਗੜ੍ਹੀ ਦੀ ਅਦਾਲਤ

ਹਰਚੋਵਾਲ/ਸ੍ਰੀ ਹਰਿਗੋਬਿੰਦਪੁਰ ਸਾਹਿਬ, 17 ਫਰਵਰੀ (ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਐਸ ਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਅੱਜ ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੇ ਡੇਰੇ 'ਤੇ ਨਤਮਸਤਕ ਹੋਏ।ਇਸ ਮੌਕੇ ਭਾਰੀ ਗਿਣਤੀ ਵਿੱਚ ਲੋਕਾਂ ਵੱਲੋਂ ਜਸਵੀਰ ਸਿੰਘ ਗੜ੍ਹੀ ਦਾ ਸਵਾਗਤ ਵੀ ਕੀਤਾ ਗਿਆ। ਇਸ ਮੌਕੇ ਜਸਵਿੰਦਰ ਸਿੰਘ ਭਾਮ ਬਲਾਕ ਪ੍ਰਧਾਨ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੇ ਉਨ੍ਹਾਂ ਦੇ ਸਾਥੀ ਕੈਪਟਨ ਭਪਿੰਦਰ ਸਿੰਘ ਵਿੱਠਵਾ, ਕੈਪਟਨ ਹਰਜਿੰਦਰ ਸਿੰਘ, ਸਕੱਤਰ ਸਿੰਘ, ਪਰਮਜੀਤ ਸਿੰਘ ਫੌਜੀ, ਵੱਲੋਂ ਆ ਰਹੀਆਂ ਦਿੱਕਤਾਂ ਵੱਲੋਂ ਜਸਬੀਰ ਸਿੰਘ ਗੜ੍ਹੀ ਨਾਲ ਗੱਲਬਾਤ ਕੀਤੀ ਗਈ। ਇਸ ਮੌਕੇ ਜਸਵਿੰਦਰ ਸਿੰਘ ਭਾਮ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐਸਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ 20 ਫਰਵਰੀ ਨੂੰ ਬਟਾਲਾ ਵਿੱਚ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਵਿਖੇ ਅਦਾਲਤ ਲਗਾਉਣ ਜਾ ਰਹੇ ਹਨ। ਜਿਸ ਵਿੱਚ ਲੋਕਾਂ ਦੀ ਮੁਸ਼ਕਿਲਾਂ ਸੁਣੀਆਂ ਜਾਣਗੀਆਂ ਤੇ ਉਨ੍ਹਾਂ ਦਾ ਤੁਰੰਤ ਹੱਲ ਵੀ ਕੀਤਾ ਜਾਵੇਗਾ। ਸੰਤ ਸਿਪਾਹੀ ਦਵਿੰਦਰ ਸਿੰਘ ਲੁਧਿਆਣਾ ਵਾਲੇ ਵੀ ਆ ਰਹੇ ਹਨ।

ਸ਼ਿਵਰਾਤਰੀ 'ਤੇ ਮਹਾਰਾਣਾ ਪ੍ਰਤਾਪ ਸਪੋਰਟਸ ਕਲੱਬ ਸਤਨੌਰ ਦੇ ਨੌਜਵਾਨਾਂ ਨੇ ਲੰਗਰ ਲਗਾਇਆ

ਗੜ੍ਹਸ਼ੰਕਰ, 17 ਫਰਵਰੀ (ਅਜਮੇਰ ਸਿੰਘ ਭਣੋਟ): ਮਹਾਂਸ਼ਿਵਰਾਤਰੀ ਉਤਸਵ ਪੂਰੇ ਦੇਸ਼ ਭਰ ਵਿੱਚ ਬੜੀ ਹੀ ਸ਼ਰਧਾ ਤੇ ਧੂਮਧਾਮ ਦੇ ਨਾਲ ਮਨਾਇਆ ਗਿਆ। ਸ਼ੰਕਰ ਭਗਵਾਨ ਜੀ ਦੇ ਭਗਤਾਂ ਵੱਲੋਂ ਥਾਂ-ਥਾਂ ਸ਼ੰਕਰ ਭਗਤਾਂ ਦੇ ਲਈ ਲੰਗਰ ਲਗਾਏ ਗਏ, ਉਥੇ ਹੀ ਮਹਾਂ ਸ਼ਿਵਰਾਤਰੀ ਦੇ ਸਬੰਧ ਵਿੱਚ ਪਿੰਡ ਸਤਨੌਰ ਵਿਖੇ ਮਹਾਰਾਣਾ ਸਪੋਰਟਸ ਕਲੱਬ ਦੇ ਨੌਜਵਾਨਾਂ ਨੇ ਸ਼ੰਕਰ ਭਗਵਾਨ ਜੀ ਦੇ ਭਗਤਾਂ ਲਈ ਮਿਲਕ ਸ਼ੇਕ ਦਾ ਲੰਗਰ ਟਿੱਕੀਆਂ ਦਾ ਲੰਗਰ, ਨੂੰਡਲਸ ਦਾ ਲੰਗਰ ਲਗਾਏ, ਹਰ ਸਾਲ ਮਹਾਂਸ਼ਿਵਰਾਤਰੀ ਦੇ ਮੌਕੇ ਐਨਆਰਆਈ ਨੌਜਵਾਨਾਂ ਦੇ ਸਹਿਯੋਗ ਨਾਲ ਇਹ ਲੰਗਰ ਲਗਾਏ ਜਾਂਦੇ ਹਨ, ਮਹਾਰਾਣਾ ਪ੍ਰਤਾਪ ਸਪੋਰਟਸ ਕਲੱਬ ਦੇ ਨੌਜਵਾਨਾਂ ਨੇ ਦੱਸਿਆ ਕਿ ਭਗਵਾਨ ਸ਼ੰਕਰ ਜੀ ਦੇ ਇਸ ਪਿੰਡ ਸਤਨੌਰ 'ਤੇ ਅਪਾਰ ਕਿਰਪਾ ਹੈ ਤੇ ਭੋਲੇ ਭੰਡਾਰੀ ਸਾਰੇ ਭਗਤਾਂ ਦੇ ਆਪ ਭੰਡਾਰ ਭਰਦੇ ਹਨ, ਅਸੀਂ ਸਾਰੇ ਨੌਜਵਾਨ ਸ਼ੰਕਰ ਜੀ ਦੇ ਦਿੱਤੇ ਹੋਏ ਭੰਡਾਰ 'ਚੋਂ ਦਸਵੰਧ ਕੱਢ ਕੇ ਹਰ ਸਾਲ ਮਹਾਂ ਸ਼ਿਵਰਾਤਰੀ ਮੌਕੇ ਲੰਗਰ ਲਗਾਉਂਦੇ ਹਾਂ।

ਸਮਾਜ ਸੇਵਕ ਬਾਗੀ ਨੇ ਮਾਤਾ-ਪਿਤਾ ਤੇ ਭਰਾ ਦੀ ਯਾਦ ਨੂੰ ਸਮਰਪਿਤ ਅੱਖਾਂ ਤੇ ਦੰਦਾਂ ਦਾ ਕੈਂਪ ਲਗਾਇਆ

ਬੰਗਾ, 17 ਫਰਵਰੀ (ਪ੍ਰਭਜੋਤ ਸਿੰਘ): ਰੋਟ ਦਿਲਬਾਗ ਸਿੰਘ ਬਾਗੀ ਤੇ ਉਨ੍ਹਾਂ ਦੇ ਭਤੀਜੇ ਜਤਿੰਦਰ ਸਿੰਘ (ਇਟਲੀ) ਵੱਲੋਂ ਰੋਟਰੀ ਕਲੱਬ ਬੰਗਾ ਗ੍ਰੀਨ ਦੇ ਸਹਿਯੋਗ ਨਾਲ ਆਪਣੇ ਸਵਰਗੀ ਮਾਤਾ ਲਛਮਣ ਕੌਰ, ਸਵਰਗੀ ਪਿਤਾ ਮਨੀ ਸਿੰਘ ਤੇ ਵੱਡੇ ਭਰਾ ਸ਼ਿੰਗਾਰਾ ਸਿੰਘ ਦੀ ਪਵਿੱਤਰ ਯਾਦ ਨੂੰ ਸਮਰਪਿਤ ਅੱਖਾਂ ਤੇ ਦੰਦਾਂ ਦਾ ਵਿਸ਼ਾਲ ਮੁਫ਼ਤ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ, ਜਿਸ ਵਿੱਚ ਕੁੱਲ 356 ਮਰੀਜ਼ਾਂ ਨੇ ਲਾਭ ਪ੍ਰਾਪਤ ਕੀਤਾ। ਇਸ ਮੌਕੇ ਅੱਖਾਂ ਦੇ ਮਾਹਿਰ ਡਾ. ਦੇਵ ਅਸ਼ੀਸ਼ (ਆਈ ਸਰਜਨ) ਸੇਠ ਹਸਪਤਾਲ ਮੁਕੰਦਪੁਰ ਰੋਡ ਬੰਗਾ ਨੇ ਨਿਸ਼ਕਾਮ ਸੇਵਾਵਾਂ ਨਿਭਾਈਆਂ ਤੇ ਦੰਦਾਂ ਦੀ ਜਾਂਚ ਡਾ. ਵੰਦਨਾ ਮੁੰਗਾ ਤੇ ਡਾ. ਨਵਨੀਤ ਕੌਰ ਕਰਨਾਣਾ ਵੱਲੋਂ ਕੀਤੀ ਗਈ। ਕੈਂਪ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਤੇ 103 ਮਰੀਜ਼ਾਂ ਨੂੰ ਐਨਕਾਂ ਦਿੱਤੀਆਂ ਗਈਆ ਤੇ ਮੌਕੇ 'ਤੇ 35 ਆਪ੍ਰੇਸ਼ਨ ਕਰਕੇ ਮਰੀਜ਼ਾਂ ਨੂੰ ਨਵੀਂ ਰੋਸ਼ਨੀ ਬਖ਼ਸ਼ੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਸਨ ਜਦਕਿ ਪ੍ਰਧਾਨਗੀ ਸੁੱਖਵਿੰਦਰ ਕੁਮਾਰ ਸੁੱਖੀ ਐਮਐਲਏ ਬੰਗਾ ਨੇ ਕੀਤੀ ਤੇ ਵਿਸ਼ੇਸ਼ ਮਹਿਮਾਨਾਂ ਵਿੱਚ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਸ੍ਰੀ ਅਨੰਦਪੁਰ ਸਾਹਿਬ, ਹਰਜੋਤ ਕੌਰ ਲੋਹਟੀਆਂ ਵਾਈਸ ਚੇਅਰਪਰਸਨ ਐਸਸੀ ਕਮਿਸ਼ਨ ਤੇ ਉਘੇ ਸਮਾਜ ਸੇਵੀ ਹਰਦੇਵ ਸਿੰਘ ਕਾਹਮਾ ਸ਼ਾਮਲ ਸਨ।ਇਸ ਮੌਕੇ ਸਰਪੰਚ ਸਤਵੰਤ ਕੌਰ, ਗੁਰਦੀਪ ਸਿੰਘ ਪੰਚ, ਸਤਨਾਮ ਸਿੰਘ ਪੰਚ, ਨਰਿੰਦਰ ਸਿੰਘ ਨਿੰਦੀ ਸਾਬਕਾ ਸਰਪੰਚ, ਨਿਰਮਲਜੀਤ ਸੋਨੂੰ ਸਾਬਕਾ ਬਲਾਕ ਸੰਮਤੀ ਮੈਂਬਰ, ਦਿਲਬਾਗ ਸਿੰਘ ਮਜ਼ੂਰ, ਨਿਰਮਲ ਕੌਰ ਸਾਬਕਾ ਸਰਪੰਚ, ਜਸਵੀਰ ਸਿੰਘ ਬਰਨਾਲਾ, ਸੁੱਚਾ ਸਿੰਘ ਗਿੱਧਾ ਲੰਗੜੋਆ, ਮਨਜੀਤ ਕੌਰ, ਡਾ. ਤਨਵੀਨ ਕੌਰ ਚੇੜਾ, ਗੁਰਦੇਵ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਹਾਜ਼ਰ ਸਨ।

ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਮੀਰਪੁਰ ਵਿਖੇ ਸਾਲਾਨਾ ਇਨਾਮ ਵੰਡ ਸਮਰੋਹ ਮਨਾਇਆ

ਬਟਾਲਾ, 17 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ): ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਮੀਰਪੁਰ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਤੇ ਸਾਲਾਨਾ ਸਮਾਗਮ ਹੋਇਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਚੇਅਰਮੈਨ ਜਰਨੈਲ ਸਿੰਘ ਕਾਲੋ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸਕੂਲ ਦੇ ਵਿਦਿਆਰਥੀਆਂ ਨੇ ਹਰ ਫੀਲਡ ਵਿੱਚ ਮੱਲਾਂ ਮਾਰੀਆਂ ਹਨ, ਇਸ ਸਰੂਪ ਵਿੱਚ ਮੁੱਖ ਮਹਿਮਾਨ ਬਾਪੂ ਮਿਲਖਾ ਸਿੰਘ ਰਿਆੜਾਂ ਵਾਲਿਆਂ ਨੇ ਵਿਦਿਆਰਥੀ ਨੂੰ ਗੁਰਬਾਣੀ ਸ਼ਬਦ ਦੀ ਸਿੱਖਿਆ ਦਿੱਤੀ।ਸਕੂਲ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਇੰਸਪੈਕਟਰ ਹਰਮੀਕ ਸਿੰਘ ਐਸਐਚਓ ਰੰਗੜ ਨੰਗਲ ਨੇ ਸ਼ਿਰਕਤ ਕੀਤੀ ਤੇ ਬੱਚਿਆਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਆ। ਵਿਦਿਆਰਥੀਆਂ ਨੇ ਗਿੱਧੇ ਭੰਗੜੇ ਦੇ ਨਾਲ ਦਹੇਜ, ਨਸ਼ਾ, ਮੋਬਾਇਲ ਫੋਨ ਦੀ ਗਲਤ ਵਰਤੋਂ ਤੇ ਸਮਾਜਿਕ ਕੁਰੀਤੀਆਂ 'ਤੇ ਵਿਅੰਗ ਕੱਸਦੇ ਹੋਏ ਨਾਟਕ ਪੇਸ਼ ਕੀਤੇ, ਦੇਸ਼ ਭਗਤੀ ਤੇ ਸ਼ਬਦ ਗਾਇਨ ਆਦਿ ਹਰ ਵਿਸ਼ੇ 'ਤੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਪ੍ਰੋਗਰਾਮ ਪੇਸ਼ ਕੀਤਾ। ਸਕੂਲ ਪ੍ਰਿੰਸੀਪਲ ਕਰਮਵੀਰ ਕੌਰ ਨੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਕਾਮਯਾਬ ਹੋਣ ਲਈ ਪ੍ਰੇਰਿਆ। ਇਸ ਮੌਕੇ ਸਕੂਲ ਸਟਾਫ ਸ਼ੰਗਾਰਾ ਰਾਮ, ਮਨਜਿੰਦਰ ਕੌਰ, ਜਗਨਦੀਪ ਕੌਰ, ਅਲੀਸ਼ਾ, ਪਵਨਦੀਪ ਕੌਰ, ਮਹਿਕਦੀਪ ਕੌਰ, ਸੰਦੀਪ ਕੌਰ ਨੀਤੂ, ਸੀਤਾ ਤੇ ਹੋਰ ਸਟਾਫ ਹਾਜ਼ਰ ਸੀ।

ਐਡ. ਸੇਖਵਾਂ ਵੱਲੋਂ ਕਾਹਨੂੰਵਾਨ ਬਲਾਕ ਦੇ ਵੱਖ-ਵੱਖ ਪਿੰਡਾਂ ਦੇ ਮੋਹਤਬਰਾਂ ਨਾਲ ਮੀਟਿੰਗ

ਕਾਦੀਆਂ, 17 ਫਰਵਰੀ (ਸਲਾਮ ਤਾਰੀ/ਸਿਕੰਦਰ ਸੰਧੂ): ਹਲਕਾ ਇੰਚਾਰਜ ਕਾਦੀਆਂ, ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਬਲਾਕ ਕਾਹਨੂੰਵਾਨ ਵਿਖੇ ਵੱਖ-ਵੱਖ ਪਿੰਡਾਂ ਦੇ ਮੋਹਤਬਰਾਂ ਨਾਲ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਵਿਸ਼ੇਸ਼ ਮਟਿੰਗ ਕੀਤੀ ਗਈ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੜਕਾਂ, ਨਿਕਾਸੀ ਪ੍ਰਬੰਧ, ਪੀਣ ਵਾਲੇ ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਵਰਗੇ ਮੁੱਦਿਆਂ 'ਤੇ ਗੰਭੀਰ ਚਰਚਾ ਹੋਈ ਤੇ ਤੁਰੰਤ ਕਾਰਵਾਈ ਲਈ ਯੋਜਨਾਵਾਂ ਤਿਆਰ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਾਦੀਆਂ ਵਿਧਾਨ ਸਭਾ ਹਲਕੇ ਦੇ ਹਰ ਪਿੰਡ ਅੰਦਰ ਬੁਨਿਆਦੀ ਢਾਂਚੇ ਤੇ ਬਿਹਤਰ ਸਹੂਲਤਾਂ ਨਾਲ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਤੇ ਹਲਕੇ ਦੇ ਚਹੁੰਪੱਖੀ ਵਿਕਾਸ ਲਈ ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਸੇਖਵਾਂ ਨੇ ਕਿਹਾ ਕਿ ਹਲਕੇ ਅੰਦਰ ਪਾਰਦਰਸ਼ੀ ਢੰਗ ਨਾਲ ਸਰਬਪੱਖੀ ਵਿਕਾਸ ਕਾਰਜ ਜਾਰੀ ਹਨ ਤੇ ਲੋਕਾਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਵਿਕਾਸ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਕਾਦੀਆਂ ਹਲਕੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਕਰਵਾਏ ਗਏ ਹਨ ਤੇ ਵੱਖ-ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ ਤਹਿਤ ਸਮਾਗਮ

ਕਲਾਨੌਰ, 17 ਫਰਵਰੀ (ਇਕਬਾਲ ਵਾਲੀਆ/ਕਮਲਜੀਤ ਸਿੰਘ): ਗੁਰਦਾਸਪੁਰ ਦੇ ਸਾਰੇ ਆਂਗਨਵਾੜੀ ਕੇਂਦਰਾਂ 'ਚ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ' ਦੇ ਤਹਿਤ ਇਸ ਮਹੀਨੇ ਦੇ ਥੀਮ ਸਮਾਜਿਕ, ਭਾਵਨਾਤਮਕ ਤੇ ਬੁੱਧਾਤਮਕ ਵਿਕਾਸ ਬਾਰੇ ਮਾਪਿਆਂ ਨੂੰ ਜਾਗਰੂਕ ਕਰਨਾ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਦੇ ਸਮਾਜਿਕ, ਭਾਵਨਾਤਮਕ ਤੇ ਬੁੱਧਾਤਮਕ ਵਿਕਾਸ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਸਮਾਗਮ ਵਿੱਚ ਬੱਚਿਆਂ ਲਈ ਪਲੇਅ-ਵੇਅ ਮੈਥਡ ਰਾਹੀਂ ਸਿੱਖਣ-ਸਿਖਾਉਣ ਦੀਆਂ ਗਤੀਵਿਧੀਆਂ, ਰੰਗ ਭਰਨ ਮੁਕਾਬਲੇ, ਕਹਾਣੀ ਸੁਣਾਉਣ ਤੇ ਗੀਤ-ਸੰਗੀਤ ਦੀਆਂ ਕਲਾਸਾਂ ਲਗਾਈਆਂ ਗਈਆਂ ਤੇ ਬੱਚਿਆਂ ਨੇ ਸਮਾਗਮ ਵਿੱਚ ਬਹੁਤ ਉਤਸ਼ਾਹ ਨਾਲ ਭਾਗ ਲਿਆ। ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀਮਤੀ ਜਸਮੀਤ ਕੌਰ ਨੇ ਦੱਸਿਆ ਕਿ ਈ.ਸੀ.ਸੀ.ਈ. ਦਿਵਸ ਮਨਾਉਣ ਦਾ ਮੁੱਖ ਉਦੇਸ਼ 3 ਤੋਂ 6 ਸਾਲ ਦੇ ਬੱਚਿਆਂ ਦੇ ਸਰਵਾਂਗੀਣ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਆਂਗਨਵਾੜੀ ਕੇਂਦਰਾਂ ਵਿੱਚ ਪੋਸ਼ਣ ਵੀ, ਪੜ੍ਹਾਈ ਵੀ ਮੁਹਿੰਮ ਤਹਿਤ ਬੱਚਿਆਂ ਨੂੰ ਸੰਤੁਲਿਤ ਪੋਸ਼ਣ ਦੇ ਨਾਲ-ਨਾਲ ਗੁਣਵੱਤਾਪੂਰਨ ਪ੍ਰੀ-ਸਕੂਲ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਮੌਕੇ 'ਤੇ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਮਾਪਿਆਂ ਨੂੰ ਵੀ ਬੱਚਿਆਂ ਦੀ ਦਿਨਚਰਯਾ, ਸਫ਼ਾਈ ਤੇ ਪੋਸ਼ਣ ਬਾਰੇ ਜਾਣਕਾਰੀ ਦਿੱਤੀ ਗਈ।

ਮੋਟਰਸਾਈਕਲ ਸਵਾਰ ਨੇ ਮਹਿਲਾ 'ਤੇ ਤੇਜ਼ਾਬ ਸੁੱਟਿਆ

ਲੁਧਿਆਣਾ, 17 ਫਰਵਰੀ (ਚ.ਨ.ਸ): ਲੁਧਿਆਣਾ ਵਿੱਚ ਇੱਕ ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀ ਨੇ 40 ਸਾਲਾ ਮਹਿਲਾ ਮਜ਼ਦੂਰ 'ਤੇ ਕਥਿਤ ਤੌਰ 'ਤੇ ਤੇਜ਼ਾਬ ਸੁੱਟ ਦਿੱਤਾ, ਜਿਸ ਕਾਰਨ ਉਹ ਜ਼ਖ਼ਮੀ ਹੋ ਗਈ ਹੈ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਤੇਜ਼ਾਬ ਨਾਲ ਹਮਲੇ ਦੀ ਇਹ ਘਟਨਾ ਲੁਧਿਆਣਾ ਦੀ ਦੁਗਰੀ ਕਲੋਨੀ ਵਿੱਚ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਮਹਿਲਾ ਉੱਤਰ ਪ੍ਰਦੇਸ਼ ਦੀ ਰਹਿਣ ਵਾਲੀ ਹੈ ਤੇ ਤਿੰਨ ਬੱਚਿਆਂ ਦੀ ਮਾਂ ਹੈ। ਹਮਲਾਵਰ ਨੇ ਕੁਝ ਪੁੱਛਣ ਦੇ ਬਹਾਨੇ ਮਹਿਲਾ ਨੂੰ ਆਪਣੇ ਵੱਲ ਬੁਲਾਇਆ, ਜਿਸ ਤੋਂ ਬਾਅਦ ਉਸ ਨੇ ਕਥਿਤ ਤੌਰ 'ਤੇ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਇਸ ਹਮਲੇ ਵਿੱਚ ਮਹਿਲਾ ਦਾ ਚਿਹਰਾ ਤੇ ਅੱਖਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ ਤੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ।

ਵਿਆਹ ਤੋਂ ਪਹਿਲਾਂ ਕਿਸੇ ਉਤੇ ਭਰੋਸਾ ਨਾ ਕਰੋ: ਸੁਪਰੀਮ ਕੋਰਟ

ਨਵੀਂ ਦਿੱਲੀ, 17 ਫਰਵਰੀ (ਚ.ਨ.ਸ): ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਿਹਾ ਕਿ ਵਿਆਹ ਤੋਂ ਪਹਿਲਾਂ ਲੜਕਾ ਤੇ ਲੜਕੀ ਪੂਰੀ ਤਰ੍ਹਾਂ ਅਜਨਬੀ ਹੁੰਦੇ ਹਨ ਤੇ ਉਨ੍ਹਾਂ ਨੂੰ ਵਿਆਹ ਤੋਂ ਪਹਿਲਾਂ ਸਰੀਰਕ ਸਬੰਧ ਬਣਾਉਣ ਵੇਲੇ ਸਾਵਧਾਨ ਰਹਿਣਾ ਚਾਹੀਦਾ ਹੈ। ਜਸਟਿਸ ਬੀ.ਵੀ. ਨਾਗਰਤਨਾ ਤੇ ਜਸਟਿਸ ਉਜਲ ਭੂਈਆਂ ਦੀ ਬੈਂਚ ਨੇ ਵਿਆਹ ਦੇ ਝੂਠੇ ਵਾਅਦੇ ਉਤੇ ਜਬਰ-ਜਨਾਹ ਦੇ ਦੋਸ਼ੀ ਵਿਅਕਤੀ ਦੀ ਜ਼ਮਾਨਤ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਔਰਤ ਨੂੰ ਸਵਾਲ ਕੀਤਾ ਕਿ ਉਹ ਦੁਬਈ ਕਿਉਂ ਗਈ, ਜਿੱਥੇ ਉਨ੍ਹਾਂ ਨੇ ਸਰੀਰਕ ਸਬੰਧ ਬਣਾਏ। ਬੈਂਚ ਨੇ ਕਿਹਾ ਕਿ ਇਹ ਸਹਿਮਤੀ ਨਾਲ ਹੈ। ਅਸੀਂ ਪੁਰਾਣੇ ਜ਼ਮਾਨੇ ਦੇ ਹੋ ਸਕਦੇ ਹਾਂ ਪਰ ਵਿਆਹ ਤੋਂ ਪਹਿਲਾਂ ਇੱਕ ਮੁੰਡਾ ਤੇ ਕੁੜੀ ਪੂਰੀ ਤਰ੍ਹਾਂ ਅਜਨਬੀ ਹਨ। ਉਨ੍ਹਾਂ ਨੂੰ ਵਿਆਹ ਤੋਂ ਪਹਿਲਾਂ ਸਰੀਰਕ ਸਬੰਧ ਬਣਾਉਣ ਲਈ ਸਾਵਧਾਨ ਰਹਿਣਾ ਚਾਹੀਦਾ ਹੈ।' ਜਸਟਿਸ ਨਾਗਰਤਨਾ ਨੇ ਕਿਹਾ ਕਿ ਅਸੀਂ ਇਹ ਸਮਝਣ ਵਿੱਚ ਅਸਫਲ ਹਾਂ ਕਿ ਕੋਈ ਵਿਆਹ ਤੋਂ ਪਹਿਲਾਂ ਸਰੀਰਕ ਸਬੰਧਾਂ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹਨ। ਹੋ ਸਕਦਾ ਹੈ ਕਿ ਸਾਡੀ ਸੋਚ ਪੁਰਾਣੇ ਜ਼ਮਾਨੇ ਦੀ ਹੋਵੇ ਪਰ ਤੁਹਾਨੂੰ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ, ਕਿਸੇ ਉਤੇ ਵੀ ਵਿਆਹ ਤੋਂ ਪਹਿਲਾਂ ਕਿਸੇ ਉਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ।" ਔਰਤ ਦੇ ਵਕੀਲ ਨੇ ਕਿਹਾ ਕਿ ਉਹ 2022 ਵਿੱਚ ਇੱਕ ਵਿਆਹ ਦੀ ਵੈਬਸਾਈਟ ਉਤੇ ਮਿਲੇ ਸਨ ਤੇ ਉਸ ਨੇ ਕਥਿਤ ਤੌਰ ਉਤੇ ਦਿੱਲੀ ਤੇ ਬਾਅਦ ਵਿੱਚ ਦੁਬਈ ਵਿੱਚ ਕਈ ਮੌਕਿਆਂ ਉਤੇ ਵਿਆਹ ਦੇ ਝੂਠੇ ਵਾਅਦੇ ਉਤੇ ਉਸ ਨਾਲ ਸਰੀਰਕ ਸਬੰਧ ਸਥਾਪਤ ਕੀਤੇ। ਜਸਟਿਸ ਨਾਗਰਤਨਾ ਨੇ ਆਦਮੀ ਦੇ ਵਕੀਲ ਨੂੰ ਕਿਹਾ ਕਿ ਉਹ ਉਸ ਨੂੰ ਕੁੱਝ ਮੁਆਵਜ਼ਾ ਦੇਣ ਤੇ ਕੇਸ ਖ਼ਤਮ ਕਰਨ। ਔਰਤ ਨੇ ਆਪਣੀ ਸ਼ਿਕਾਇਤ 'ਚ ਦਾਅਵਾ ਕੀਤਾ ਹੈ ਕਿ ਉਸ ਦੇ ਜ਼ੋਰ ਦੇਣ ਉਤੇ ਉਹ ਦੁਬਈ ਗਈ ਸੀ, ਜਿੱਥੇ ਉਸ ਨੇ ਕਥਿਤ ਤੌਰ ਉਤੇ ਵਿਆਹ ਦੇ ਝੂਠੇ ਬਹਾਨੇ ਉਸ ਨਾਲ ਸਰੀਰਕ ਸਬੰਧ ਬਣਾਏ ਤੇ ਉਸ ਦੀ ਸਹਿਮਤੀ ਤੋਂ ਬਿਨਾਂ ਅਸ਼ਲੀਲ ਵੀਡੀਓ ਰੀਕਾਰਡ ਕੀਤੀਆਂ ਤੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਵਿਰੋਧ ਕੀਤਾ ਤਾਂ ਉਹ ਉਨ੍ਹਾਂ ਨੂੰ ਫੈਲਾ ਦੇਵੇਗਾ। ਔਰਤ ਨੇ ਦੱਸਿਆ ਕਿ ਬਾਅਦ 'ਚ ਉਸ ਨੂੰ ਪਤਾ ਲੱਗਾ ਕਿ ਉਸ ਨੇ ਜਨਵਰੀ 2024 'ਚ ਪੰਜਾਬ 'ਚ ਦੂਜੀ ਔਰਤ ਨਾਲ ਵਿਆਹ ਕਰਵਾ ਲਿਆ ਸੀ। ਦਿੱਲੀ ਹਾਈ ਕੋਰਟ ਤੇ ਹੇਠਲੀ ਅਦਾਲਤ ਨੇ ਵਿਅਕਤੀ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਸੀ। ਹਾਈ ਕੋਰਟ ਨੇ ਜ਼ਮਾਨਤ ਰੱਦ ਕਰਦਿਆਂ ਕਿਹਾ ਕਿ ਦੋਸ਼ ਪਹਿਲੀ ਨਜ਼ਰ ਤੋਂ ਸੰਕੇਤ ਦਿੰਦੇ ਹਨ ਕਿ ਵਿਆਹ ਦਾ ਵਾਅਦਾ ਸ਼ੁਰੂ ਤੋਂ ਹੀ ਝੂਠਾ ਸੀ, ਖ਼ਾਸਕਰ ਕਿਉਂਕਿ ਪਟੀਸ਼ਨਕਰਤਾ ਪਹਿਲਾਂ ਹੀ ਵਿਆਹਿਆ ਹੋਇਆ ਸੀ ਤੇ ਉਸ ਨੇ 19 ਜਨਵਰੀ, 2024 ਨੂੰ ਦੁਬਾਰਾ ਵਿਆਹ ਕਰਵਾ ਲਿਆ ਸੀ।

ਪੰਜਾਬ 'ਚ ਪਹਿਲੀ ਵਾਰ ਪੈਲੇਸ 'ਚ ਪੁਸਤਕਾਂ ਦਾ ਸਟਾਲ ਬਣਿਆ ਖਿੱਚ ਦਾ ਕੇਂਦਰ

☛ਭਾਸ਼ਾ ਵਿਭਾਗ ਦੀ ਪਹਿਲ, ਵਿਆਹ 'ਚ ਸਜੀ ਪੁਸਤਕਾਂ ਦੀ ਮਹਿਫ਼ਲ

ਫਿਰੋਜ਼ਪੁਰ, 17 ਫਰਵਰੀ (ਚ.ਨ.ਸ): ਆਮ ਤੌਰ 'ਤੇ ਵਿਆਹਾਂ ਵਿੱਚ ਜਿੱਥੇ ਸਜਾਵਟ, ਸਵਾਦੀ ਖਾਣੇ ਤੇ ਸੰਗੀਤ ਦੀ ਧੂੰਨ ਮਹਿਮਾਨਾਂ ਦਾ ਸਵਾਗਤ ਕਰਦੀ ਹੈ, ਉਥੇ ਸ਼ਹਿਰ ਦੇ ਇੱਕ ਪੈਲੇਸ ਵਿੱਚ ਵਿਆਹ ਸਮਾਗਮ ਵਿੱਚ ਭਾਸ਼ਾ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾ ਕੇ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਬੜ੍ਹਾਵਾ ਦੇਣ ਦਾ ਸੰਦੇਸ਼ ਦਿੱਤਾ ਗਿਆ। ਫਿਰੋਜ਼ਪੁਰ ਵਿੱਚ ਇਹ ਪਹਿਲ ਹੁਣ ਚਰਚਾ ਦਾ ਵਿਸ਼ਾ ਬਣ ਚੁੱਕੀ ਹੈ। ਇਸ ਮੌਕੇ ਲਾੜੇ ਨਵਸੰਗੀਤ ਸਿੰਘ ਬਰਾੜ ਨੇ ਕਿਹਾ ਕਿ ਵਿਆਹ ਵਰਗੇ ਪਵਿੱਤਰ ਤੇ ਖੁਸ਼ਹਾਲ ਮੌਕੇ ਗਿਆਨ ਤੇ ਸੱਭਿਆਚਾਰ ਨਾਲ ਸਬੰਧਤ ਪਹਿਲ ਕਰਨਾ ਸਨਮਾਨ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਅਸੀਂ ਚਾਹੁੰਦੇ ਸੀ ਕਿ ਸਾਡਾ ਵਿਆਹ ਸਿਰਫ਼ ਪਰਿਵਾਰਕ ਮਾਮਲਾ ਹੀ ਨਾ ਹੋਵੇ, ਸਗੋਂ ਸਮਾਜ ਨੂੰ ਸਕਾਰਾਤਮਕ ਸੁਨੇਹਾ ਵੀ ਦੇਵੇ। ਜੇਕਰ ਇਹ ਪਹਿਲ ਕੁਝ ਨੌਜਵਾਨਾਂ ਵਿੱਚ ਪੜ੍ਹਨ ਵਿੱਚ ਦਿਲਚਸਪੀ ਪੈਦਾ ਕਰਦੀ ਹੈ ਤਾਂ ਇਹ ਸਾਡੇ ਲਈ ਬਹੁਤ ਵੱਡਾ ਅਸ਼ੀਰਵਾਦ ਹੋਵੇਗਾ।' ਇਸ ਮੌਕੇ ਲਾੜੀ ਨਵਜੋਤ ਕੌਰ ਗਿੱਲ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦੀ ਪੀੜ੍ਹੀ ਨੂੰ ਆਪਣੀ ਭਾਸ਼ਾ ਤੇ ਸੱਭਿਆਚਾਰ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਸੀਂ ਆਪਣੀ ਮਾਂ-ਬੋਲੀ ਤੇ ਸਾਹਿਤ ਨਾਲ ਜਿੰਨਾ ਜ਼ਿਆਦਾ ਜੁੜਦੇ ਹਾਂ, ਸਾਡੀ ਪਛਾਣ ਓਨੀ ਹੀ ਮਜ਼ਬੂਤ ਹੁੰਦੀ ਜਾਂਦੀ ਹੈ। ਵਿਆਹ ਵਰਗੇ ਮੌਕੇ ਕਿਤਾਬ ਪ੍ਰਦਰਸ਼ਨੀ ਦਾ ਆਯੋਜਨ ਕਰਨਾ ਸਾਡੇ ਲਈ ਸਾਰਥਕ ਫੈਸਲਾ ਸੀ।' ਸਮਾਗਮ ਵਿੱਚ ਆਏ ਮਹਿਮਾਨਾਂ ਨੇ ਵੀ ਡੂੰਘੀ ਦਿਲਚਸਪੀ ਦਿਖਾਈ। ਕਈਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਕਿਤਾਬਾਂ ਦੇਖਣ ਤੇ ਪੜ੍ਹਨ ਲਈ ਪੁਸਤਕ ਸਟਾਲਾਂ ਦਾ ਦੌਰਾ ਕੀਤਾ। ਬੱਚਿਆਂ ਤੇ ਨੌਜਵਾਨਾਂ ਨੇ ਖਾਸ ਉਤਸ਼ਾਹ ਦਿਖਾਇਆ। ਜ਼ਿਲ੍ਹਾ ਭਾਸ਼ਾ ਅਧਿਕਾਰੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਵਿਭਾਗ ਦਾ ਉਦੇਸ਼ ਸਮਾਜ ਦੇ ਹਰ ਵਰਗ ਤੱਕ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਮਹੱਤਤਾ ਫੈਲਾਉਣਾ ਹੈ। ਅੱਜ ਦੇ ਸਮੇਂ ਵਿੱਚ ਨੌਜਵਾਨ ਕਿਤਾਬਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਮੋਬਾਈਲ ਫੋਨਾਂ ਤੇ ਡਿਜੀਟਲ ਮੀਡੀਆ ਦੇ ਵੱਧਦੇ ਪ੍ਰਭਾਵ ਨਾਲ ਪੜ੍ਹਨ ਦੀ ਆਦਤ ਘੱਟਦੀ ਜਾ ਰਹੀ ਹੈ। ਇਸ ਲਈ ਸਮਾਜਿਕ ਇਕੱਠਾਂ ਵਿੱਚ ਪੁਸਤਕ ਪ੍ਰਦਰਸ਼ਨੀਆਂ ਲਗਾ ਕੇ ਪੁਸਤਕ ਨੂੰ ਸਿੱਧੇ ਲੋਕਾਂ ਤੱਕ ਪਹੁੰਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਵਿੱਚ ਕਿਸੇ ਵਿਆਹ ਵਿੱਚ ਅਜਿਹੀ ਪ੍ਰਦਰਸ਼ਨੀ ਲਗਾਈ ਗਈ ਹੈ। ਵਿਭਾਗ ਦਾ ਉਦੇਸ਼ ਭਵਿੱਖ ਵਿੱਚ ਇਸ ਪਹਿਲਕਦਮੀ ਨੂੰ ਜਾਰੀ ਰੱਖਣਾ ਹੈ।

ਸਿੱਖ ਰੈਜੀਮੈਂਟ 'ਚ ਫ਼ੌਜ ਦੀ ਭਰਤੀ ਦੀ ਘਾਟ ਦਾ ਸੰਕਟ ਰਾਸ਼ਟਰੀ ਸੁਰੱਖਿਆ ਦਾ ਸੰਕਟ

ਖੰਨਾ, 17 ਫਰਵਰੀ (ਚ.ਨ.ਸ): ਭਾਰਤੀ ਫ਼ੌਜ ਵੱਲੋਂ ਜਨਵਰੀ 2026 ਵਿੱਚ ਜਾਰੀ ਕੀਤੀ ਭਾਵੁਕ ਅਪੀਲ ਕਿ 'ਵਾਰੀਅਰ ਸਪਿਰਟ ਨੀਡਜ਼ ਯੂ' ਭਾਵ ਯੋਧਿਆਂ ਦੀ ਆਤਮਾ ਨੂੰ ਤੁਹਾਡੀ ਲੋੜ ਹੈ, ਕਈ ਦਹਾਕਿਆਂ ਬਾਅਦ ਸਿੱਖ ਨੌਜਵਾਨਾਂ ਨੂੰ ਸੱਦਾ ਦਿੰਦੀ ਦਿਖਾਈ ਦਿੱਤੀ ਕਿ ਆਓ ਸਿੱਖ ਰੈਜੀਮੈਂਟ ਵਿੱਚ ਸ਼ਾਮਲ ਹੋਵੋ, ਨੇ ਪੰਜਾਬ ਵਿੱਚ ਇੱਕ ਵੱਡੀ ਚਰਚਾ ਛੇੜੀ ਹੋਈ ਹੈ। ਇਸ ਅਪੀਲ ਵਿੱਚ ਫ਼ੌਜ ਨੇ ਸਿੱਖ ਮਾਰੇਬਲ ਪ੍ਰੰਪਰਾਵਾਂ ਨੂੰ ਯਾਦ ਕਰਵਾਇਆ। ਇਹ ਅਪੀਲ ਆਮ ਫ਼ੌਜੀ ਭਰਤੀ ਸੰਦੇਸ਼ਾਂ ਤੋਂ ਬਿਲਕੁਲ ਵੱਖਰੀ ਹੈ ਤੇ ਸਿੱਖ ਨੌਜਵਾਨਾਂ ਦੇ ਭਰਤੀ ਨਾ ਹੋਣ ਦੀ ਸਥਿਤੀ ਦਾ ਪ੍ਰਗਟਾਵਾ ਕਰਦੀ ਹੈ। ਸਿੱਖ ਰੈਜੀਮੈਂਟ ਵਿੱਚ ਭਰਤੀ ਵਿੱਚ ਤੇਜ਼ ਗਿਰਾਵਟ ਨੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਫ਼ੌਜੀ ਭਰਤੀ ਰੈਲੀਆਂ ਤੇ ਤਿਆਰੀ ਕੈਂਪਾਂ ਵਿੱਚ ਸਿੱਖਾਂ ਦੀ ਹਿੱਸੇਦਾਰੀ 60-70 ਫ਼ੀਸਦੀ ਤੱਕ ਘਟੀ ਦੱਸੀ ਜਾ ਰਹੀ ਹੈ। ਜੋ ਪੰਜਾਬ ਦੀ ਸਥਿਤੀ ਬਾਰੇ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਹੀ ਹੈ। ਸਿੱਖ ਰੈਜੀਮੈਂਟ ਵਿੱਚ 20 ਰੈਗੂਲਰ ਬਟਾਲੀਅਨਾਂ, 3 ਟੈਰੀਟੋਰੀਅਲ ਆਰਮੀ ਯੂਨਿਟਾਂ ਤੇ ਇੱਕ ਰਾਸ਼ਟਰੀ ਰਾਈਫਲਸ ਬਟਾਲੀਅਨ ਹੈ।ਪੰਜਾਬੀਆਂ ਤੇ ਸਿੱਖਾਂ ਵਿੱਚ ਫ਼ੌਜ ਵਿੱਚ ਭਰਤੀ ਹੋਣ ਦਾ ਉਤਸ਼ਾਹ ਘਟਣ ਦਾ ਸਭ ਤੋਂ ਵੱਡਾ ਕਾਰਨ ਅਗਨੀਵੀਰ ਸਕੀਮ ਨੂੰ ਮੰਨਿਆ ਜਾ ਰਿਹਾ ਹੈ ਕਿਉਂਕਿ ਪਹਿਲਾਂ 15 ਸਾਲ ਦੀ ਪੱਕੀ ਨੌਕਰੀ ਤੇ ਪੈਨਸ਼ਨ ਮਿਲਦੀ ਸੀ।ਹੁਣ ਅਗਨੀਵੀਰ ਅਧੀਨ ਸਿਰਫ਼ 4 ਸਾਲ ਦੀ ਨੌਕਰੀ ਤੇ ਸਿਰਫ਼ 25 ਫ਼ੀਸਦੀ ਨੂੰ ਹੀ ਨੌਕਰੀ ਜਾਰੀ ਰੱਖਣ ਦੀ ਇਜਾਜ਼ਤ ਨੇ ਫ਼ੌਜੀ ਨੌਕਰੀ ਦੀ ਅਸੁਰੱਖਿਅਤਾ ਵਧਾ ਦਿੱਤੀ ਹੈ।ਬ੍ਰਿਗੇਡੀਅਰ ਹਰਵੰਤ ਸਿੰਘ (ਸੇਵਾਮੁਕਤ) ਨੇ ਅਗਨੀਵੀਰ ਨੂੰ ਠੇਕੇਦਾਰੀ ਤੇ ਬੰਧੂਆ ਮਜ਼ਦੂਰੀ ਵਰਗਾ ਮੰਨਿਆ ਹੈ।ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ (ਸੇਵਾਮੁਕਤ) ਅਨੁਸਾਰ ਸਿੱਖ ਨੌਜਵਾਨਾਂ ਦੀ ਫ਼ੌਜ ਵਿੱਚ ਭਰਤੀ ਗਿਰਾਵਟ ਦਾ ਮੁੱਖ ਕਾਰਨ ਅਗਨੀਵੀਰ ਹੈ, ਹਾਲਾਂਕਿ ਵਿਦੇਸ਼ ਜਾਣ ਤੇ ਡਰੱਗ ਵੀ ਇਸ ਦੇ ਕਾਰਨ ਹਨ।ਪੰਜਾਬ ਦੇ ਨੌਜਵਾਨਾਂ ਨੇ ਸਰੀਰਕ ਟ੍ਰੇਨਿੰਗ ਨੂੰ ਛੱਡ ਕੇ ਆਈਲੈਟਸ ਤੇ ਵਿਦੇਸ਼ੀ ਵੀਜ਼ੇ ਵੱਲ ਰੁਝਾਨ ਕੀਤਾ ਕਿਉਂਕਿ ਪਰਿਵਾਰ ਵਿਦੇਸ਼ ਨੂੰ ਵਧੇਰੇ ਸੁਰੱਖਿਅਤ ਮੰਨਦੇ ਹਨ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਪ੍ਰੈਲ 2025 ਵਿੱਚ ਕਿਹਾ ਸੀ ਕਿ ਪ੍ਰਵਾਸ ਮੁੱਖ ਕਾਰਨ ਹੈ, ਪਰ ਅਗਨੀਵੀਰ ਸਕੀਮ ਵੀ ਇਸ ਦਾ ਇਕ ਕਾਰਨ ਹੈ। ਹੋਰ ਕਾਰਨਾਂ ਵਿੱਚ ਆਰਥਿਕ-ਸਮਾਜਿਕ ਬਦਲਾਅ ਤੇ ਰਾਜਨੀਤਿਕ ਅਸੰਤੋਸ਼ ਨਸ਼ਿਆਂ ਕਾਰਨ ਸਰੀਰਕ ਸਮੱਰਥਾ ਦੀ ਘਾਟ, ਖੇਤੀ ਸੰਕਟ, ਬੇਰੁਜ਼ਗਾਰੀ ਤੇ ਘੱਟ ਰੋਜ਼ਗਾਰ ਮੌਕਿਆਂ ਕਾਰਨ ਵਿਦੇਸ਼ ਨੂੰ ਤਰਜੀਹ ਦੇਣ ਤੋਂ ਇਲਾਵਾ ਪਰਿਵਾਰਾਂ ਵਿੱਚ ਇਕੋ ਇੱਕ ਪੁੱਤਰ ਹੋਣ ਕਾਰਨ ਵੀ ਪੰਜਾਬੀ ਖ਼ਤਰਾ ਲੈਣ ਤੋਂ ਝਿਜਕਦੇ ਮੰਨੇ ਜਾਂਦੇ ਹਨ।

ਪਾਕਿਸਤਾਨ ਦੀ ਹੁਣ ਹੋਰ ਪਿਆਸ ਨਹੀਂ ਬੁਝਾਏਗਾ ਰਾਵੀ

☛ਸ਼ਾਹਪੁਰ ਕੰਢੀ ਡੈਮ ਮਾਰਚ ਦੇ ਅਖ਼ੀਰ ਤੱਕ ਹੋ ਜਾਵੇਗਾ ਤਿਆਰ

ਨਵੀਂ ਦਿੱਲੀ, 17 ਫਰਵਰੀ (ਚ.ਨ.ਸ): ਪਾਕਿਸਤਾਨ ਰੁਕੇ ਹੋਏ ਸਿੰਧੂ ਜਲ ਸਮਝੌਤੇ ਦੀ ਮਾਰ ਹੇਠ ਆਉਣ ਵਾਲਾ ਹੈ। ਜਲਦੀ ਹੀ ਰਾਵੀ ਨਦੀ ਤੋਂ ਪਾਕਿਸਤਾਨ ਵਿੱਚ ਵਾਧੂ ਪਾਣੀ ਦਾ ਵਹਾਅ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ। ਸ਼ਾਹਪੁਰ ਕੰਢੀ ਡੈਮ ਲਗਭਗ ਤਿਆਰ ਹੈ ਤੇ ਇਸ ਦੇ ਪੂਰਾ ਹੋਣ ਨਾਲ ਪਾਕਿਸਤਾਨ ਦੀ ਦਹਾਕਿਆਂ ਤੋਂ ਚੱਲੀ ਆ ਰਹੀ ਨਾਜ਼ੁਕ ਸਥਿਤੀ ਦਾ ਅੰਤ ਹੋ ਜਾਵੇਗਾ। ਭਾਰਤ ਨੇ ਪਹਿਲਗਾਮ ਅਤਿਵਾਦੀ ਹਮਲੇ ਤੋਂ ਤੁਰੰਤ ਬਾਅਦ 22 ਅਪ੍ਰੈਲ, 2025 ਨੂੰ 1960 ਦੇ ਸਿੰਧੂ ਜਲ ਸਮਝੌਤੇ ਖਤਮ ਕਰ ਦਿੱਤਾ ਸੀ ਤੇ ਇਸ ਦੇ ਪ੍ਰਭਾਵ ਜੰਮੂ-ਕਸ਼ਮੀਰ ਦੇ ਜਲ ਸਰੋਤ ਮੰਤਰੀ ਜਾਵੇਦੇ ਅਹਿਮਦ ਰਾਣਾ ਨੇ ਕਿਹਾ ਹੈ ਕਿ ਪੰਜਾਬ ਸਰਹੱਦ 'ਤੇ ਬਣਾਇਆ ਜਾ ਰਿਹਾ ਸ਼ਾਹਪੁਰ ਕੰਢੀ ਡੈਮ 31 ਮਾਰਚ 2026 ਤੱਕ ਪੂਰਾ ਹੋ ਜਾਵੇਗਾ। ਇਸ ਨਾਲ ਰਾਵੀ ਨਦੀ ਤੋਂ ਪਾਕਿਸਤਾਨ ਵਿੱਚ ਵਾਧੂ ਪਾਣੀ ਦਾ ਵਹਾਅ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ। ਮੰਤਰੀ ਨੇ ਇਹ ਗੱਲ ਇੱਕ ਟੀਵੀ ਚੈਨਲ ਉਤੇ ਸਵਾਲ ਦੇ ਜਵਾਬ ਵਿੱਚ ਕਹੀ। ਜਾਵੇਦ ਅਹਿਮਦ ਰਾਣਾ ਨੇ ਕਿਹਾ ਕਿ ਕਠੂਆ ਤੇ ਸਾਂਬਾ ਜ਼ਿਲ੍ਹੇ ਸੋਕਾ ਪ੍ਰਭਾਵਿਤ ਖੇਤਰ ਹਨ ਤੇ ਇਹ ਪ੍ਰੋਜੈਕਟ, ਜੋ ਕਿ ਕੰਢੀ ਖੇਤਰ ਵਿੱਚ ਬਣਾਇਆ ਜਾ ਰਿਹਾ ਹੈ, ਸਾਡੀ ਤਰਜੀਹ ਹੈ। ਸ਼ਾਹਪੁਰ ਕੰਢੀ ਬੈਰਾਜ ਰਾਸ਼ਟਰੀ ਪ੍ਰੋਜੈਕਟ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਖ਼ਲ ਕਾਰਨ ਚਾਰ ਸਾਲਾਂ ਬਾਅਦ ਇਸ ਨੂੰ ਸੋਧਿਆ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਦਰਿਆਈ ਪਾਣੀ ਦੀ ਪੂਰੀ ਵਰਤੋਂ ਕਰਨ ਲਈ ਜੰਮੂ ਖੇਤਰ ਵਿੱਚ ਪਣ-ਬਿਜਲੀ ਪ੍ਰੋਜੈਕਟਾਂ ਨੂੰ ਕਾਫ਼ੀ ਤੇਜ਼ ਕੀਤਾ ਹੈ। **ਪੰਜਾਬ ਤੇ ਜੰਮੂ-ਕਸ਼ਮੀਰ ਨੂੰ ਪਾਣੀ ਮਿਲੇਗਾ:** ਸ਼ਾਹਪੁਰ ਕੰਢੀ ਪ੍ਰੋਜੈਕਟ ਪੂਰਾ ਹੋਣ 'ਤੇ ਪੰਜਾਬ ਵਿੱਚ 5,000 ਹੈਕਟੇਅਰ ਤੇ ਜੰਮੂ ਤੇ ਕਸ਼ਮੀਰ ਦੇ ਕਠੂਆ ਤੇ ਸਾਂਬਾ ਜ਼ਿਲ੍ਹਿਆਂ ਵਿੱਚ 32,173 ਹੈਕਟੇਅਰ ਨੂੰ ਸਿੰਜਾਈ ਪ੍ਰਦਾਨ ਕਰੇਗਾ। ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ, ਰਾਵੀ ਨਦੀ ਦਾ ਪਾਣੀ ਜੋ ਕਿ ਪਾਕਿਸਤਾਨ ਵਿੱਚ ਵਗਦਾ ਹੈ, ਘਰੇਲੂ ਵਰਤੋਂ ਲਈ ਦੁਬਾਰਾ ਵਰਤਿਆ ਜਾਵੇਗਾ। ਇਸ ਪ੍ਰੋਜੈਕਟ ਤੋਂ ਪੰਜਾਬ ਨੂੰ 206 ਮੈਗਾਵਾਟ ਵਾਧੂ ਬਿਜਲੀ ਵੀ ਮਿਲੇਗੀ।

ਮੂਸੇਵਾਲਾ ਦੀ 36 ਕਰੋੜ ਦੀ ਲੈਣਦਾਰੀ ਮਾਮਲੇ 'ਚ ਇੱਕ ਡਿਜੀਟਲ ਕੰਪਨੀ ਤੇ ਦੋ ਹੋਰ ਵਿਅਕਤੀਆਂ 'ਤੇ ਪਰਚਾ ਦਰਜ

ਮਾਨਸਾ, 17 ਫਰਵਰੀ (ਚ.ਨ.ਸ): ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ 36 ਕਰੋੜ ਦੀ ਲੈਣਦਾਰੀ ਮਾਮਲੇ 'ਚ ਥਾਣਾ ਸਦਰ ਮਾਨਸਾ ਪੁਲਿਸ ਨੇ ਇੱਕ ਡਿਜੀਟਲ ਕੰਪਨੀ ਤੇ ਦੋ ਹੋਰ ਵਿਅਕਤੀਆਂ 'ਤੇ ਪਰਚਾ ਦਰਜ ਕੀਤਾ ਹੈ। ਇਸ 'ਚ ਸਿੱਧੂ ਮੂਸੇਵਾਲਾ ਦੇ ਸਾਬਕਾ ਮੈਨੇਜਰ ਬੰਟੀ ਬੈਂਸ ਦਾ ਨਾਂ ਸ਼ਾਮਲ ਨਹੀਂ ਹੈ। ਡੀ.ਆਈ.ਜੀ. ਹਰਜੀਤ ਸਿੰਘ ਨੇ ਉਨ੍ਹਾਂ ਨੂੰ ਦਫਤਰ ਬੁਲਾ ਕੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ। ਮੂਸੇਵਾਲਾ ਦੀ ਮਾਤਾ ਚਰਨ ਕੌਰ ਦੀ ਸ਼ਿਕਾਇਤ 'ਤੇ ਸਦਰ ਮਾਨਸਾ ਪੁਲਿਸ ਨੇ ਇੱਕ ਡਿਜੀਟਲ ਕੰਪਨੀ ਸਮੇਤ ਗੁਰਪ੍ਰੀਤ ਸਿੰਘ ਤੇ ਸਬੀਰ ਮੋਮਿਨ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਸਿੱਧੂ ਮੂਸੇਵਾਲਾ ਦੇ ਮਾਪਿਆਂ ਦਾ ਕਹਿਣਾ ਹੈ ਕਿ ਇਹ ਕੰਪਨੀ ਤੇ ਵਿਅਕਤੀ ਉਨ੍ਹਾਂ ਦੇ ਪੁੱਤਰ ਦੀ ਕਮਾਈ ਦੇ 36 ਕਰੋੜ ਰੁਪਏ ਬਕਾਇਆ ਨਹੀਂ ਦੇ ਰਹੇ ਹਨ। ਉਥੇ ਹੀ, ਸਿੱਧੂ ਦੀ ਮਾਂ ਨੇ ਦੋਸ਼ ਲਗਾਇਆ ਸੀ ਕਿ ਅਸੀਂ ਜੂਨ ਤੋਂ ਇੱਥੇ ਚੱਕਰ ਲਗਾ ਰਹੇ ਹਾਂ। ਆਏ ਦਿਨ ਸਾਨੂੰ ਕਚਹਿਰੀਆਂ ਦੇ ਚੱਕਰ ਲਗਾਉਣੇ ਪੈ ਰਹੇ ਹਨ ਪਰ ਸਾਡੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਦੌਰਾਨ ਡੀ.ਆਈ.ਜੀ. ਹਰਜੀਤ ਸਿੰਘ ਨੇ ਉਨ੍ਹਾਂ ਨੂੰ ਦਫ਼ਤਰ ਬੁਲਾ ਕੇ ਕਾਰਵਾਈ ਦਾ ਭਰੋਸਾ ਦਿੱਤਾ ਸੀ, ਜਿਸ ਤੋਂ ਬਾਅਦ ਪੁਲਿਸ ਨੇ ਅੱਜ ਇਸ ਸਬੰਧੀ ਮੁਲਜ਼ਮਾਂ 'ਤੇ ਕੇਸ ਦਰਜ ਕੀਤਾ ਹੈ। ਬੀਤੇ ਦਿਨੀਂ ਮਾਨਸਾ ਐਸ.ਐਸ.ਪੀ. ਦਫ਼ਤਰ 'ਚ ਧਰਨਾ ਦਿੰਦੇ ਸਮੇਂ ਬਲਕੌਰ ਸਿੰਘ ਨੇ ਦੋਸ਼ ਲਗਾਇਆ ਸੀ ਕਿ ਪੁਲਿਸ ਉਦੋਂ ਤੱਕ ਪੁਲਿਸ ਹੈ, ਜਦੋਂ ਪੀੜਤ ਦਾ ਪੱਖ ਸੁਣਦੀ ਹੈ। ਜਦੋਂ ਪੁਲਿਸ ਦੋਸ਼ੀਆਂ ਨਾਲ ਰਲ ਜਾਵੇ ਤਾਂ ਖਾਕੀ 'ਚ ਇਸ ਤੋਂ ਵੱਡਾ ਗੁੰਡਾ ਨਹੀਂ ਹੋ ਸਕਦਾ। ਮਜਬੂਰੀ 'ਚ ਮੈਨੂੰ ਇਹ ਧਰਨਾ ਦੇਣਾ ਪੈ ਰਿਹਾ ਹੈ।

ਰਿਮਟ ਯੂਨੀਵਰਸਿਟੀ ਨੇ 8ਵੀਂ ਸਾਲਾਨਾ ਐਥਲੈਟਿਕਸ ਮੀਟ 25-26 ਦੀ ਮੇਜ਼ਬਾਨੀ ਕੀਤੀ

ਮੰਡੀ ਗੋਬਿੰਦਗੜ੍ਹ, 17 ਫਰਵਰੀ (ਸੂਦ): ਰਿਮਟ ਯੂਨੀਵਰਸਿਟੀ ਨੇ ਯੂਨੀਵਰਸਿਟੀ ਸਪੋਰਟਸ ਗਰਾਊਂਡ ਵਿਖੇ 8ਵੀਂ ਸਾਲਾਨਾ ਐਥਲੈਟਿਕਸ ਮੀਟ 2025-26 ਦੀ ਮੇਜ਼ਬਾਨੀ ਕੀਤੀ। ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਤੇ ਖੇਡ ਭਾਵਨਾ ਨਾਲ ਟਰੈਕ ਤੇ ਫੀਲਡ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਸ ਮੌਕੇ ਉਘੀ ਭਾਰਤੀ ਐਥਲੀਟ ਤੇ ਪਦਮਸ਼੍ਰੀ ਪੁਰਸਕਾਰ ਜੇਤੂ ਸੁਨੀਤਾ ਰਾਣੀ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੀਟ ਵਿੱਚ ਸਪ੍ਰਿੰਟਸ, ਮੱਧ ਤੇ ਲੰਬੀ ਦੂਰੀ ਦੀਆਂ ਦੌੜਾਂ, ਰੀਲੇਅ ਤੇ ਵੱਖ-ਵੱਖ ਫੀਲਡ ਇਵੈਂਟਸ ਵਿੱਚ ਭਿਆਨਕ ਮੁਕਾਬਲਾ ਹੋਇਆ। ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਸਾਜਿਮ ਨੂੰ ਸਰਵੋਤਮ ਐਥਲੀਟ (ਪੁਰਸ਼) ਤੇ ਮੇਨੀਨਾ ਨੂੰ ਸਰਵੋਤਮ ਐਥਲੀਟ (ਔਰਤ) ਨਾਲ ਸਨਮਾਨਤ ਕੀਤਾ ਗਿਆ। ਸਮੁੱਚੀ ਚੈਂਪੀਅਨਸ਼ਿਪ ਟਰਾਫੀ ਨਰਸਿੰਗ ਵਿਭਾਗ ਨੂੰ ਦਿੱਤੀ ਗਈ ਜਦੋਂ ਕਿ ਉਪ ਜੇਤੂ ਟਰਾਫੀ ਸਰੀਰਕ ਸਿੱਖਿਆ ਵਿਭਾਗ ਨੇ ਜਿੱਤੀ। ਸਮਾਗਮ ਦੇ ਅੰਤ ਵਿੱਚ ਜੇਤੂਆਂ ਨੂੰ ਮੈਡਲ, ਟਰਾਫੀਆਂ ਤੇ ਸਰਟੀਫਿਕੇਟਾ ਨਾਲ ਸਨਮਾਨਤ ਕੀਤਾ ਗਿਆ।

ਵਿਧਾਇਕ ਡਾ. ਅਰੋੜਾ ਨੇ ਨਸ਼ਾ ਵਿਰੋਧੀ ਰੈਲੀ ਦੇ ਸਫ਼ਲ ਆਯੋਜਨ ਲਈ ਪਾਰਟੀ ਹਾਈ ਕਮਾਂਡ, ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ

ਮੋਗਾ, 17 ਫਰਵਰੀ (ਨਿਸ਼ੀ ਮਨਚੰਦਾ/ਗੁਰਦੇਵ ਖੁਰਾਣਾ): ਮੋਗਾ ਹਲਕੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਮੋਗਾ ਜ਼ਿਲ੍ਹੇ ਦੇ ਪਿੰਡ ਕਿਲੀ ਚਾਹਲਾ ਵਿੱਚ ਆਯੋਜਿਤ ਨਸ਼ਾ ਵਿਰੋਧੀ ਰੈਲੀ ਦੇ ਰਿਕਾਰਡ ਤੋੜ ਇਕੱਠ ਤੇ ਸਫਲ ਆਯੋਜਨ ਲਈ ਪਾਰਟੀ ਹਾਈ ਕਮਾਂਡ, ਆਗੂਆਂ ਤੇ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਰੈਲੀ ਵਿੱਚ ਵੱਡੀ ਭੀੜ ਇਸ ਗੱਲ ਦਾ ਸਬੂਤ ਹੈ ਕਿ ਲੋਕ ਆਪ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ 125,000 ਤੋਂ 150,000 ਲੋਕਾਂ ਦਾ ਇਕੱਠ ਇਸ ਗੱਲ ਦਾ ਸਬੂਤ ਹੈ ਕਿ ਮੋਗਾ ਨਸ਼ਿਆਂ ਦੇ ਵਿਰੁੱਧ ਹੈ ਤੇ ਲੋਕ ਸਰਕਾਰ ਦੇ ਸਹਿਯੋਗ ਨਾਲ ਨਸ਼ਾ ਤਸਕਰਾਂ ਨੂੰ ਢੁੱਕਵਾਂ ਜਵਾਬ ਦੇਣਗੇ। ਉਨ੍ਹਾਂ ਅੱਗੇ ਕਿਹਾ ਕਿ ਭੀੜ ਇਕੱਠੀ ਕਰਨ ਲਈ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਇਸ ਸਮਾਗਮ ਤੋਂ ਨਾਰਾਜ਼ ਹਨ ਤੇ ਦੋਸ਼ ਲਗਾ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਜਨਤਾ ਨੂੰ ਇਸ ਸਮਾਗਮ ਵਿੱਚ ਸੱਦਾ ਦਿੱਤਾ ਜਾਂਦਾ ਤਾਂ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਕਰਨ ਲਈ ਤਿੰਨ ਤੋਂ ਚਾਰ ਲੱਖ ਲੋਕ ਸਮਾਗਮ ਵਾਲੀ ਥਾਂ 'ਤੇ ਇਕੱਠੇ ਹੁੰਦੇ। ਹਾਲਾਂਕਿ, ਇਹ ਸਮਾਗਮ ਨਸ਼ਿਆਂ ਵਿਰੁੱਧ ਜੰਗ ਮੁਹਿੰਮ ਦੇ ਦੂਜੇ ਪੜਾਅ ਵਿੱਚ ਸਿਰਫ਼ ਪਿੰਡ ਰੱਖਿਆ ਕਮੇਟੀਆਂ ਦੇ ਮੈਂਬਰਾਂ ਲਈ ਆਯੋਜਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਕੋਈ ਚੋਣ ਰੈਲੀ ਨਹੀਂ ਸੀ, ਸਗੋਂ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਤੇ ਖਾਸ ਕਰਕੇ ਮੋਗਾ ਜ਼ਿਲ੍ਹੇ ਦੇ ਨਸ਼ਿਆਂ ਵਿਰੁੱਧ ਸੰਕਲਪ ਨੂੰ ਹੋਰ ਮਜ਼ਬੂਤ ਕਰਨ ਲਈ ਆਯੋਜਿਤ ਕੀਤਾ ਗਿਆ ਸੀ।ਉਨ੍ਹਾਂ ਨੇ ਇਸ ਸਮਾਗਮ ਲਈ ਮੋਗਾ ਜ਼ਿਲ੍ਹੇ ਦੀ ਚੋਣ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕੀਤਾ। ਉਨ੍ਹਾਂ ਰੈਲੀ ਨੂੰ ਸਫਲ ਬਣਾਉਣ ਵਿੱਚ ਉਨ੍ਹਾਂ ਦੇ ਅਟੁੱਟ ਸਮਰਥਨ ਲਈ ਮੋਗਾ ਹਲਕੇ ਦੇ ਪਾਰਟੀ ਆਗੂਆਂ, ਵਰਕਰਾਂ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

ਨਿਹੰਗ ਸਿੰਘ ਜਥੇਬੰਦੀ ਵੱਲੋਂ ਅਕਾਲੀ ਦਲ ਬਾਦਲ ਦਾ ਡੱਟ ਕੇ ਸਾਥ ਦੇਣ ਦਾ ਐਲਾਨ

ਕੋਟ ਈਸੇ ਖਾਂ, 17 ਫਰਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ): ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਗੁਰੂਘਰ ਸਰਵਿਸਲੈਂਸ ਪੰਜਾਬ ਜਥੇਬੰਦੀ ਦੇ ਮਾਲਵਾ ਜ਼ੋਨ ਦੇ ਇੰਚਾਰਜ ਜਥੇਦਾਰ ਬਲਦੇਵ ਸਿੰਘ ਮੋਗਾ ਵੱਲੋਂ ਸਥਾਨਕ ਸ਼ਹਿਰ ਦੇ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਖੇ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਮੌਜੂਦਗੀ ਵਿੱਚ ਆਪਣੀ ਜਥੇਬੰਦੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਡੱਟ ਕੇ ਸਾਥ ਦੇਣ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਹਰਮੇਲ ਸਿੰਘ ਰਾਜਪੂਤ ਦੀ ਅਗਵਾਈ ਹੇਠ ਰੱਖੀ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਬਲਦੇਵ ਸਿੰਘ ਨੇ ਕਿਹਾ ਕਿ ਮੌਜੂਦਾ ਆਮ ਆਦਮੀ ਦੀ ਪਾਰਟੀ ਸਰਕਾਰ ਨੇ ਲੋਕਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ, ਇਸ ਸਰਕਾਰ ਦੇ ਕਾਰਜਕਾਲ ਵਿੱਚ ਜਿੱਥੇ ਨਸ਼ਿਆਂ ਦੀ ਵਿਕਰੀ ਵਿੱਚ ਅਥਾਹ ਵਾਧਾ ਹੋਇਆ ਹੈ, ਉਥੇ ਕਤਲੋ-ਗਾਰਤ, ਫਰੌਤੀਆਂ ਤੇ ਲੁੱਟ ਜਿਹੀਆਂ ਵਾਰਦਾਤਾਂ ਵਿੱਚ ਵੀ ਬੇਤਿਹਾਸ਼ਾ ਵਾਧਾ ਹੋਇਆ ਹੈ, ਇਸ ਲਈ ਇਹ ਸਰਕਾਰ ਪੰਜਾਬ ਦੀ ਲੋਕ ਵਿਰੋਧੀ ਸਰਕਾਰ ਹੋਣ ਦਾ ਖਿਤਾਬ ਹਾਸਲ ਕਰ ਚੁੱਕੀ ਹੈ, ਜਥੇਦਾਰ ਬਾਬਾ ਬਲਦੇਵ ਸਿੰਘ ਨੇ ਕਿਹਾ ਕਿ ਸਾਡੀ ਜਥੇਬੰਦੀ ਦੇ ਆਗੂ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੇ ਦਿਸ਼ਾ-ਨਿਰਦੇਸ਼ਾਂ ਨਾਲ ਸਾਡੇ ਵੱਲੋਂ ਅਕਾਲੀ ਦਲ ਦੀ ਡੱਟ ਕੇ ਹਿਮਾਇਤ ਕੀਤੀ ਜਾ ਰਹੀ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ ਨੇ ਨਿਹੰਗ ਸਿੰਘ ਜਥੇਬੰਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਤੁਹਾਡਾ ਕੋਟਨ ਕੋਟਨ ਧੰਨਵਾਦ ਕਰਦੇ ਹਾਂ ਕਿ ਤੁਸੀਂ ਬਿਨਾਂ ਕਿਸੇ ਸ਼ਰਤ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਹਿਮਾਇਤ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਨਾਇਬ ਸਿੰਘ ਭੁੱਲਰ, ਜਰਨੈਲ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਮਾਨ, ਤਜਿੰਦਰ ਸਿੰਘ ਕਾਲਾ ਚੌਹਾਨ, ਪਰਸ਼ੋਤਮ ਸ਼ਰਮਾ, ਜਥੇਦਾਰ ਬਲਵੰਤ ਸਿੰਘ ਜਸਵੀਰ ਸਿੰਘ, ਸੁਖਮੰਦਰ ਸਿੰਘ, ਸੁਖਦੇਵ ਸਿੰਘ ਤੇ ਹੋਰ ਆਗੂ ਵੀ ਹਾਜ਼ਰ ਸਨ।

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਕਰਾਲਾ ਪਟਿਆਲਾ ਦੇ ਵਿਦਿਆਰਥੀਆਂ ਨੇ ਮਾਤਾ ਗੁਜਰੀ ਕਾਲਜ ਦਾ ਵਿੱਦਿਅਕ ਦੌਰਾ ਕੀਤਾ

ਸ੍ਰੀ ਫ਼ਤਹਿਗੜ੍ਹ ਸਾਹਿਬ, 17 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਕਰਾਲਾ, ਪਟਿਆਲਾ ਦੇ ਵਿਦਿਆਰਥੀਆਂ ਨੇ ਨੈਸ਼ਨਲ ਸਕਿੱਲ ਕੁਆਲੀਫਿਕੇਸ਼ਨ ਫ਼ਰੇਮਵਰਕ ਸਕੀਮ ਅਧੀਨ ਮਾਤਾ ਗੁਜਰੀ ਕਾਲਜ ਦਾ ਵਿੱਦਿਅਕ ਦੌਰਾ ਕੀਤਾ, ਜਿਸ ਵਿੱਚ ਸਕੂਲ ਦੇ ਲਗਭਗ 50 ਵਿਦਿਆਰਥੀਆਂ ਨੇ ਭਾਗ ਲਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਕਰਾਲਾ ਦੇ ਪ੍ਰਿੰਸੀਪਲ ਰਾਮ ਕੁਮਾਰ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਦੇ ਵਿਕਲਪਾਂ ਤੇ ਕਾਲਜ ਵਿਖੇ ਪੜ੍ਹਾਏ ਜਾ ਰਹੇ ਵੱਖ-ਵੱਖ ਕੋਰਸਾਂ ਸਬੰਧੀ ਜਾਗਰੂਕ ਕਰਨ ਲਈ ਕਾਲਜ ਦੇ ਸਟਾਫ਼ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਅਧਿਆਪਕ ਗੁਰਜਿੰਦਰ ਸਿੰਘ ਤੇ ਸ੍ਰੀਮਤੀ ਜਸਵੀਰ ਕੌਰ ਨੇ ਕਾਲਜ ਵਿਖੇ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਵਿੱਦਿਅਕ ਸਹੂਲਤਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਵਿੱਦਿਅਕ ਦੌਰਾ ਉਨ੍ਹਾਂ ਦੇ ਵਿਦਿਆਰਥੀਆਂ ਲਈ ਸਿੱਖਿਆ ਭਰਪੂਰ ਰਿਹਾ ਹੈ।ਇਸ ਤੋਂ ਪਹਿਲਾਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਕੂਲ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਕਾਲਜ ਵਿਖੇ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਉਚੇਰੀ ਵਿੱਦਿਆ ਦੇ ਵਿਕਲਪਾਂ ਸਬੰਧੀ ਵਿਸਥਾਰ ਨਾਲ ਦੱਸਿਆ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਵਿਖੇ ਉਪਲਬਧ ਵਿੱਦਿਅਕ ਸਹੂਲਤਾਂ ਸਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ।ਇਸ ਮੌਕੇ ਕਾਲਜ ਦੇ ਬਾਇਓਟੈਕਨਾਲੋਜੀ ਵਿਭਾਗ ਦੇ ਡਾ. ਜਗਦੀਸ਼ ਸਿੰਘ, ਕੰਪਿਊਟਰ ਸਾਇੰਸ ਵਿਭਾਗ ਦੇ ਡਾ. ਤਰਨਪ੍ਰੀਤ ਕੌਰ, ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਡਾ. ਸੌਰਵ ਸ਼ਰਮਾ ਤੇ ਹੋਰ ਅਧਿਆਪਕਾਂ ਨੇ ਵਿਦਿਆਰਥੀਆਂ ਨਾਲ ਵੱਖ-ਵੱਖ ਵਿਸ਼ਿਆਂ ਸਬੰਧੀ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ।

ਹਰਸ਼ੋ-ਉਲਾਸ ਤੇ ਧੂਮ-ਧਾਮ ਨਾਲ ਸ਼ਿਵਰਾਤਰੀ ਦਾ ਤਿਉਹਾਰ ਮਨਾਇਆ

☛ਪੁਰਾਤਨ ਸ਼ਿਵ ਬਉਲੀ ਮੰਦਰ ਵਿਖੇ ਵਿਜੇ ਧੀਰ ਨੇ ਮੂਰਤੀ ਸਥਾਪਨਾ ਕਰਵਾਈ

ਕੋਟ ਈਸੇ ਖਾਂ, 17 ਫਰਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ): ਸ਼ਹਿਰ ਕੋਟ ਈਸੇ ਖਾਂ ਦੇ ਸ਼ਿਵ ਸ਼ਕਤੀ ਮੰਦਰ, ਸ੍ਰੀ ਬਜਰੰਗ ਭਵਨ ਮੰਦਰ, ਸ੍ਰੀ ਸ਼ਿਵ ਮੰਦਰ, ਭਗਤਾਂ ਵਾਲਾ ਮੰਦਰ ਤੇ ਸ੍ਰੀ ਦੁਰਗਾ ਭਜਨ ਮੰਡਲੀ ਮੰਦਰ ਵਿਖੇ ਹਰ ਸਾਲ ਦੀ ਤਰ੍ਹਾਂ ਮਹਾਂ-ਸ਼ਿਵਰਾਤਰੀ ਦਾ ਤਿਉਹਾਰ ਸਮੂਹ ਸੰਗਤਾਂ ਤੇ ਸ਼ਰਧਾਲੂਆਂ ਵੱਲੋਂ ਪੂਰੇ ਹਰਸ਼ੋ-ਉਲਾਸ ਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਸੰਗਤਾਂ ਵੱਲੋਂ ਸ਼ਿਵਲਿੰਗ 'ਤੇ ਜਲ ਅਰਪਿਤ ਕੀਤਾ ਗਿਆ ਤੇ ਹੋਰ ਰਸਮਾਂ ਵੀ ਪੂਰੀ ਸ਼ਰਧਾ ਭਾਵਨਾ ਨਾਲ ਨਿਭਾਈਆਂ ਗਈਆਂ। ਇਸੇ ਤਰ੍ਹਾਂ ਸ਼ਹਿਰ ਦੇ ਪੁਰਾਤਨ ਸ਼ਿਵ ਬਉਲੀ ਮੰਦਰ ਮਸੀਤਾਂ ਰੋਡ ਵਿਖੇ ਵੀ ਸ਼ਿਵਲਿੰਗ 'ਤੇ ਜਲ ਚੜ੍ਹਾਉਣ ਵਾਲੀਆਂ ਸੰਗਤਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਦੇਖਣ ਨੂੰ ਮਿਲੀਆਂ, ਸ੍ਰੀ ਸ਼ਿਵ ਬਾਉਲੀ ਮੰਦਰ ਉਪਰ ਝੰਡਾ ਚੜ੍ਹਾਉਣ ਦੀ ਰਸਮ ਤੋਂ ਪਹਿਲਾਂ ਝੰਡਾ ਪੂਜਣ ਦੀ ਰਸਮ ਪੁਸ਼ਕਰ ਧੀਰ, ਮੋਨਾ ਧੀਰ ਤੇ ਸਾਬਕਾ ਚੇਅਰਮੈਨ ਵਿਜੇ ਕੁਮਾਰ ਧੀਰ ਵੱਲੋਂ ਨਿਭਾਈ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਬਦਰੀ ਪ੍ਰਸਾਦ, ਸਾਹਿਤਕਾਰ ਯਸ਼ਪਾਲ ਗੁਲਾਟੀ, ਸਚਿਨ ਧੀਰ, ਸਾਬਕਾ ਕੌਂਸਲਰ ਰਮੇਸ਼ ਗੁਲਾਟੀ, ਰਾਣਾ ਠੇਕੇਦਾਰ, ਬਣਵਾਰੀ ਲਾਲ ਰਾਜਪੂਤ, ਮਨੋਜ ਮਿਸ਼ਰਾ, ਅਜੇ ਮਿਸ਼ਰਾ, ਸਾਬਕਾ ਸਰਪੰਚ ਮਾਲਤੀ ਧੀਰ, ਸੁਰਿੰਦਰ ਮਗਲਾਨੀ, ਭੁਪਿੰਦਰ ਸਿੰਘ ਭਿੰਦਾ ਭੁੱਲਰ, ਗੁਰਮੀਤ ਸਿੰਘ ਛਾਬੜਾ, ਵਿਸ਼ਾਲ ਮਦਾਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਮੰਦਰ ਵਿੱਚ ਜੋ ਹੋਰ ਮੂਰਤੀਆਂ ਸਥਾਪਤ ਕੀਤੀਆਂ ਜਾਣੀਆਂ ਹਨ ਦੀ ਬਿਲਡਿੰਗ ਦਾ ਉਦਘਾਟਨ ਸਾਬਕਾ ਚੇਅਰਮੈਨ ਵਿਜੇ ਕੁਮਾਰ ਧੀਰ ਨੇ ਕਹੀ ਨਾਲ ਟੱਕ ਲਗਾ ਕੇ ਕੀਤਾ। ਇਸ ਸਮੇਂ ਸ੍ਰੀ ਰਮਾਇਣ ਪ੍ਰਚਾਰ ਸੰਮਤੀ ਤੇ ਸ੍ਰੀ ਸ਼ਿਵ ਬਉਲੀ ਮੰਦਰ ਲੰਗਰ ਕਮੇਟੀ ਵੱਲੋਂ ਫਲਾਂ, ਗੰਨੇ ਦੇ ਰਸ, ਪੂੜੀਆਂ-ਛੋਲਿਆਂ ਤੇ ਕੜਾਹ-ਪ੍ਰਸ਼ਾਦ ਦਾ ਲੰਗਰ ਲਗਾਇਆ ਗਿਆ। ਭਗਤ ਜਗਦੀਸ਼ ਬਜਾਜ, ਪੰਡਿਤ ਬਦਰੀ ਪ੍ਰਸ਼ਾਦ ਮਿਸ਼ਰਾ ਤੇ ਹੋਰ ਬੀਬੀਆਂ-ਭੈਣਾਂ ਵੱਲੋਂ ਸ਼ਿਵ-ਭਜਨ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਮਾਤਾ ਗੁਜਰੀ ਕਾਲਜ ਦੇ ਐਨ.ਐਸ.ਐਸ. ਯੂਨਿਟ ਨੇ ਖ਼ੂਨਦਾਨ ਕੈਂਪ ਲਗਾਇਆ

ਸ੍ਰੀ ਫ਼ਤਹਿਗੜ੍ਹ ਸਾਹਿਬ, 17 ਫਰਵਰੀ (ਹਰਪ੍ਰੀਤ ਕੌਰ ਟਿਵਾਣਾ): ਮਾਤਾ ਗੁਜਰੀ ਕਾਲਜ ਦੇ ਐਨ.ਐਸ.ਐਸ. ਯੂਨਿਟ ਵੱਲੋਂ ਵਿਸ਼ੇਸ਼ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਲਜ ਦੇ 97 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲੈ ਕੇ ਖ਼ੂਨ ਦਾਨ ਕੀਤਾ। ਇਸ ਕੈਂਪ ਵਿੱਚ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਦੁਆਰਾ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਲਈ ਕੁੱਲ 97 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਸਰਵੋਤਮ ਦਾਨ ਹੈ ਤੇ ਕਾਲਜ ਦੇ ਵਿਦਿਆਰਥੀਆਂ ਨੇ ਖ਼ੂਨਦਾਨ ਕੈਂਪ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਸਮਾਜ ਪ੍ਰਤੀ ਆਪਣੇ ਸੁਹਿਰਦ ਯੋਗਦਾਨ ਦੀ ਅਹਿਮ ਭੂਮਿਕਾ ਨਿਭਾਈ ਹੈ।ਇਸ ਮੌਕੇ ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਐਨ.ਐਸ.ਐਸ. ਅਫ਼ਸਰ ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਰਵਿੰਦਰ ਕੌਰ, ਪ੍ਰੋ. ਹਰਬਿੰਦਰ ਸਿੰਘ, ਡਾ. ਨੈਨਾ ਖੁੱਲ੍ਹਰ ਤੇ ਐਨ.ਸੀ.ਸੀ ਅਫ਼ਸਰ ਡਾ. ਪੁਸ਼ਪਿੰਦਰ ਸਿੰਘ ਮੌਜੂਦ ਸਨ।

ਮੁਕੇਰੀਆਂ ਦੇ ਪਿੰਡ ਆਲੋ ਭੱਟੀ ਦੇ ਸ੍ਰੀ ਗੁਰੂ ਰਵਿਦਾਸ ਧਾਮ ਵਿਖੇ ਪਠਾਨਕੋਟ ਦੇ ਕੇ.ਡੀ.ਹਸਪਤਾਲ ਵਿਖੇ ਸੇਵਾਵਾਂ ਨਿਭਾਅ ਰਹੇ ਅੱਖਾਂ ਦੇ ਰੋਗਾਂ ਦੇ ਮਾਹਿਰ ਡਾ.ਕੇ.ਡੀ. ਸਿੰਘ ਤੇ ਉਨ੍ਹਾਂ ਦੀ ਟੀਮ ਵੱਲੋਂ ਕੈਂਪ ਲਗਾ ਅੱਖਾਂ ਦੀ ਜਾਂਚ ਕੀਤੀ ਗਈ ਤੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ। ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਗਾਏ ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਲਾਹਾ ਲਿਆ। ਇਸ ਮੌਕੇ 'ਤੇ ਰਜੇਸ਼ ਕੁਮਾਰ (ਸੀਆਈਐਸਐਫ) ਡਾ. ਪਵਨ ਕੁਮਾਰ, ਸਰਪੰਚ ਸੂਰਮ ਸਿੰਘ, ਅਸ਼ੋਕ ਕੁਮਾਰ, ਯੋਧਾ ਸਿੰਘ, ਕੈਪਟਨ ਰਸੈਣ ਸਿੰਘ ਤੇ ਪਿੰਡ ਵਾਸੀ ਹਾਜ਼ਰ ਸਨ। (ਫੋਟੋ ਤੇ ਵੇਰਵਾ: ਧਰਮ ਚੰਦ, ਮੁਕੇਰੀਆਂ)

ਆਲ ਇੰਡੀਆ ਹਾਕੀ ਟੂਰਨਾਮੈਂਟ ਦੌਰਾਨ ਲੜਕੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ

ਅਮਲੋਹ, 17 ਫਰਵਰੀ (ਜਸਵੰਤ ਸਿੰਘ): ਐਨ.ਆਰ.ਆਈ. ਸਪੋਰਟਸ ਕਲੱਬ ਰਜਿ. ਅਮਲੋਹ ਵੱਲੋਂ 15ਵਾਂ ਆਲ ਇੰਡੀਆ ਹਾਕੀ ਟੂਰਨਾਮੈਂਟ ਦੌਰਾ ਲੜਕੀਆਂ ਦੇ ਮੈਚ ਵਿੱਚ ਕੌਂਸਲਰ ਪੂਨਮ ਜਿੰਦਲ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਕਲੱਬ ਵੱਲੋਂ ਹਰ ਸਾਲ ਕੀਤੇ ਜਾਂਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਸਿੰਦਰ ਮੋਹਨ ਪੁਰੀ, ਐਡਵੋਕੇਟ ਯਾਦਵਿੰਦਰ ਸਿੰਘ, ਰੁਪਿੰਦਰ ਹੈਪੀ, ਪਵਨ ਕੁਮਾਰ, ਪਰਮਜੀਤ ਸੂਦ, ਸਤਵਿੰਦਰ ਬਾਂਸਲ, ਅਨਿਲ ਲੁਟਾਵਾ, ਮਨਜੀਤ ਸਿੰਘ ਸੇਖੋਂ, ਬ੍ਰਿਜ ਭੂਸ਼ਨ ਗਰਗ ਤੇ ਡਾ. ਅਸ਼ੋਕ ਕੁਮਾਰ ਨੇ ਮਹਿਮਾਨਾਂ ਤੇ ਖਿਡਾਰੀਆਂ ਦਾ ਸਵਾਗਤ ਕੀਤਾ। ਇਸ ਮੌਕੇ ਐਨਆਰਆਈ ਪਰਮਿੰਦਰ ਸਿੰਘ ਜੰਜੂਆਂ, ਕਿਸਾਨ ਵਿੰਗ ਦੇ ਆਗੂ ਦਰਸ਼ਨ ਸਿੰਘ ਚੀਮਾ, ਕਮਲਜੀਤ ਕੌਰ ਕੰਮਾ ਆਦਿ ਮੌਜੂਦ ਸਨ। ਸਟੇਜ ਸਕੱਤਰ ਦਾ ਫ਼ਰਜ਼ ਭਗਵਾਨ ਦਾਸ ਮਾਜਰੀ ਨੇ ਬਾਖੂਬੀ ਨਿਭਾਇਆ। ਲੜਕੀਆਂ ਦੇ ਮੈਚ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਟੀਮ ਨੇ ਐਸ.ਜੀ.ਐਨ.ਪੀ. ਬਠਿੰਡਾ ਦੀ ਟੀਮ ਨੂੰ 1 ਦੇ ਮੁਕਾਬਲੇ 2 ਗੋਲਾਂ ਨਾਲ ਹਰਾਇਆ ਜਦੋਂ ਕਿ ਬਾਬਾ ਮੱਲੀ ਅਕੈਡਮੀ ਮੋਹਾਲੀ ਦੀ ਟੀਮ ਨੇ ਐਨ.ਸੀ.ਆਰ. ਚੰਡੀਗੜ੍ਹ ਦੀ ਟੀਮ ਨੂੰ 1 ਦੇ ਮੁਕਾਬਲੇ 2 ਗੋਲਾਂ ਨਾਲ ਹਰਾਇਆ। ਇਸੇ ਤਰ੍ਹਾਂ ਐਨਆਰਆਈ ਕਲੱਬ ਦੀ ਲੜਕਿਆਂ ਦੀ ਟੀਮ ਨੇ ਚੰਨਪੁਰ ਹਾਕੀ ਕਲੱਬ ਬਿਜਨੌਰ ਦੀ ਟੀਮ ਨੂੰ 0 ਦੇ ਮੁਕਾਬਲੇ 5 ਗੋਲਾਂ ਨਾਲ ਹਰਾਇਆ।

ਪਿਮਟ 'ਚ ਵਿਸ਼ੇਸ਼ ਲੈਕਚਰ ਕਰਵਾਇਆ

ਮੰਡੀ ਗੋਬਿੰਦਗੜ੍ਹ, 17 ਫਰਵਰੀ (ਸੂਦ): ਪੰਜਾਬ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਅਲੌੜ ਨੇ ਬੰਬੇ ਸਟਾਕ ਐਕਸਚੇਂਜ ਲਿਮਟਿਡ ਦੇ ਸਹਿਯੋਗ ਨਾਲ ਸੰਸਥਾ ਦੀ ਡਾਇਰੈਕਟਰ ਡਾ. ਨਿਸ਼ੀ ਬਾਲਾ ਦੀ ਅਗਵਾਈ ਤੇ ਵਿਭਾਗ ਮੁਖੀ ਵੰਦਨਾ ਗਰਗ ਦੀ ਨਿਗਰਾਨੀ ਹੇਠ 'ਭਾਰਤ ਵਿੱਚ ਪ੍ਰਤੀਭੂਤੀਆਂ ਦੀ ਮਾਰਕੀਟ ਨੂੰ ਸਮਝਣਾ: ਭਾਰਤੀ ਵਿੱਤੀ ਬਾਜ਼ਾਰ ਦੀ ਭੂਮਿਕਾ ਤੇ ਕਾਰਜਸ਼ੀਲਤਾ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ, ਜਿਸ ਵਿੱਚ ਐਮਬੀਏ ਤੇ ਬੀਬੀਏ ਦੇ ਵਿਦਿਆਰਥੀਆਂ ਨੇ ਭਾਗ ਲਿਆ। ਮੁੱਖ ਬੁਲਾਰੇ ਵਜੋਂ ਸ਼ਿਖਾ ਜੈਸਵਾਲ ਨੇ ਵਿਦਿਆਰਥੀਆਂ ਨੂੰ ਭਾਰਤੀ ਵਿੱਤੀ ਬਾਜ਼ਾਰ ਦੇ ਢਾਂਚੇ, ਵੱਖ-ਵੱਖ ਹਿੱਸਿਆਂ ਤੇ ਕਾਰਜਸ਼ੀਲਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਪ੍ਰਾਇਮਰੀ ਤੇ ਸੈਕੰਡਰੀ ਬਜ਼ਾਰਾਂ, ਇਕੁਇਟੀ ਤੇ ਕਰਜ਼ਾ ਬਜ਼ਾਰਾਂ, ਸ਼ੇਅਰ ਵਪਾਰ ਦੀ ਪ੍ਰਕਿਰਿਆ ਤੇ ਵੱਖ-ਵੱਖ ਨਿਵੇਸ਼ ਸਾਧਨਾਂ ਨੂੰ ਸਰਲ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ। ਉਨ੍ਹਾਂ ਕਿਹਾ ਕਿ ਪ੍ਰਤੀਭੂਤੀਆਂ ਦੀ ਮਾਰਕੀਟ ਦੇਸ਼ ਦੀ ਆਰਥਿਕਤਾ ਵਿੱਚ ਪੂੰਜੀ ਨਿਰਮਾਣ, ਨਿਵੇਸ਼ ਪ੍ਰੋਤਸਾਹਨ ਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਤੋਂ ਇਲਾਵਾ ਵਿੱਤੀ ਸਾਖਰਤਾ, ਨਿਵੇਸ਼ਕ ਸੁਰੱਖਿਆ ਤੇ ਨੈਤਿਕ ਨਿਵੇਸ਼ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ। ਵਿਦਿਆਰਥੀਆਂ ਨੇ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਤੇ ਸਟਾਕ ਮਾਰਕੀਟ ਨਾਲ ਸਬੰਧਤ ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕੀਤੇ। ਅੰਤ ਵਿੱਚ ਸੰਸਥਾ ਡਾਇਰੈਕਟਰ ਡਾ. ਨਿਸ਼ੀ ਬਾਲਾ ਨੇ ਮੁੱਖ ਬੁਲਾਰੇ ਸ਼ਿਖਾ ਜੈਸਵਾਲ ਤੇ ਬੰਬੇ ਸਟਾਕ ਐਕਸਚੇਂਜ ਲਿਮਟਿਡ ਦਾ ਧੰਨਵਾਦ ਕੀਤਾ।

ਪੰਜਾਬ ਪੁਲਿਸ ਦੀ ਗੈਂਗਸਟਰਾਂ ਖ਼ਿਲਾਫ਼ ਵੱਡੀ ਮੁਹਿੰਮ : ਐਸ.ਐਸ.ਪੀ. ਵੱਲੋਂ ਲੋਕਾਂ ਦੇ ਸਹਿਯੋਗ ਨਾਲ ਸੂਬੇ ਨੂੰ ਅਪਰਾਧ ਮੁਕਤ ਬਣਾਉਣ ਦਾ ਸੱਦਾ

ਲੁਧਿਆਣਾ, 17 ਫਰਵਰੀ (ਵਿਸ਼ਾਲ ਸ਼ਰਮਾ): ਪੰਜਾਬ ਨੂੰ ਅਪਰਾਧ ਅਤੇ ਗੈਂਗਸਟਰਵਾਦ ਤੋਂ ਮੁਕਤ ਬਣਾਉਣ ਲਈ ਪੰਜਾਬ ਪੁਲਿਸ ਨੇ ਵੱਡੀ ਪੱਧਰ 'ਤੇ ਮੁਹਿੰਮ ਛੇੜ ਦਿੱਤੀ ਹੈ। ਇਸ ਸਬੰਧੀ ਐਸ.ਐਸ.ਪੀ ਖੰਨਾ ਡਾ. ਦਰਪਣ ਆਹਲੂਵਾਲੀਆ ਨੇ ਲੋਕਾਂ ਨੂੰ ਸੂਚਿਤ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਸੂਬੇ ਵਿੱਚੋਂ ਸੰਗਠਿਤ ਅਪਰਾਧ ਅਤੇ ਗੈਂਗਸਟਰ ਨੈੱਟਵਰਕਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਦ੍ਰਿੜ੍ਹ ਸੰਕਲਪਬੱਧ ਹੈ। ਇਸ ਮਕਸਦ ਦੀ ਪ੍ਰਾਪਤੀ ਲਈ ਆਮ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਜੇਕਰ ਕਿਸੇ ਕੋਲ ਗੈਂਗਸਟਰਾਂ, ਉਨ੍ਹਾਂ ਦੇ ਸਾਥੀਆਂ ਜਾਂ ਕਿਸੇ ਵੀ ਕਿਸਮ ਦੀ ਅਪਰਾਧਿਕ ਗਤੀਵਿਧੀ ਨਾਲ ਸਬੰਧਤ ਭਰੋਸੇਯੋਗ ਜਾਣਕਾਰੀ ਹੈ ਤਾਂ ਉਹ ਬਿਨਾਂ ਕਿਸੇ ਡਰ ਦੇ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ 93946-93946 'ਤੇ ਗੁਪਤ ਤੌਰ 'ਤੇ ਸਾਂਝੀ ਕਰ ਸਕਦੇ ਹਨ। ਉਨ੍ਹਾਂ ਨੇ ਜ਼ੋਰ

ਦੇ ਕੇ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ ਅਤੇ ਉਸਦੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ।

ਐਸ.ਐਸ.ਪੀ ਨੇ ਦੱਸਿਆ ਕਿ ਗੈਂਗਸਟਰਾਂ ਦੀ ਗ੍ਰਿਫਤਾਰੀ ਲਈ ਭਰੋਸੇਯੋਗ ਅਤੇ ਠੋਸ ਜਾਣਕਾਰੀ ਦੇਣ 'ਤੇ 10 ਲੱਖ ਰੁਪਏ ਤੱਕ ਦਾ ਇਨਾਮ ਵੀ ਰੱਖਿਆ ਗਿਆ ਹੈ, ਤਾਂ ਜੋ ਲੋਕ ਬਿਨਾਂ ਹਿਚਕਚਾਹਟ ਦੇ ਅੱਗੇ ਆ ਕੇ ਅਪਰਾਧ ਦੇ ਖ਼ਿਲਾਫ਼ ਲੜਾਈ ਵਿੱਚ ਆਪਣਾ ਯੋਗਦਾਨ ਪਾ ਸਕਣ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਅਤੇ ਅਪਰਾਧੀਆਂ ਦੇ ਖ਼ਿਲਾਫ਼ ਇਹ ਮੁਹਿੰਮ ਸਿਰਫ਼ ਪੁਲਿਸ ਦੀ ਨਹੀਂ, ਸਗੋਂ ਸਮੂਹ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੰਜਾਬ ਪੁਲਿਸ ਨੇ ਗੈਂਗਸਟਰਵਾਦ ਖ਼ਿਲਾਫ਼ ਕਈ ਵੱਡੀਆਂ ਕਾਰਵਾਈਆਂ ਕਰਦਿਆਂ ਕਈ ਖ਼ਤਰਨਾਕ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ, ਉਨ੍ਹਾਂ ਦੇ ਨੈੱਟਵਰਕ ਤੋੜੇ ਹਨ ਅਤੇ ਗੈਰਕਾਨੂੰਨੀ ਹਥਿਆਰ ਬਰਾਮਦ ਕੀਤੇ ਹਨ। ਪਰ ਗੈਂਗਸਟਰਾਂ ਦੀ ਜੜ ਤੱਕ ਪਹੁੰਚਣ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਲੋਕਾਂ ਦੀ ਜਾਣਕਾਰੀ ਅਤੇ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਕੋਈ ਨਾਗਰਿਕ ਪੁਲਿਸ ਨਾਲ ਸਹਿਯੋਗ ਕਰਦਾ ਹੈ, ਤਾਂ ਅਪਰਾਧੀਆਂ ਦੇ ਹੌਂਸਲੇ ਆਪੇ ਹੀ ਟੁੱਟ ਜਾਂਦੇ ਹਨ। ਸਮਾਜ ਵਿੱਚ ਡਰ ਦਾ ਮਾਹੌਲ ਖਤਮ ਹੋਣਾ ਅਤੇ ਅਮਨ-ਸ਼ਾਂਤੀ ਕਾਇਮ ਰਹਿਣਾ ਹੀ ਇਸ ਮੁਹਿੰਮ ਦਾ ਮੁੱਖ ਉਦੇਸ਼ ਹੈ। ਖ਼ਾਸ ਕਰਕੇ ਨੌਜਵਾਨਾਂ ਨੂੰ ਅਪਰਾਧਿਕ ਤੱਤਾਂ ਤੋਂ ਦੂਰ ਰਹਿਣ ਅਤੇ ਗਲਤ ਰਸਤੇ 'ਤੇ ਜਾਣ ਵਾਲਿਆਂ ਨੂੰ ਸਹੀ ਰਸਤਾ ਦਿਖਾਉਣ ਲਈ ਸਮਾਜਿਕ ਜਾਗਰੂਕਤਾ ਵੀ ਲਾਜ਼ਮੀ ਹੈ। ਐਸ.ਐਸ.ਪੀ ਖੰਨਾ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ ਦੇ ਅਪਰਾਧ ਖ਼ਿਲਾਫ਼ ਆਵਾਜ਼ ਉਠਾਉਣ ਅਤੇ ਪੁਲਿਸ ਨਾਲ ਮਿਲ ਕੇ ਪੰਜਾਬ ਨੂੰ ਸੁਰੱਖਿਅਤ, ਅਮਨ-ਸ਼ਾਂਤ ਅਤੇ ਅਪਰਾਧ ਮੁਕਤ ਸੂਬਾ ਬਣਾਉਣ ਵਿੱਚ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਇਕੱਠੇ ਮਿਲ ਕੇ ਹੀ ਅਸੀਂ ਪੰਜਾਬ ਨੂੰ ਸੁਰੱਖਿਅਤ ਬਣਾ ਸਕਦੇ ਹਾਂ। ਡਾ. ਦਰਪਣ ਆਹਲੂਵਾਲੀਆ ਨੇ ਭਰੋਸਾ ਦਿਵਾਇਆ ਕਿ ਪੰਜਾਬ ਪੁਲਿਸ ਹਰ ਸੂਚਨਾ 'ਤੇ ਤੁਰੰਤ ਕਾਰਵਾਈ ਕਰੇਗੀ ਅਤੇ ਕਿਸੇ ਵੀ ਕੀਮਤ 'ਤੇ ਅਪਰਾਧੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਵਿਆਪਕ ਮੁਹਿੰਮ ਨਾਲ ਸੂਬੇ ਵਿੱਚ ਕਾਨੂੰਨ-ਵਿਵਸਥਾ ਹੋਰ ਮਜ਼ਬੂਤ ਹੋਵੇਗੀ ਅਤੇ ਆਮ ਲੋਕ ਖੁਦ ਨੂੰ ਹੋਰ ਸੁਰੱਖਿਅਤ ਮਹਿਸੂਸ ਕਰਨਗੇ।

'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਰਜਿਸਟ੍ਰੇਸ਼ਨ ਕੈਂਪ 'ਚ ਮੰਤਰੀ ਸੌਂਦ ਵੱਲੋਂ ਦੌਰਾ

ਲੁਧਿਆਣਾ, 17 ਫਰਵਰੀ(ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਬਿਹਤਰ ਅਤੇ ਸੌਖੇ ਤਰੀਕੇ ਨਾਲ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਵਾਰਡ ਨੰਬਰ ਤਿੰਨ, ਲਲਹੇੜੀ ਰੋਡ, ਖੰਨਾ ਵਿਖੇ ਇੱਕ ਵਿਸ਼ਾਲ ਸਿਹਤ ਕਾਰਡ ਰਜਿਸਟ੍ਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਸਕੀਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਇਸ ਦੇ ਫਾਇਦੇ ਗਿਣਵਾਏ। ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਉਦੇਸ਼ ਹਰ ਪਰਿਵਾਰ ਨੂੰ ਉੱਚ ਗੁਣਵੱਤਾ ਵਾਲੀ ਸਿਹਤ ਸੇਵਾ ਮੁਹੱਈਆ ਕਰਵਾਉਣਾ ਹੈ, ਤਾਂ ਜੋ ਕਿਸੇ ਵੀ ਗਰੀਬ ਜਾਂ ਮੱਧ ਵਰਗ ਪਰਿਵਾਰ ਨੂੰ ਇਲਾਜ ਦੇ ਖਰਚੇ ਕਾਰਨ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਅਧੀਨ ਲੱਖਾਂ ਪਰਿਵਾਰਾਂ ਨੂੰ ਨਕਦ ਰਹਿਤ ਇਲਾਜ ਦੀ ਸੁਵਿਧਾ ਮਿਲ ਰਹੀ ਹੈ ਅਤੇ ਸੂਬੇ ਭਰ ਦੇ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਉੱਚ ਦਰਜੇ ਦਾ ਇਲਾਜ ਉਪਲੱਬਧ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਤਿੰਨ ਰੋਜ਼ਾ ਇਸ ਕੈਂਪ ਦੌਰਾਨ ਇਲਾਕਾ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਕੈਂਪ ਵਿੱਚ ਸ਼ਿਰਕਤ ਕੀਤੀ ਅਤੇ ਆਪਣੇ ਸਿਹਤ ਬੀਮਾ ਕਾਰਡ ਬਣਵਾਏ। ਲੋਕਾਂ ਨੇ ਕੈਂਪ ਦੇ ਪ੍ਰਬੰਧਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਆਮ ਜਨਤਾ ਲਈ ਬਹੁਤ ਲਾਭਦਾਇਕ ਸਾਬਤ ਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਇੱਕ ਹੀ ਥਾਂ 'ਤੇ ਸਾਰੀ ਪ੍ਰਕਿਰਿਆ ਪੂਰੀ ਕਰਨ ਦੀ ਸੁਵਿਧਾ ਮਿਲ ਜਾਂਦੀ ਹੈ। ਕੈਂਪ ਦੌਰਾਨ ਸਿਹਤ ਵਿਭਾਗ ਦੇ

ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਲੋਕਾਂ ਨੂੰ ਸਕੀਮ ਨਾਲ ਸੰਬੰਧਿਤ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਦੇ ਸਵਾਲਾਂ ਦੇ ਉੱਤਰ ਵੀ ਦਿੱਤੇ ਗਏ। ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਸਹਿਜ ਅਤੇ ਤੇਜ਼ ਬਣਾਇਆ ਗਿਆ, ਜਿਸ ਕਾਰਨ ਵੱਡੀ ਗਿਣਤੀ ਵਿੱਚ ਲੋਕ ਬਿਨਾਂ ਕਿਸੇ ਮੁਸ਼ਕਲ ਦੇ ਆਪਣਾ ਸਿਹਤ ਕਾਰਡ ਤਿਆਰ ਕਰਵਾ ਸਕੇ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਸਿਹਤ ਖੇਤਰ ਵਿੱਚ ਵੱਡੇ ਸੁਧਾਰ ਲਿਆਏ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਕੈਂਪ ਲਗਾਏ ਜਾਣਗੇ ਤਾਂ ਜੋ ਹਰ ਲੋੜਵੰਦ ਪਰਿਵਾਰ ਤੱਕ ਸਿਹਤ ਸੁਰੱਖਿਆ ਦੀ ਸਹੂਲਤ ਪਹੁੰਚ ਸਕੇ। ਅੰਤ ਵਿੱਚ ਉਨ੍ਹਾਂ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਯੋਜਨਾ ਦਾ ਲਾਭ ਲੈਣ ਅਤੇ ਆਪਣੇ ਪਰਿਵਾਰ ਦੀ ਸਿਹਤ ਸੁਰੱਖਿਆ ਯਕੀਨੀ ਬਣਾਉਣ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਲੁਧਿਆਣਾ ਵਿੱਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਲਾਊਡ ਸਪੀਕਰਾਂ 'ਤੇ ਪਾਬੰਦੀ

ਲੁਧਿਆਣਾ, 17 ਫਰਵਰੀ (ਸੰਜੀਵ ਲਹਿਲ/ਵਿਸ਼ਾਲ ਸ਼ਰਮਾ) : ਜ਼ਿਲ੍ਹਾ ਮੈਜਿਸਟਰੇਟ ਹਿਮਾਂਸ਼ੂ ਜੈਨ ਨੇ ਮੰਗਲਵਾਰ ਨੂੰ ਪੂਰੇ ਜ਼ਿਲ੍ਹਾ ਲੁਧਿਆਣਾ ਵਿੱਚ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ ਲਾਊਡ ਸਪੀਕਰਾਂ, ਡੀ.ਜੇ ਸਿਸਟਮ, ਪਬਲਿਕ ਐਡਰੈੱਸ ਸਿਸਟਮ ਅਤੇ ਹੋਰ ਸਾਰੇ ਧੁਨੀ ਪ੍ਰਦਰਸ਼ਨ ਉਪਕਰਣਾਂ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਇਹ ਹੁਕਮ 15 ਅਪ੍ਰੈਲ, 2026 ਤੱਕ ਲਾਗੂ ਰਹੇਗਾ।

ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਤੇ ਸ਼ੋਰ ਪ੍ਰਦੂਸ਼ਨ (ਨਿਯਮ ਅਤੇ ਨਿਯੰਤਰਣ) ਨਿਯਮ, 2000 ਦੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਨੇ ਫੈਸਲਾ ਲਿਆ ਹੈ ਕਿ ਅਜਿਹੇ ਉਪਕਰਣਾਂ ਨੂੰ ਸਵੇਰੇ 6:00 ਵਜੇ ਤੋਂ ਰਾਤ 10:00 ਵਜੇ ਤੱਕ ਹੀ ਚਲਾਇਆ ਜਾ ਸਕਦਾ ਹੈ। ਇਨ੍ਹਾਂ ਘੰਟਿਆਂ ਤੋਂ ਬਾਹਰ ਸਾਰੇ ਉਪਯੋਗਾਂ ਦੀ ਪੂਰੀ ਤਰ੍ਹਾਂ ਮਨਾਹੀ ਹੈ।

ਵਿਆਹਾਂ, ਧਾਰਮਿਕ ਸਮਾਗਮਾਂ, ਸਮਾਜਿਕ ਇਕੱਠਾਂ, ਜਲੂਸਾਂ ਅਤੇ ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਆਵਾਜ਼ ਦਾ ਪੱਧਰ ਹਰ ਸਮੇਂ ਕਾਨੂੰਨੀ ਤੌਰ 'ਤੇ ਨਿਰਧਾਰਤ ਸੀਮਾਵਾਂ ਦੇ ਅੰਦਰ ਰਹਿਣਾ ਚਾਹੀਦਾ ਹੈ। ਸਾਇਲੈਂਸ ਜ਼ੋਨਾਂ ਵਿੱਚ ਹਸਪਤਾਲਾਂ, ਸਕੂਲਾਂ, ਕਾਲਜਾਂ, ਅਦਾਲਤਾਂ ਅਤੇ ਹੋਰ ਸੰਵੇਦਨਸ਼ੀਲ ਸੰਸਥਾਵਾਂ ਦੇ ਆਲੇ-ਦੁਆਲੇ ਦੇ ਖੇਤਰ ਮੌਜੂਦਾ ਨਿਯਮਾਂ ਅਨੁਸਾਰ ਲਾਊਡ ਸਪੀਕਰ ਦੀ ਵਰਤੋਂ ਨੂੰ ਸਖ਼ਤੀ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ।

ਪ੍ਰਸ਼ਾਸਨ ਨੇ ਚੇਤਾਵਨੀ ਦਿੱਤੀ ਹੈ ਕਿ ਕਿਸੇ ਵੀ ਉਲੰਘਣਾ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪ੍ਰੋਗਰਾਮ ਪ੍ਰਬੰਧਕਾਂ, ਮੈਰਿਜ ਪੈਲੇਸ ਸੰਚਾਲਕਾਂ, ਡੀ.ਜੇ ਸੇਵਾ ਪ੍ਰਦਾਤਾਵਾਂ, ਧਾਰਮਿਕ ਸੰਸਥਾਵਾਂ ਅਤੇ ਆਮ ਜਨਤਾ ਨੂੰ ਪੂਰੀ ਤਰ੍ਹਾਂ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜ਼ਿਲ੍ਹਾ ਪੁਲਿਸ ਅਤੇ ਹੋਰ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਪਾਲਣਾ ਦੀ ਨਿਗਰਾਨੀ ਕਰਨ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੇ ਸਪੱਸ਼ਟ ਨਿਰਦੇਸ਼ ਦਿੱਤੇ ਹਨ।

ਜੀਜਾ ਤੇ ਸਾਲ਼ਾ ਵੱਡੀ ਮਾਤਰਾ ਵਿੱਚ 'ਚਿੱਟਾ' ਤੇ ਨਗਦੀ ਸਮੇਤ ਕਾਬੂ

ਜਗਰਾਓਂ, 17 ਫਰਵਰੀ (ਦਵਿੰਦਰ ਜੈਨ) : ਜਗਰਾਓਂ ਦਿਹਾਤੀ ਪੁਲਿਸ ਨੇ ਐਸ ਐੱਸ ਪੀ ਦਫ਼ਤਰ ਦੇ ਬਾਹਰ ਲਗਾਏ ਗਏ ਨਾਕੇ ਦੌਰਾਨ ਸ਼ੱਕੀ ਹਾਲਾਤਾਂ ਵਿੱਚ ਜਦੋਂ ਦੋ ਨੌਜਵਾਨਾਂ ਨੂੰ ਨਾਕੇ 'ਤੇ ਰੋਕਿਆ। ਤਾਂ ਇਹਨਾਂ ਨੌਜਵਾਨਾਂ ਪਾਸੋਂ ਤਲਾਸ਼ੀ ਦੌਰਾਨ ਇਨ੍ਹਾਂ ਦੀ ਜੇਬ ਵਿੱਚੋਂ ਵੱਡੀ ਮਾਤਰਾ ਵਿੱਚ ਚਿੱਟਾ ਤੇ ਨਗਦੀ ਬਰਾਮਦ।

ਸੂਤਰਾਂ ਤੋਂ ਇਹ ਵੀ ਪਤਾ ਚਲਿਆ ਕਿ ਇਹ ਦੋਨੋਂ ਸ਼ਰੇਆਮ ਵੇਚਦੇ ਫਿਰਦੇ ਸੀ ਪੁੜੀਆਂ ਬਣਾ ਬਣਾ ਕੇ ਪੁਲਿਸ ਦੀ ਨੱਕ ਹੇਠ ਪਰ ਅੱਜ ਜਗਰਾਓਂ ਪੁਲਿਸ ਨੇ ਕੀਤਾ ਕਾਬੂ। ਜੋ ਕਿ ਰਿਸ਼ਤੇ ਵਿੱਚ ਜੀਜਾ ਤੇ ਸਾਲ਼ਾ ਲਗਦੇ ਸੀ। ਪੁਲਿਸ ਤਫਦੀਸ਼ ਕਰ ਰਹੀ ਹੈ ਕਿ ਇਹ ਦੋਨੋਂ ਕਿੰਨੇ ਸਾਲਾਂ ਤੋਂ ਇਹ ਕੰਮ ਕਰ ਰਹੇ ਸੀ।ਜੇਕਰ ਦੇਹਾਤੀ ਪੁਲਿਸ ਦੀ ਗੱਲ ਕਰੀਏ ਤਾਂ ਪੁਲਿਸ ਮੁਤਾਬਿਕ ਇਨ੍ਹਾਂ ਦੋਨਾਂ ਕੋਲੋਂ 10 ਗ੍ਰਾਮ ਚਿੱਟਾ ਤੇ 8650 ਦੀ ਡਰੱਗ ਮਨੀ ਕਾਬੂ ਕੀਤੀ ਗਈ। ਪਰ ਸੂਤਰਾਂ ਮੁਤਾਬਿਕ ਹੋ ਸਕਦਾ ਇਹ ਮਾਤਰਾ ਤੇ ਡਰੱਗ ਮਨੀ ਜ਼ਿਆਦਾ ਹੋਵੇ। ਬਾਕੀ ਪੁਲਿਸ ਹਜੇ ਜਾਣਕਾਰੀ ਹਾਸਲ ਕਰ ਰਹੀ ਹੈ।

ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਵੱਲੋਂ ਪਿੰਡ ਲੱਖਾ ਵਿਖੇ 92 ਲੱਖ ਰੁਪਏ ਨਾਲ ਬਣਨ ਵਾਲੀ ਫਿਰਨੀ ਦਾ ਕੀਤਾ ਉਦਘਾਟਨ

ਜਗਰਾਓਂ, 17 ਫਰਵਰੀ (ਵਿਸ਼ਾਲ ਅੱਤਰੇ ਆਰੀਅਨ ਅੱਤਰੇ) : ਹਲਕਾ ਜਗਰਾਓਂ ਦੇ ਵਿਕਾਸ ਅਤੇ ਪਿੰਡਾਂ ਦੀ ਨੁਹਾਰ ਬਦਲਣ ਲਈ ਦ੍ਰਿੜ ਸੰਕਲਪ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਵੱਲੋਂ ਇਲਾਕਾ ਵਾਸੀਆਂ ਨੂੰ ਵੱਡੀ ਸੌਗਾਤ ਦੇਣ ਲਈ ਅੱਜ ਪਿੰਡ ਲੱਖਾ ਦੇ ਵਿੱਚ 18 ਫੁੱਟ ਚੌੜੀ ਫਿਰਨੀ ਬਣਾਉਣ ਦਾ ਉਦਘਾਟਨ ਕੀਤਾ, ਜੋ ਇਲਾਕੇ ਦੇ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ। ਇਸ ਪ੍ਰੋਜੈਕਟ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਦਹਾਕਿਆਂ ਤੋਂ ਪਿੰਡਾਂ ਦੀਆਂ ਤੰਗ ਸੜਕਾਂ ਜਿਸ ਕਾਰਨ ਲੋਕਾਂ ਨੂੰ ਆਉਣ ਜਾਣ ਵਾਸਤੇ ਟਰੈਫਿਕ ਦੀ ਵੀ ਕਾਫੀ ਸਮੱਸਿਆ ਆਉਂਦੀ ਸੀ ਉਸ ਤੋਂ ਨਿਜਾਤ ਦਵਾਉਣ ਲਈ ਪਿਛਲੇ ਕਈ ਦਹਾਕਿਆਂ ਤੋਂ ਪਿੰਡਾਂ ਦੀਆਂ ਤੰਗ ਸੜਕਾਂ ਨੂੰ 18 ਫੁੱਟੀ ਚੌੜਾ ਕਰਕੇ ਅਪਗ੍ਰੇਡ ਕੀਤਾ ਜਾਵੇਗਾ। ਇਸ ਉਪਰਾਲੇ ਨਾਲ ਆਵਾਜਾਈ ਸੁਖਾਲੀ ਹੋ ਜਾਵੇਗੀ ਅਤੇ ਆਮ ਲੋਕਾਂ ਦਾ ਆਉਣ ਜਾਣ ਵਿੱਚ ਜੋ ਸਮਾਂ ਖਰਾਬ

ਹੁੰਦਾ ਸੀ, ਉਸ ਤੋਂ ਨਿਜਾਤ ਮਿਲੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੈਬਨਟ ਮੰਤਰੀ ਹਰਚੰਦ ਸਿੰਘ ਬਰਸਟ ਦੇ ਸਹਿਯੋਗ ਨਾਲ ਚਲਾਏ ਗਈ ਮੁਹਿੰਮ ਦੇ ਤਹਿਤ ਪੰਜਾਬ ਦੇ ਪਿੰਡਾਂ ਨੂੰ ਇਸ ਆਧੁਨਿਕ ਸੜਕ ਨੈੱਟਵਰਕ ਦਾ ਸਿੱਧਾ ਲਾਭ ਮਿਲੇਗਾ। ਇਸ ਨੀਂਹ ਪੱਥਰ ਰੱਖਣ ਸਮੇਂ ਵਿਧਾਇਕ ਸ੍ਰੀ ਮਤੀ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕੀ ਮਾਨ ਸਰਕਾਰ ਆਪਣੇ ਕੀਤੇ ਹਰ ਵਾਅਦੇ ਨੂੰ ਹਕੀਕਤ ਵਿੱਚ ਬਦਲ ਰਹੀ ਹੈ ਅਤੇ ਜਗਰਾਓਂ ਹਲਕੇ ਦੇ ਵਿਕਾਸ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਪਿੰਡਾਂ ਦੀ ਤਸਵੀਰ ਪੂਰੀ ਤਰਹਾਂ ਬਦਲ ਜਾਵੇਗੀ। ਇਸ ਸਮੇਂ ਬੀਬੀ ਰਣਜੀਤ ਕੌਰ ਬੀਬੀ ਮਹਿੰਦਰ ਪਾਲ ਕੌਰ ਬਲਵੀਰ ਸਿੰਘ ਚਮਕੌਰ ਸਿੰਘ ਅਤੇ ਜਰਨੈਲ ਸਿੰਘ ਸੁਰਿੰਦਰ ਸਿੰਘ ਲੱਖਾ ਅਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਰਹੇ ਅਤੇ ਸਮੁੱਚੇ ਪਿੰਡ ਵਾਸੀਆਂ ਨੇ ਬੀਬੀ ਮਾਣੂੰਕੇ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਹੀ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ।

ਸਕਰੈਪ ਕਾਰੋਬਾਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਸਰਕਾਰ ਅੱਗੇ ਆਵੇ: ਖੁਰਾਣਾ, ਖੇੜਾ

ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ) : ਪੰਜਾਬ ਅਤੇ ਕੇਂਦਰ ਸਰਕਾਰ ਨੂੰ ਬਾਕੀ ਉਦਯੋਗਾਂ ਵਾਂਗ ਸਕਰੈਪ ਕਾਰੋਬਾਰੀਆਂ ਦੇ ਹਿੱਤਾਂ ਲਈ ਵੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਇਹ ਗੱਲਾਂ ਦਾ ਪ੍ਰਗਟਾਵਾ ਲੁਧਿਆਣਾ ਸਕਰੈਪ ਟ੍ਰੇਡਰਜ਼ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਅਤੇ ਚੇਅਰਮੈਨ ਜਰਨੈਲ ਸਿੰਘ ਖੇੜਾ ਨੇ ਇਕ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸਕਰੈਪ ਹਰ ਉਦਯੋਗ ਲਈ ਕੱਚੇ ਮਾਲ ਦੀ ਇੱਕ ਅਹਿਮ ਸ਼ੁਰੂਆਤ ਹੁੰਦੀ ਹੈ। ਲੋਹਾ, ਪਲਾਸਟਿਕ, ਤਾਂਬਾ ਜਾਂ ਹੋਰ ਧਾਤੂ ਮਾਲ ਮੁੜ-ਵਰਤੋਂ ਰਾਹੀਂ ਹੀ ਉਦਯੋਗਿਕ ਪ੍ਰਕਿਰਿਆ ਵਿੱਚ ਸ਼ਾਮਲ ਹੁੰਦਾ ਹੈ, ਜਿਸ ਨਾਲ ਉਤਪਾਦਨ ਲਾਗਤ ਘਟਣ ਦੇ ਨਾਲ ਨਾਲ ਵਾਤਾਵਰਣ ਕੰਟਰੋਲ ਕਰਨ ਵਿੱਚ ਵੀ ਵੱਡਾ ਯੋਗਦਾਨ ਮਿਲਦਾ ਹੈ। ਇਸਦੇ ਬਾਵਜੂਦ ਅੱਜ

ਸਕਰੈਪ ਕਾਰੋਬਾਰੀ ਸਭ ਤੋਂ ਵੱਧ ਮੁਸ਼ਕਲਾਂ ਭਰੇ ਦੌਰ ਵਿਚੋਂ ਗੁਜ਼ਰ ਰਹੇ ਹਨ। ਉਨ੍ਹਾਂ ਦੱਸਿਆ ਕਿ ਲੋਕਲ ਪੱਧਰ 'ਤੇ ਰੋਡ ਟ੍ਰੈਫਿਕ ਮਹਿਕਮੇ ਅਤੇ ਜੀਐਸਟੀ ਮਹਿਕਮੇ ਦੀਆਂ ਕਾਰਵਾਈਆਂ ਕਾਰਨ ਅਕਸਰ ਛੋਟੇ ਅਤੇ ਦਰਮਿਆਨੇ ਕਾਰੋਬਾਰੀ ਦਸਤਾਵੇਜ਼ੀ ਕਾਰਵਾਈਆਂ ਅਤੇ ਅਚਾਨਕ ਚੈਕਿੰਗਾਂ ਕਾਰਨ ਮਨੋਵਿਗਿਆਨਿਕ ਅਤੇ ਆਰਥਿਕ ਦਬਾਅ ਦਾ ਸਾਹਮਣਾ ਕਰਦੇ ਹਨ। ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਨੇ ਕਿਹਾ ਕਿ ਸਕਰੈਪ ਕਾਰੋਬਾਰ ਰੀਸਾਈਕਲਿੰਗ ਉਦਯੋਗ ਦੀ ਰੀੜ੍ਹ ਦੀ ਹੱਡੀ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ। ਚੇਅਰਮੈਨ ਜਰਨੈਲ ਸਿੰਘ ਖੇੜਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਕਰੈਪ ਕਾਰੋਬਾਰ ਨਾਲ ਸਬੰਧਤ ਮਹਿਕਮਿਆਂ ਦੇ ਅਧਿਕਾਰੀ ਸਹਿਯੋਗਾਤਮਕ ਅਤੇ ਤਰਸਭਰੀ ਨੀਤੀ ਅਪਣਾਉਣ। ਉਨ੍ਹਾਂ ਸੁਝਾਅ ਦਿੱਤਾ ਕਿ ਸਰਕਾਰ ਵੱਲੋਂ ਸਪੱਸ਼ਟ ਅਤੇ ਸਰਲ ਗਾਈਡਲਾਈਨ ਜਾਰੀ ਕੀਤੀਆਂ ਜਾਣ, ਤਾਂ ਜੋ ਵਪਾਰੀ ਨਿਯਮਾਂ ਦੀ ਪਾਲਣਾ ਸੁਚੱਜੇ ਢੰਗ ਨਾਲ ਕਰ ਸਕਣ ਅਤੇ ਪਰੇਸ਼ਾਨੀਆਂ ਤੋਂ ਬਚ ਸਕਣ। ਐਸੋਸੀਏਸ਼ਨ ਦੇ ਆਗੂਆਂ ਨੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਵੱਲੋਂ ਉਦਯੋਗਕ ਨੀਤੀਆਂ ਵਿੱਚ ਸਕਰੈਪ ਖੇਤਰ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਵੇ ਅਤੇ ਟੈਕਸ ਸਬੰਧੀ ਪ੍ਰਕਿਰਿਆਵਾਂ ਨੂੰ ਆਸਾਨ ਬਣਾਇਆ ਜਾਵੇ, ਤਾਂ ਇਹ ਖੇਤਰ ਹੋਰ ਵੀ ਮਜ਼ਬੂਤ ਹੋ ਸਕਦਾ ਹੈ ਅਤੇ ਰਾਜ ਦੀ ਅਰਥਵਿਵਸਥਾ ਨੂੰ ਵੱਡਾ ਯੋਗਦਾਨ ਦੇ ਸਕਦਾ ਹੈ।

ਭਾਜਪਾ ਦੇ ਰਾਸ਼ਟਰੀ ਉਪ ਵਿਤ ਸਕੱਤਰ ਬਾਂਸਲ ਲੁਧਿਆਣਾ ਪਹੁੰਚੇ

ਲੁਧਿਆਣਾ, 17 ਫਰਵਰੀ ਰਵਿੰਦਰ ਸਿੰਘ ਨਿੱਝਰ): ਭਾਰਤੀ ਜਨਤਾ ਪਾਰਟੀ ਦੇ ਕੌਮੀ ਉਪ ਵਿਤ ਸਕੱਤਰ ਤੇ ਸਾਂਸਦ ਡਾ ਨਰੇਸ਼ ਬਾਂਸਲ ਲੁਧਿਆਣਾ ਪਹੁੰਚੇ। ਇੱਥੇ ਪਹੁੰਚਣ 'ਤੇ ਹਿਊਮਨ ਰਾਈਟ ਕੌਂਸਲ ਇੰਡੀਆ ਦੀ ਕੌਮੀ ਪ੍ਰਧਾਨ ਆਰਤੀ ਰਾਜਪੂਤ ਦੇ ਦਿਸ਼ਾ ਨਿਰਦੇਸ਼ਾਂ ਅਤੇ ਕੌਂਸਲ ਦੀ ਪੰਜਾਬ ਇਕਾਈ ਦੇ ਮੀਤ ਪ੍ਰਧਾਨ ਸਤਵਿੰਦਰ ਸਿੰਘ ਮਠਾੜੂ ਦੀ ਅਗਵਾਈ ਹੇਠ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ। ਮਠਾੜੂ ਨੇ ਬਾਂਸਲ ਨੂੰ ਬੁੱਕਾ ਭੇਂਟ ਕਰਕੇ ਸਨਮਾਨਿਤ ਕੀਤਾ। ਬਾਂਸਲ ਨੇ ਇਸ ਮੌਕੇ ਆਖਿਆ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਲਿਜਾਣਾ ਚਾਹੁੰਦੀ ਹੈ। ਇਸ ਲਈ ਇਸ ਨੂੰ ਇੱਕ ਮੌਕਾ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹੁਣ ਤੱਕ ਕਾਂਗਰਸ ਅਤੇ ਅਕਾਲੀ ਦਲ ਨੇ ਪੰਜਾਬ ਨੂੰ ਬਰਬਾਦ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਬਾਅਦ ਵਿੱਚ ਸ਼੍ਰੀ ਬਾਂਸਲ ਨੂੰ ਕੌਂਸਲ ਦੀ ਟੀਮ ਬਗਲਾ ਮੁਖੀ ਮੰਦਿਰ ਵਿਖੇ ਲੈ ਕੇ ਗਈ ਜਿੱਥੇ ਕਿ ਇਹਨਾਂ ਸਾਰਿਆਂ ਨੇ ਯੱਗ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਰਕੇਸ਼ ਗੋਇਲ, ਬਲਵੀਰ ਸਿੰਘ, ਮਨਜੀਤ ਸਿੰਘ, ਕਿਰਪਾਲ ਸਿੰਘ ਸਹਾਰਾ ਅਤੇ ਵਿਵੇਕ ਬਖਸ਼ੀ ਆਦਿ ਵੀ ਮੌਜੂਦ ਸਨ।

ਨਹਿਰੂ ਮਾਰਕੀਟ ਵਿੱਚ ਕਥਿਤ ਕਬਜ਼ੇ ਦਾ ਮਾਮਲਾ ਆਇਆ ਸਾਮਹਣੇ

ਖ਼ਬਰ ਰੋਕਣ ਲਈ ਦਬਾਅ ਪਾਉਣ ਦੀ ਕੀਤੀ ਗਈ ਕੋਸ਼ਿਸ਼

ਜਗਰਾਓਂ, 17 ਫਰਵਰੀ (ਦਵਿੰਦਰ ਜੈਨ): ਸ਼ਹਿਰ ਦੀ ਸਥਾਨਕ ਨਹਿਰੂ ਮਾਰਕੀਟ ਨਾਲ ਸਬੰਧਿਤ ਨਗਰ ਕੌਂਸਲ ਦੀ ਇਕ ਗਲੀ ਵਿੱਚ ਕੁਝ ਦੁਕਾਨਦਾਰਾਂ ਵੱਲੋਂ ਕਥਿਤ ਤੌਰ 'ਤੇ ਸਰਕਾਰੀ ਜਗ੍ਹਾ 'ਤੇ ਕਬਜ਼ਾ ਕਰਨ ਦੇ ਦੋਸ਼ ਸਾਹਮਣੇ ਆਏ ਹਨ। ਸੂਤਰਾਂ ਤੋਂ ਮਿਲੀ ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਵਪਾਰੀਆਂ ਨੇ ਆਪਣੀਆਂ ਦੁਕਾਨਾਂ ਦੇ ਪਿਛਲੇ ਹਿੱਸੇ ਨੂੰ ਵਧਾਉਂਦੇ ਹੋਏ ਲੈਂਟਰ ਪਾ ਕੇ ਗਲੀ ਦੇ ਹਿੱਸੇ 'ਤੇ ਕਬਜ਼ਾ ਕੀਤਾ ਹੋਣ ਦਾ ਆਰੋਪ ਹੈ।

ਮੌਕੇ 'ਤੇ ਕੀਤੀ ਗਈ ਪੜਤਾਲ ਦੌਰਾਨ ਕੁਝ ਥਾਵਾਂ 'ਤੇ ਲੈਂਟਰ ਦੇ ਨਾਲ ਗੇਟ ਲਗਾ ਕੇ ਆਵਾਜਾਈ ਦਾ ਰਸਤਾ ਸੰਕੁਚਿਤ ਕੀਤਾ ਹੋਇਆ ਦਿਖਾਈ ਦਿੱਤਾ। ਹਾਲਾਂਕਿ, ਇਸ ਸਬੰਧ ਵਿੱਚ ਕੋਸ਼ਿਸ਼ ਦੇ ਬਾਵਜੂਦ ਵੀ ਸਬੰਧਿਤ ਦੁਕਾਨਦਾਰਾਂ ਦਾ ਪੱਖ ਪ੍ਰਾਪਤ ਨਹੀਂ ਹੋ ਸਕਿਆ।

ਇਸ ਮਾਮਲੇ ਬਾਰੇ ਜਦੋਂ ਨਗਰ ਕੌਂਸਲ ਜਗਰਾਓਂ ਦੇ ਕਾਰਜ ਸਾਧਕ ਅਧਿਕਾਰੀ ਮੋਹਿਤ ਸ਼ਰਮਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਵੱਲੋਂ ਤੱਥਾਂ ਦੀ ਪੂਰੀ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਨਗਰ ਕੌਂਸਲ ਦੀ ਜਗ੍ਹਾ 'ਤੇ ਨਜਾਇਜ਼ ਕਬਜ਼ਾ ਸਾਬਤ ਹੁੰਦਾ ਹੈ ਤਾਂ ਸੰਬੰਧਿਤ ਪੱਖ ਖ਼ਿਲਾਫ਼ Punjab Municipal Act ਦੇ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਸ ਦੇ ਨਾਲ ਹੀ, ਪੱਤਰਕਾਰਕ ਸਰੋਤਾਂ ਅਨੁਸਾਰ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਜਦੋਂ ਇਸ ਮਾਮਲੇ ਸਬੰਧੀ ਖ਼ਬਰ ਪ੍ਰਕਾਸ਼ਿਤ ਕਰਨ ਦੀ ਜਾਣਕਾਰੀ ਕੁਝ ਸਥਾਨਕ ਦੁਕਾਨਦਾਰਾਂ ਤੱਕ ਪਹੁੰਚੀ ਤਾਂ ਉਨ੍ਹਾਂ ਵੱਲੋਂ ਕਥਿਤ ਤੌਰ 'ਤੇ ਇਕ ਰਾਜਨੀਤਿਕ ਆਗੂ ਰਾਹੀਂ ਪੱਤਰਕਾਰ ਨੂੰ ਫ਼ੋਨ ਕਰਵਾ ਕੇ ਖ਼ਬਰ ਰੁਕਵਾਉਣ ਦੀ ਕੋਸ਼ਿਸ਼ ਕੀਤੀ ਗਈ। ਦਾਅਵਾ ਹੈ ਕਿ ਫ਼ੋਨ 'ਤੇ ਗੱਲ ਕਰਨ ਵਾਲੇ



ਵਿਅਕਤੀ ਨੇ ਇਸ ਮਾਮਲੇ ਨੂੰ ਪੁਰਾਣਾ ਕਬਜ਼ਾ ਦੱਸਦਿਆਂ ਖ਼ਬਰ ਨਾ ਛਾਪਣ ਦੀ ਗੱਲ ਕੀਤੀ।

ਇਥੇ ਇਕ ਗੱਲ ਹੋਰ ਜ਼ਿਕਰ ਯੋਗ ਹੈ ਕਿ ਹੋਰ ਵੀ ਕਈ ਪਾਸੇ ਲੋਕਾ ਨੇ ਨਜਾਇਜ਼ ਕਬਜੇ ਕੀਤੇ ਹੋਏ ਹਨ। ਜੋ ਕਿ ਨਗਰ ਕੌਂਸਿਲ ਦੇ ਅਧਿਕਾਰੀ ਆਪਣੇ ਧਿਆਨ ਵਿੱਚ ਲਿਆ ਕੇ ਉਨ੍ਹਾਂ 'ਤੇ ਵੀ ਬਨਦੀ ਕਾਰਵਾਈ ਕਰਨ।

ਏਵਨ ਸਾਈਕਲਜ਼ ਵੱਲੋਂ 75 ਸਾਲਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਨਵਾਂ ਲੋਗੋ ਜਾਰੀ

ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ): ਏਵਨ ਸਾਈਕਲਜ਼ ਨੇ ਅੱਜ ਆਪਣੇ ਸ਼ਾਨਦਾਰ ਇਤਿਹਾਸ ਵਿੱਚ ਇੱਕ ਇਤਿਹਾਸਕ ਪਲ ਨੂੰ ਆਪਣੇ ਨਵੇਂ ਲੋਗੋ ਦੇ ਉਦਘਾਟਨ ਨਾਲ ਦਰਸਾਇਆ, ਜੋ 75 ਸਾਲਾਂ ਦੀ ਉੱਤਮਤਾ ਦੀ ਯਾਦ ਦਿਵਾਉਂਦਾ ਹੈ। ਲੋਗੋ, ਆਪਣੇ ਡਿਜ਼ਾਈਨ ਵਿੱਚ ਦਲੇਰ ਅਤੇ ਅਰਥਾਂ ਵਿੱਚ ਅਮੀਰ, ਇੱਕ ਅਜਿਹੇ ਬ੍ਰਾਂਡ ਦੀ ਭਾਵਨਾ ਨੂੰ ਦਰਸਾਉਂਦਾ ਹੈ ਜਿਸਨੇ ਪੀੜ੍ਹੀਆਂ ਤੱਕ ਵਿਸ਼ਵਾਸ, ਗੁਣਵੱਤਾ ਅਤੇ ਉਦੇਸ਼ ਦੀ ਵਿਰਾਸਤ ਬਣਾਈ ਹੈ। ਨਵਾਂ ਲੋਗੋ ਪਲੈਟੀਨਮ ਜੁਬਲੀ ਦੇ ਮਾਣ ਨੂੰ ਊਰਜਾ ਅਤੇ ਅੱਗੇ ਦੀ ਗਤੀ ਨਾਲ ਜੋੜਦਾ ਹੈ ਜਿਸਨੇ ਹਮੇਸ਼ਾ ਏਵਨ ਸਾਈਕਲਾਂ ਨੂੰ ਪਰਿਭਾਸ਼ਿਤ ਕੀਤਾ ਹੈ। ਇਸ ਮੌਕੇ ਨੂੰ ਦਰਸਾਉਂਦੇ ਹੋਏ ਓਂਕਾਰ ਸਿੰਘ ਪਾਹਵਾ, ਚੇਅਰਮੈਨ, ਨੇ ਕਿਹਾ, ਇਹ ਲੋਗੋ 75 ਸਾਲਾਂ ਦੇ ਵਿਸ਼ਵਾਸ, ਗੁਣਵੱਤਾ ਅਤੇ ਵਚਨਬੱਧਤਾ ਨੂੰ ਸ਼ਰਧਾਂਜਲੀ ਹੈ। ਇਹ ਹਰ ਭਾਰਤੀ ਦਾ ਮਾਣ ਰੱਖਦਾ ਹੈ, ਜਿਸਨੇ ਏਵਨ ਸਾਈਕਲ ਦੀ ਸਵਾਰੀ ਕੀਤੀ ਹੈ। ਰਿਸ਼ੀ ਪਾਹਵਾ ਮੈਨੇਜਿੰਗ ਡਾਇਰੈਕਟਰ ਨੇ ਕਿਹਾ ਕਿ ਲੋਗੋ ਦੁਨੀਆਂ ਨੂੰ ਦੱਸਦਾ ਹੈ ਕਿ ਏਵਨ ਸਾਈਕਲਜ਼ ਆਪਣੀ ਵਿਰਾਸਤ 'ਤੇ ਟਿਕੀ ਨਹੀਂ ਹੈ। ਅਸੀਂ ਇਸ 'ਤੇ ਪਹਿਲਾਂ ਨਾਲੋਂ ਕਿਤੇ ਵੱਡੇ ਉਦੇਸ਼ ਨਾਲ ਨਿਰਮਾਣ ਕਰ ਰਹੇ ਹਾਂ। ਮਨਦੀਪ ਸਿੰਘ ਪਾਹਵਾ, ਸੰਯੁਕਤ ਪ੍ਰਬੰਧ ਨਿਰਦੇਸ਼ਕ, ਨੇ ਕਿਹਾ ਕਿ ਏਵਨ ਸਾਈਕਲਜ਼ ਵਿਖੇ ਇਹ ਲੋਗੋ ਉਸ ਦ੍ਰਿਸ਼ਟੀਕੋਣ ਅਤੇ ਉਸ ਦਿਸ਼ਾ ਦਾ ਮਾਣਮੱਤਾ ਪ੍ਰਤੀਬਿੰਬ ਹੈ, ਜਿਸ ਵੱਲ ਅਸੀਂ ਜਾ ਰਹੇ ਹਾਂ।

ਆਕਾਸ਼ ਇੰਸਟੀਟਿਊਟ ਦੇ ਵਿਦਿਆਰਥੀਆਂ ਵੱਲੋਂ ਜੇ.ਈ.ਈ. ਮੇਨ 'ਚ ਸ਼ਾਨਦਾਰ ਪ੍ਰਦਰਸ਼ਨ

ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ): ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਲੁਧਿਆਣਾ ਦੇ 26 ਵਿਦਿਆਰਥੀਆਂ ਨੇ ਜੇਈਈ ਮੇਨ 2026 (ਸੈਸ਼ਨ 1) ਦੌਰਾਨ ਇੱਕ ਵਾਰ ਫਿਰ ਮਿਸਾਲੀ ਪ੍ਰਦਰਸ਼ਨ ਕੀਤਾ ਹੈ ਅਤੇ ਆਪਣੇ ਖੇਤਰ ਵਿੱਚ ਆਪਣੇ ਅਕਾਦਮਿਕ ਪ੍ਰੋਗਰਾਮ ਦੀ ਨਿਰੰਤਰ ਸਫਲਤਾ ਨੂੰ ਸਾਬਤ ਕੀਤਾ ਹੈ।ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ) ਦੁਆਰਾ ਕੱਲ੍ਹ ਜਾਰੀ ਕੀਤੇ ਗਏ ਨਤੀਜਿਆਂ ਦੇ ਅਨੁਸਾਰ, ਆਕਾਸ਼ ਇੰਸਟੀਚਿਊਟ, ਲੁਧਿਆਣਾ ਖੇਤਰ ਦੇ 26 ਵਿਦਿਆਰਥੀਆਂ ਨੇ ਜੇਈਈ ਮੇਨ 2026 ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਤਵੀਸ਼ ਗੋਇਲ 99.97 ਪ੍ਰਤੀਸ਼ਤ ਅੰਕ ਨਾਲ ਸਭ ਤੋਂ ਵੱਧ ਸਕੋਰਰ ਬਣ ਕੇ ਉੱਭਰੀ, ਇਸ ਤੋਂ ਬਾਅਦ ਵਰਨਾਜ਼ ਕੌਰ 99.78 ਪ੍ਰਤੀਸ਼ਤ ਨਾਲ ਦੂਜੇ ਸਥਾਨ 'ਤੇ ਰਹੀ। ਤਨਵੀਰ ਸਿੰਘ ਨੇ 99.45 ਪ੍ਰਤੀਸ਼ਤ, ਰਿਸ਼ਿਤ ਸਿੰਗਲਾ ਨੇ 99.41 ਪ੍ਰਤੀਸ਼ਤ ਅਤੇ ਆਰੀਅਨ ਮਿੱਤਲ ਨੇ 99.39 ਪ੍ਰਤੀਸ਼ਤ ਪ੍ਰਾਪਤ ਕੀਤਾ।ਆਕਾਸ਼ ਐਜੂਕੇਸ਼ਨਲ ਸਰਵਿਸਿਜ਼ ਦੇ ਡਿਪਟੀ ਰੀਜਨਲ ਡਾਇਰੈਕਟਰ ਜਸਦੀਪ ਸਿੰਘ ਬਬਰਾ ਨੇ ਕਿਹਾ ਕਿ ਲੁਧਿਆਣਾ ਦੇ ਸਾਡੇ ਵਿਦਿਆਰਥੀਆਂ ਦੇ ਬੇਮਿਸਾਲ ਨਤੀਜੇ ਅਕਾਦਮਿਕ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੇ ਨਾਲ-ਨਾਲ ਆਕਾਸ਼ ਵਿਦਿਅਕ ਵਾਤਾਵਰਣ ਪ੍ਰਣਾਲੀ ਦੀ ਮਜ਼ਬੂਤੀ ਦਾ ਪ੍ਰਮਾਣ ਹਨ। ਸਾਨੂੰ ਉਨ੍ਹਾਂ ਦੀ ਸਖਤ ਮਿਹਨਤ 'ਤੇ ਬਹੁਤ ਮਾਣ ਹੈ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਉਨ੍ਹਾਂ ਨੂੰ ਵਧਾਈ ਦਿੰਦੇ ਹਾਂ।

ਹਰਚਰਨ ਸਿੰਘ ਹੂੰਝਣ ਨਮਿਤ ਪਾਠ ਦਾ ਭੋਗ ਅੱਜ

ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ): ਸਥਾਨਕ ਵਾਰਡ ਨੰਬਰ 42 ਦੇ ਕੌਂਸਲਰ ਜਗਮੀਤ ਸਿੰਘ ਨੋਨੀ ਦੇ ਸਹੁਰਾ ਸਾਹਿਬ ਹਰਚਰਨ ਸਿੰਘ ਹੂੰਝਣ ਜੋ ਕਿ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਨਮਿੱਤ ਰੱਖੇ ਪਾਠ ਦੇ ਭੋਗ 18 ਫਰਵਰੀ ਬੁੱਧਵਾਰ ਨੂੰ ਪਾਏ ਜਾਣਗੇ। ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਫੇਸ ਦੋ ਅਰਬਨ ਸਟੇਟ ਦੁਗਰੀ ਲੁਧਿਆਣਾ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ।

ਸਕੂਟਰ ਮਾਰਕੀਟ ਨੇਂ ਸ਼ਿਵਰਾਤਰੀ ਸਬੰਧੀ ਲੰਗਰ ਲਗਾਇਆ

ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ) : ਸਥਾਨਕ ਗਿੱਲ ਰੋਡ ਸਥਿਤ ਸਕੂਟਰ ਮਾਰਕੀਟ ਵੱਲੋਂ ਮਹਾਂ ਸ਼ਿਵਰਾਤਰੀ ਨੂੰ ਸਮਰਪਿਤ ਪੂੜੀਆਂ ਛੋਲਿਆਂ ਦਾ ਲੰਗਰ ਸਮੂਹ ਦੁਕਾਨਦਾਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ।

ਇਸ ਮੌਕੇ ਸਕੂਟਰ ਮਾਰਕੀਟ ਦੇ ਪ੍ਰਧਾਨ ਸੁਰਿੰਦਰਪਾਲ ਸਿੰਘ ਅਤੇ ਬਰਜਿੰਦਰ ਸਿੰਘ ਚੇਅਰਮੈਨ ਨੇ ਲੰਗਰ ਦਾ ਉਦਘਾਟਨ ਕੀਤਾ। ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਧਾਰਮਿਕ ਦਿਹਾੜਿਆਂ 'ਤੇ ਇਹ ਸੇਵਾ ਭਵਿੱਖ

ਵਿੱਚ ਵੀ ਜਾਰੀ ਰਹੇਗੀ।ਇਸ ਮੌਕੇ ਤਰੁਣ ਅਰੋੜਾ ਧੂੰਨਾ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਿੰਸ ਸਾਹਿਲ, ਵਿਕਾਸ ਗਾਬਾ, ਜੋਤੀ ਕੁਮਾਰ, ਨਵਜੋਤ ਰੰਧਾਵਾ, ਰਜੇਸ਼ ਮਠਾੜੂ, ਸਤਨਾਮ ਸਿੰਘ ਅਤੇ ਹਰਜਿੰਦਰ ਪਾਲ ਸਿੰਘ ਵੀ ਹਾਜ਼ਰ ਸਨ।

ਭੁਪੇਸ਼ ਬਘੇਲ ਨੂੰ ਬਾਵਾ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਸਨਮਾਨ ਭੇਂਟ



ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ): ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪ੍ਰਧਾਨਗੀ ਹੇਠ ਪ੍ਰਦੇਸ਼ ਕਾਂਗਰਸ ਦੀ ਮੀਟਿੰਗ ਵਿੱਚ ਕੁੱਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ (ਇੰਚਾਰਜ ਪੰਜਾਬ) ਭੁਪੇਸ਼ ਬੁਘੇਲ ਮੁੱਖ ਤੌਰ 'ਤੇ ਹਾਜ਼ਰ ਹੋਏ ਅਤੇ ਸਿਆਸੀ ਵਿਚਾਰਾਂ ਕੀਤੀਆਂ। ਇਸ ਸਮੇਂ ਕੁੱਲ ਹਿੰਦ ਕਾਂਗਰਸ ਦੇ ਕੋਆਰਡੀਨੇਟਰ (ਓ.ਬੀ.ਸੀ) ਕ੍ਰਿਸ਼ਨ ਕੁਮਾਰ ਬਾਵਾ ਇੰਚਾਰਜ ਹਿਮਾਚਲ ਪ੍ਰਦੇਸ਼ ਅਤੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਕਾਂਗਰਸ ਪਾਰਟੀ ਦੇ ਦੂਰਅੰਦੇਸ਼ ਸੋਚ ਦੇ ਮਾਲਕ, ਨਿਧੜਕ ਜਰਨੈਲ ਭੁਪੇਸ਼ ਬੁਘੇਲ ਸਾਬਕਾ ਮੁੱਖ ਮੰਤਰੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਸਨਮਾਨ ਪ੍ਰਦਾਨ ਕਰਦੇ ਹੋਏ ਸ਼ਾਲ ਅਤੇ ਮੈਡਲ ਪਹਿਨਾਇਆ। ਇਸ ਸਮੇਂ ਬਾਵਾ ਅਤੇ ਸ਼੍ਰੀ ਬੁਘੇਲ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਬਹਾਦਰੀ, ਸਮਾਜ ਨੂੰ ਦੇਣ ਅਤੇ ਸ਼ਹਾਦਤ ਬਾਰੇ ਵਿਚਾਰ ਚਰਚਾ ਕੀਤੀ। ਇਸ ਸਮੇਂ ਬਾਵਾ ਨੇ ਸ਼੍ਰੀ ਬੁਘੇਲ ਨੂੰ ਆਪਣੇ ਜੀਵਨ 'ਤੇ ਲਿਖੀ ਪੁਸਤਕ ਸੰਘਰਸ਼ ਦੇ 45 ਸਾਲ ਵੀ ਭੇਂਟ ਕੀਤੀ। ਇਸ ਸਮੇਂ ਜਗਸੀਰ ਸਿੰਘ ਸਿਆਸੀ ਸਕੱਤਰ ਰਾਜਾ ਵੜਿੰਗ ਅਤੇ ਸੀਨੀਅਰ ਕਾਂਗਰਸੀ ਨੇਤਾ ਦਿਲਾਵਰ ਖਾਂ ਖੰਨਾ ਵੀ ਹਾਜ਼ਰ ਸਨ। ਬਾਵਾ ਅਤੇ ਦਾਖਾ ਨੇ ਕਿਹਾ ਕਿ 'ਆਪ' ਪਾਰਟੀ ਵੱਲੋਂ ਸਰਕਾਰੀ ਖਜ਼ਾਨੇ ਨੂੰ ਢਾਹ ਲਾਉਂਦਿਆਂ ਅਫਸਰਾਂ ਨੂੰ ਸਟੇਜ 'ਤੇ ਬਿਠਾ ਕੇ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਅਤੇ ਜੋ ਨਸ਼ਿਆਂ ਖਿਲਾਫ ਕੀਤੀ ਰੈਲੀ ਸਿਰਫ ਰੈਲੀ ਫਲੋਪ ਸ਼ੋਅ ਬਣ ਕੇ ਰਹਿ ਗਈ। ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਯੁੱਧ ਦੀ ਗੱਲ ਕਰਨ ਵਾਲੇ 'ਆਪ' ਨੇਤਾ ਝੂਠੇ ਨਾਅਰਿਆਂ, ਲਾਰਿਆਂ, ਵਾਦਿਆਂ ਅਤੇ ਐਲਾਨਾਂ ਦੇ ਸਿਰ 'ਤੇ ਟਾਈਮ ਪਾਸ ਕਰ ਰਹੇ ਹਨ ਜਦਕਿ ਇਹਨਾਂ ਨੇ ਪੰਜਾਬ ਨੂੰ ਕਰਜਾਈ ਸੂਬਿਆਂ ਦੀ ਮੋਹਰੀ ਕਤਾਰ ਵਿੱਚ ਖੜਾ ਕਰਕੇ ਰੱਖ ਦਿੱਤਾ ਹੈ ਅਤੇ ਪੰਜਾਬ ਵਿੱਚ ਨਸ਼ੇ ਦਾ ਬੋਲਬਾਲਾ 'ਆਪ' ਸਰਕਾਰ ਦੀ ਹਕੀਕਤ ਬਿਆਨ ਕਰਦਾ ਹੈ। ਇਸ ਸਮੇਂ ਯੂਥ ਨੇਤਾ ਮਨੀ ਦਾਖਾ ਵੀ ਹਾਜ਼ਰ ਸੀ।

ਇੰਦਰਜੀਤ ਕੌਰ ਮੱਕੜ ਨਮਿਤ ਪਾਠ ਦਾ ਭੋਗ ਭਲਕੇ

ਲੁਧਿਆਣਾ, 17 ਫਰਵਰੀ (ਰਵਿੰਦਰ ਸਿੰਘ ਨਿੱਝਰ): ਕੱਪੜਾ ਕਾਰੋਬਾਰੀ ਤੇ ਵਪਾਰੀ ਆਗੂ ਸੁਰਿੰਦਰ ਸਿੰਘ ਮੱਕੜ, ਸੁਰਜੀਤ ਸਿੰਘ ਮੱਕੜ ਅਤੇ ਦਲਜੀਤ ਸਿੰਘ ਮੱਕੜ ਦੀ ਮਾਤਾ ਇੰਦਰਜੀਤ ਕੌਰ ਮੱਕੜ ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ 19 ਫਰਵਰੀ ਵੀਰਵਾਰ ਨੂੰ ਪਾਏ ਜਾਣਗੇ। ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ, ਫੇਸ ਦੋ, ਅਰਬਨ ਅਸਟੇਟ, ਦੁੱਗਰੀ, ਲੁਧਿਆਣਾ ਵਿਖੇ ਬਾਅਦ ਦੁਪਹਿਰ 1.30 ਤੋਂ 2 30 ਵਜੇ ਤੱਕ ਹੋਵੇਗੀ।

ADITYA BIRLA CAPITAL
PROTECTING INVESTING FINANCING ADVISING

ਆਦਿਤਯ ਬਿਰਲਾ ਕੈਪੀਟਲ ਲਿਮਟਿਡ

ਪੰਜੀਕ੍ਰਿਤ ਦਫਤਰ : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266
ਕਾਰਪੋਰੇਟ ਦਫਤਰ : ਆਰ-ਟੈਕ ਪਾਰਕ, 12ਵੀਂ ਮੰਜ਼ਿਲ, ਨਿਰਲੋਨ ਕੰਪਲੈਕਸ, ਦਫਤਰ ਵੈਸਟਰਨ ਐਕਸਪ੍ਰੈਸਵੇਅ, ਗੋਰੇਗਾਓਂ ਪੂਰਬ, ਮੁੰਬਈ-400 063, ਮਹਾਰਾਸ਼ਟਰਾ

ਕਬਜ਼ਾ ਸੂਚਨਾ [ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦਾ ਨਿਯਮ 8 (1) ਦੇਖੋ]

ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਅਤੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ ਵਿਚਕਾਰ 11.03.2024 ਦੀ ਰਲੇਵੇਂ ਦੀ ਯੋਜਨਾ ਦੇ ਅਨੁਸਾਰ, ਜੋ ਕਿ 24.03.2025 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ - ਅਹਿਮਦਾਬਾਦ ਦੁਆਰਾ ਪਾਸ ਕੀਤੇ ਗਏ ਆਦੇਸ਼ ਵਿੱਚ ਦਰਜ ਹੈ, ਦੇ ਕਾਰਨ, ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਦੁਆਰਾ ਹੇਠਾਂ ਦਿੱਤੇ ਅਨੁਸੂਚੀ ਏ ਵਿੱਚ ਦਰਸਾਈ ਗਈ ਗਿਰਵੀ ਜਾਇਦਾਦ ਦੇ ਸੰਬੰਧ ਵਿੱਚ ਸ਼ੁਰੂ ਕੀਤੀਆਂ ਗਈਆਂ ਸਾਰੀਆਂ ਸਰਫਾਇਸੀ ਕਾਰਵਾਈਆਂ, ਰਲੇਵੇਂ ਵਾਲੀ ਕੰਪਨੀ, ਆਦਿਤਿਆ ਬਿਰਲਾ ਕੈਪੀਟਲ ਇੰਕ. ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ।

ਜਿਥੇ ਕਿ, ਨਿਮਨ ਹਸਤਾਖਰੀ ਨੇ **ਆਦਿਤਯ ਬਿਰਲਾ ਕੈਪੀਟਲ ਲਿਮਟਿਡ (ਏਬੀਸੀਐਲ)** ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ **60 ਦਿਨਾਂ ਦੇ ਅੰਦਰ** ਦਰਸਾਈ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰਾਂ (**ਨਾਮ ਅਤੇ ਪਤੇ ਹੇਠਾਂ ਦਰਸਾਏ**) ਵਜੋਂ ਤੁਹਾਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) **ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ **ਨਿਮਨ ਦਰਸਾਏ** ਕਰਜ਼ਦਾਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਨਿਮਨ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ **ਆਦਿਤਯ ਬਿਰਲਾ ਕੈਪੀਟਲ ਲਿਮਟਿਡ (ਏਬੀਸੀਐਲ)** ਦੇ ਚਾਰਜ ਨਾਲ ਸਬੰਧਤ ਹੋਵੇਗੀ।

ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ 8 ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

ਲ. ਨੰ.	ਕਰਜ਼ਦਾਰ (ਾਂ) ਦਾ ਨਾਮ	ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ	ਅਚੱਲ ਸੰਪੱਤੀ ਦੇ ਵੇਰਵੇ (ਗਿਰਵੀ ਸੰਪੱਤੀਆਂ)	ਕਬਜ਼ੇ ਦੀ ਮਿਤੀ
1	1. ਸ਼੍ਰੀ ਵਿਸ਼ਾਲ ਮਲਹੋਤਰਾ ਪੁੱਤਰ ਸਤਪਾਲ ਮਲਹੋਤਰਾ 2. ਸ਼੍ਰੀ ਅਨਮੋਲ ਮਲਹੋਤਰਾ ਪਤਨੀ ਵਿਸ਼ਾਲ ਮਲਹੋਤਰਾ 3. ਸ਼੍ਰੀਮਤੀ ਕੁਸਮ ਮਲਹੋਤਰਾ ਪਤਨੀ ਸਤਪਾਲ ਮਲਹੋਤਰਾ LOAN ACCOUNT NO. ABFLLDHDSB0000103682	08-12-2025 & Rs. 37,71,533.38/- as on 08-12-2025	ਰਿਹਾਇਸ਼ੀ ਮਕਾਨ ਅਧੀਨ ਨੰਬਰ-1883 ਦਾ ਸਾਰੇ ਭਾਗ ਅਤੇ ਹਿੱਸੇ ਜਿਸ ਦਾ ਮਾਪ ਖੇਤਰ 137-1/3 ਵਰਗ ਗਜ਼ ਹੈ, 206 ਵਰਗ ਗਜ਼ ਵਿੱਚੋਂ, ਜਿਸ ਵਿੱਚ ਖਸਰਾ 4032/377 4044/378, ਖਾਤਾ ਨੰਬਰ 2198/2857 ਵਾਕੀਆ ਮੌਜ਼ਾ ਗਿੱਲ ਨੰਬਰ-2, ਅਬਾਦੀ ਜਨਤਾ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਸ਼ਾਮਲ ਹਨ। ਕੁੱਲ ਖੇਤਰ ਦੀਆਂ ਸੀਮਾਵਾਂ, 206 ਵਰਗ ਗਜ਼ ਹਨ: ਪੂਰਬੀ ਸੁਰਜੀਤ ਸਿੰਘ, ਮਾਪ 45 ਫੁੱਟ, ਪੱਛਮੀ ਹਾਕਮ ਸਿੰਘ, ਮਾਪ 45 ਫੁੱਟ, ਉੱਤਰ - ਨਜ਼ਰ ਸਿੰਘ ਮਾਪ 40 ਫੁੱਟ 4 ਇੰਚ, ਦੱਖਣ - ਸੜਕ 16 ਫੁੱਟ ਚੌੜੀ, ਮਾਪ 40 ਫੁੱਟ 4 ਇੰਚ	13.02.2026 (ਸੰਕੇਤਕ)

ਮਿਤੀ : 13.02.2026, ਸਥਾਨ : ਲੁਧਿਆਣਾ
ਸਹੀ/-ਅਧਿਕਾਰਤ ਅਧਿਕਾਰੀ, ਮੈਸ. ਆਦਿਤਯ ਬਿਰਲਾ ਕੈਪੀਟਲ ਲਿਮਟਿਡ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In the Court of Ms. Amandish Kaur
Civil Judge (Junior Division), Ludhiana
CNR No.PBLD02-010469-2024
Next Date: 23.02.2026
Punjab State Power Corporation Ltd
Versus
Gurmail Singh
Notice to: Gurmail Singh:- Gurmail Singh R/O Wardman Nagar Vardhman Nagar Ludhiana-141001
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 16-02-2026
Sd/- Civil Judge (Junior Division), Ludhiana

In the Court of Sh. Barinder Singh Ramana
Additional District and Sessions Judge Ludhiana
CNR No.PBLD01-015934-2023
Next Date : 13.03.2026
M/s Gulmarg Beauty
Versus
M/s Koutons Retail India Ltd.
Notice to: 1. M/S. Koutons Retail India Ltd. Plot No. 274-295, Udyog Vihar, Phase-Vi, Sector 37, Gurgaon, Through Sh.Bhupinder Singh Its Director 2. Bhupinder Singh, 3. Varinder Kumar Gupta 4. Gurmeet Singh Sawhney, 5. Davinder Pal Singh Kholi, 6.Kailash Chand Sharma, 7. Girish Chandra Raghubir, 8. Santhan, Krishnamurthy, 9. Gurdarshan Singh Bhalla, 10. Poonam Chahal, All Directors Of M/S Koutons Retail India Ltd., Plot No.274-275, Udyog Vihar, Phase-Vi, Sector 37, Gurgaon
In above titled case the accused could not be served. It is orderded that accused should appear in person or through counsel on 13.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 16-01-2026
Sd/- Additional District and Sessions Judge Ludhiana

(U/o 5 Rule 20 CPC)
In the Court of Sh. Manpreet sohi
Civil Judge (Junior Division), Dasuya
CNR No.PBHOA0-000433-2025
Next Date : 12.03.2026
Kamljit Kaur W/O Sarabjit Singh R/O Village Chattowal Po Rajpur Gahot Tehsil And District Hoshiarpur
Plaintiff.....
Versus
Sarabjit Singh S/O Gurmail Singh R/O Village Chattowal Po Rajpur Gahot Tehsil And District Hoshiarpur And Others
Defendants.....
Suit For Declaration With Permanent Injunction.
Notice to: 3. Sukhwinder Kaur W/O Raj Kumar D/O Gurmail Singh R/O Nehar Colony Mukerian Tehsil Mukerian District Hoshiarpur 4. Surinder Kaur W/O Gurmit Singh R/O Near Jc Dav College Dasuya Tehsil Dasuya District Hoshiarpur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 12.03.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 30-01-2026
Sd/- Civil Judge (Junior Division), Dasuya

(U/o 5 Rule 20 CPC)
In the Court of Sh. Amar Jeet Singh
Principal Judge Family Court, Moga
CNR No.PBMO01-001434-2025
Next Date : 27.02.2026
Kirpal Singh Son Of Joginder Singh Son Of Gurdeep Singh
Versus
Darshan Kaur Wife Of Kirpal Singh And Daughter Of Swaran Singh
Notice to: Darshan Kaur Wife Of Kirpal Singh And Daughter Of Swaran Singh:- House No. 11370, Ward No. 4, Moga
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 27.02.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 17-02-2026
Sd/- Principal Judge Family Court, Moga

District Consumer Disputes Redressal Commission, Ludhiana New Court Complex, Room No.7, Old Wing, Ferozepur Road, Ludhiana
No. Dcdrc/Ldh/2026/410
Dated: 06/02/25
Dc/36/Cc/573/2021 Dt.28/12/2021
Fixed For 27/02/2026
Sheetal Garments
Vs
Road Link Logistics
To Road Links Logistics Pvt.Ltd. Sco No.14, Psiec Commercial Complex, Overlock Road, Near Partap Chowk, Ludhiana Through Its Manager/Owner As Respondent No.4
Whereas A Complaint Has Been Filed By The Complainant Against You i.e Road Links Logistics Pvt.Ltd. Sco No.14, Psiec Commercial Complex, Overlock Road, Near Partap Chowk, Ludhiana Through Its Manager/Owner As Respondent No.4 And Others Are Directed To Pay Rs.1,09,151/- Along With Interest @12% Or Return The Articles And Legal Expenses Rs.33,000/-
Whereby The Notice To The Opposite Party Can Not Be Served In An Ordinary Manner And They Have Been Ordered To Be Served Through Publication. They Are Being Informed Through This Notice To Appear In This Commission On 27/02/2026. Failing Which Exparte Proceedings Shall Be Taken Against You.
The Case Will Come Up On 27/02/2026 At 10.00 A.M.
Sd/President District Consumer Disputes Redressal Commission, Ludhiana

---

(U/o 5 Rule 20 CPC)
In the Court of Sh. Pankaj Garg
Civil Judge (Junior Division), Hoshiarpur
CNR No.PBHO02-001802-2024
Next Date : 09.03.2026
Punjab National Bank Head Office At Plot No. 4, Sector 10, Dwarka, New Delhi And One Of The Branch Office At Vpo Bahadurpur Chowk, Hoshiarpur Through Its Branch Manager Ms. Tarinder Kaur D/O Sh. Tarsem Singh
Plaintiff
Versus
Dolly Chahal Wife Of Sh. Rajinder Singh R/O Vpo Lamin Tehsil Dasuya District Hoshiarpur And Another.
Defendants
Notice 'to: 2. Tajinder singh S/o Harbhajan Singh R/o village Dhoot Kalan Tehsil and district Hoshiarpur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 09.03.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 16-02-2026
Sd/- Civil Judge (Junior Division), Hoshiarpur

(U/o 5 Rule 20 CPC)
(Succession Case)
In the Court of Sh. Jaspreet Singh
Additional Civil Judge (Senior Division), Baba Bakala
CNR No.PBASB0-000058-2026
Next Date: 07.03.2026
1. Balraj Singh About 43 Years Age S/O Dalbir Singh 2. Kirpal Singh Aged About 47 Years S/O Dalbir Singh 3. Balwinder Kaur Aged About 74 Years Wd/O Dalbir Singh All R/o Village Sathiala District Amritsar 4. Harpreet Kaur W/o Manjinder singh D/o Dalbir Singh R/o H.No. 93, Mehsampur Kalan Tehsil Baba Bakala Sahib district Amrtisar
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 07.03.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 13-02-2026
Sd/- Additional Civil Judge (Senior Division), Baba Bakala

Sessions Court, Amritsar
In the Court of Sh. Shatin Goyal
Additional District & Sessions Judge, Amritsar
CNR No.PBAS01-017576-2025
Next Date : 12.03.2026
Manojt Kaur and Anr
.....Appellant/Plaintiff
Versus
General Public
.....Respondent/Defendants
Notice to: Respondent:Respondent: General Public
In above titled case the respondent Could not be served. It is orderded that the respondent should appear in person or through counsel on 12.03.2026 at 10:00 A.M.
For more details logon to https://highcourtchd.gov.in/?trs=district_notice&district=Amritsar
Given under my hand and the seal of the Court, this 06-02-2026
Sd/- Additional District & Sessions Judge, Amritsar

(U/o 5 Rule 20 CPC)
(Under Guardian and Ward Act)
In the Court of Ms. Palwinder jit Kaur
Principal Judge Family Court, Fazilka
CNR No.PBFZC0-000808-2026
Next Date : 12.03.2026
Naveen Kumar
Versus
General Public
Notice to: General Public:- General Public
In above titled case the defendant(s)respondent(s) could not be served. It is orderded that defendant(s)respondent(s) should appear in person or through counsel on 12.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 12-02-2026
Sd/- Principal Judge Family Court, Fazilka

(U/o 5 Rule 20 CPC)
In the Court of Sh. Ravinderjit Singh Bajwa
Additional District and Sessions Judge, Tarn Taran
Next Date, Purpose of case, Orders and judgments as well as other case information is available on http://districts.ecourts.gov.in
CNR No.PBTT01-008130-2025
Next Date : 13.03.2026
Balbir Singh
Versus
Satnam Singh
Notice to: Satnam Singh Father::- Puran Singh S/O Wasakha Singh R/O Village Kot Dusandi Mal, Tehsil And District Tarn Taran
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 13.03.2026 at 10:00 A.M.
For details logon to https://highcourtchd.gov.in/?trs=district_notice&district=Tarn Taran
Dated this day of 07-02-2026
Sd/- Additional District and Sessions Judge, Tarn Taran

(U/o 5 Rule 20 CPC)
In the Court of Hon'ble Garima Gupta
Civil Judge (Junior Division), Amritsar
CNR No.PBAS02-005728-2025
Next Date : 12.03.2026
Avtar Singh S/O Hakam Singh R/O 15, Krishna Nagar, Lawrence Road, Amritsar
Versus
Dalbir Kaur & Others
Cs/3394/2025 Per Inj And Recovery
Notice to:Kanwaljit Kaur :- W/O Jaspreet Singh D/O Tarlochan Singh R/O Village Vallah, Tehsil And Distt. Amritsar
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 12.03.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 20-01-2026
Sd/- Civil Judge (Junior Division), Amritsar

(U/o 5 Rule 20 CPC)
In the Court of Sh. Amar Jeet Singh
Principal Judge Family Court, Moga
CNR No.PBMO01-006753-2024
Next Date : 02.03.2026
Heena Mehra @ kakki
Versus
Vikas Kumar @ Kalu
Notice to: Vikas Kumar @Kalu : So Sham Lal Bedi Nagar, Near Bassi Petrol Pump And Grain Market, Dharamkot, Moga, Punjab
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 02.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 17-02-2026
Sd/- Principal Judge Family Court, Moga

ਨਾਮ ਦੀ ਬਦਲੀ

ਮੈਂ, ਸਰੀਫ ਮਸੀਹ ਪੁੱਤਰ ਬਸ਼ੀਰ ਮਸੀਹ ਵਾਸੀ ਮਕਾਨ ਨੰ. ਬੀ-6/58, ਐਲਡਰਗੇਟ ਬੀ.ਐਨ.ਰੋਡ, ਫਰੈਂਡਜ਼ ਕਲੋਨੀ ਪਟਿਆਲਾ ਨੇ ਆਪਣਾ ਨਾਮ ਬਦਲ ਕੇ ਸ਼ਰੀਫ ਮਸੀਹ ਰੱਖ ਲਿਆ ਹੈ।

ਟਿਊਬਵੈੱਲ ਕੁਨੈਕਸ਼ਨ ਬਦਲੀ ਸੂਚਨਾ

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. P24Ap110044k ਲੋਡ 20 BHP ਜੋ ਸ੍ਰੀ ਗੁਰਦਿਆਲ ਸਿੰਘ ਪੁੱਤਰ ਸ੍ਰੀ ਸਿਰੀਚੰਦ ਪਿੰਡ ਬਡਲੀ ਤਹਿਸੀਲ ਪਟਿਆਲਾ ਜ਼ਿਲ੍ਹਾ ਪਟਿਆਲਾ ਦੇ ਨਾਮ ਚੱਲਦਾ ਹੈ। ਹੁਣ ਇਸ ਕੁਨੈਕਸ਼ਨ ਨੂੰ ਆਪਣੇ ਨਾਮ ਕਰਾਉਣ ਲਈ ਸ੍ਰੀ ਕਸ਼ਮੀਰ ਸਿੰਘ ਪੁੱਤਰ ਸ੍ਰੀ ਗੁਰਦਿਆਲ ਸਿੰਘ ਪਿੰਡ ਬਡਲੀ ਤਹਿਸੀਲ ਪਟਿਆਲਾ ਜ਼ਿਲ੍ਹਾ ਪਟਿਆਲਾ ਨੇ ਉਪ ਮੰਡਲ ਅਫਸਰ ਦੇਵੀਗੜ੍ਹ ਨੂੰ ਬਿਨੈਪੱਤਰ ਦਿੱਤਾ ਹੈ। ਜੇਕਰ ਇਸ ਨਾਮ ਬਦਲੀ ਸਬੰਧੀ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਪ ਮੰਡਲ ਅਫਸਰ ਦੇਵੀਗੜ੍ਹ ਨੂੰ 15 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿਚ ਪੇਸ਼ ਕਰੇ।

ਸਹੀ/- ਸਹਾਇਕ ਇੰਜੀਨੀਅਰ/ਵਣ ਪਾਵਰਕਾਮ ਉਪ ਮੰਡਲ ਦੇਵੀਗੜ੍ਹ

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਬਾ ਅਦਾਲਤ ਸ੍ਰੀ ਹਰਸਿਮਰਨ ਸਿੰਘ
ਸਬ ਰਜਿਸਟਰਾਰ ਰੂਪਨਗਰ

ਵਿਸ਼ਾ ਖਾਨਗੀ ਵਸੀਅਤ ਮਿਤੀ 11-10-2023 ਵਲੋਂ ਹਰੀ ਰਾਮ ਪੁੱਤਰ ਰਾਮ ਮੁਰਤੀ ਵਾਸੀ ਮਕਾਨ ਨੰਬਰ 664 ਬਾਲਮੀਕਿ ਮੁੱਹਲਾ ਰੂਪਨਗਰ ਦੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ 40 ਅਧੀਨ ਰਜਿਟਰਡ ਕਰਨ ਸਬੰਧੀ।
ਇਸ ਇਸ਼ਤਿਹਾਰ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰੀ ਰਾਮ ਪੁੱਤਰ ਰਾਮ ਮੁਰਤੀ ਵਾਸੀ ਮਕਾਨ ਨੰਬਰ 664 ਬਾਲਮੀਕਿ ਮੁੱਹਲਾ ਰੂਪਨਗਰ ਨੇ ਮਿਤੀ 11-10-2023 ਨੂੰ ਇਕ ਖਾਨਗੀ ਵਸੀਅਤ ਕੀਤੀ ਹੈ ਹਰੀ ਰਾਮ ਦੀ ਮੌਤ ਮਿਤੀ 14-11-2024 ਨੂੰ ਹੋ ਗਈ ਸੀ ਇਸ ਖਾਨਗੀ ਵਸੀਅਤ ਨੂੰ ਰਜਿਸਟਰਡ ਕਰਨ ਲਈ ਕਮਲਾ ਪਤਨੀ ਲੇਟ ਹਰੀ ਰਾਮ ਵਾਸੀ ਮਕਾਨ ਨੰਬਰ 664 ਬਾਲਮੀਕਿ ਮੁੱਹਲਾ ਰੂਪਨਗਰ ਨੇ ਲਿਖਤੀ ਦਰਖਾਸਤ ਮਿਤੀ 16-02-2026 ਨੂੰ ਇਸ ਦਫ਼ਤਰ ਵਿੱਚ ਦਿੱਤੀ ਹੈ ਇਹ ਵਸੀਅਤ ਕਮਲਾ (ਪਤਨੀ) ਦੇ ਹੱਕ ਵਿੱਚ ਕੀਤੀ

ਇਸ ਇਸ਼ਤਿਹਾਰ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਵੀ ਇਸ ਵਸੀਅਤ ਨੂੰ ਰਜਿਸਟਰਡ ਕਰਨ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 15 ਦਿਨ ਦੇ ਅੰਦਰ ਅੰਦਰ ਨਿਮਨ ਹਸਤਾਖਰ ਪਾਸ ਅਸਾਲਤਨ/ਵਕਾਲਤਨ ਪੇਸ਼ ਹੋ ਕੇ ਆਪਣਾ ਇਤਰਾਜ/ਪੱਖ ਪੇਸ਼ ਕਰ ਸਕਦਾ ਹੈ ਬਾਅਦ ਗੁਜਰਨ ਮਿਆਦ ਕੋਈ ਉਜਰ ਨਹੀਂ ਸੁਣਿਆ ਜਾਵੇਗਾ ਅਤੇ ਕਾਨੂੰਨ ਅਨੁਸਾਰ ਵਸੀਅਤ ਰਜਿਸਟਰਡ ਕਰ ਦਿੱਤੀ ਜਾਵੇਗੀ।
ਅੱਜ ਮਿਤੀ 16-02-2026 ਨੂੰ ਮੇਰੀ ਮੋਹਰ ਅਤੇ ਹਸਤਾਖਰਾ ਨਾਲ ਜਾਰੀ ਹੋਇਆ।

ਸਬ ਰਜਿਸਟਰਾਰ ਰੂਪਨਗਰ

ਨਾਮ ਦੀ ਬਦਲੀ

ਮੈਂ Kanwaljit Singh ਪੁੱਤਰ ਸ੍ਰੀ ਬਲਦੇਵ ਸਿੰਘ ਵਾਸੀ ਪਿੰਡ ਲੌਂਗੋ ਮਾਜਰੀ ਤਹਿਸੀਲ ਵਾ ਜਿਲਾ ਫਤਹਿਗੜ੍ਹ ਸਾਹਿਬ ਨੇ ਆਪਣਾ ਨਾਂਮ Kanwaljit Singh ਤੋਂ ਬਦਲ ਕੇ Kanwaljeet Singh ਰੱਖ ਲਿਆ ਹੈ,ਸਬੰਧਤ ਨੋਟ ਕਰਨ।

ਪੰਜਾਬ ਸਰਕਾਰ
ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ
ਪੁੱਡਾ ਕੰਪਲੈਕਸ, ਅਰਬਨ ਅਸਟੇਟ ਫੇਜ਼-2, ਪਟਿਆਲਾ
ਈ-ਟੈਂਡਰ/183/ਪੀਡੀਏ/ਡੀਈ (ਪੀਐਚ)/2026/4046 ਮਿਤੀ 17.02.2026

ਮੰਡਲ ਇੰਜੀਨੀਅਰ (ਪੀਐਚ), ਪੀਡੀਏ ਪਟਿਆਲਾ ਵੱਲੋਂ **"ਸਾਲ 2026-27 ਦੇ ਲਈ ਪਟਿਆਲਾ ਵਿਖੇ ਜਲ ਸਪਲਾਈ ਸਕੀਮ ਦੇ ਸਲਾਨਾ ਸੰਚਾਲਨ ਅਤੇ ਰੱਖ ਰਖਾਅ, ਸੋਡੀਅਮ ਹਾਈਪੋਕਲੋਰਾਈਡ ਘੋਲ ਦੀ ਸਪਲਾਈ ਅਤੇ ਡੋਜ਼ਿੰਗ, ਅਰਬਨ ਅਸਟੇਟ ਫੇਜ਼-1, 2, 3, 4, ਵਾਈਪੀਐਸ ਜ਼ਮੀਨ, 11.60 ਏਕੜ ਅਤੇ 26.76 ਏਕੜ ਰਿਹਾਇਸ਼ੀ ਪਾਕੇਟਾਂ, ਪੀਆਰਟੀਸੀ ਸਾਈਟ ਨਾਭਾ ਰੋਡ, ਪੁੱਡਾ ਦਫ਼ਤਰ ਕੰਪਲੈਕਸ ਦੇ ਲਈ ਸੜਕ ਕਾਰਜ ਦੀ ਸਵੱਛਤਾ ਅਤੇ ਸਫਾਈ, ਮੱਛਰ ਫੌਗਿੰਗ ਵਾਹਨ ਨੰ. ਪੀਬੀ-11-ਬੀਕੇ-7380 ਅਤੇ ਸੀਵਰ ਸਫਾਈ ਮਸ਼ੀਨ ਨੰ. ਪੀਬੀ-11-ਏਐਮ-6835 ਅਤੇ ਨਵੀਂ ਸੀਵਰ ਸਫਾਈ ਮਸ਼ੀਨ (01.04.2026 ਤੋਂ 31.03.2027 ਭਾਵ 12 ਮਹੀਨੇ) (ਡੀਐਨਆਈਟੀ ਰਕਮ-ਰੁ. 415.38 ਲੱਖ)"** ਦੇ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

ਬੰਦ ਹੋਣ ਦੀ ਮਿਤੀ ਅਤੇ ਸਮਾਂ : 11.03.2026 ਨੂੰ ਬਾ. ਦੁ. 01.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : https://eproc.punjab.gov.in

ਨੋਟ : ਟੈਂਡਰ ਸੂਚਨਾ ਸਬੰਧੀ ਕੋਈ ਵੀ ਸੋਧ (†) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
RO.No. PR Advt. No. 1319/12/2025-26/8423/Dated Chd : 17/02/2026

ਪੰਜਾਬ ਸਰਕਾਰ
ਟੈਂਡਰ ਸੂਚਨਾ ਹਵਾਲਾ ਨੰਬਰ 2026/2889 ਮਿਤੀ 16.02.2026
ਐਸਪੀਓ ਵਿਭਾਗ, ਪੀਏਯੂ, ਲੁਧਿਆਣਾ ਵੱਲੋਂ ਨਿਮਨਲਿਖਤ ਖਰੀਦ ਦੇ ਲਈ ਆਨਲਾਈਨ ਈ-ਟੈਂਡਰ ਮੰਗੇ ਜਾਂਦੇ ਹਨ:

1.	ਨਿਰਦੇਸ਼ਕ (ਬੀਜ), ਪੀਏਯੂ ਲੁਧਿਆਣਾ ਵੱਲੋਂ ਮੋਬਾਇਲ ਪੋਟੇਟੋ ਗਰੇਡਰ ਮਸ਼ੀਨ ਦੀ ਖਰੀਦ।
2.	ਨਿਰਦੇਸ਼ਕ (ਬੀਜ), ਪੀਏਯੂ ਲੁਧਿਆਣਾ ਵੱਲੋਂ ਫਰਟੀਲਾਈਜ਼ਰ ਸਪਰੇਡਰ ਦੇ ਨਾਲ ਸੈਲਫ ਪ੍ਰੋਪੈਲਡ ਹਾਈ ਗਰਾਊਂਡ ਕਲੀਅਰੈਂਸ ਸਪਰੇਅਰਜ਼ ਦੀ ਖਰੀਦ।

ਬੰਦ ਹੋਣ ਦੀ ਮਿਤੀ ਅਤੇ ਸਮਾਂ : 02.03.2026 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.gov.in ਅਤੇ www.pau.edu
ਨੋਟ : ਈ-ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (†) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/-ਪ੍ਰਬੰਧਕੀ ਸਹਿ ਲੇਖਾ ਅਧਿਕਾਰੀ,
ਸਟੋਰ ਖਰੀਦ ਸੰਗਠਨ
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ
(ਈ-ਮੇਲ : **spoaao@pau.edu**)
RO.No.PR-Advt.No.:1627/12/2025-26/8404/Dated CHD : 17/02/2026

ਪੰਜਾਬ ਸਰਕਾਰ
ਟੈਂਡਰ/ਆਰਐਫਪੀ ਹਵਾਲਾ ਨੰਬਰ ਈ-ਟੈਂਡਰ :- ਐਲਜੀ/ਐਨਪੀ ਦਿੜ੍ਹਬਾ/2025-26/20
ਨਗਰ ਪੰਚਾਇਤ, ਦਿੜ੍ਹਬਾ (ਸੰਗਰੂਰ) ਦੇ ਵਿਭਾਗ ਵੱਲੋਂ ਦਿੜ੍ਹਬਾ ਵਿਖੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕਾਰਜਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਅਤੇ ਸਮਾਂ : 26.02.2026 ਨੂੰ ਦੁਪਹਿਰ 12.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : **www.eproc.punjab.gov.in**
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (†) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/- ਪ੍ਰਧਾਨ, ਨਗਰ ਪੰਚਾਇਤ, ਦਿੜ੍ਹਬਾ
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਪੰਚਾਇਤ, ਦਿੜ੍ਹਬਾ
RO.No.PR-Advt.No. 1228/12/2025-26/8428/Dated CHD : 17/02/2026

ਪੰਜਾਬ ਸਰਕਾਰ
ਟੈਂਡਰ/ਆਰਐਫਪੀ ਹਵਾਲਾ ਨੰਬਰ ਈ-ਟੈਂਡਰ/ਐਮਸੀ/ਲੌਂਗੋਵਾਲ/2025-26/16
ਨਗਰ ਕੌਂਸਲ, ਲੌਂਗੋਵਾਲ ਦੇ ਵਿਭਾਗ ਵੱਲੋਂ ਸ਼ਹਿਰ ਐਮਸੀ ਲੌਂਗੋਵਾਲ ਦੀਆਂ ਵੱਖ-ਵੱਖ ਟੀਸੀ ਸੜਕਾਂ ਦਾ ਵਿਕਾਸ ਅਤੇ ਨਾਲੀਆਂ ਦਾ ਨਿਰਮਾਣ ਅਤੇ ਇੰਟਰਲਾਕਿੰਗ ਟਾਈਲਾਂ ਦੀ ਵਿਵਸਥਾ/ਸਥਾਪਨਾ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
ਬੰਦ ਹੋਣ ਦੀ ਮਿਤੀ ਅਤੇ ਸਮਾਂ : 26.02.2026 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗ ਆਨ ਕਰੋ : **www.eproc.punjab.gov.in**
ਨੋਟ : ਟੈਂਡਰ/ਆਰਐਫਪੀ ਸੂਚਨਾ ਵਿਚ ਕੋਈ ਵੀ ਸੋਧ (†) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।
ਸਹੀ/- ਪ੍ਰਧਾਨ, ਨਗਰ ਕੌਂਸਲ ਲੌਂਗੋਵਾਲ
ਸਹੀ/-ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ ਲੌਂਗੋਵਾਲ
RO.No.PR-Advt.No. 1256/12/2025-26/8417/Dated CHD : 17/02/2026

'ਹਿੰਦ-ਦੀ-ਚਾਦਰ' ਪ੍ਰੋਗਰਾਮ ਲਈ ਦੋ ਦਿਨਾਂ ਵਿੱਚ ਆਉਣ ਵਾਲੇ 15 ਲੱਖ ਤੋਂ ਵੱਧ ਸ਼ਰਧਾਲੂਆਂ ਲਈ ਸੁਖਮ ਯੋਜਨਾਬੰਦੀ

ਮੁੰਬਈ, 17 ਫਰਵਰੀ (ਚ.ਨ.ਸ.) : ਹਿੰਦ-ਦੀ-ਚਾਦਰ ਜਾਂ ਵਿਸ਼ਾਲ ਪ੍ਰੋਗਰਾਮ ਦੀ ਨਿਰੰਤਰਤਾ ਵਿੱਚ, ਮਹਾਰਾਸ਼ਟਰ ਸਰਕਾਰ ਦੇ ਪ੍ਰਮੁੱਖ ਸਕੱਤਰ ਸ਼੍ਰੀਕਰ ਪਰਦੇਸ਼ੀ ਨੇ ਅੱਜ ਇੱਕ ਵਿਸਤ੍ਰਿਤ ਮੀਟਿੰਗ ਕੀਤੀ ਅਤੇ ਟੈਲੀਵਿਜ਼ਨ ਪ੍ਰਣਾਲੀ ਨਾਲ ਸਬੰਧਤ ਤਿਆਰੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਇਸ ਸਮੇਂ ਅਜਿਹੇ ਨਿਰਦੇਸ਼ ਦਿੱਤੇ ਕਿ ਸਾਰੇ ਵਿਭਾਗ ਪ੍ਰੋਗਰਾਮ ਦੀ ਯੋਜਨਾਬੰਦੀ ਸਬੰਧੀ ਤਾਲਮੇਲ ਨਾਲ ਕੰਮ ਕਰਨ ਤਾਂ ਜੋ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕੀਤਾ ਜਾ ਸਕੇ।

ਮੀਟਿੰਗ ਦੌਰਾਨ, ਕੋਂਕਣ ਡਿਵੀਜ਼ਨਲ ਕਮਿਸ਼ਨਰ ਡਾ. ਵਿਜੇ ਸੂਰਿਆਵੰਸ਼ੀ ਨੇ ਕੋਂਕਣ ਵਿਭਾਗ ਦੀਆਂ ਸਬੰਧਤ ਏਜੰਸੀਆਂ ਦੁਆਰਾ ਹੁਣ ਤੱਕ ਕੀਤੇ ਗਏ ਕੰਮਾਂ ਦੀ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ। ਜਾਂ ਬੈਥਾਕਿਸ ਵਿਭਾਗੀ ਵਧੀਕ ਕਮਿਸ਼ਨਰ (ਆਮ ਪ੍ਰਸ਼ਾਸਨ) ਫਾਰੋਗ ਮੁਕਾਦਮ, ਵਧੀਕ ਕਮਿਸ਼ਨਰ (ਮਸ਼ੂਲ) ਵੈਸ਼ਾਲੀ ਇੰਦਾਨੀ-ਉਤਵਾਲ, ਵਧੀਕ ਕਮਿਸ਼ਨਰ (ਵਿਕਾਸ) ਮਾਨਿਕ ਦਿਵੇ, ਵਧੀਕ ਕਮਿਸ਼ਨਰ (ਸਥਾਪਨਾ) ਮੀਨਲ ਕੁਟੇ, ਸਹਾਇਕ ਕਮਿਸ਼ਨਰ (ਨਗਰ ਪ੍ਰਸ਼ਾਸਨ) ਵਿਜੇਕੁਮਾਰ ਮਹਾਸਲ, ਸਹਾਇਕ ਕਮਿਸ਼ਨਰ (ਕਰਮਨੁਕ) ਰਵਿੰਦਰ ਪਵਾਰ, ਡਿਪਟੀ ਕਮਿਸ਼ਨਰ (ਨਗਰਪਾਲਿਕਾ) ਡਾ. ਸਾਗਰ ਘੋਲਪ, ਸ

ਇਤਿਹਾਸਕ ਗੁਰਦੁਆਰਾ ਸ੍ਰੀ ਪੱਕੀ ਸੰਗਤ ਸਾਹਿਬ ਪ੍ਰਯਾਗਰਾਜ (ਇਲਾਹਾਬਾਦ)

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
7589155501

ਗੁਰਦੁਆਰਾ ਸ਼੍ਰੀ ਪੱਕੀ ਸੰਗਤ ਸਾਹਿਬ ਉੱਤਰ ਪ੍ਰਦੇਸ਼ ਦੇ ਸ਼ਹਿਰ ਪ੍ਰਯਾਗਰਾਜ ਇਲਾਹਾਬਾ ਦੇ ਮੁੱਹਲਾ ਆਇਆਪੁਰ ਵਿੱਚ ਸਥਿਤ ਹੈ। ਗੁਰਦੁਆਰਾ ਸ਼੍ਰੀ ਪੱਕੀ ਸੰਗਤ ਉਹ ਪਵਿੱਤਰ ਅਸਥਾਨ ਹੈ, ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਸਮੇ ਯਾਤਰਾ ਕਰਦੇ ਹੋਏ ਗੋਰਖ ਮੱਤਾ, ਗੋਲਾ, ਅਯੁੱਧਿਆ ਤੋਂ ਹੁੰਦੇ ਹੋਏ ਇਲਾਹਾਬਾਦ ਦੇ ਗੰਗਾ ਕਿਨਾਰੇ ਪਹੁੰਚੇ। ਉਸ ਸਮੇਂ ਬਾਬਾ ਜੀ ਨਾਲ ਭਾਈ ਮਰਦਾਨਾ ਜੀ ਵੀ ਨਾਲ ਸਨ। ਇਸ ਪਵਿੱਤਰ ਅਸਥਾਨ 'ਤੇ ਗੁਰੂ ਜੀ ਕੁਝ ਸਮਾਂ ਠਹਿਰਨ ਤੋਂ ਬਾਅਦ ਬਨਾਰਸ ਵੱਲ ਗਏ। ਉਸ ਤੋਂ ਬਾਅਦ ਲੱਗਭੱਗ 1666 ਈਸਵੀ ਨੂੰ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦੋਂ ਪੂਰਬ ਦੀ ਯਾਤਰਾ ਕਰਦੇ ਹੋਏ ਇਲਾਹਾਬਾਦ ਪਹੁੰਚਣਾ ਕੀਤਾ। ਜਿਸ ਜੱਗ੍ਹਾ ਉੱਤੇ ਗੁਰੂ ਜੀ ਠਹਿਰੇ ਸਨ, ਇਹ ਇੱਕ ਸ਼ਾਹੂਕਾਰ ਦੀ ਹਵੇਲੀ ਸੀ। ਜੋ ਕਿ ਤ੍ਰਿਬੇਣੀ ਜਿਸ ਨੂੰ ਸੰਗਮ ਕਿਹਾ ਜਾਂਦਾ ਹੈ ਬਿਲਕੁਲ ਨਜ਼ਦੀਕ ਸਥਿਤ ਹੈ। ਇਹ ਉਹੀ ਜਗ੍ਹਾ ਹੈ ਜਿੱਥੇ ਤਿੰਨ ਨਦੀਆਂ ਦਾ ਮਿਲਾਪ ਹੋ ਰਿਹਾ ਹੈ। ਗੰਗਾ ਯਮੁਨਾ ਤੇ ਸਰਸਵਤੀ ਆ ਕੇ ਆਪਸ ਵਿਚ ਮਿਲਦੀਆਂ ਹਨ। ਇਸ ਅਸਥਾਨ 'ਤੇ ਸ਼੍ਰੀ ਤੇਗ ਬਹਾਦਰ ਜੀ ਨੇ ਆਪਣੇ ਪਰਿਵਾਰ ਤੇ ਸਿੱਖਾਂ ਨਾਲ ਲੱਗਭੱਗ ਛੇ ਮਹੀਨੇ ਤੋਂ ਵੱਧ ਸਮਾਂ ਰਹਿ ਕੇ ਸਿੱਖੀ ਦਾ ਪ੍ਰਚਾਰ ਕੀਤਾ। ਸੰਗਮ ਹਿੰਦੂਆਂ ਦਾ ਬਹੁਤ ਹੀ ਪਵਿੱਤਰ ਅਸਥਾਨ ਮੰਨਿਆ ਜਾਂਦਾ ਹੈ। ਇੱਥੇ ਹੀ ਕੁੰਭ ਦਾ ਮੇਲਾ ਵੀ ਲੱਗਦਾ। ਹਿੰਦੂ ਸ਼ਰਧਾਲੂ ਹਰ ਸਾਲ ਇੱਥੇ ਮਾਘ ਮਹੀਨੇ ਦੇ ਇਸ਼ਨਾਨ ਕਰਨ ਲਈ ਵੀ ਆਉਂਦੇ ਹਨ। ਦੁਨੀਆਂ ਭਰ ਵਿੱਚ ਵਸਦਾ ਹਰ ਇੱਕ ਹਿੰਦੂ ਇੱਥੇ ਆ ਕੇ ਇਸ਼ਨਾਨ ਕਰਕੇ ਆਪਣੇ ਆਪ ਨੂੰ ਬੜਾ ਖੁਸ਼ ਕਿਸਮਤ ਸਮਝਦਾ ਹੈ। ਸ਼੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਸੰਗਤਾਂ ਨੂੰ ਗੁਰ ਉਪਦੇਸ਼ ਰਾਹੀਂ ਸਰਬੱਤ ਦਾ ਭਲਾ ਕਰ ਰਹੇ ਸਨ। ਤਾਂ ਇੱਕ ਦਿਨ ਮਾਤਾ ਨਾਨਕੀ ਜੀ ਜੋ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ ਸਨ। ਉਹਨਾਂ ਨੇ ਗੁਰੂ ਜੀ ਦੇ ਸਨਮੁੱਖ ਹੋ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਹੁਣ ਬਹੁਤ ਸਮਾਂ ਹੋ ਗਿਆ ਹੈ। ਮੇਰਾ ਵੀ ਜੀਅ ਕਰਦਾ ਹੈ ਕਿ ਮੈ ਵੀ ਆਪਣੇ ਪੋਤੇ ਨੂੰ ਗੋਦੀ ਵਿੱਚ ਲੈ ਕੇ ਉਹਨਾਂ ਨਾਲ ਲਾਡ ਪਿਆਰ ਕਰਾਂ। ਉਸ ਸਮੇਂ ਮਾਤਾ ਗੁਜ਼ਰ ਕੌਰ ਜੀ ਦੇ ਅਨੰਦ ਕਾਰਜ ਹੋਇਆਂ ਨੂੰ ਲੱਗਭੱਗ 27 ਸਾਲ ਬੀਤ ਚੁੱਕੇ ਸਨ। ਮਾਤਾ ਨਾਨਕੀ ਜੀ ਦੀ ਬੇਨਤੀ ਸਵੀਕਾਰ ਕਰਕੇ ਗੁਰੂ ਜੀ ਹੁਕਮ ਕੀਤਾ ਕਿ 25 ਸਿੱਖ ਦਾ ਗੰਗਾ ਇਸ਼ਨਾਨ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਨ। ਗੁਰੂ ਜੀ ਹੁਕਮ ਮੰਨ ਕੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਮਾਮਾ ਕਿਰਪਾਲ ਚੰਦ ਤੇ ਹੋਰ ਗੁਰ ਸਿੱਖ ਪਿਆਰੇ ਗੰਗਾ ਦਾ ਇਸ਼ਨਾਨ ਕਰਕੇ ਆਏ। ਮਾਤਾ ਨਾਨਕੀ ਜੀ ਨੇ ਕਿਹਾ ਕਿ ਮੇਰਾ ਸਰੀਰ ਬਿਰਧ ਹੈ। ਮੈਂ ਚੱਲਕੇ ਗੰਗਾ 'ਤੇ ਨਹੀਂ ਜਾ ਸਕਦੀ। ਤਾਂ ਗੁਰੂ ਜੀ ਨੇ ਜਿਸ ਘਰ ਵਿੱਚ ਰਹਿ ਰਹੇ ਸਨ ਉਸ ਘਰ ਵਿੱਚ ਇੱਕ ਖੂਹੀ ਸੀ। ਗੁਰੂ ਜੀ ਨੇ ਉਸ ਖੂਹੀ ਵਲ ਇਸ਼ਾਰਾ ਕਰਕੇ ਕਿਹਾ ਤੁਸੀਂ ਇਸ ਖੂਹੀ ਦੇ ਜਲ ਨਾਲ ਇਸ਼ਨਾਨ ਕਰ ਲਓ। ਗੰਗਾ ਇੱਥੇ ਆਪੇ ਹੀ ਆ ਜਾਵੇਂਗੀ ਤੇ ਹੋਇਆ ਵੀ ਇੰਝ ਹੀ। ਸਾਰੇ ਗੁਰ ਸਿਖਾਂ ਨੇ ਰਲਮਿਲ ਕੇ ਭਾਈ ਬੰਨੋ ਵਾਲੀ ਬੀੜ ਤੋਂ ਅਖੰਡ ਪਾਠ ਕਰਵਾਇਆ। ਜੋ ਕਿ ਸਿੱਖ ਇਤਿਹਾਸ ਮੁਤਾਬਿਕ ਸਿੱਖ ਬੁੱਧੀਜੀਵੀ ਮੰਨਦੇ ਹਨ ਕਿ ਸਭ ਤੋਂ ਪਹਿਲਾਂ ਸ਼੍ਰੀ ਅਖੰਡ ਪਾਠ ਦੀ ਮਰਿਯਾਦਾ ਇਸ ਅਸਥਾਨ ਤੋਂ ਆਰੰਭ ਤੋਂ ਹੋਈ ਹੈ। ਇਤਿਹਾਸ ਦੇ ਮੁਤਾਬਿਕ ਸਾਹਿਜ ਪਾਠ ਪਹਿਲਾਂ ਵੀ ਹੁੰਦੇ ਸਨ। ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਭਾਈ ਗੁਰਦਾਸ ਜੀ ਦੀ ਅੰਤਿਮ ਅਰਦਾਸ ਤੇ ਵੀ ਸਹਿਜ ਪਾਠ ਕੀਤਾ ਗਿਆ ਸੀ। ਬਾਬਾ ਬੁੱਢਾ ਸਾਹਿਬ ਜੀ ਦੇ ਅਕਾਲ ਚਲਾਣੇ 'ਤੇ ਵੀ ਸਹਿਜ ਪਾਠ ਹੋਇਆ ਸੀ। ਇਸ ਤੋਂ ਇਲਾਵਾ ਹੋਰ ਵੀ ਗੁਰ ਸਿੱਖਾਂ ਦੇ ਅਕਾਲ ਚਲਾਣਿਆ ਦੇ ਉਪਰੰਤ ਸਹਿਜ ਪਾਠ ਦੇ ਭੋਗ ਪਾਏ ਜਾਂਦੇ ਸਨ। ਸ਼੍ਰੀ ਅਖੰਡ ਪਾਠ ਸਭ ਤੋਂ ਪਹਿਲਾਂ ਗੁਰਦਵਾਰਾ ਸ਼੍ਰੀ ਪੱਕੀ ਸੰਗਤ ਵਿਖੇ ਹੀ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਰਹਿਨੁਮਾਈ ਹੇਠ ਹੋਇਆ ਸੀ। ਦਸਵੇਂ ਪਾਤਿਸਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖਾਰਬਿੰਦ ਤੋਂ ਆਪਣੇ ਕਰ ਕਮਲਾਂ ਨਾਲ ਜੋ ਬਚਿਤ੍ਰ ਨਾਟਕ ਲਿਖਿਆ ਹੈ। ਉਸ ਵਿੱਚ ਉਹਨਾਂ ਨੇ ਇਸ ਅਸ਼ਥਾਨ ਦਾ ਜਿਕਰ ਕੀਤਾ ਹੈ ਕਿ ਮੁਰ ਪਿਤ ਪੂਰਬ ਕੀਯਸਿਪਯਾਨਾ ॥ਭਾਂਤਿ ਭਾਂਤਿ ਕੇ ਤੀਰਥਿ ਨਾਨਾ ॥ ਜਬ ਹੀ ਜਾਤ ਤ੍ਰਿਬੇਣੀ ਭਏ ॥ਪੁੰਨ ਦਾਨ ਦਿਨ ਕਰਤ ਬਿਤਏ ॥ ਤਹੀ ਪ੍ਰਕਾਸ਼ ਹਮਾਰਾ ਭਯੋ ॥ਪਟਨਾ ਸਹਰ ਬਿਖੈ ਭਵ ਲਯੋ ॥ਮੱਦ੍ਰ ਦੇਸ਼ ਹਮ ਕੋ ਲੇ ਆਏ ॥ ਭਾਂਤਿ ਭਾਂਤਿ ਦਾਈਅਨਿ ਦੁਲਰਾਏ ।।2ਕੀਨੀ ਅਨਿਕ ਭਾਂਤਿ ਤਨ ਰੱਛਾ ॥ਦੀਨੀ ਭਾਂਤਿ ਭਾਂਤਿ ਕੀ ਸਿੱਛਾ ।ਜਬ ਹਮ ਧਰਮ ਕਰਮ ਮੋ ਆਏ ॥ਦੇਵ ਲੋਕ ਤਬ ਪਿਤਾ ਸਿਧਾਏ ।।3।ਇਤਿ ਸ਼੍ਰੀ ਬਚਿਤ੍ਰ ਨਾਟਕ ਗ੍ਰੰਥੇ ਕਬਿ ਜਨਮ ਕਥਨੰ ਨਾਮ ਸਪਤਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ ।।7।। ਅਫ਼ਜੂ ।। 282।ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਸ ਅਸਥਾਨ 'ਤੇ ਮਾਤਾ ਗੁਜ਼ਰੀ ਜੀ ਦੇ ਗਰਭ ਵਿਚ ਪ੍ਰਵੇਸ਼ ਕੀਤਾ। ਬਾਅਦ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਜੀ ਸੰਗਤਾਂ ਨੂੰ ਤਾਰਦੇ ਹੋਏ ਪਟਨਾ ਵੱਲ ਗਏ। ਜਿੱਥੇ ਬਾਲ ਗੋਬਿੰਦ ਰਾਏ ਜੀ ਦਾ ਆਗਮਨ ਪ੍ਰਕਾਸ ਹੋਇਆ। ਪੰਜ ਸਾਲ ਬਾਲ ਗੋਬਿੰਦ ਰਾਏ ਪਟਨੇ ਦੀ ਧਰਤੀ ਨੂੰ ਭਾਗ ਲਾਉਂਦੇ ਰਹੇ। ਬਾਅਦ ਵਿੱਚ ਸਿੱਖ ਸੰਗਤਾਂ ਨਾਲ ਬਾਲ ਗੋਬਿੰਦ ਰਾਏ ਜੀ ਨੇ ਪਟਨੇ ਦੀ ਧਰਤੀ ਤੋਂ ਪੰਜਾਬ ਵਲ ਆਉਣਾ ਕੀਤਾ। ਇਲਾਹਾਬਾਦ ਵਿੱਚੋਂ ਲੰਘਦੇ ਸਮੇ ਫਿਰ ਇਸੇ ਅਸਥਾਨ ਗੁਰਦੁਵਾਰਾ ਪੱਕੀ ਸੰਗਤ ਵਿਖੇ ਪੰਜ ਦਿਨ ਠਹਿਰੇ ਸਨ। ਇਹ ਗੁਰਦਵਾਰਾ ਸ਼੍ਰੀ ਪੱਕੀ ਸੰਗਤ ਪ੍ਰਯਾਗਰਾਜ ਦੇ ਬਿਲਕੁੱਲ ਸ਼ਹਿਰ ਦੇ ਵਿਚਕਾਰ ਸਥਿਤ ਹੈ। ਰੇਲਵੇ ਸਟੇਸ਼ਨ ਤੋਂ ਕੋਈ ਦੋ ਕਿਲੋਮੀਟਰ 'ਤੇ ਸੰਗਮ ਤੋਂ ਵੀ ਤਿੰਨ ਕਿਲੋਮੀਟਰ ਦੂਰੀ ਤੇ ਸਥਿੱਤ ਹੈ। ਅੱਜਕਲ ਇਸ ਗੁਰਦਵਾਰੇ ਸਾਂਭ ਸੰਭਾਲ ਤੇ ਸੇਵਾ ਨਿਰਮਲੇ ਸੰਤ ਸਮਾਜ ਕਰਵਾ ਰਹੇ ਹਨ। ਮੁੱਖ ਸੇਵਾਦਾਰ ਨਿਰਮਲੇ ਸੰਤ ਗਿਆਨ ਸਿੰਘ ਜੀ ਦੀ ਰਹਿਨੁਮਾਈ ਹੇਠ ਹੋ ਰਿਹਾ ਹੈ। ਸੰਗਤਾਂ ਦੇ ਠਹਿਰਨ ਲਈ ਬਹੁਤ ਹੀ ਵਧੀਆ ਤੇ ਆਲੀਸ਼ਾਨ ਇਮਾਰਤਾਂ ਬਣੀਆਂ ਹੋਈਆਂ ਹਨ। ਦਿਨ ਰਾਤ ਕੀਰਤਨ ਚਲਦਾ ਹੈ। ਚੌਵੀ ਘੰਟੇ ਗੁਰੂ ਦਾ ਅਟੁੱਟ ਲੰਗਰ ਵਰਤ ਰਿਹਾ ਹੈ ਸੰਗਤਾਂ ਉਸ ਪੁਰਾਤਨ ਖੂਹੀ ਦੇ ਜਲ ਨਾਲ ਇਸਨਾਨ ਕਰਕੇ ਆਪਣੀਆਂ ਮਨ ਦੀਆਂ ਆਸਾਂ ਮੁਰਾਦਾਂ ਪੂਰੀਆਂ ਕਰ ਰਹੀਆਂ ਹਨ। ਜਿਸ ਖੂਹੀ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਗੰਗਾ ਦਾ ਪ੍ਰਵੇਸ ਕਰਵਾਇਆ ਸੀ। ਸੰਗਤਾਂ ਦੇ ਦਰਸ਼ਨਾਂ ਲਈ ਇੱਕ ਗੁਰੂ ਜੀ ਕੜਾ, ਇੱਕ ਸੰਖ,ਇੱਕ ਸ਼੍ਰੀ ਸਾਹਿਬ ਤੇ ਹੋਰ ਸਮਾਨ ਉਥੇ ਸਥਿਤ ਹੈ। ਸ਼੍ਰੀ ਅਖੰਡ ਪਾਠ ਸਾਹਿਬ ਦੇ ਪਾਠ ਨਿਰੰਤਰ ਚਲ ਰਹੇ ਹਨ। ਸਾਧ ਸੰਗਤ ਜੀ ਅਗਰ ਸਮਾਂ ਮਿਲੇ ਤਾਂ ਦਰਸ਼ਨ ਕਰਕੇ ਆਇਓ ਮਨ ਨੂੰ ਬਹੁਤ ਹੀ ਸ਼ਾਂਤੀ ਮਿਲਦੀ ਹੈ। ਪਟਨਾ ਸਾਹਿਬ ਨੂੰ ਜਾਂਦਿਆਂ ਪ੍ਰਯਾਗਰਾਜ (ਇਲਾਹਾਬਾਦ) ਰਸਤੇ ਵਿੱਚ ਹੀ ਪੈਂਦਾ ਹੈ।

ਸੁਰਿੰਦਰ ਕੌਰ ਸੈਣੀ ਦਾ 'ਮੇਰੇ ਮਹਿਰਮਾ' ਨਾਵਲ ਦਰਦਾਂ ਦੀ ਦਾਸਤਾਂ

ਉਜਾਗਰ ਸਿੰਘ
94178 13072

ਫ਼ੌਜੀ ਜੀਵਨ ਦੀਆਂ ਕਠਨਾਈਆਂ, ਤ੍ਰਾਸਦੀਆਂ ਅਤੇ ਦੁਖਦਾਈ ਘਟਨਾਵਾਂ ਦਾ ਪ੍ਰਭਾਵ ਸਮੁੱਚੇ ਸਮਾਜ 'ਤੇ ਪੈਂਦਾ ਹੈ, ਕਿਉਂਕਿ ਪੰਜਾਬੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਬਾਕੀ ਦੇਸ਼ ਵਾਸੀਆਂ ਦੇ ਮੁਕਾਬਲੇ ਜ਼ਿਆਦਾ ਹੈ। ਖਾਸ ਤੌਰ 'ਤੇ ਦੇਸ਼ ਦੀਆਂ ਸਰਹੱਦਾਂ 'ਤੇ ਕੁਰਬਾਨੀਆਂ ਦੇਣ ਵਿੱਚ ਵੀ ਪੰਜਾਬੀਆਂ ਨੇ ਮੋਹਰੀ ਦੀ ਭੂਮਿਕਾ ਨਿਭਾਈ ਹੈ। ਇਸ ਕਰਕੇ ਇਸ ਨਾਵਲ ਨੂੰ ਹਰ ਪੰਜਾਬੀ ਦੇ ਲਈ ਸਿੱਧੇ ਜਾਂ ਅਸਿੱਧੇ ਦਰਦ ਦੀ ਦਾਸਤਾਂ ਕਿਹਾ ਜਾ ਸਕਦਾ ਹੈ। ਨਾਵਲਕਾਰਾ ਨੇ ਸਕੂਲ ਵਿੱਚ ਪੜ੍ਹਦੇ ਗ਼ਰੀਬ ਪ੍ਰੰਤੂ ਹੁਸ਼ਿਆਰ ਲੜਕੇ ਨੂੰ ਅਮੀਰ ਘਰ ਦੀ ਲੜਕੀ ਵੱਲੋਂ ਪਿਆਰ ਹੋ ਜਾਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਕੇ ਨਾਵਲ ਨੂੰ ਸਰਵ ਪ੍ਰਵਾਨਤ ਕੀਤਾ ਹੈ। ਇਸ ਨਾਵਲ ਦੀ ਕਹਾਣੀ ਵਿੱਚੋਂ ਸੁਰਿੰਦਰ ਕੌਰ ਸੈਣੀ ਦੇ ਪਤੀ ਦੇ ਵਿਛੋੜੇ ਦੇ ਦਰਦ ਦੀ ਗਹਿਰੀ ਚੀਸ ਵੀ ਵਿਖਾਈ ਦਿੰਦੀ ਹੈ, ਲੇਖਿਕਾ ਦੇ ਬ੍ਰਿਹਾ ਦੇ ਤਜ਼ਰਬੇ ਨਾਲ ਨਾਵਲ ਅਤਿਅੰਤ ਸੰਜੀਦਾ ਤੇ ਸਾਰਥਿਕ ਬਣ ਗਿਆ ਹੈ।

ਸੁਰਿੰਦਰ ਕੌਰ ਸੈਣੀ ਬਹੁ-ਵਿਧਾਵੀ ਸਾਹਿਤਕਾਰ ਹੈ। ਹੁਣ ਤੱਕ ਉਸਦੀਆਂ ਦਸ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਚਾਰ ਕਾਵਿ-ਸੰਗ੍ਰਹਿ, ਇੱਕ ਕਹਾਣੀ-ਸੰਗ੍ਰਹਿ ਅਤੇ ਪੰਜ ਨਾਵਲ ਸ਼ਾਮਲ ਹਨ। ਪੜਚੋਲ ਅਧੀਨ 'ਮੇਰੇ ਮਹਿਰਮਾ' ਉਸਦਾ ਛੇਵਾਂ ਨਾਵਲ ਅਤੇ ਗਿਆਰਵੀਂ ਪੁਸਤਕ ਹੈ। ਕਵਿਤਰੀ ਹੋਣ ਕਰਕੇ ਸੁਰਿੰਦਰ ਕੌਰ ਸੈਣੀ ਦੀ ਵਾਰਤਕ ਵੀ ਕਾਵਿਮਈ, ਸੁਹਜਮਈ ਤੇ ਵੈਰਾਗਮਈ ਹੈ, ਜਿਸ ਕਰਕੇ ਨਾਵਲ ਦੀ ਵਾਰਤਾਲਾਪ ਵਿੱਚ ਪਾਤਰਾਂ ਦੀ ਬੋਲ ਚਾਲ ਰਸਮਈ ਤੇ ਦਿਲਚਸਪ ਬਣ ਜਾਂਦੀ ਹੈ। ਭਾਵੇਂ ਨਾਵਲ ਵਿਚਲੇ ਪਾਤਰ ਕਾਲਪਨਿਕ ਹਨ, ਪ੍ਰੰਤੂ ਨਾਵਲ ਦਾ ਬ੍ਰਿਤਾਂਤ ਲੋਕਾਈ ਦੀ ਸਮਾਜਿਕ ਜ਼ਿੰਦਗੀ ਦੀ ਅਸਲੀਅਤ ਨੂੰ ਬਿਆਨ ਕਰਦਾ, ਪੂਰਨ ਯਥਾਰਥਿਕ ਤਾਂ ਨਹੀਂ ਲੱਗਦਾ, ਪ੍ਰੰਤੂ ਸਚਾਈ ਦੇ ਨੇੜੇ-ਤੇੜੇ ਮਹਿਸੂਸ ਹੁੰਦਾ ਹੈ। ਨਾਵਲ ਦੇ ਦੋ ਮੁੱਖ ਪਾਤਰ ਡਾ.ਗੁਰਜੋਤ ਕੌਰ ਅਤੇ ਗੁਰਕੰਵਲ ਸਿੰਘ ਦੀ ਜ਼ਿੰਦਗੀ ਦੀ ਕਹਾਣੀ ਨੂੰ ਆਦਰਸ਼ਕ ਬਣਾਕੇ ਵਿਖਾਇਆ ਗਿਆ ਹੈ, ਪ੍ਰੰਤੂ ਜਿਹੜੇ ਦਰਦ ਇਸ ਕਹਾਣੀ ਵਿੱਚੋਂ ਮਹਿਸੂਸ ਹੁੰਦੇ ਹਨ, ਉਹ ਵਰਤਮਾਨ ਸਮਾਜ ਵਿੱਚ ਆਮ ਵੇਖਣ ਤੇ ਮਹਿਸੂਸ ਕਰਨ ਨੂੰ ਮਿਲਦੇ ਹਨ, ਕਿਉਂਕਿ ਪਿਆਰ ਮੁਹੱਬਤ ਵਿੱਚ ਅਜਿਹੀਆਂ ਘਟਨਾਵਾਂ ਆਮ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਕਰਕੇ ਇਹ ਨਾਵਲ ਰੁਮਾਂਸਵਾਦ ਤੇ ਸਮਾਜਿਕ ਸਰੋਕਾਰਾਂ ਦਾ ਸੁਮੇਲ ਬਣ ਗਿਆ ਹੈ। ਦੋ ਸਹਾਇਕ ਪਾਤਰ ਡਾ.ਮਹੇਸ਼ ਚੌਧਰੀ ਤੇ ਮੀਨਾ ਚੌਧਰੀ ਵੀ ਆਦਰਸ਼ਕ ਹੀ ਵਿਖਾਏ ਗਏ ਹਨ, ਜਿਨ੍ਹਾਂ ਦਾ ਇਕਲੌਤਾ ਲੜਕਾ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਸਵਰਗ ਸਿਧਾਰ ਜਾਂਦਾ ਹੈ। ਇਸਤੋਂ ਇਹ ਸਿਖਿਆ ਮਿਲਦੀ ਹੈ ਕਿ ਸਮਾਜ ਨੂੰ ਕੈਂਸਰ ਵਰਗੀ ਬਿਮਾਰੀ ਦੇ ਬਚਾਓ ਲਈ ਇਹਤਾਤ ਰੱਖਣ ਦੀ ਲੋੜ ਹੈ। ਡਾ.ਮਹੇਸ਼ ਚੌਧਰੀ ਤੇ ਡਾ. ਮੀਨਾ ਚੌਧਰੀ ਇਹ ਦੋਵੇਂ ਗੁਰਕੰਵਲ ਸਿੰਘ ਯਾਦਗਾਰੀ ਹਸਪਤਾਲ ਨੂੰ ਗੁਰਜੋਤ ਕੌਰ ਦੇ ਫ਼ੌਜ ਵਿੱਚ ਜਾਣ ਤੋਂ ਬਾਅਦ ਸੰਭਾਲਦੇ ਹਨ। ਪਿੰਡ ਦਾ ਸਰਪੰਚ ਵੀ ਆਦਰਸ਼ਕ ਹੀ ਵਿਖਾਇਆ ਗਿਆ ਹੈ, ਇਨ੍ਹਾਂ ਆਦਰਸ਼ਕ ਪਾਤਰਾਂ ਨਾਲ ਨਾਵਲ ਦਿਲਚਸਪ ਬਣ ਜਾਂਦਾ ਹੈ। ਇਹ ਪਾਤਰ ਸਮਾਜ ਨੂੰ ਸ਼ੁਭ ਕੰਮਾ ਲਈ ਪ੍ਰੇਰਨਾ ਦੇਣ ਵਾਲੇ ਮਾਰਗ ਦਰਸ਼ਕ ਬਣਦੇ ਹਨ। ਇਸ਼ਕ ਵਿੱਚ ਧੋਖੇ ਆਮ ਹੁੰਦੇ ਹਨ, ਪ੍ਰੰਤੂ ਇਹ ਨਾਵਲ ਸੱਚੇ ਸੁੱਚੇ ਆਸ਼ਕਾਂ ਦੀ ਉਦਾਹਰਣ ਦਿੰਦਾ ਹੈ। ਨਾਵਲ ਭਾਵੇਂ ਅੱਲ੍ਹੜ ਉਮਰ ਵਿੱਚ ਆਪ ਮੁਹਾਰੇ ਹੋਏ ਪਿਆਰ ਦੀ ਰੋਮਾਂਟਿਕ ਕਹਾਣੀ ਹੈ, ਪ੍ਰੰਤੂ ਇਸ ਵਿਚਲੇ ਵਿਸ਼ੇ ਸਮਾਜਿਕ ਸਰੋਕਾਰਾਂ ਨਾਲ ਸਬੰਧਤ ਹਨ, ਜਿਵੇਂ ਬੇਰੋਜ਼ਗਾਰੀ, ਦਾਜ, ਗ਼ਰੀਬੀ ਅਮੀਰੀ ਦਾ ਪਾੜਾ, ਨਸ਼ੇ, ਪੁਲਿਸਤੰਤਰ ਵਿੱਚ ਭਰਿਸ਼ਟਾਚਾਰ, ਜੂਆ, ਆਤਮ ਹੱਤਿਆਵਾਂ, ਜ਼ਾਤਪਾਤ, ਭਰੂਣ ਹੱਤਿਆ, ਕੈਂਸਰ, ਵਾਤਾਵਰਨ, ਤਿਆਗ ਅਤੇ ਵਿਧਵਾਵਾਂ ਦੀ ਜ਼ਿੰਦਗੀ ਦੀ ਤ੍ਰਾਸਦੀ ਆਦਿ ਹਨ। ਨਾਵਲਕਾਰਾ ਦੀ ਪਾਤਰ ਸਿਰਜਣ ਦੀ ਸਮਰੱਥਾ ਬਾਕਮਾਲ ਹੈ। ਸਾਰੇ ਪਾਤਰ ਜਿਉਂਦੇ ਜਾਗਦੇ ਸਮਾਜ ਵਿੱਚ ਵਿਚਰਦੇ ਮਹਿਸੂਸ ਹੁੰਦੇ ਹਨ। ਇਸ ਨਾਵਲ ਦੀ ਹਰ ਘਟਨਾ ਵਿੱਚੋਂ ਪਾਤਰਾਂ ਰਾਹੀਂ ਜਿਹੜੀ ਦਰਦ ਦੀ ਚੀਸ ਨਿਕਲਦੀ ਹੈ, ਉਹ ਹਰ ਪਾਤਰ ਦਾ ਕਿਰਦਾਰ ਬਾਖ਼ੂਬੀ ਦਰਸਾ ਦਿੰਦੀ ਹੈ। ਪਾਲੋ ਦਾ ਪਾਤਰ ਸਿਰਜਣ ਵੀ ਕਮਾਲ ਦਾ ਹੈ। ਪੰਜਾਬ ਸਮੁੱਚੇ ਦੇਸ਼ ਵਿੱਚੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਲਈ ਮੁੱਖ ਤੌਰ 'ਤੇ ਯੋਗਦਾਨ ਪਾ ਰਿਹਾ ਹੈ।ਨਾਵਲਕਾਰਾ ਨੇ ਪੰਜਾਬੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਦਾ ਪ੍ਰਗਟਾਵਾ ਵੀ ਬਹੁਤ ਵਧੀਆ ਢੰਗ ਨਾਲ ਚਿਤਰਿਆ ਹੈ। ਲੱਗਭੱਗ ਹਰ ਪੰਜਾਬੀ ਨੇ ਫ਼ੌਜੀ ਜੀਵਨ ਦੀਆਂ ਵੇਦਨਾਵਾਂ ਆਪੋ ਆਪਣੇ ਪਿੰਡਾਂ/ਸ਼ਹਿਰਾਂ ਵਿੱਚ ਵੇਖੀਆਂ ਹੋਣਗੀਆਂ, ਕਿਉਂਕਿ ਪੰਜਾਬ ਭਾਰਤ ਦੀ ਖੜਗਭੁਜਾ ਹੈ, ਏਥੇ ਦੇ ਲੋਕਾਂ ਨੇ ਪਾਕਿਸਤਾਨ ਅਤੇ ਚੀਨ ਨਾਲ ਹੋਏ ਯੁੱਧਾਂ ਦਾ ਸੰਤਾਪ ਹੰਢਾਇਆ ਹੈ। ਫ਼ੌਜੀ ਜੀਵਨ ਦੀਆਂ ਕਠਨਾਈਆਂ, ਤ੍ਰਾਸਦੀਆਂ ਅਤੇ ਦੁਖਦਾਈ ਘਟਨਾਵਾਂ ਦਾ ਪ੍ਰਭਾਵ ਸਮੁੱਚੇ ਸਮਾਜ 'ਤੇ ਪੈਂਦਾ ਹੈ, ਕਿਉਂਕਿ ਪੰਜਾਬੀਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਬਾਕੀ ਦੇਸ਼ ਵਾਸੀਆਂ ਦੇ ਮੁਕਾਬਲੇ ਜ਼ਿਆਦਾ ਹੈ। ਖਾਸ ਤੌਰ 'ਤੇ ਦੇਸ਼ ਦੀਆਂ ਸਰਹੱਦਾਂ 'ਤੇ ਕੁਰਬਾਨੀਆਂ ਦੇਣ ਵਿੱਚ ਵੀ ਪੰਜਾਬੀਆਂ ਨੇ ਮੋਹਰੀ ਦੀ ਭੂਮਿਕਾ ਨਿਭਾਈ ਹੈ। ਇਸ ਕਰਕੇ ਇਸ ਨਾਵਲ ਨੂੰ ਹਰ ਪੰਜਾਬੀ ਦੇ ਲਈ ਸਿੱਧੇ ਜਾਂ ਅਸਿੱਧੇ ਦਰਦ ਦੀ ਦਾਸਤਾਂ ਕਿਹਾ ਜਾ ਸਕਦਾ ਹੈ। ਨਾਵਲਕਾਰਾ ਨੇ ਸਕੂਲ ਵਿੱਚ ਪੜ੍ਹਦੇ ਗ਼ਰੀਬ ਪ੍ਰੰਤੂ ਹੁਸ਼ਿਆਰ ਲੜਕੇ ਨੂੰ ਅਮੀਰ ਘਰ ਦੀ ਲੜਕੀ ਵੱਲੋਂ ਪਿਆਰ ਹੋ ਜਾਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਦੀਆਂ ਭਾਵਨਾਵਾਂ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਕੇ ਨਾਵਲ ਨੂੰ ਸਰਵ ਪ੍ਰਵਾਨਤ ਕੀਤਾ ਹੈ। ਇਸ ਨਾਵਲ ਦੀ ਕਹਾਣੀ ਵਿੱਚੋਂ ਸੁਰਿੰਦਰ ਕੌਰ ਸੈਣੀ ਦੇ ਪਤੀ ਦੇ ਵਿਛੋੜੇ ਦੇ ਦਰਦ ਦੀ ਗਹਿਰੀ ਚੀਸ ਵੀ ਵਿਖਾਈ ਦਿੰਦੀ ਹੈ, ਲੇਖਿਕਾ ਦੇ ਬ੍ਰਿਹਾ ਦੇ ਤਜ਼ਰਬੇ ਨਾਲ ਨਾਵਲ ਅਤਿਅੰਤ ਸੰਜੀਦਾ ਤੇ ਸਾਰਥਿਕ ਬਣ ਗਿਆ ਹੈ। ਗੁਰਕੰਵਲ ਸਿੰਘ ਹੁਸ਼ਿਆਰ ਵਿਦਿਆਰਥੀ ਹੋਣ ਦੇ ਬਾਵਜੂਦ ਗ਼ਰੀਬੀ ਕਰਕੇ ਅੱਗੇ ਪੜ੍ਹ ਨਹੀਂ ਸਕਿਆ। ਉਸਦੀ ਵਿਧਵਾ ਮਾਂ ਨੇ ਲੋਕਾਂ ਦੇ ਘਰਾਂ ਵਿੱਚ ਮਜ਼ਦੂਰੀ ਕਰਕੇ ਉਸਨੂੰ ਪਾਲਿਆ ਸੀ। ਉਸਦੇ ਪਰਿਵਾਰ ਦੀ ਗ਼ਰੀਬੀ ਪੰਜਾਬ ਦੇ ਇਨ੍ਹਾਂ ਸ਼੍ਰੇਣੀਆਂ ਦੇ ਪਰਿਵਾਰਾਂ ਆਰਥਿਕ ਮਜ਼ਬੂਰੀ ਦਾ ਪ੍ਰਗਟਾਵਾ ਕਰਦੀ ਹੈ। ਇਸ ਲਈ ਗੁਰਕੰਵਲ ਸਿੰਘ ਦਸਵੀਂ ਪਾਸ ਨੂੰ ਨੌਕਰੀ ਨਾ ਮਿਲਣ ਦੇ ਹੰਦੇਸੇ ਕਰਕੇ ਫ਼ੌਜ ਵਿੱਚ ਭਰਤੀ ਹੋਣ ਲਈ ਮਜ਼ਬੂਰ ਕੀਤਾ ਸੀ। ਉਹ ਇਹ ਵੀ ਮਹਿਸੂਸ ਕਰਦਾ ਸੀ ਕਿ ਗੁਰਜੋਤ ਕੌਰ ਦੇ ਪਰਿਵਾਰ ਨੇ ਗ਼ਰੀਬੀ ਅਤੇ ਵੱਖਰੀ ਜਾਤ ਕਰਕੇ ਇਸ ਵਿਆਹ ਨੂੰ ਪ੍ਰਵਾਨ ਨਹੀਂ ਕਰਨਾ, ਕਿਉਂਕਿ ਆਮ ਤੌਰ 'ਤੇ ਪਿਆਰ ਵਿਆਹਾਂ ਵਿੱਚ ਇਹ ਮੁਸ਼ਕਲ ਹੁੰਦੀ ਹੈ। ਇਸ ਲਈ ਉਹ ਸਕੂਲ ਸਮੇਂ ਵੀ ਗੁਰਜੋਤ ਕੌਰ ਦੇ ਇਸ਼ਕ ਦੀਆਂ ਰਮਜ਼ਾਂ ਨੂੰ ਅਣਡਿਠ ਕਰਦਾ ਰਿਹਾ। ਸ਼ੁਰੂ ਵਿੱਚ ਇਉਂ ਮਹਿਸੂਸ ਹੁੰਦਾ ਸੀ ਕਿ ਗੁਰਜੋਤ ਕੌਰ ਦਾ ਇੱਕਤਰਫਾ ਪਿਆਰ ਹੈ, ਪ੍ਰੰਤੂ ਅਖ਼ੀਰ ਵਿੱਚ ਇਹ ਸਾਬਤ ਹੋ ਗਿਆ ਕਿ ਗੁਰਕੰਵਲ ਸਿੰਘ ਵੀ ਗੁਰਜੋਤ ਕੌਰ ਨੂੰ ਚਾਹੁੰਦਾ ਸੀ। ਇਹ ਵੀ ਨਤੀਜਾ ਨਿਕਲਦਾ ਹੈ ਕਿ ਸੱਚੇ ਦਿਲੋਂ ਕੀਤੇ ਪਿਆਰ ਸਫ਼ਲ ਹੁੰਦੇ ਹਨ। ਗੁਰਜੋਤ ਦੇ ਮਾਤਾ ਪਿਤਾ ਨੂੰ ਜਦੋਂ ਪਤਾ ਲੱਗਣਾ ਕਿ ਉਹ ਦੂਸਰੀ ਜ਼ਾਤ ਦੇ ਲੜਕੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਤਾਂ ਉਨ੍ਹਾਂ ਦਾ ਝਿਜਕਣਾ ਕੁਦਰਤੀ ਵਿਵਹਾਰ ਹੈ। ਇਸੇ ਤਰ੍ਹਾਂ ਗੁਰਕੰਵਲ ਦੇ ਸ਼ਹੀਦ ਹੋਣ ਤੋਂ ਬਾਅਦ ਗੁਰਜੋਤ ਕੌਰ ਨੂੰ ਉਸਦੇ ਮਾਪਿਆਂ ਵੱਲੋਂ ਦੁਬਾਰਾ ਵਿਆਹ ਕਰਵਾਉਣ ਲਈ ਜ਼ੋਰ ਪਾਉਣਾ ਕੁਦਰਤੀ ਹੈ। ਨਿਸ਼ਾ ਦੇ ਭਰਾ ਦਾ ਸ਼ਰਾਬ ਪੀਣਾ ਪਿੰਡਾਂ ਵਿੱਚ ਨੌਜਵਾਨਾ ਦੇ ਕੁਰੀਤੀਆਂ ਵਿੱਚ ਪੈਣ ਦਾ ਦ੍ਰਿਸ਼ਟਾਂਤਿਕ ਵਰਣਨ ਹੈ। ਨਾਵਲ ਦੀ ਬੋਲੀ ਅਤੇ ਸ਼ੈਲੀ ਵਿਲੱਖਣ ਕਿਸਮ ਦੀ ਹੈ, ਜਿਸ ਕਰਕੇ ਵਾਰਤਾਲਾਪ ਬਹੁਤ ਹੀ ਦਿਲਚਸਪ ਬਣ ਗਈ ਹੈ। ਹਰ ਸ਼ਬਦ ਬ੍ਰਿਹਾ ਅਤੇ ਪਿਆਰ ਦੇ ਵੈਰਾਗਮਈ ਅਲਾਪ ਵਿੱਚੋਂ ਮੁਹੱਬਤ ਦੀ ਖ਼ੁਸ਼ਬੋ ਆਉਂਦੀ ਹੋਈ, ਦਰਿਆ ਦੇ ਵਹਿਣ ਦੀ ਤਰ੍ਹਾਂ ਲਹਿਰਾਂ ਪੈਦਾ ਕਰਦੀ ਪਾਠਕਾਂ ਦੇ ਦਿਲਾਂ ਨੂੰ ਹਲੂਣਾ ਦਿੰਦੀ ਹੈ। ਬੋਲੀ ਅਤੇ ਸ਼ਬਦਾਵਲੀ ਭਾਵਨਾਤਮਿਕ ਹੈ, ਜਿਹੜੀ ਪਾਠਕ ਨੂੰ ਆਪਣੇ ਨਾਲ ਜੋੜ ਲੈਂਦੀ ਹੈ। ਪਾਠਕ ਹਰ ਚੈਪਟਰ ਤੋਂ ਬਾਅਦ ਅੱਗੇ ਕੀ ਹੋਇਆ ? ਉਸਨੂੰ ਜਾਨਣ ਲਈ ਉਤਸ਼ਾਹਤ ਹੋ ਜਾਂਦਾ ਹੈ, ਇਸ ਲਈ ਇੱਕ ਬੈਠਕ ਵਿੱਚ ਹੀ ਨਾਵਲ ਪੜ੍ਹਿਆ ਜਾਂਦਾ ਹੈ। ਡਾ.ਗੁਰਜੋਤ ਕੌਰ ਦੀ ਆਪਣੇ ਕੰਮ ਪ੍ਰਤੀ ਲਗਨ ਤੇ ਮਿਹਨਤ ਲਾਜਵਾਬ ਹੈ, ਜਿਸ ਦਾ ਅਰਥ ਇਹ ਨਿਕਲਦਾ ਹੈ ਕਿ ਜੇਕਰ ਇਨਸਾਨ ਆਪਣਾ ਨਿਸ਼ਾਨਾ ਨਿਸਚਤ ਕਰਕੇ ਜ਼ਿੰਮੇਵਾਰੀ ਨਾਲ ਮਿਹਨਤ ਕਰੇ ਤਾਂ ਸਫ਼ਲਤਾ ਉਸਦੇ ਪੈਰ ਚੁੰਮੇਗੀ। ਗੁਰਜੋਤ ਕੌਰ ਨੇ ਆਪਣੀ ਮਿਹਨਤ ਨਾਲ ਡਾਕਟਰ ਬਣਨ ਦਾ ਆਪਣਾ ਸਪਨਾ ਪੂਰਾ ਕੀਤਾ। ਪਾਕਿ ਪਵਿਤਰ ਸੱਚੇ-ਸੁੱਚੇ ਪਿਆਰ ਦਾ ਨਮੂਨਾ ਬਣਕੇ ਵਿਚਰਦੀ ਰਹੀ। ਸਮਾਜ ਵਿੱਚ ਫ਼ੈਲੀਆਂ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਕੀਤੀ ਯੋਜਨਾਵੱਧ ਕੋਸ਼ਿਸ਼ ਨਾਲ ਉਹ ਹਰ ਖੇਤਰ ਵਿੱਚ ਸਫ਼ਲ ਹੁੰਦੀ ਰਹੀ। ਜ਼ਾਤ-ਪਾਤ ਦੇ ਬੰਧਨਾ ਨੂੰ ਤੋੜਕੇ ਵਿਆਹ ਕਰਵਾਇਆ, ਕੈਂਸਰ ਤੇ ਨਸ਼ਿਆਂ ਵਰਗੀਆਂ ਬਿਮਾਰੀਆਂ ਤੋਂ ਸੁਚੇਤ ਕੀਤਾ, ਤਿਆਗ ਦੀ ਮੂਰਤ ਬਣੀ, ਸਮਾਜ ਸੇਵਾ ਦਾ ਬੀੜਾ ਚੁੱਕਿਆ, ਬੇਰੋਜ਼ਗਾਰੀ ਖ਼ਤਮ ਕਰਨ ਵਿੱਚ ਯੋਗਦਾਨ ਪਾਇਆ, ਸਾਦਾ ਵਿਆਹ ਕੀਤਾ, ਦੀਨ ਦੁਖੀਆਂ ਦਾ ਦਰਦ ਵੰਡਾਇਆ, ਵਾਤਾਵਰਨ ਦੀ ਸੰਭਾਲ ਦੀ ਪ੍ਰੇਰਨਾ ਕੀਤੀ ਆਦਿ ਕਾਰਵਾਈਆਂ ਸਮਾਜ ਲਈ ਪ੍ਰੇਰਨਾ ਸਰੋਤ ਬਣੀਆਂ। ਹਨ। ਸਮਾਜ ਸੇਵਾ ਦੀ ਪ੍ਰਵਿਰਤੀ ਨੂੰ ਵੀ ਬਾਖ਼ੂਬੀ ਨਿਖ਼ਾਰਿਆ ਹੈ। ਪਿੰਡ ਵਿੱਚ ਕਲਿਨਿਕ ਖੋਲ੍ਹਕੇ ਲੋਕਾਂ ਦੀ ਸੇਵਾ ਕਰਨੀ, ਨਸ਼ਈ ਪਿਤਾ ਦੇ ਆਤਮਹੱਤਿਆ ਕਰਨ ਤੋਂ ਬਾਅਦ ਉਸਦੀ ਲੜਕੀ ਰੀਮਾ ਦੀ ਪੜ੍ਹਾਈ ਦਾ ਆਪਣੇ ਘਰ ਲਿਆਕੇ ਖ਼ਰਚਾ ਚੁੱਕਣਾ ਆਦਿ ਗੁਰਜੋਤ ਦੀ ਸਮਾਜ ਸੇਵਾ ਦਾ ਨਮੂਨਾ ਹੈ। ਸੁਰਿੰਦਰ ਕੌਰ ਸੈਣੀ ਤੋਂ ਭਵਿੱਖ ਵਿੱਚ ਯਥਾਰਥਕ ਘਟਨਾਵਾਂ 'ਤੇ ਅਧਾਰਤ ਸਾਹਿਤ ਸਿਰਜਣ ਦੀ ਆਸ਼ਾ ਕੀਤੀ ਜਾ ਸਕਦੀ ਹੈ।



ਪੰਜਾਬ ਨੈਸ਼ਨਲ ਬੈਂਕ ...ਭਰੋਸੇ ਦਾ ਪ੍ਰਤੀਕ

ਸਰਕਲ ਦਫਤਰ ਫਾਜ਼ਿਲਕਾ

ਸੁਰੱਖਿਅਤ ਸੰਪੱਤੀਆਂ ਦੀ ਈ-ਨਿਲਾਮੀ ਵਿਕਰੀ ਲਈ 06.03.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।
ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (†) ਅਤੇ ਜ਼ਾਮਨ (†) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਸੰਬੰਧਤ ਕਰਜ਼ਦਾਰ (†) ਅਤੇ ਜ਼ਾਮਨ (†) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਨਿਮਨ ਦਰਸਾਈ ਰਕਮ ਦੀ ਵਸੂਲੀ ਦੇ ਲਈ ਵਿਕਰੀ ਦੀ ਮਿਤੀ ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਵੇਚੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

ਲ ਨੰ. / ਆਈ.ਪੀ.ਦੀ ਲੜੀ / ਸੰਪੱਤੀ ਆਈਡੀ	ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਪ੍ਰੋਪ/ਨਿਰਦੇਸ਼ਕ/ਭਾਈਵਾਲ/ਜ਼ਾਮਨ/ਕਰਤਾ/ਗਿਰਵੀਕਾਰ/ਕਾਨੂੰਨੀ ਵਾਰਸ	ਸੰਪੱਤੀ/ਆਂ ਦੇ ਵੇਰਵੇ	ਧਾਰਾ 13 (2) ਅਧੀਨ ਸੂਚਨਾ ਦੀ ਮਿਤੀ / ਮੰਗ ਰਕਮ / ਧਾਰਾ 13 (4) ਅਧੀਨ ਕਬਜ਼ ਦੀ ਮਿਤੀ	ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ / ਬੋਲੀ ਵਾਧਾ ਰਕਮ	ਕਬਜ਼ੇ ਦੀ ਕਿਸਮ
1. 2026/06 PUNB0WA24476702	ਅਬੋਹਰ ਮੇਨ-000100 ਦੀਪਕ ਕੁਮਾਰ ਸਪੁੱਤਰ ਰਮੇਸ਼ ਕੁਮਾਰ ਦੀਪਕ ਕੁਮਾਰ ਸਪੁੱਤਰ ਰਮੇਸ਼ ਕੁਮਾਰ	ਵਿਕਰੀ ਡੀਡ ਨੰਬਰ 2018-19/54/1/372 ਮਿਤੀ 05.09. 2018 ਦੇ ਅਧੀਨ ਮਾਲੀਆ ਅਸਟੇਟ ਅਬੋਹਰ-2, ਸਰਾਭਾ ਨਗਰ, ਸੀਡ ਫਾਰਮ ਰੋਡ, ਅਬੋਹਰ, ਫਾਜ਼ਿਲਕਾ, ਪੰਜਾਬ ਵਿਖੇ ਜਮਾਂਬੰਦੀ ਸਾਲ 2010-11 ਅਨੁਸਾਰ ਖਸਰਾ ਨੰਬਰ 231, ਕਿਲਾ ਨੰਬਰ 21/22 (0-5) ਖੇਵਟ ਨੰਬਰ 3539 ਖਤੌਨੀ ਨੰਬਰ 4580 ਵਿਚ ਸ਼ਾਮਲ 05 ਮਰਲੇ ਯਾਨੀ 12 ਫੁੱਟ ਗੁਣਾ 50 ਫੁੱਟ = 1250 ਵਰਗ ਫੁੱਟ ਮਾਪ ਵਾਲੀ ਅਚੱਲ ਸੰਪਤੀ। ਹਦਬੰਦੀ ਪੂਰਬ : ਨਛੱਤਰ ਸਿੰਘ ਦਾ ਪਲਾਟ, ਪੱਛਮ ਖਾਲੀ ਪਲਾਟ, ਉਤਰ : ਗਲੀ, ਦੱਖਣ : ਅਵਤਾਰ ਸਿੰਘ ਦਾ ਪਲਾਟ,	06.09.2021 Rs. 18,00,474.50 as on 30.08.2021 + Intt. and Charges 23.12.2021	Rs. 16,40,000/- Rs. 1,64,000/- Rs. 10,000/-	ਸੰਕੇਤਕ ਕਬਜ਼ਾ
2. 2026/07 PUNBABA47491187	ਫਰੀਦਕੋਟ ਸਿਟੀ-016800 ਮੇਹਰ ਸਿੰਘ ਪੁੱਤਰ ਸ੍ਰੀ ਹਾਕਮ ਸਿੰਘ ਸ੍ਰੀ ਸੁਖਪ੍ਰੀਤ ਸਿੰਘ ਪੁੱਤਰ ਸਵ. ਸ੍ਰੀ ਮੇਹਰ ਸਿੰਘ, ਸ੍ਰੀ ਹਰਪ੍ਰੀਤ ਕੌਰ ਪੁੱਤਰੀ ਸਵ. ਸ੍ਰੀ ਮੇਹਰ ਸਿੰਘ, ਸ੍ਰੀ ਗੁਰਪ੍ਰੀਤ ਕੌਰ ਪਤਨੀ ਸਵ. ਸ੍ਰੀ ਮੇਹਰ ਸਿੰਘ	125 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ 04 ਮਰਲੇ ਅਧੀਨ 4/1106 ਹਿੱਸਾ 55 ਕਨਾਲ 06 ਮਰਲੇ ਦੇ ਸਾਰੇ ਭਾਗ ਅਤੇ ਹਿੱਸੇ ਖਸਰਾ ਨੰਬਰ 7708/16-0, 7709/16-0, 10333/7713/4-0, 10335/7714/4-0, 10337/755, 7709/16-0 10323/7711/4-8, 10324/7711/0-3, 10325/7711/0-4, 10328/7711/0-18, 10331/7712/4-0, 10323/7711/4-0, 10323/7711/09, 09, 09, 09, 09, 3323/7711 ਖੇਵਟ ਨੰ. 309 ਖਤੌਨੀ ਨੰ. 507 ਅਗਵਾੜ ਭੋਕਿਲਾ, ਨੇੜੇ ਪ੍ਰਾਇਮਰੀ ਸਕੂਲ, ਗਲੀ ਨੰਬਰ 2, ਦਸਮੇਸ਼ ਨਗਰ, ਟੀਚਰ ਕਲੋਨੀ, ਪੁਰਾਣੀ ਛਾਉਣੀ ਰੋਡ, ਮਚਾਕੀ ਮੱਲ ਸਿੰਘ ਰੋਡ, ਫਰੀਦਕੋਟ ਜੋ ਕਿ ਸ੍ਰੀ ਮੇਹਰ ਸਿੰਘ ਪੁੱਤਰ ਸ੍ਰੀ ਹਾਕਮ ਸਿੰਘ ਨਾਲ ਸਬੰਧਤ ਹੈ। ਇਸ ਤਰ੍ਹਾਂ ਘੇਰਿਆ ਗਿਆ ਹੈ: ਉੱਤਰ ਵੱਲ - ਗਲੀ, ਦੱਖਣ ਵੱਲ - ਗੁਰਦੀਪ ਕੌਰ ਦੀ ਜਾਇਦਾਦ, ਪੂਰਬ ਵੱਲ - ਜੱਸਾ ਸਿੰਘ ਦੀ ਜਾਇਦਾਦ, ਪੱਛਮ ਵੱਲ - ਜੱਗਾ ਸਿੰਘ ਦੀ ਜਾਇਦਾਦ।	09.09.2021 Rs. 8,28,962.41 as on 31.08.2021 + Intt. and Charges 17.03.2022	Rs. 9,90,000/- Rs. 99,000/- Rs. 10,000/-	ਸੰਕੇਤਕ ਕਬਜ਼ਾ
3. 2026/08 PUNB65U28180270	075900-ਲੱਧੂਕਾ ਮੰਡੀ ਮੈਸ. ਵਰਵਾਲ ਟ੍ਰੇਡਿੰਗ ਕੰਪਨੀ ਪਰਮਜੀਤ ਸਿੰਘ ਸਪੁੱਤਰ ਮੰਗਲ ਸਿੰਘ, ਊਸ਼ਾ ਰਾਣੀ ਸੁਪਤਨੀ ਪਰਮਜੀਤ ਸਿੰਘ।	10 ਮਰਲੇ ਮਾਪ ਵਾਲੀ ਰਿਹਾਇਸ਼ੀ ਸੰਪੱਤੀ (1) ਰੈਕਟ ਨੰ. 15, ਕਿਲਾ ਨੰ. 16/2 ਮਿਨ (4-0), ਖੇਵਟ ਨੰ. 70, ਖਤੌਨੀ ਨੰ. 96 ਵਿਚ ਸ਼ਾਮਲ 04 ਕਨਾਲ ਮਾਪ ਵਾਲੇ ਕੁੱਲ ਰਕਬੇ ਦੇ 1/9 ਹਿੱਸੇ ਵਜੋਂ 8 ਮਰਲੇ 08 ਸਰਸਾਹੀ ਅਤੇ (2) ਸ੍ਰੀਮਤੀ ਊਸ਼ਾ ਰਾਣੀ ਸੁਪਤਨੀ ਸ੍ਰੀ ਪਰਮਜੀਤ ਸਿੰਘ ਦੀ ਮਾਲਕੀ ਹੇਠ ਉਪਲਬਧ ਬੈਂਕ ਰਿਕਾਰਡ ਦੇ ਅਨੁਸਾਰ ਆਰਟੀਡੀ ਨੰ 1523 ਮਿਤੀ 18.07.2017 ਦੇ ਅਧੀਨ ਪਿੰਡ ਲੱਖੇ ਕੇ ਉਤਾੜ, ਤਹਿਸੀਲ ਅਤੇ ਜ਼ਿਲ੍ਹਾ ਫਾਜ਼ਿਲਕਾ (ਪੰਜਾਬ) ਵਿਖੇ ਸਥਿਤ ਸਾਲ 2017-2018 ਦੇ ਲਈ ਜਮ੍ਹਾਂਬੰਦੀ ਅਧੀਨ ਰੇਕਟ ਨੰ. 15, ਕਿਲਾ ਨੰ. 16/2 ਮਿਨ (2-0), ਖੇਵਟ ਨੰ. 70, ਖਤੌਨੀ ਨੰ. 99 ਵਿਚ ਸ਼ਾਮਲ 02 ਕਨਾਲ ਮਾਪ ਵਾਲੇ ਕੁੱਲ ਰਕਬੇ ਦੇ 10/360 ਹਿੱਸੇ ਵਜੋਂ 01 ਮਰਲਾ 01 ਸਰਸਾਹੀ ਮਾਪ ਵਾਲੀ ਸੰਪੱਤੀ। ਹੱਦਬੰਦੀ : ਪੂਰਬ ਵੱਲੋਂ : ਦੇਸ ਸਿੰਘ ਦੀ ਸੰਪੱਤੀ, ਪੱਛਮ ਵੱਲੋਂ : ਜੰਗੀਰ ਸਿੰਘ ਅਤੇ ਅਮਰ ਸਿੰਘ ਦਾ ਮਕਾਨ, ਉਤਰ ਵੱਲੋਂ : ਦਰਸ਼ਨ ਸਿੰਘ ਦੀ ਸੰਪੱਤੀ, ਦੱਖਣ : ਗਲੀ।	04.04.2022 Rs. 14,05,731.64 as on 31.03.2022 + Intt. and Charges 01.07.2022	Rs. 15,22,000/- Rs. 1,52,200/- Rs. 10,000/-	ਸੰਕੇਤਕ ਕਬਜ਼ਾ
4. 2026/09 PUNBABA47433015	ਜੈਤੋ-025310 ਸ੍ਰੀਮਤੀ ਰਾਜ ਰਾਣੀ ਪਤਨੀ ਸ੍ਰੀ ਪਵਨ ਕੁਮਾਰ ਅਤੇ ਸ੍ਰੀ ਪਵਨ ਕੁਮਾਰ ਸਪੁੱਤਰ ਚਿਮਨ ਲਾਲ	ਆਰਟੀਡੀ ਨੰਬਰ 1553 ਮਿਤੀ 05.09.2014 ਦੇ ਅਧੀਨ ਉਪਲਬਧ ਬੈਂਕ ਰਿਕਾਰਡ ਅਨੁਸਾਰ ਸ੍ਰੀਮਤੀ ਰਾਜ ਰਾਣੀ ਪਤਨੀ ਸ੍ਰੀ ਪਵਨ ਕੁਮਾਰ ਦੀ ਮਲਕੀਅਤ , ਰਿਹਾਇਸ਼ੀ ਮਕਾਨ ਦਾ ਸਾਰਾ ਹਿੱਸਾ 133.33 ਵਰਗ ਗਜ਼ (20' x 60') (4.5 ਮਰਲਾ ਮਾਪ) ਖਸਰਾ ਨੰਬਰ 297//16/2/2/2-13, 17/4-1, 24/6-12, 25/1/4-16, ਖੇਵਟ ਨੰਬਰ 344, ਖਤੌਨੀ ਨੰਬਰ 555, ਜੈਤੋ-1, ਵਾਰਡ ਨੰਬਰ 7 ਦੇ ਪਿੱਛੇ ਸਰਕਾਰੀ ਪ੍ਰਾਇਮਰੀ ਸਕੂਲ, ਬਸੰਤ ਨਗਰ, ਜੈਤੋ, ਜ਼ਿਲ੍ਹਾ- ਫਰੀਦਕੋਟ (ਪੰਜਾਬ) ਵਿਖੇ ਸਥਿਤ। ਹੱਦਬੰਦੀ: - ਪੂਰਬ ਵੱਲ: - ਸਰਦਾਰਾ ਸਿੰਘ, ਉੱਤਰ ਵੱਲ: ਮਹਿੰਦਰ ਸਿੰਘ, ਪੱਛਮ ਵੱਲ: - ਗਲੀ, ਦੱਖਣ ਵੱਲ: - ਮੰਗਾ ਸਿੰਘ।	30.05.2023 Rs. 5,31,948.86 as on 30.04.2023 + Intt. and Charges 13.09.2023	Rs. 8,19,000/- Rs. 81,900/- Rs. 10,000/-	ਭੌਤਿਕ ਕਬਜ਼ਾ
5. 2026/10 PUNB23X9460754	ਦਾਨੇਵਾਲਾ ਮਲੋਟ - 983000 1. ਸ੍ਰੀ ਕ੍ਰਿਸ਼ਨ ਕੁਮਾਰ ਪੁੱਤਰ ਪਿਆਰੇ ਲਾਲ 2. ਸ੍ਰੀ ਵਿਨੋਦ ਕੁਮਾਰ ਪੁੱਤਰ ਕਲੀ ਰਾਮ	ਰਿਹਾਇਸ਼ੀ ਘਰ ਦਾ ਸਾਰਾ ਹਿੱਸਾ ਅਤੇ ਪਾਰਸਲ 24X41 ਮਾਪਦਾ ਹੈ ਯਾਨੀ 984 ਵਰਗ ਫੁੱਟ ਭਾਵ 3 ਮਰਲੇ ਖੇਵਟ ਨੰਬਰ 334, ਖਤੌਨੀ 631, ਖਸਰਾ ਨੰਬਰ 461 (10-0) ਅਧੀਨ 10 ਕਨਾਲਾਂ ਦਾ 7/400 ਹਿੱਸਾ ਹੈ, ਮਕਾਨ ਨੰਬਰ 647, ਸਰਕਾਰੀ ਸਿਵਲ ਹਸਪਤਾਲ ਦੇ ਨੇੜੇ, ਵੀਪੀਓ ਲੰਬੀ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਹੈ। ਸ੍ਰੀ. ਕ੍ਰਿਸ਼ਨ ਕੁਮਾਰ ਪੁੱਤਰ ਪਿਆਰੇ ਲਾਲ ਵਾਈਡ ਆਰਟੀਡੀ ਨੰ. 1412 ਮਿਤੀ 18.09.2014। ਹੱਦਬੰਦੀ : ਪੂਰਬ-ਬਲਤੇਜ ਸਿੰਘ, ਪੱਛਮੀ-ਸਟਰੀਟ, ਉੱਤਰੀ-ਰਾਜਵੰਤ ਸਿੰਘ, ਦੱਖਣੀ-ਸੋਨੂੰ। ਨੋਟ: ਸਿਵਲ ਮੁਕੱਦਮਾ ਕੇਸ ਨੰਬਰ 659/2025 ਸਿਵਲ ਕੋਰਟ ਜੂਨੀਅਰ ਡਿਵੀਜ਼ਨ ਮਲੋਟ ਵਿੱਚ ਲੰਬਿਤ ਹੈ।	16.12.2022 Rs. 11,13,779.00 as on 01-12-2022 + Intt. and Charges 04-03-2023	Rs. 11,40,000/- Rs. 1,14,000/- Rs. 10,000/-	ਸੰਕੇਤਕ ਕਬਜ਼ਾ

ਇਹ ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ:
1. ਸੰਪੱਤੀਆਂ 'ਜਿਵੇਂ ਹੈ ਜਿਥੇ ਹੈ ਆਧਾਰ' ਅਤੇ 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ" 'ਤੇ ਵੇਚੀਆਂ ਜਾ ਰਹੀਆਂ ਹਨ।
2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ।
3. ਵਿਕਰੀ ਵੈੱਬਸਾਈਟ 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠ ਹਸਤਾਖਰਕਰਤਾ ਦੁਆਰਾ ਕੀਤੀ ਜਾਵੇਗੀ https://baanknet.com ਲਈ 06.03.2026 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ।
4. ਪਹਿਲੀ ਬੋਲੀ ਰਿਜ਼ਰਵ ਕੀਮਤ ਤੋਂ ਵੱਧ ਰਕਮ 'ਤੇ ਸ਼ੁਰੂ ਹੋਣੀ ਚਾਹੀਦੀ ਹੈ।
5. ਸਾਰੇ ਕਾਨੂੰਨੀ ਬਕਾਏ/ਅਟੈਂਡੈਂਟ ਚਾਰਜ/ਰਜਿਸਟ੍ਰੇਸ਼ਨ ਚਾਰਜ, ਸਟੈਂਪ ਡਿਊਟੀ, ਜੀਐਸਟੀ, ਟੈਕਸ ਆਦਿ ਸਮੇਤ ਹੋਰ ਬਕਾਏ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ।
6. ਫਾਰਮ 16ਬੀ 'ਤੇ ਟੀਡੀਐਸ ਦਾ ਟੀਡੀਐਸ ਸਰਟੀਫਿਕੇਟ ਬਾਅਦ ਵਿੱਚ ਬੈਂਕ ਨੂੰ ਜਮ੍ਹਾ ਕਰਨਾ ਹੋਵੇਗਾ। ਜਿੱਥੇ ਜਾਇਦਾਦ ਦੀ ਵਿਕਰੀ ਕੀਮਤ 50.00 ਲੱਖ ਰੁਪਏ ਅਤੇ ਇਸ ਤੋਂ ਵੱਧ ਹੈ, ਨਿਲਾਮੀ ਖਰੀਦਦਾਰ ਨੂੰ ਆਮਦਨ ਕਰ ਐਕਟ ਦੀ ਧਾਰਾ 194 ਆਈਏ ਦੇ ਅਨੁਸਾਰ ਆਮਦਨ ਕਰ ਵਿਭਾਗ ਨੂੰ ਟੀਡੀਐਸ ਭੇਜਣਾ ਪਵੇਗਾ। ਵਿਕਰੀ ਸਰਟੀਫਿਕੇਟ ਸਿਰਫ ਫਾਰਮ ਨੰਬਰ 26QB ਅਤੇ ਚਲਾਨ ਦੀ ਰਸੀਦ ਜਾਰੀ ਕੀਤੀ ਜਾਵੇਗੀ।
7. ਸੰਪੱਤੀ/ਆਂ ਦੇ ਉਪਰ ਕੋਈ ਵੀ ਦੇਣਦਾਰੀਆਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੀ ਜਾਣਕਾਰੀ ਵਿਚ ਨਹੀਂ ਹਨ।
8. ਅਧਿਕਾਰਤ ਅਧਿਕਾਰੀ ਕਿਸੇ ਵੀ ਸਮੇਂ ਸਾਰੀਆਂ ਬੋਲੀਆਂ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ, ਜੇਕਰ ਸਵੀਕਾਰਯੋਗ ਨਹੀਂ ਪਾਇਆ ਜਾਂਦਾ ਹੈ ਜਾਂ ਬਿਨਾਂ ਕਿਸੇ ਕਾਰਨ ਦੱਸੇ ਨਿਲਾਮੀ ਦੀਆਂ ਸ਼ਰਤਾਂ ਨੂੰ ਮੁਲਤਵੀ/ਰੱਦ/ਮੁਲਤਵੀ/ਬੰਦ ਕਰਨ ਜਾਂ ਬਦਲਣ ਦਾ ਅਧਿਕਾਰ ਰੱਖਦਾ ਹੈ ਅਤੇ ਇਸ ਸਬੰਧ ਵਿੱਚ ਉਸਦਾ ਫੈਸਲਾ ਅੰਤਿਮ ਹੋਵੇਗਾ।
9. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ support.baanknet@psballiance.com +9182912 20220 ਅਤੇ www.pnbindia.bank.in ਦਾ ਹਵਾਲਾ ਲਓ ਜਾਂ ਸਾਡੇ ਅਧਿਕਾਰੀ, ਫਾਜ਼ਿਲਕਾ ਫੋਨ ਨੰ. 01638-500164, ਅਤੇ ਚੀਫ ਮੈਨੇਜਰ ਸ੍ਰੀ ਪ੍ਰੇਮ ਕੁਮਾਰ, ਮੋਬ ਨੰ. 98298 90590, ਨੂੰ ਸੰਪਰਕ ਕਰੋ ਜਾਂ cofazilka@pnb.bank.in 'ਤੇ ਈਮੇਲ ਕਰੋ।

ਮਿਤੀ : 17.02.2026 ਸਥਾਨ : ਫਾਜ਼ਿਲਕਾ ਅਧਿਕਾਰਤ ਅਧਿਕਾਰੀ, ਪੰਜਾਬ ਨੈਸ਼ਨਲ ਬੈਂਕ

ਸਰਫਾਇਸੀ ਐਕਟ 2002 ਦੇ ਨਿਯਮ 8(6) ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ

ਮਾਝਾ-ਦੁਆਬਾ

ਆਸ ਪਾਸ

ਨਸ਼ਾ ਤਸਕਰਾਂ ਦੀ ਨਾਜਾਇਜ਼ ਬਣਾਈ ਜਾਇਦਾਦ ਨੂੰ ਢਾਹਿਆ

ਅੰਮ੍ਰਿਤਸਰ, 17 ਫਰਵਰੀ (ਬਬਲੂ ਮਹਾਜਨ) :ਮਾਨਯੋਗ ਮੁੱਖ ਮੰਤਰੀ ਸ਼੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਜਾਰੀ ਕਾਰਵਾਈ ਵਿੱਚ, ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਨੇ ਅੱਜ ਪੁਲਿਸ ਸਟੇਸ਼ਨ ਬੀ ਡਿਵੀਜ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਮੰਦਰ ਵਾਲਾ ਬਾਜ਼ਾਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਵਿਖੇ ਸਥਿਤ ਜਾਣੇ-ਪਛਾਣੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਦੀ ਗੈਰ-ਕਾਨੂੰਨੀ ਤੌਰ ਤੇ ਪ੍ਰਾਪਤ ਜਾਇਦਾਦ ਨੂੰ ਢਾਹ ਦਿੱਤਾ।ਇਹ ਜਾਇਦਾਦ *ਅਨਮੋਲ, (34) ਸੋਨੀਆ (24) ਅਤੇ ਗਗਨਦੀਪ ਸਿੰਘ ਉਰਫ਼ ਗੋਰਾ (25) (ਭੈਣਾਂ ਅਤੇ ਭਰਾ) ਸਾਰੇ ਵਾਸੀ ਐਲ2/151, ਗਲੀ ਨੰਬਰ 3, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ* ਦੀ ਸੀ, *ਤਿੰਨੋਂ ਭੈਣ-ਭਰਾ ਹਨ ਅਤੇ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਰਹੇ ਹਨ। ਉਨ੍ਹਾਂ ਵਿਰੁੱਧ ਐਨਡੀਪੀਐਸ ਐਕਟ ਤਹਿਤ ਕਈ ਮਾਮਲੇ ਦਰਜ ਹਨ*।*ਦੋਸ਼ੀਆਂ ਵਿਰੁੱਧ ਦਰਜ ਐਫਆਈਆਰ* ਦੇ ਵੇਰਵੇ (02 ਐਨਡੀਪੀਐਸ ਮਾਮਲੇ): ਐਫਆਈਆਰ ਨੰਬਰ 223 ਮਿਤੀ 23-09-2025 ਅਧੀਨ 21-ਬੀ, 27-ਏ, 29 ਐਨਡੀਪੀਐਸ ਐਕਟ, ਪੀਐਸ ਬੀ ਡਿਵੀਜ਼ਨ, ਅੰਮ੍ਰਿਤਸਰ ਦੋਸ਼ੀ: ਅਨਮੋਲ ਅਤੇ ਗਗਨਦੀਪ ਸਿੰਘ ਉਰਫ ਗੋਰਾ ਐਫਆਈਆਰ ਨੰਬਰ 177 ਮਿਤੀ 18-08-2025 ਅਧੀਨ 21-ਬੀ, 27-ਏ ਐਨਡੀਪੀਐਸ ਐਕਟ, ਪੀਐਸ ਬੀ ਡਿਵੀਜ਼ਨ, ਅੰਮ੍ਰਿਤਸਰ ਦੋਸ਼ੀ: ਸੋਨੀਆਅੱਜ, ਨਸ਼ੀਲੇ ਪਦਾਰਥਾਂ ਦੀ ਤਸਕਰੀ ਤੋਂ ਬਣੀਆਂ ਜਾਇਦਾਦਾਂ ਵਿਰੁੱਧ ਚੱਲ ਰਹੀ ਮੁਹਿੰਮ ਦੇ ਹਿੱਸੇ ਵਜੋਂ, ਅੰਮ੍ਰਿਤਸਰ ਦੇ ਸੁਲਤਾਨਵਿੰਡ ਰੋਡ, ਦੇ ਮੰਦਰ ਵਾਲਾ ਬਾਜ਼ਾਰ ਵਿਖੇ ਸਥਿਤ ਗੈਰ-ਕਾਨੂੰਨੀ ਤੌਰ ਤੇ ਪ੍ਰਾਪਤ ਕੀਤੀ ਗਈ ਇਮਾਰਤ ਨੂੰ ਨਗਰ ਨਿਗਮ ਦੁਆਰਾ ਢਾਹ ਦਿੱਤਾ ਗਿਆ।ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨਸ਼ੀਲੇ ਪਦਾਰਥਾਂ ਦੇ ਨੈੱਟਵਰਕਾਂ ਨੂੰ ਖਤਮ ਕਰਨ ਅਤੇ ਨਸ਼ੀਲੇ ਪਦਾਰਥਾਂ ਦੇ ਵਪਾਰ ਵਿੱਚ ਸ਼ਾਮਲ ਅਪਰਾਧੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵਚਨਬੱਧ ਹੈ। ਅਜਿਹੀਆਂ ਕਾਰਵਾਈਆਂ ਇੱਕ ਸਖ਼ਤ ਸੁਨੇਹਾ ਦਿੰਦੀਆਂ ਹਨ ਕਿ ਨਸ਼ੀਲੇ ਪਦਾਰਥਾਂ ਦੇ ਪੈਸੇ ਰਾਹੀਂ ਬਣਾਈਆਂ ਗਈਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਖੜ੍ਹਾ ਨਹੀਂ ਹੋਣ ਦਿੱਤਾ ਜਾਵੇਗਾ। *ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਪੰਜਾਬ ਪੁਲਿਸ* *ਗੈਂਗਸਟਰ ਵਿਰੋਧੀ ਹੈਲਪਲਾਈਨ ਨੰਬਰ 93946-93946 (ਕਾਲ/ਵਟਸਐਪ)* ਤੇ ਜਾਣਕਾਰੀ ਸਾਂਝੀ ਕਰਕੇ ਗੈਂਗ ਅਪਰਾਧ ਵਿਰੁੱਧ ਲੜਾਈ ਦਾ ਸਮਰਥਨ ਕਰਨ। *ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ, ਅਤੇ ਗੈਂਗਸਟਰਾਂ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਦੇਣ ਵਾਲੇ ਨੂੰ 10 ਲੱਖ ਤੱਕ ਦਾ ਇਨਾਮ ਦਿੱਤਾ ਜਾ ਸਕਦਾ ਹੈ।

19 ਫਰਵਰੀ ਨੂੰ ਹੋਵੇਗੀ 4 ਹ.ਫਤੇ ਦੀ ਡੇਅਰੀ ਸਿਖਲਾਈ ਕੋਰਸ ਦੀ ਕੌਂਸਲਿੰਗ

ਅੰਮ੍ਰਿਤਸਰ, 17 ਫਰਵਰੀ (ਬਬਲੂ ਮਹਾਜਨ) :ਕੈਬਨਿਟ ਮੰਤਰੀ ਟ੍ਰਾਂਸਪੋਰਟ ਵਿਭਾਗ ਅਤੇ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ, ਸ੍ਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ ਸ਼੍ਰੀ ਵਰਿਆਮ ਸਿੰਘ ਦੇ ਦਿਸ਼ਾ ਨਿਰਦੇਸ਼: ਅਨੁਸਾਰ ਸ਼੍ਰੀ ਵਰਿਆਮ ਸਿੰਘ , ਇੰਚਾਰਜ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਦੀ ਰਹਿਨੁਮਾਈ ਹੇਠ ਡੇਅਰੀ ਫਾਰਮਰਾਂ ਨੂੰ 4 ਹਫਤੇ ਡੇਅਰੀ ਸਿਖਲਾਈ ਕੋਰਸ 23-2-2026 ਤੋਂ 20-3-2026 ਤੱਕ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਵਿਖੇ ਚਲਾਇਆ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਡੇਅਰੀ ਸਵੈ ਰੋਜ਼ਗਾਰ ਸਿਖਲਾਈ ਸਬੰਧੀ ਕੌਂਸਲਿੰਗ 19 ਫਰਵਰੀ ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ ਵਿਖੇ ਰੱਖੀ ਗਈ ਹੈ, ਜਿਸ ਵਿੱਚ ਦੁੱਧ ਤੋਂ ਦੁੱਧ ਦੇ ਪਦਾਰਥ ਬਣਾਉਣ, ਡੇਅਰੀ ਫਾਰਮ ਦਾ ਪ੍ਰਬੰਧ ,ਦੁਧਾਰੂ ਪਸ਼ੂਆਂ ਦੀ ਨਸਲ ਸੁਧਾਰ, ਅਤੇ ਸੰਤੁਲਿਤ ਪਸ਼ੂ ਖੁਰਾਕ ਸਬੰਧੀ, ਆਧੁਨਿਕ ਤਕਨੀਕ ਨਾਲ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਇਸ ਸਿਖਲਾਈ ਲਈ ਜਿਲਾ ਅੰਮ੍ਰਿਤਸਰ ਦੇ ਚਾਹਵਾਨ ਡੇਅਰੀ ਫਾਰਮਰ ਮਿਤੀ 19-2-2026 ਨੂੰ ਪੰਜਵੀ/ਦਸਵੀਂ ਜਾਂ ਬਾਰਵੀਂ ਦਾ ਸਰਟੀਫਿਕੇਟ ਅਧਾਰ ਕਾਰਡ ਸਮੇਤ ਪਾਸਪੋਰਟ ਸਾਈਜ ਫੋਟੋ ਲੈ ਕੇ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ, ਵੇਰਕਾ ਵਿਖੇ ਸਵੇਰੇ 9.00 ਵਜੇ ਕਾਉਂਸਲਿੰਗ ਲਈ ਹਾਜਰ ਹੋਣ । ਟ੍ਰੇਨਿੰਗ ਲਈ ਜਨਰਲ ਕੈਟਾਗਰੀ ਦੇ ਫਾਰਮਰਾਂ ਲਈ ਫੀਸ 5000/- ਰੁਪਏ ਹੈ ਅਤੇ ਅਨੁਸੂਚਿਤ ਜਾਤੀ ਦੇ ਫਾਰਮਰਾਂ ਲਈ 4000/- ਰੁਪਏ ਹੈ।ਇਸ ਸਬੰਧੀ ਨਿਰਧਾਰਤ ਪ੍ਰੋਫਾਰਮੇ ਲਈ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਵੇਰਕਾ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ । ਵਧੇਰੇ ਜਾਣਕਾਰੀ ਲਈ ਚਾਹਵਾਨ ਮੋਬਾਇਲ ਨੰ. 8872918300 ਅਤੇ 9465725610 'ਤੇ ਸੰਪਰਕ ਕਰ ਸਕਦੇ ਹਨ।

ਡਾ. ਇੰਦਰਬੀਰ ਸਿੰਘ ਨਿੱਝਰ ਵੱਲੋਂ ਵਿਕਾਸ ਕਾਰਜਾਂ ਬਾਰੇ ਮੀਟਿੰਗ

ਅੰਮ੍ਰਿਤਸਰ, 17 ਫਰਵਰੀ(ਬਬਲੂ ਮਹਾਜਨ) : ਵਿਧਾਨ ਸਭਾ ਹਲਕਾ ਅੰਮ੍ਰਿਤਸਰ (ਦੱਖਣੀ) ਦੇ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਵੱਲੋਂ ਪਿੰਡ ਸੁਲਤਾਨਵਿੰਡ, ਵਾਰਡ ਨੰਬਰ 37 ਦੇ ਨਿਵਾਸੀਆਂ ਨਾਲ ਮੀਟਿੰਗ ਕਰਕੇ ਵਾਰਡ ਵਿੱਚ ਚੱਲ ਰਹੇ ਢਾਂਚਾਗਤ ਵਿਕਾਸ ਕਾਰਜਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਇਲਾਕਾ ਨਿਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਅਮ੍ਰਿਤਸਰ ਦੱਖਣੀ ਦੇ ਵਿਕਾਸ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਇਸ ਨੂੰ ਵਿਕਾਸ ਵਰ੍ਹੇ ਵਜੋਂ ਮਨਾਉਂਦਿਆਂ ਹਲਕੇ ਵਿੱਚ ਵਿਕਾਸ ਦੇ ਨਵੇਂ ਅਯਾਮ ਕਾਇਮ ਕੀਤੇ ਜਾਣਗੇ।ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਪੂਰੀ ਦੁਨੀਆਂ ਵਿੱਚ ਆਪਣੀ ਖਾਸ ਥਾਂ ਰੱਖਦੀ ਹੈ ਅਤੇ ਦੁਨੀਆਂ ਭਰ ਵਿੱਚੋਂ ਸ਼ਰਧਾਲੂ ਏਥੇ ਆਪਣੀ ਅਕੀਦਤ ਭੇਟ ਕਰਨ ਆਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਏਥੇ ਦੇ ਵਸਨੀਕਾਂ ਲਈ ਸਾਰੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ ਓਥੇ ਇਹ ਯਤਨ ਵੀ ਕੀਤੇ ਜਾ ਰਹੇ ਹਨ ਕਿ ਇਸ ਸ਼ਹਿਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਕੋਈ ਪਰੇਸ਼ਾਨੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਫ਼ਾਈ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਨਗਰ ਨਿਗਮ ਦੀਆਂ ਟੀਮਾਂ ਇਸ ਕੰਮ ਉੱਪਰ ਲੱਗੀਆਂ ਹੋਈਆਂ ਹਨ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸ਼ਹਿਰ ਦੀ ਸਫ਼ਾਈ ਰੱਖਣ ਵਿੱਚ ਆਪਣਾ ਮੋਹਰੀ ਯੋਗਦਾਨ ਪਾਉਣ।ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਬਜਟ ਵਿੱਚ ਸੂਬੇ ਦੇ ਵਿਕਾਸ ਲਈ ਹੋਰ ਵੀ ਫੰਡ ਰੱਖੇ ਜਾਣਗੇ ਅਤੇ ਜਿਹੜੇ ਵਿਕਾਸ ਕਾਰਜ ਰਹਿ ਗਏ ਹਨ ਉਨ੍ਹਾਂ ਨੂੰ ਪੂਰਾ ਕੀਤਾ ਜਾਵੇਗਾ। ਮੀਟਿੰਗ ਦੌਰਾਨ ਇਲਾਕੇ ਦੇ ਲੋਕਾਂ ਨੇ ਵਿਧਾਇਕ ਡਾ. ਨਿੱਜਰ ਨੂੰ ਆਪਣੀਆਂ ਮੁਸ਼ਕਲਾਂ ਤੋਂ ਜਾਣੂ ਕਰਵਾਇਆ, ਜਿਸ ਤੇ ਡਾ. ਨਿੱਜਰ ਨੇ ਹਲਕਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਇਲਾਕੇ ਦੇ ਵਿਕਾਸ ਸਬੰਧੀ ਉਨ੍ਹਾਂ ਦੀ ਲੋੜਾਂ ਨੂੰ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਵਾਰਡ ਇੰਚਾਰਜ ਅਤੇ ਪ੍ਰਗਤੀਸ਼ੀਲ ਨੌਜਵਾਨ ਆਗੂ ਸ. ਹਿੰਮਤਜੀਤ ਸਿੰਘ ਤੇ ਇਲਾਕੇ ਦੇ ਹੋਰ ਮੁਹਤਬਰ ਵੀ ਹਾਜ਼ਰ ਸਨ।ਇਸ ਮੌਕੇ ਉਨ੍ਹਾਂ ਨਾਲ ਵਾਰਡ ਇੰਚਾਰਜ ਅਤੇ ਪ੍ਰਗਤੀਸ਼ੀਲ ਨੌਜਵਾਨ ਆਗੂ ਸ. ਹਿੰਮਤਜੀਤ ਸਿੰਘ ਤੇ ਇਲਾਕੇ ਦੇ ਹੋਰ ਮੁਹਤਬਰ ਵੀ ਹਾਜ਼ਰ ਸਨ।

ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਰਾਵਾਭਾਟਾ ਦੀ ਇਮਾਰਤ ਨਵੀਨੀਕਰਨ ਮਗਰੋਂ ਸੰਗਤ ਅਰਪਣ

ਐਡਵੋਕੇਟ ਧਾਮੀ ਨੇ ਸੰਗਤ ਦੀ ਰਿਹਾਇਸ਼ ਲਈ 'ਸ੍ਰੀ ਗੁਰੂ ਨਾਨਕ ਦੇਵ ਭਵਨ' ਦਾ ਰੱਖਿਆ ਨੀਂਹ ਪੱਥਰ

ਅੰਮ੍ਰਿਤਸਰ, 17 ਫਰਵਰੀ(ਗੁਰਦਿਆਲ ਸਿੰਘ) : :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਰਾਏਪੁਰ ਵਿਖੇ ਛੱਤੀਸਗੜ੍ਹ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਪ੍ਰਮੁੱਖ ਸਿੱਖ ਆਗੂਆਂ ਨਾਲ ਇਕੱਤਰਤਾ ਕਰਕੇ ਸੂਬੇ ਅੰਦਰ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਚਰਚਾ ਕੀਤੀ ਅਤੇ ਭਵਿੱਖ ਵਿਚ ਸਿੱਖੀ ਦੇ ਪ੍ਰਚਾਰ ਪ੍ਰਸਾਰ ਨੂੰ ਹੋਰ ਤੇਜ਼ ਕਰਨ ਲਈ ਰੂਪ-ਰੇਖਾ ਉਲੀਕੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਛੱਤੀਸਗੜ੍ਹ ਦੇ ਰਾਏਪੁਰ ਵਿਖੇ ਸਥਿਤ ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਰਾਵਾਭਾਟਾ ਦੀ ਇਮਾਰਤ ਦੇ ਨਵੀਨੀਕਰਨ ਮਗਰੋਂ ਸੰਗਤ ਅਰਪਣ ਕਰਨ ਸਮੇਂ ਹੋ ਰਹੇ ਗੁਰਮਤਿ ਸਮਾਗਮ ਵਿਚ ਸ਼ਮੂਲੀਅਤ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਉਂਦੀਆਂ ਸੰਗਤਾਂ ਦੀ ਰਿਹਾਇਸ਼ ਲਈ 'ਸ੍ਰੀ ਗੁਰੂ ਨਾਨਕ ਦੇਵ ਭਵਨ' ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਗੁਰਦੁਆਰਾ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਛੱਤੀਸਗੜ੍ਹ ਰਾਹੀਂ ਚਲਾਇਆ ਜਾਂਦਾ ਹੈ। ਇਸ ਦਰਬਾਰ ਦੇ ਨਵੀਨੀਕਰਨ ਦੀ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਸ. ਜਗਜੀਤ ਸਿੰਘ ਖਨੂਜਾ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕਰਵਾਈ ਗਈ ਹੈ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਤੋਂ ਬਾਹਰ ਸਿੱਖ ਮਿਸ਼ਨਾਂ ਰਾਹੀਂ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਉਚੇਚੇ ਯਤਨ ਕੀਤੇ ਜਾਂਦੇ ਹਨ।ਇਸੇ ਤਰ੍ਹਾਂ ਸਿੱਖ ਮਿਸ਼ਨ ਛੱਤੀਸਗੜ੍ਹ ਵੀ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਨਿਰੰਤਰ ਕਾਰਜਸ਼ੀਲ ਹੈ ਅਤੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਤੇਜ਼ ਕਰਨ ਲਈ ਛੱਤੀਸਗੜ੍ਹ ਦੀਆਂ ਗੁਰਦੁਆਰਾ ਕਮੇਟੀਆਂ ਦੇ ਸਹਿਯੋਗ ਨਾਲ ਉਚੇਚੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਵੱਡੇ ਮਾਣ ਵਾਲੀ ਗੱਲ ਹੈ ਕਿ ਬਾਹਰ ਵੱਸਦੇ ਸਿੱਖਾਂ ਨੇ ਗੁਰੂ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਆਪਣੇ ਸਿੱਖੀ ਸਰੂਪ ਨੂੰ ਸੰਭਾਲ ਕੇ ਰੱਖਿਆ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਰ ਸਿੱਖ ਦੀ ਆਪਣੀ ਸੰਸਥਾ ਹੈ, ਜਿਸ ਨੂੰ ਸਾਡੇ ਬਜ਼ੁਰਗਾਂ ਨੇ ਲੰਮੇ ਸੰਘਰਸ਼ ਤੋਂ ਬਾਅਦ ਹੋਂਦ ਵਿਚ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਆਪਣੀ ਮਾਣ-ਮੱਤੀ ਸੰਸਥਾ ਨਾਲ ਸਹਿਯੋਗ ਕਰਦਿਆਂ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਕਰਨੇ ਹਰ ਸਿੱਖ ਦਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਪਾਵਨ ਅਸਥਾਨ 'ਤੇ ਸੰਗਤਾਂ ਦੀ ਸਹੂਲਤ ਲਈ ਹੋਰ ਕਾਰਜ ਵੀ ਕੀਤੇ ਜਾਣਗੇ, ਜਿਸ ਲਈ ਵਿਸ਼ੇਸ਼ ਤੌਰ 'ਤੇ ਰਾਸ਼ੀ ਦਾ ਪ੍ਰਬੰਧ ਕੀਤਾ ਜਾਵੇਗਾ। ਇਸੇ ਦੌਰਾਨ ਛੱਤੀਗੜ੍ਹ ਦੇ ਸਮਾਜਸੇਵੀ ਤੇ ਸਿੱਖ ਆਗੂ ਸ. ਬਲਦੇਵ ਸਿੰਘ ਭਾਟੀਆ ਅਤੇ ਛੱਤੀਸਗੜ੍ਹ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਅਮਰਜੀਤ ਸਿੰਘ ਛਾਬੜਾ ਨੇ ਵੀ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਛੱਤੀਸਗੜ੍ਹ ਦੇ ਸਿੱਖ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਸਿੱਖ ਮਿਸ਼ਨ ਛੱਤੀਸਗੜ੍ਹ ਦੇ ਇੰਚਾਰਜ ਸ. ਗੁਰਮੀਤ ਸਿੰਘ ਸੈਣੀ ਤੇ ਸ. ਅਜੀਤ ਸਿੰਘ, ਛੱਤੀਸਗੜ੍ਹ ਦੇ ਸਿੱਖ ਆਗੂ ਸ. ਜਗਜੀਤ ਸਿੰਘ ਖਨੂਜਾ, ਸ. ਜੀ.ਐਸ. ਬਾਮਰਾ, ਘੱਟਗਿਣਤੀ ਕਮਿਸ਼ਨ ਛੱਤੀਸਗੜ੍ਹ ਦੇ ਚੇਅਰਮੈਨ ਸ.ਅਮਰਜੀਤ ਸਿੰਘ ਛਾਬੜਾ, ਸ. ਬਲਦੇਵ ਸਿੰਘ ਭਾਟੀਆ,ਸਾਬਕਾ ਵਿਧਾਇਕ ਸ.ਗੁਰਮੁੱਖ ਸਿੰਘ, ਸ. ਕੁਲਦੀਪ ਸਿੰਘ ਜਨੇਜਾ, ਸ. ਰਵੀ ਰਾਜ ਸਿੰਘ, ਸ. ਬਲਰਾਜ ਸਿੰਘ, ਸ. ਗੁਰਮੇਜ ਸਿੰਘ ਭਾਵਰਾ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ।

ਵਿਧਾਇਕ ਸੰਧੂ ਨੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ

ਅੰਮ੍ਰਿਤਸਰ,17 ਫਰਵਰੀ(ਗੁਰਦਿਆਲ ਸਿੰਘ/ਬਬਲੂ ਮਹਾਜਨ): ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੱਛਮੀ ਵਿੱਚ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਵੱਲੋਂ ਵਾਰਡ ਨੰਬਰ 70 ਦੇ ਇਲਾਕਾ ਛੋਟਾ ਹਰੀਪੁਰਾ ਵਿੱਚ ਨਵੀਂ ਸੀਵਰੇਜ ਲਾਈਨ ਪਾਉਣ ਅਤੇ ਏਕਤਾ ਨਗਰ ਦੀ ਗਲੀ ਨੰਬਰ ਇਕ ਵਿੱਚ ਪੀਣ ਵਾਲੇ ਪਾਣੀ ਲਈ ਨਵੀਂ ਲਾਈਨ ਪਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਵਾਰਡ ਨੰਬਰ 70 ਤੋਂ ਕੌਂਸਲਰ ਵਿਜੇ ਭਗਤ ਅਤੇ ਇਲਾਕੇ ਦੇ ਹੋਰ ਮੁਹਤਬਰ ਵੀ ਮੌਜੂਦ ਸਨ।ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਦਿਆਂ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਵੱਲੋਂ ਸੂਬੇ ਦੇ ਸਰਬਪੱਖੀ ਵਿਕਾਸ ਲਈ ਪੂਰੀ ਸੁਹਿਰਦਤਾ ਨਾਲ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਗੁਰੂ ਨਗਰੀ ਅੰਮ੍ਰਿਤਸਰ ਦੇ ਵਿਕਾਸ ਵੱਲ ਵਿਸ਼ੇਸ਼ ਤਵੱਜੋ ਦਿੰਦਿਆਂ ਏਥੇ ਦੇ ਵਸਨੀਕਾਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਪਹਿਲ ਦੇ ਅਧਾਰ ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੱਛਮੀ ਦੇ ਇਲਾਕੇ ਹਰੀਪਰਾ ਵਿੱਚ ਸੀਵਰੇਜ ਦੀ ਨਵੀਂ ਲਾਈਨ ਅਤੇ ਏਕਤਾ ਨਗਰ ਵਿੱਚ ਜਲ ਸਪਲਾਈ ਦੀ ਨਵੀਂ ਲਾਈਨ ਪਾਉਣ ਦੇ ਕੰਮ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਕੰਮ ਮੁਕੰਮਲ ਹੋਣ ਨਾਲ ਇਨ੍ਹਾਂ ਇਲਾਕਿਆਂ ਦੇ ਵਸਨੀਕਾਂ ਨੂੰ ਵੱਡੀ ਸਹੂਲਤ ਮਿਲੇਗੀ। ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸੂਬੇ ਨੂੰ ਵਿਕਾਸ ਦੀਆਂ ਬੁਲੰਦੀਆਂ ਤੇ ਪਹੁੰਚਾਉਣ ਲਈ ਭਰਪੂਰ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ 600 ਯੂਨਿਟ ਮੁਫ਼ਤ ਬਿਜਲੀ ਸਹੂਲਤ ਹੋਵੇ ਜਾਂ ਆਮ ਆਦਮੀ ਕਲੀਨਿਕਾਂ ਰਾਹੀਂ ਮੁਫ਼ਤ ਇਲਾਜ ਦੀ ਸਹੂਲਤ, ਇਹ ਸਿਰਫ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੀ ਲਾਗੂ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਹੁਣ ਹਰ ਪਰਿਵਾਰ ਲਈ 10 ਲੱਖ ਰੁਪਏ ਸਲਾਨਾ ਮੁਫ਼ਤ ਇਲਾਜ ਦੀ ਸਹੂਲਤ ਦਿੰਦਿਆਂ ਮੁੱਖ ਮੰਤਰੀ ਸਿਹਤ ਯੋਜਨਾ ਦੀ ਸ਼ੁਰੂਆਤ ਵੀ ਕੀਤੀ ਹੈ। ਸੂਬੇ ਦੇ ਨੌਜਵਾਨਾਂ ਨੂੰ 60 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰ ਖੇਤਰ ਵਿੱਚ ਆਮ ਆਦਮੀ ਪਾਰਟੀ ਨੇ ਨਵੀਂ ਕ੍ਰਾਂਤੀ ਲਿਆ ਕੇ ਰੰਗਲਾ ਪੰਜਾਬ ਸਿਰਜਣ ਵਿੱਚ ਯੋਗਦਾਨ ਪਾਇਆ ਹੈ।

ਐਸ.ਐੱਚ. ਓ. ਦਾ ਅਹੁਦਾ ਸੰਭਾਲਣ 'ਤੇ ਮੁਖਤਾਰ ਸਿੰਘ ਬੋਹਜਾ ਵੱਲੋਂ ਸਨਮਾਨ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 17ਫਰਵਰੀ(ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ) : ਨਵ ਨਿਯੁਕਤ ਥਾਣਾ ਮੁਖੀ ਘੁਮਾਣ ਐਸ ਐੱਚ ਓ ਹਰਜਿੰਦਰ ਸਿੰਘ ਦਿਉਲ ਨੂੰ ਥਾਣਾ ਘੁਮਾਣ ਦਾ ਅਹੁਦਾ ਸੰਭਾਲਣ 'ਤੇ ਬਲਾਕ ਸੰਮਤੀ ਮੈਂਬਰ ਅਤੇ ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ ਵੱਲੋਂ ਵਿਸ਼ੇਸ਼ ਤੌਰ 'ਤੇ ਗੁਲਦਸਤਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਬਲਾਕ ਸੰਮਤੀ ਮੈਂਬਰ ਮੁਖਤਿਆਰ ਸਿੰਘ ਬੋਹਜਾ ਨੇ ਕਿਹਾ ਕਿ ਐਸ ਐੱਚ ਓ ਹਰਜਿੰਦਰ ਸਿੰਘ ਦਿਉਲ ਬਹੁਤ ਹੀ ਇਮਾਨਦਾਰ ਅਫਸਰ ਹਨ, ਜੋ ਕਿ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹਨ ਅਤੇ ਇਨ੍ਹਾਂ ਦੇ ਥਾਣਾ ਘੁਮਾਣ ਦਾ ਅਹੁਦਾ ਸੰਭਾਲਦੀਆਂ ਸਾਰ ਹੀ ਨਸ਼ਾ ਤਸਕਰਾਂ ਨੂੰ ਭਾਜੜਾਂ ਪਾ ਦਿੱਤੀਆਂ ਹਨ। ਇਸ ਮੌਕੇ ਥਾਣਾ ਮੁਖੀ ਘੁਮਾਣ ਐਸ ਐੱਚ ਓ ਹਰਜਿੰਦਰ ਸਿੰਘ ਦਿਉਲ ਨੇ ਬਲਾਕ ਸੰਮਤੀ ਮੈਂਬਰ ਮੁਖਤਿਆਰ ਸਿੰਘ ਬੋਹਜਾ ਦਾ ਤਹਿਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਥਾਣਾ ਘੁਮਾਣ ਦੇ ਅਧੀਨ ਆਉਂਦੇ ਪਿੰਡ ਦੇ ਹਰ ਵਿਅਕਤੀ ਦਾ ਥਾਣਾ ਦੇ ਵਿੱਚ ਪੂਰਾ ਮਾਣ ਸਨਮਾਨ ਕੀਤਾ ਜਾਵੇਗਾ।

ਚਾਰ ਦਹਾਕਿਆਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੇ ਜ਼ਿਲਾ ਪ੍ਰਧਾਨਾਂ ਦੀ ਮੀਟਿੰਗ ਸ੍ਰੀ ਅੰਮ੍ਰਿਤਸਰ ਵਿਖੇ ਹੋਈ

ਅੰਮ੍ਰਿਤਸਰ, 17 ਫਰਵਰੀ (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਵਰਕਿੰਗ ਕਮੇਟੀ ਤੇ ਜ਼ਿਲਾ ਪ੍ਰਧਾਨਾਂ ਦੀ ਇਕ ਜ਼ਰੂਰੀ ਮੀਟਿੰਗ ਮੁੱਖ ਦਫ਼ਤਰ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਈ। ਇਨ੍ਹਾਂ ਦੋ ਵੱਖ-ਵੱਖ ਹੋਈਆਂ ਮੀਟਿੰਗਾਂ ਦੀ ਪ੍ਰਧਾਨਗੀ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਗਈ। ਪਹਿਲੀ ਮੀਟਿੰਗ ਵਰਕਿੰਗ ਕਮੇਟੀ ਦੀ ਅਤੇ ਦੂਜੀ ਮੀਟਿੰਗ ਜ਼ਿਲ੍ਹਾ ਪ੍ਰਧਾਨਾਂ ਦੀ ਸ਼ੁਰੂ ਹੋਣ ਤੋਂ ਪਹਿਲਾਂ ਮੂਲ ਮੰਤਰ ਅਤੇ ਗੁਰਮੰਤਰ ਦਾ ਜਾਪ ਕੀਤਾ ਗਿਆ। ਸਮੁੱਚੀ ਵਰਕਿੰਗ ਕਮੇਟੀ ਅਤੇ ਜ਼ਿਲ੍ਹਾ ਪ੍ਰਧਾਨਾਂ ਨੇ ਪਾਰਟੀ ਦੀ ਚੜ੍ਹਦੀਕਲਾ ਲਈ, ਪਾਰਟੀ ਦੇ ਹਰ ਪ੍ਰੋਗਰਾਮ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਅਤੇ ਸਿਆਸੀ ਗਤੀਵਿਧੀਆਂ ਵਿਚ ਕਿਵੇਂ ਵਾਧਾ ਹੋ ਸਕੇ ਸੰਬੰਧੀ ਖੁੱਲ ਕੇ ਵਿਚਾਰਾਂ ਕੀਤੀਆਂ। ਪੰਥ ਅਤੇ ਸੂਬੇ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਵੀ ਵਿਚਾਰਾਂ ਹੋਈਆਂ। ਸਮੁੱਚੇ ਜ਼ਿਲ੍ਹਾ ਪ੍ਰਧਾਨਾਂ ਵੱਲੋਂ ਇਹ ਗੱਲ ਦੁਹਰਾਈ ਗਈ ਕਿ ਜਲਦੀ ਹੀ ਜ਼ਿਲ੍ਹਾ ਜਥੇਬੰਦੀਆਂ ਦੀ ਮੁਕੰਮਲਤਾ ਕਰਕੇ ਰਹਿੰਦੇ ਜ਼ਿਲ੍ਹਿਆਂ ਵਿਚ ਜਲਦੀ ਹੀ ਮੀਟਿੰਗਾਂ ਕਰਵਾ ਕੇ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਸਿੰਘ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਨਿਤ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਜ਼ਮੀਨਾਂ ਦੇ ਘਪਲੇ ਹੋ ਰਹੇ ਹਨ। ਗੁਰਦੁਆਰਾ ਅੰਬ ਸਾਹਿਬ ਮੁਹਾਲੀ ਦੇ ਬੇਸ਼ਕੀਮਤੀ ਜ਼ਮੀਨ ਵੇਚਣ ਦਾ ਘਪਲਾ ਜੱਗ ਜਾਹਰ ਹੋਣ ਤੋਂ ਬਾਅਦ ਉਨ੍ਹਾਂ ਇਕ ਹੋਰ ਜ਼ਮੀਨਾਂ ਘਪਲੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਭੱਠਾ ਸਾਹਿਬ ਕੋਟਲਾ ਨਿਹੰਗ ਖਾਂ ਰੋਪੜ ਦੀ ਬੇਸ਼ਕੀਮਤੀ ਜ਼ਮੀਨ ਜਿਹੜੀ ਮੇਨ ਰੋਡ 'ਤੇ ਸਥਿਤ ਸੀ ਕੌਡੀਆਂ ਦੇ ਭਾਅ ਪਿਛਲੇ ਸਾਲ ਵੇਚ ਦਿੱਤੀ ਗਈ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਦਿੱਲੀ ਤੋਂ ਆਏ ਲੁਟੇਰਿਆਂ ਦੀ ਜੇਬ ਭਰਨ ਲਈ ਸਰਕਾਰੀ ਜ਼ਮੀਨਾਂ ਨਿਤ ਦਿਹਾੜੇ ਵੇਚ ਰਹੇ ਹਨ। ਇਸੇ ਦੀ ਤਰਜ 'ਤੇ ਸੁਖਬੀਰ ਬਾਦਲ ਐਸ. ਜੀ. ਪੀ. ਸੀ. ਦੀਆਂ ਜ਼ਮੀਨਾਂ ਵੇਚ ਕੇ ਕਰੋੜਾਂ ਰੁਪਿਆ ਇਕੱਠਾ ਕਰਕੇ 2027 ਦੀਆਂ ਚੋਣਾਂ ਵਿਚ ਖਰਚਣਾ ਚਾਹੁੰਦੇ ਹਨ। ਉਨ੍ਹਾਂ ਆਉਣ ਵਾਲੇ ਸਮੇਂ ਵਿਚ ਐਸ. ਜੀ. ਪੀ. ਸੀ. ਦੀਆਂ ਜਨਰਲ ਚੋਣਾਂ ਕਰਵਾਉਣ ਸੰਬੰਧੀ ਅਤੇ ਇਸ ਵਿਚ ਹੋ ਰਹੇ ਨਿਤ ਦਿਹਾੜੇ ਬੇਨਿਯਮੀਆਂ ਸੰਬੰਧੀ ਸੰਘਰਸ਼ ਵਿੱਢਣ ਦੀ ਆਵਾਜ਼ ਉਠਾਈ। ਉਨ੍ਹਾਂ ਕਿਹਾ ਕਿ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ ਵਟਾਂਦਰਾ ਕਰਕੇ ਜਲਦੀ ਹੀ ਇਸਤਰੀ ਵਿੰਗ ਅਤੇ ਯੂਥ ਅਕਾਲੀ ਦਲ ਦਾ ਢਾਂਚਾ ਗਠਿਤ ਕੀਤਾ ਜਾਵੇਗਾ। ਸ਼੍ਰੋਮਣੀ ਅਲੀ ਦਲ ਪੁਨਰ ਸੁਰਜੀਤ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ 'ਤੇ ਵਿਸ਼ਾਲ ਅਕਾਲੀ ਕਾਨਫਰੰਸ ਕੀਤੀ ਜਾਵੇਗੀ ਸਮੁੱਚੇ ਆਗੂਆਂ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਸੱਦਾ ਦਿੱਤਾ 21 ਫਰਵਰੀ ਨੂੰ ਪਾਰਟੀ ਦੇ ਸੀਨੀਅਰ ਲੀਡਰ ਸ. ਕਰਨੈਲ ਸਿੰਘ ਪੰਜੋਲੀ ਅਤੇ ਪੰਥਕ ਸੰਸਥਾਵਾਂ ਵਲੋਂ ਪਿੰਡ ਹਵਾਰਾ ਵਿਖੇ ਹੋ ਰਹੇ ਪੰਥਕ ਇਕੱਠ ਵਿਚ ਪੁੱਜਣ ਲਈ ਵੀ ਸਮੁੱਚੇ ਆਗੂਆਂ ਨੂੰ ਬੇਨਤੀ ਕੀਤੀ ਤਾਂ ਕਿ ਜਥੇਦਾਰ ਹਵਾਰਾ ਨੂੰ ਆਪਣੀ ਬਜ਼ੁਰਗ ਮਾਤਾ ਨੂੰ ਮਿਲਣ ਲਈ ਪੈਰੋਲ ਦੇਣ ਸੰਬੰਧੀ ਸਰਕਾਰ 'ਤੇ ਦਬਾਅ ਬਣਾਇਆ ਜਾ ਸਕੇ। ਉਨ੍ਹਾਂ ਨੇ ਲੀਡਰਸ਼ਿਪ ਨੂੰ ਹਵਾਰਾ ਪਹੁੰਚਣ ਲਈ ਆਦੇਸ਼ ਦਿੱਤੇ। ਗਿਆਨੀ ਹਰਪ੍ਰੀਤ ਸਿੰਘ ਵਲੋਂ ਅੱਜ ਦੀ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਆਏ ਸਮੁੱਚੇ ਵਰਕਿੰਗ ਕਮੇਟੀ ਮੈਂਬਰ ਅਤੇ ਜ਼ਿਲ੍ਹਾ ਪ੍ਰਧਾਨਾਂ ਦੇ ਵਿਚਾਰ ਸੁਣ ਕੇ ਨੋਟ ਕੀਤੇ ਅਤੇ ਉਨ੍ਹਾਂ ਨਾਲ ਵਾਅਦਾ ਵੀ ਕੀਤਾ ਕਿ ਹਰ ਮਹੀਨੇ ਵਰਕਿੰਗ ਕਮੇਟੀ ਦੀ ਇਕ ਮੀਟਿੰਗ ਸ਼੍ਰੀ ਅੰਮ੍ਰਿਤਸਰ ਸਾਹਿਬ ਮੁੱਖ ਦਫ਼ਤਰ ਵਿਖੇ ਹੋਇਆ ਕਰੇਗੀ। ਅੱਜ ਦੀ ਇਸ ਮੀਟਿੰਗ ਵਿਚ ਕਈ ਮਤੇ ਵੀ ਪਾਸ ਕੀਤੇ ਗਏ।

ਨਗਰ ਨਿਗਮ ਅੰਮ੍ਰਿਤਸਰ ਵੱਲੋਂ ਅਣ-ਅਧਿਕਾਰਤ ਡੇਅਰੀਆਂ ਖ਼ਿਲਾਫ਼ ਕਾਰਵਾਈ ਦੀ ਤਿਆਰੀ

ਅੰਮ੍ਰਿਤਸਰ, 17 ਫਰਵਰੀ (ਬਬਲੂ ਮਹਾਜਨ) :ਨਗਰ ਨਿਗਮ ਅੰਮ੍ਰਿਤਸਰ ਦੇ ਕਮਿਸ਼ਨਰ ਸ਼੍ਰੀ ਬਿਕਰਮਜੀਤ ਸਿੰਘ ਸ਼ੇਰਗਿੱਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨਗਰ ਨਿਗਮ ਸ਼ਹਿਰ ਦੀ ਹੱਦਾਂ ਵਿੱਚ ਚੱਲ ਰਹੀਆਂ ਗੈਰ-ਅਧਿਕਾਰਤ ਡੇਅਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ। ਇਹ ਕਾਰਵਾਈ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਗੈਰਕਾਨੂੰਨੀ ਡੇਅਰੀਆਂ ਨੂੰ ਹਟਾਉਣ ਅਤੇ ਸ਼ਹਿਰੀ ਸਫ਼ਾਈ ਯਕੀਨੀ ਬਣਾਉਣ ਸੰਬੰਧੀ ਹੁਕਮਾਂ ਦੇ ਅਨੁਸਾਰ ਕੀਤੀ ਜਾ ਰਹੀ ਹੈ।ਇਸ ਸਮੀਖਿਆ ਮੀਟਿੰਗ ਵਿੱਚ ਸਹਾਇਕ ਕਮਿਸ਼ਨਰ ਸ਼੍ਰੀ ਵਿਸ਼ਾਲ ਵਾਧਵਨ, ਸ਼੍ਰੀ ਰਾਜਿੰਦਰ ਸ਼ਰਮਾ, ਸਕੱਤਰ ਸ਼੍ਰੀ ਸੁਸ਼ਾਂਤ ਭਾਟੀਆ ਅਤੇ ਐਸਐਮਓ ਡਾ. ਗੀਤੂ ਚਾਵਲਾ ਹਾਜ਼ਰ ਰਹੇ ਅਤੇ ਹੁਕਮਾਂ ਦੀ ਕਾਰਗੁਜ਼ਾਰੀ ਲਈ ਰਣਨੀਤੀ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਪ੍ਰਸਤਾਵਿਤ ਮੁਹਿੰਮ ਤਹਿਤ ਨਗਰ ਨਿਗਮ ਨੇ ਨਿਯਮਾਂ ਦੀ ਉਲੰਘਣਾ ਕਰ ਰਹੇ ਡੇਅਰੀ ਮਾਲਕਾਂ ਦੀ ਪਹਿਚਾਣ ਕਰ ਲਈ ਹੈ। ਪ੍ਰਸ਼ਾਸਨ ਨੇ ਪਸ਼ੂਆਂ ਨੂੰ ਪਿੰਜਰਾ ਪੋਲ ਗਊਸ਼ਾਲਾ ਅਤੇ ਰਾਮਤੀਰਥ ਰੋਡ ਗਊਸ਼ਾਲਾ ਵਿੱਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਹੈ। ਜ਼ਬਤ ਕੀਤੇ ਜਾਣ ਵਾਲੇ ਪਸ਼ੂਆਂ ਦੀ ਪਹਿਚਾਣ ਅਤੇ ਟੈਗਿੰਗ ਦਾ ਕੰਮ ਸੰਬੰਧਤ ਟੀਮਾਂ ਵੱਲੋਂ ਕੀਤਾ ਜਾ ਰਿਹਾ ਹੈ।ਨਗਰ ਨਿਗਮ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟੇਡ (PSPCL), ਵਾਟਰ ਸਪਲਾਈ ਵਿਭਾਗ ਅਤੇ ਸੀਵਰੇਜ ਵਿਭਾਗ ਨਾਲ ਮਿਲ ਕੇ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਡੇਅਰੀ ਮਾਲਕਾਂ ਦੇ ਬਿਜਲੀ, ਪਾਣੀ ਅਤੇ ਸੀਵਰੇਜ ਕਨੈਕਸ਼ਨ ਵੀ ਕੱਟੇਗਾ।ਪ੍ਰਾਰੰਭਿਕ ਅੰਦਾਜ਼ੇ ਅਨੁਸਾਰ ਸ਼ਹਿਰ ਦੇ ਵੱਖ-ਵੱਖ ਜੋਨਾਂ ਵਿੱਚ 354 ਡੇਅਰੀਆਂ ਅਤੇ ਕੁੱਲ 5,443 ਪਸ਼ੂਆਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚੋਂ 46 ਡੇਅਰੀ ਮਾਲਕ ਆਪਣੀਆਂ ਡੇਅਰੀਆਂ ਸ਼ਹਿਰ ਦੀ ਹੱਦ ਤੋਂ ਬਾਹਰ ਤਬਦੀਲ ਕਰਨ ਲਈ ਨਗਰ ਨਿਗਮ ਨਾਲ ਸੰਪਰਕ ਕਰ ਚੁੱਕੇ ਹਨ। ਬਾਕੀ ਡੇਅਰੀ ਮਾਲਕਾਂ ਖ਼ਿਲਾਫ਼ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਪਸ਼ੂਆਂ ਦੇ ਪੁਨਰਵਾਸ ਅਤੇ ਕਾਨੂੰਨੀ ਕਾਰਵਾਈ ਲਈ ਪ੍ਰਬੰਧ ਕੀਤੇ ਜਾ ਰਹੇ ਹਨ।ਇਹ ਕਾਰਵਾਈ ਮੁਹਿੰਮ 28 ਫ਼ਰਵਰੀ 2026 ਨੂੰ ਚਲਾਈ ਜਾਵੇਗੀ। ਫਤਿਹਪੁਰ ਡੇਅਰੀ ਕੰਪਲੈਕਸ ਵਿੱਚ ਪਲਾਟਾਂ ਦੀ ਅਲਾਟਮੈਂਟ ਲਈ ਇੱਛੁਕ ਡੇਅਰੀ ਮਾਲਕ 25 ਫ਼ਰਵਰੀ 2026 ਨੂੰ ਹੋਣ ਵਾਲੀ ਈ-ਬਿਡ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਦੇ ਹਨ।ਨਗਰ ਨਿਗਮ ਨੇ ਡੇਅਰੀ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਸ਼ੂਆਂ ਨੂੰ ਅਧਿਕਾਰਤ ਥਾਵਾਂ 'ਤੇ ਸਵੈਚਿਕ ਤੌਰ 'ਤੇ ਤਬਦੀਲ ਕਰਨ ਅਤੇ ਦੰਡਾਤਮਕ ਕਾਰਵਾਈ ਤੋਂ ਬਚਣ ਲਈ ਪ੍ਰਸ਼ਾਸਨ ਦਾ ਸਹਿਯੋਗ ਕਰਨ। ਨਗਰ ਨਿਗਮ ਨੇ ਸ਼ਹਿਰ ਵਿੱਚ ਸਫ਼ਾਈ, ਅਤੀਕਰਮਣ ਰੋਕਣ ਅਤੇ ਸੁਚੱਜੇ ਸ਼ਹਿਰੀ ਪ੍ਰਬੰਧਨ ਲਈ ਆਪਣੀ ਵਚਨਬੱਧਤਾ ਦੁਹਰਾਈ।

ਨਗਰ ਨਿਗਮ ਵੱਲੋਂ ਨਾਗਰਿਕਾਂ ਲਈ ਕੂੜਾ ਛਟਾਈ ਅਤੇ ਸਫ਼ਾਈ ਸੰਬੰਧੀ ਹੁਕਮ ਜਾਰੀ

ਅੰਮ੍ਰਿਤਸਰ, 17 ਫ਼ਰਵਰੀ (ਗੁਰਦਿਆਲ ਸਿੰਘ) :ਕਮਿਸ਼ਨਰ ਦੇ ਨਿਰਦੇਸ਼ਾਂ ਅਨੁਸਾਰ ਨਗਰ ਨਿਗਮ ਅੰਮ੍ਰਿਤਸਰ ਦੇ ਹੈਲਥ ਵਿਭਾਗ ਵੱਲੋਂ ਸ਼ਹਿਰ ਵਿੱਚ ਸਫ਼ਾਈ ਬਣਾਈ ਰੱਖਣ ਅਤੇ ਕੂੜੇ ਦੇ ਢੰਗ ਨਾਲ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਆਮ ਜਨਤਾ ਲਈ ਜ਼ਰੂਰੀ ਹੁਕਮ ਜਾਰੀ ਕੀਤੇ ਗਏ ਹਨ।ਜਾਰੀ ਹੁਕਮਾਂ ਅਨੁਸਾਰ ਸਾਰੇ ਨਾਗਰਿਕਾਂ, ਦੁਕਾਨਦਾਰਾਂ ਅਤੇ ਵਪਾਰਕ ਸੰਸਥਾਵਾਂ ਨੂੰ ਸੜਕਾਂ, ਗਲੀਆਂ, ਖਾਲੀ ਪਲਾਟਾਂ ਜਾਂ ਹੋਰ ਸਰਕਾਰੀ ਥਾਵਾਂ 'ਤੇ ਕੂੜਾ ਸੁੱਟਣ ਤੋਂ ਸਖ਼ਤੀ ਨਾਲ ਮਨਾਹੀ ਕੀਤੀ ਗਈ ਹੈ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਇਸ ਤਰ੍ਹਾਂ ਕੂੜਾ ਸੁੱਟਣ ਨਾਲ ਗੰਦਗੀ ਫੈਲਦੀ ਹੈ ਅਤੇ ਲੋਕ ਸਿਹਤ ਤੇ ਵਾਤਾਵਰਨ 'ਤੇ ਮਾੜਾ ਅਸਰ ਪੈਂਦਾ ਹੈ।ਹੈਲਥ ਵਿਭਾਗ ਨੇ ਰਹਾਇਸ਼ੀ ਇਲਾਕਿਆਂ ਦੇ ਵਸਨੀਕਾਂ, ਹੋਟਲਾਂ, ਰੈਸਟੋਰੈਂਟਾਂ, ਢਾਬਿਆਂ, ਸਬਜ਼ੀ ਮੰਡੀਆਂ, ਫਲ ਮਾਰਕੀਟਾਂ, ਰੇਹੜੀ-ਫੜੀ ਵਾਲਿਆਂ ਅਤੇ ਹੋਰ ਵਪਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਉਹ ਇੱਕ ਹਫ਼ਤੇ ਦੇ ਅੰਦਰ ਆਪਣੇ ਘਰਾਂ ਅਤੇ ਸੰਸਥਾਵਾਂ ਵਿੱਚ ਗਿੱਲੇ ਅਤੇ ਸੁੱਕੇ ਕੂੜੇ ਲਈ ਵੱਖ-ਵੱਖ ਡਸਟਬਿਨ ਲਗਾਉਣ ਲਾਜ਼ਮੀ ਬਣਾਇਆ ਜਾਵੇ, ਤਾਂ ਜੋ ਸਰੋਤ ਪੱਧਰ 'ਤੇ ਕੂੜੇ ਦੀ ਛਟਾਈ ਯਕੀਨੀ ਬਣਾਈ ਜਾ ਸਕੇ।ਨਗਰ ਨਿਗਮ ਵੱਲੋਂ ਚੇਤਾਵਨੀ ਦਿੱਤੀ ਗਈ ਹੈ ਕਿ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਨਗਰ ਨਿਗਮ ਦੇ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।ਸਫ਼ਾਈ ਸੰਬੰਧੀ ਸ਼ਿਕਾਇਤਾਂ ਲਈ ਨਾਗਰਿਕ ਹੈਲਪਲਾਈਨ ਨੰਬਰ 18002035850 ਜਾਂ 0183-2822222 'ਤੇ ਸੰਪਰਕ ਕਰ ਸਕਦੇ ਹਨ।ਨਗਰ ਨਿਗਮ ਵੱਲੋਂ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸ਼ਹਿਰ ਦੀ ਸਫ਼ਾਈ ਅਤੇ ਲੋਕ ਸਿਹਤ ਨੂੰ ਬਣਾਈ ਰੱਖਣ ਲਈ ਆਪਣਾ ਸਹਿਯੋਗ ਯਕੀਨੀ ਬਣਾਉਣ।

ਪੰਜਾਬੀ ਜਿੱਤਣਗੇ ਯੁੱਧ ਨਸ਼ਿਆਂ ਵਿਰੁੱਧ : ਕੁਲਦੀਪ ਸਿੰਘ ਧਾਲੀਵਾਲ

ਅੰਮ੍ਰਿਤਸਰ,17 ਫਰਵਰੀ(ਬਬਲੂ ਮਹਾਜਨ) :ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਵੱਲੋਂ ਅੱਜ ਹਲਕੇ ਦੇ ਪੰਜ ਪਿੰਡਾਂ ਪੰਡੋਰੀ ਨੇੜੇ ਰਮਦਾਸ, ਬਾਜਵਾ, ਸਮਰਾਏ, ਬੇਦੀ ਛੰਨਾਂ ਤੇ ਨਾਸਰ ਦੀਆਂ ਸਰਬ-ਸੰਮਤੀ ਨਾਲ ਬਣੀਆਂ ਪੰਚਾਇਤਾਂ ਨੂੰ ਇਨਾਮ ਵਜੋਂ 5-5 ਲੱਖ ਰੁਪਏ ਚੈੱਕ ਵੰਡੇ। ਪੰਚਾਇਤਾਂ ਨੂੰ ਚੈੱਕ ਵੰਡਣ ਮੌਕੇ ਵਿਧਾਇਕ ਸ. ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਲਈ ਵਿਸ਼ੇਸ਼ ਗ੍ਰਾਂਟ ਦੇਣ ਦਾ ਜੋ ਵਾਅਦਾ ਕੀਤਾ ਸੀ ਉਸ ਨੂੰ ਮਾਨ ਸਰਕਾਰ ਵੱਲੋਂ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਪੰਚਾਇਤੀ ਨੁਮਾਇੰਦਿਆਂ ਨੂੰ ਕਿਹਾ ਕਿ ਉਹ ਇਸ ਰਾਸ਼ੀ ਨੂੰ ਪੂਰੀ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਆਪਣੇ ਪਿੰਡਾਂ ਦੇ ਵਿਕਾਸ ਉੱਪਰ ਖਰਚਣ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਹੋਰ ਵੀ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਅਤੇ ਸਰਕਾਰ ਵੱਲੋਂ ਪੇਂਡੂ ਖੇਤਰ ਦੇ ਵਿਕਾਸ ਵਿੱਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਵੱਖ-ਵੱਖ ਪ੍ਰਭਾਵੀ ਜਨਤਕ ਇਕੱਠਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਾਨ ਸਰਕਾਰ ਵੱਲੋਂ ਜਿੱਥੇ ਸੂਬੇ ਦਾ ਸਰਬਪੱਖੀ ਵਿਕਾਸ ਕੀਤਾ ਜਾ ਰਿਹਾ ਹੈ ਉਥੇ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੀ ਯੁੱਧ ਨਸ਼ਿਆਂ ਵਿਰੁੱਧ ਲੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਦੇ ਹੁਣ ਤੱਕ ਬਹੁਤ ਸਾਰਥਿਕ ਨਤੀਜੇ ਸਾਹਮਣੇ ਆਏ ਹਨ ਅਤੇ ਪੰਜਾਬ ਸਰਕਾਰ ਦੀ ਸਖਤੀ ਕਾਰਨ ਵੱਡੀ ਗਿਣਤੀ ਵਿੱਚ ਨਸ਼ੇ ਦੇ ਸੌਦਾਗਰ ਫੜ ਕੇ ਜੇਲ੍ਹਾਂ ਵਿੱਚ ਡੱਕੇ ਗਏ ਹਨ। ਉਨ੍ਹਾਂ ਕਿਹਾ ਕਿ ਅਵਾਮ ਦੇ ਸਾਥ ਨਾਲ ਪੰਜਾਬ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਜਿੱਤ ਕੇ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਵੇਗੀ।

ਨਸ਼ਾ ਛੱਡਣ ਦੀ ਇੱਛਾ ਰੱਖਣ ਵਾਲਿਆਂ ਲਈ ਵਰਦਾਨ ਸਾਬਤ ਹੋ ਰਹੀ ਹੈ ਸੀਐਮ ਦੀ ਯੋਗਸ਼ਾਲਾ

ਅੰਮ੍ਰਿਤਸਰ, 17 ਫਰਵਰੀ (ਗੁਰਦਿਆਲ ਸਿੰਘ) : ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ, ਨਸ਼ਾ ਛੱਡਣ ਦੇ ਚਾਹਵਾਨ ਨੌਜਵਾਨਾਂ ਨੂੰ ਮਾਨਸਿਕ ਅਤੇ ਸ਼ਰੀਰਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਸੀ.ਐੱਮ. ਦੀ ਯੋਗਸ਼ਾਲਾ ਵਰਦਾਨ ਸਾਬਤ ਹੋ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ 'ਤੇ ਸ਼ੁਰੂ ਕੀਤੀ ਗਈ ਸੀਐਮ ਦੀ ਯੋਗਸ਼ਾਲਾ ਅਧੀਨ, ਨਸ਼ਾ ਛੁਡਾਊ ਕੇਂਦਰਾਂ ਵਿੱਚ ਨਿਯਮਿਤ ਤੌਰ 'ਤੇ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਸ਼੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਗੁਰੂ ਨਾਨਕ ਮੈਡੀਕਲ ਹਸਪਤਾਲ ਵਿੱਚ ਸਵਾਮੀ ਵਿਵੇਕਾਨੰਦ ਨਸ਼ਾ ਛੁਡਾਊ ਕੇਂਦਰ ਅਤੇ ਮੁੜ ਵਸੇਬਾ ਤੇ ਇਲਾਜ ਕੇਂਦਰ ਵਿਖੇ ਸਵੇਰੇ ਅਤੇ ਸ਼ਾਮ ਨੂੰ ਸੀ.ਐੱਮ ਦੀ ਯੋਗਸ਼ਾਲਾ ਤਹਿਤ ਯੋਗਾ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ, ਜਿਸ ਵਿੱਚ ਯੋਗਾ ਇੰਸਟ੍ਰਕਟਰ. ਸੁਨੀਲ ਕੁਮਾਰ ਦੁਆਰਾ ਹਰ ਰੋਜ਼ ਲਗਭਗ 50 ਲੋਕਾਂ ਨੂੰ ਯੋਗਾ ਸਿਖਾਇਆ ਜਾ ਰਿਹਾ ਹੈ। ਇਹਨਾਂ ਸੈਸ਼ਨਾਂ ਵਿੱਚ ਧਿਆਨ, ਸੂਖਮ ਵੇਆਮ, ਹਾਸੇ ਦੀ ਥੈਰੇਪੀ, ਤਾੜੀ ਵਜਾਉਣਾ, ਯੋਗ ਆਸਣ ਅਤੇ ਪ੍ਰਾਣਾਯਾਮ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ ਜੋ ਮਰੀਜ਼ਾਂ ਨੂੰ ਤਣਾਅ ਘਟਾਉਣ ਅਤੇ ਸਿਹਤਮੰਦ ਬਣਨ ਵਿੱਚ ਮਦਦ ਕਰਦੀਆਂ ਹਨ। ਇਹ ਯੋਗ ਆਸਣ ਨਸ਼ਾ ਛੱਡ ਰਹੇ ਮਰੀਜ਼ਾਂ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤਕੜਿਆਂ ਕਰ ਰਹੇ ਹਨ ਅਤੇ ਇਹ ਨੌਜਵਾਨ ਨਸ਼ੇ ਛੱਡ ਕੇ ਆਮ ਜ਼ਿੰਦਗੀ ਵਿੱਚ ਪਰਤ ਰਹੇ ਹਨ।ਨਸ਼ਾ ਛੁੜਾਊ ਕੇਂਦਰ ਵਿੱਚ ਨਸ਼ਾ ਛੱਡਣ ਆਏ ਨੌਜਵਾਨਾਂ ਨੇ ਦੱਸਿਆ ਕਿ ਯੋਗ ਕਰਨ ਦੇ ਨਾਲ ਮੇਰੇ ਸਰੀਰ ਦੀ ਲਚਕੀਲਾਪਨ ਅਤੇ ਨਸ਼ੇ ਦੀ ਤੋੜ ਨਾਲ ਹੋਣ ਵਾਲੇ ਦਰਦ ਵੀ ਠੀਕ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਹੁਣ ਉਹ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰ ਰਹੇ ਹਨ। ਨਸ਼ਾ ਛੱਡਣ ਆਏ ਇਕ ਹੋਰ ਨੌਜਵਾਨ ਨੇ ਦੱਸਿਆ ਕੀ ਐਕਸੀਡੈਂਟ ਦੇ ਕਾਰਨ ਮੇਰੇ ਲੱਤ ਵਿੱਚ ਦਰਦ ਰਹਿੰਦਾ ਸੀ ਯੋਗ ਕਰਨ ਦੇ ਨਾਲ ਮੇਰਾ ਪੁਰਾਣਾ ਦਰਦ ਠੀਕ ਹੋ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀਐਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ 248 ਯੋਗਾ ਕਲਾਸਾਂ ਚੱਲ ਰਹੀਆ ਹਨ ਅਤੇ 66 ਯੋਗ ਟ੍ਰੇਨਰ ਨਿਯੁਕਤ ਕੀਤੇ ਗਏ ਹਨ। ਇਹ ਯੋਗਾ ਕਲਾਸਾਂ ਬਿਲਕੁਲ ਮੁਫ਼ਤ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਉਠਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚੋਂ 105 ਕਲਾਸਾਂ ਸ਼ਹਿਰੀ ਖੇਤਰ ਅਤੇ 143 ਕਲਾਸਾਂ ਦਿਹਾਤੀ ਖੇਤਰ ਵਿੱਚ ਚੱਲ ਰਹੀਆਂ ਹਨ, ਜਿੱਥੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਕੇ ਆਪਣੇ ਆਪ ਨੂੰ ਨਿਰੋਗ ਬਣਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਯੋਗ ਕਲਾਸਾਂ ਸਵੇਰੇ ਅਤੇ ਸ਼ਾਮ ਚੱਲ ਰਹੀਆਂ ਹਨ।ਸੀ.ਐੱਮ ਯੋਗਸ਼ਾਲਾ ਦੇ ਅੰਮ੍ਰਿਤਸਰ ਦੇ ਜ਼ਿਲ੍ਹਾ ਕੋਆਰਡੀਨੇਟਰ ਸੰਜੇ ਸਿੰਘ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਨਸ਼ੇ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਨਵਾਂ ਜੀਵਨ ਦੇਣਾ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਸਵੈ-ਨਿਰਭਰ ਅਤੇ ਆਤਮ-ਵਿਸ਼ਵਾਸੀ ਬਣਾਉਣਾ ਹੈ।

ਪੰਜ ਮਹਾਂਪੁਰਸ਼ਾ ਦੀ ਯਾਦ ਵਿੱਚ ਸਾਲਾਨਾ ਬਰਸੀ ਸਮਾਗਮ ਗੁਰਦੁਆਰਾ ਹੀਰਾ ਬਾਗ ਪਟਿਆਲਾ ਵਿਖੇ ਕਰਵਾਇਆ

ਪਟਿਆਲਾ, 17 ਫਰਵਰੀ (ਚ.ਨ.ਸ.) : ਕਾਰ ਸੇਵਾ ਪਟਿਆਲਾ ਵਾਲੇ ਪੰਜ ਮਹਾਂਪੁਰਸ਼ਾ ਦੀ ਯਾਦ ਵਿੱਚ ਸਲਾਨਾ ਬਰਸੀ ਸਮਾਗਮ ਗੁਰਦੁਆਰਾ ਹੀਰਾ ਬਾਗ ਪਟਿਆਲਾ ਵਿਖੇ ਸੰਤ ਅਮਰੀਕ ਸਿੰਘ ਜੀ ਕਾਰ ਸੇਵਾ ਪਟਿਆਲੇ ਵਾਲਿਆਂ ਦੀ ਅਗਵਾਈ ਵਿੱਚ ਕਰਵਾਏ ਗਏ ਅੱਜ 17 ਫ਼ਰਵਰੀ 2026 ਨੂੰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤ ਨਾਲ ਗੁਰਮਤਿ ਵੀਚਾਰ ਸਾਂਝੇ ਕੀਤੇ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਜਥੇਦਾਰ ਬਲਦੇਵ ਸਿੰਘ ਹਾਬੜੀ,ਸਰਦਾਰ ਭੁਪਿੰਦਰ ਸਿੰਘ ਲਾਡੀ ਸੌਂਕੜਾ ਪ੍ਰਧਾਨ ਸਰਪੰਚ ਯੂਨੀਅਨ ਬਲਾਕ ਨੀਲੋਂ ਖੇੜੀ ਮੈਂਬਰ ਪ੍ਰਤੀਨਿਧ (ਬੀਬੀ ਕਪੂਰ ਕੌਰ ਸੌਂਕੜਾ),ਸਰਦਾਰ ਮੇਜਰ ਸਿੰਘ ਗੂਹਲਾ ਮੈਂਬਰ,ਸਰਦਾਰ ਬਲਵਿੰਦਰ ਸਿੰਘ ਭਿੰਡਰ ਮੀਤ ਸਕੱਤਰ, ਡਾ.ਰਾਜਦੀਪ ਸਿੰਘ ਪਟਿਆਲਾ,ਸਰਦਾਰ ਹਰਪ੍ਰੀਤ ਸਿੰਘ ਦਰਦੀ ਚੜ੍ਹਦੀਕਲਾ ਟਾਈਮ ਟੀਵੀ,ਕਥਾਵਾਚਕ ਗਿ.ਸੁਖਦੇਵ ਸਿੰਘ ਡੱਲਾ,ਢਾਡੀ ਲਖਵਿੰਦਰ ਸਿੰਘ ਸੋਹਲ ਸਮੇਤ ਅਨੇਕਾਂ ਸੰਤ ਮਹਾਂਪੁਰਸ਼ ਪ੍ਰਚਾਰਕ ਵੀ ਹਾਜ਼ਰ ਸਨ ਸੰਤ ਮਹਾਂਪੁਰਸ਼ਾਂ ਵਲੋਂ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਸਮਾਜ ਸੇਵਕ ਸ਼੍ਰੀ ਪੰਧਾਰੀਨਾਥ ਬੋਕਾਰੇ ਨੂੰ 'ਜੀਵਨ ਗੌਰਵ ਪੁਰਸਕਾਰ' 21 ਨੂੰ ਮਿਲੇਗਾ

ਨਾਂਦੇੜ, 17 ਫਰਵਰੀ (ਚ.ਨ.ਸ.) : ਛੋਟੇ ਅਤੇ ਦਰਮਿਆਨੇ ਅਖ਼ਬਾਰ ਸੰਘ, ਮਹਾਰਾਸ਼ਟਰ ਨੇ 21 ਫਰਵਰੀ, 2026 ਨੂੰ ਮਹਾਰਾਸ਼ਟਰ ਦੇ ਵਾਰੋਰਾ ਵਿੱਚ ਰਾਜ ਪੱਧਰੀ ਪੱਤਰਕਾਰਾਂ ਦਾ ਇੱਕ ਰੋਜ਼ਾ ਖੁੱਲ੍ਹਾ ਸੈਸ਼ਨ ਸੰਮੇਲਨ ਆਯੋਜਿਤ ਕੀਤਾ। ਇਸ ਸ਼ਾਨਦਾਰ ਸਮਾਗਮ ਦੇ ਮੌਕੇ 'ਤੇ, ਨੰਦੇੜ ਤੋਂ ਸੀਨੀਅਰ ਪੱਤਰਕਾਰ, ਸਮਾਜ ਸੇਵਕ ਅਤੇ ਨਾਨਕ ਸਾਈਂ ਫਾਊਂਡੇਸ਼ਨ ਦੇ ਮੁਖੀ ਸ਼੍ਰੀ ਪੰਧਾਰੀਨਾਥ ਬੋਕਾਰੇ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਅਤੇ ਲੰਬੇ ਸਮੇਂ ਦੇ ਕੰਮ ਲਈ ਜੀਵਨ ਗੌਰਵ ਪੁਰਸਕਾਰ ਪ੍ਰਾਪਤ ਕਰਨ ਦਾ ਐਲਾਨ ਕੀਤਾ ਗਿਆ। ਸ਼੍ਰੀ ਬੋਕਾਰੇ ਨੇ ਆਪਣੀ ਪੱਤਰਕਾਰੀ ਰਾਹੀਂ ਸਮਾਜਿਕ ਘਟਨਾਵਾਂ ਨੂੰ ਸੱਚੇ, ਨਿਰਪੱਖ ਅਤੇ ਨਿਰਸਵਾਰਥ ਢੰਗ ਨਾਲ ਪੇਸ਼ ਕਰਕੇ ਪੱਤਰਕਾਰੀ ਨੂੰ ਇੱਕ ਨਵਾਂ ਮੁੱਲ ਅਤੇ ਦਿਸ਼ਾ ਦਿੱਤੀ ਹੈ। ਉਨ੍ਹਾਂ ਦੇ ਕੰਮ ਨੇ ਸਮਾਜ ਵਿੱਚ ਜਾਗਰੂਕਤਾ ਪੈਦਾ ਕੀਤੀ ਹੈ ਅਤੇ ਨਵੀਂ ਪੀੜ੍ਹੀ ਲਈ

ਪ੍ਰੇਰਨਾ ਬਣ ਗਈ ਹੈ। ਨਾਨਕ ਸਾਈਂ ਫਾਊਂਡੇਸ਼ਨ ਪੰਜਾਬ ਅਤੇ ਮਹਾਰਾਸ਼ਟਰ ਵਿੱਚ ਭਾਈਚਾਰਾ ਪੈਦਾ ਕਰਨ ਵਿੱਚ ਸਫਲ ਹੋ ਰਹੀ ਹੈ, ਅਤੇ ਇਸ ਲਹਿਰ ਦੇ ਆਗੂ ਪੰਧਾਰੀਨਾਥ ਬੋਕਾਰੇ ਅਤੇ ਉਨ੍ਹਾਂ ਦੀ ਟੀਮ ਦੀ ਭੂਮਿਕਾ ਮਹੱਤਵਪੂਰਨ ਹੈ। ਸਮਾਲ ਐਂਡ ਮੀਡੀਅਮ ਨਿਊਜ਼ਪੇਪਰ ਐਸੋਸੀਏਸ਼ਨ, ਮਹਾਰਾਸ਼ਟਰ ਨੇ ਬੋਕਾਰੇ ਲਈ ਪੁਰਸਕਾਰ ਦਾ ਐਲਾਨ ਕੀਤਾ ਹੈ।ਸਮਾਲ ਐਂਡ ਮੀਡੀਅਮ ਨਿਊਜ਼ਪੇਪਰ ਐਸੋਸੀਏਸ਼ਨ ਦੀ ਚੋਣ ਕਮੇਟੀ, ਜਿਸ ਵਿੱਚ ਰਾਸ਼ਟਰੀ ਪ੍ਰਧਾਨ ਉੱਤਮ ਰਾਓ ਵਾਡਕਰ, ਰਾਸ਼ਟਰੀ ਸਕੱਤਰ ਈਸ਼ਵਰ ਸਿੰਘ ਸੇਂਗਰ, ਕਾਰਜਕਾਰੀ ਪ੍ਰਧਾਨ ਯੋਗੇਸ਼ ਤੁਰੇਰਾਓ, ਸੂਬਾ ਪ੍ਰਧਾਨ ਸੰਤੋਸ਼ ਧਰਮਕਰ (ਮਹਾਰਾਸ਼ਟਰ) ਅਤੇ ਸੂਬਾ ਸਕੱਤਰ (ਮਹਾਰਾਸ਼ਟਰ) ਆਸ਼ੀਸ਼ ਘੁਮੇ ਸ਼ਾਮਲ ਹਨ, ਨੇ ਪੁਰਸਕਾਰ ਦਾ ਐਲਾਨ ਕੀਤਾ। ਇਹ ਸਮਾਰੋਹ ਸ਼ਨੀਵਾਰ, 21 ਫਰਵਰੀ, 2026 ਨੂੰ ਨਗਰ ਭਵਨ, ਹਨੂੰਮਾਨ ਵਾਰਡ, ਵਾਰੋਰਾ, ਜ਼ਿਲ੍ਹਾ 8 ਵਿਖੇ ਹੋਵੇਗਾ। ਸਮਾਲ ਐਂਡ ਮੀਡੀਅਮ ਨਿਊਜ਼ਪੇਪਰ ਐਸੋਸੀਏਸ਼ਨ ਦੇ ਸੂਬਾ ਸਕੱਤਰ ਆਸ਼ੀਸ਼ ਘੁਮੇ ਨੇ ਇਕੱਠ ਨੂੰ ਦੱਸਿਆ ਕਿ ਸ਼੍ਰੀ ਬੋਕਾਰੇ ਲਈ ਜੀਵਨ ਗੌਰਵ ਪੁਰਸਕਾਰ ਦੀ ਘੋਸ਼ਣਾ @ਤੇ, ਲੰਗਰ ਸਾਹਿਬ ਗੁਰਦੁਆਰਾ, ਨਾਂਦੇੜ ਭੂਸ਼ਣ ਦੇ ਮੁੱਖ ਜਥੇਦਾਰ ਸ਼੍ਰੀਮਾਨ ਸੰਤ ਬਾਬਾ ਨਰਿੰਦਰ ਸਿੰਘ ਜੀ ਅਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਨੇ ਆਪਣਾ ਆਸ਼ੀਰਵਾਦ ਦਿੱਤਾ।

ਜੰਡਿਆਲਾ ਗੁਰੂ ਤੋਂ ਸ. ਨਰਿੰਦਰ ਸਿੰਘ (ਬਾਬਾ ਸੌਕੀ) ਦਾ ਚੜ੍ਹਦੀਕਲਾ ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਪੁਹੰਚਣ 'ਤੇ ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ 'ਪਦਮ ਸ੍ਰੀ' ਡਾ. ਜਗਜੀਤ ਸਿੰਘ ਦਰਦੀ ਅਤੇ ਡਾਇਰੈਕਟਰ ਸ੍ਰ. ਹਰਪ੍ਰੀਤ ਸਿੰਘ ਦਰਦੀ ਯਾਦਗਾਰੀ ਤਸਵੀਰ 'ਚ ਸਨਮਾਨਿਤ ਕਰਦੇ ਹੋਏ। ਇਸ ਮੌਕੇ ਪੱਤਰਕਾਰ ਰਾਮ ਸ਼ਰਨਜੀਤ ਸਿੰਘ ਜੰਡਿਆਲਾ ਗੁਰੂ, ਗੋਪਾਲ ਸਿੰਘ, ਸਰਬਜੀਤ ਸਿੰਘ ਖਡੂਰ ਸਾਹਿਬ, ਤਰਸੇਮ ਸਿੰਘ ਬੁੱਟਰ ਆਦਿ ਹਾਜ਼ਰ ਸਨ। (ਫੋਟੋ ਤੇ ਵੇਰਵਾ : ਚੜ੍ਹਦੀਕਲਾ ਬਿਓਰੋ)

ਭਜਨ ਗਾਇਕ ਅਨੂਪ ਜਲੋਟਾ ਨੂੰ ਚੜ੍ਹਦੀਕਲਾ ਦੀ ਡੇਅਰੀ ਭੇਟ ਕਰਦੇ ਹੋਏ ਜਗਪ੍ਰੀਤ ਸਿੰਘ ਮਹਾਜਨ ਸੂਬਾ ਪ੍ਰੈਸ ਸਕੱਤਰ।

ਸ਼ਿਵਰਾਜ ਸਿੰਘ ਚੌਹਾਨ ਨੇ ਰਾਜਸਥਾਨ ਵਿੱਚ ਏਆਈ-ਅਧਾਰਤ 'ਭਾਰਤ-ਵਿਸਤਾਰ' ਪੜਾਅ-1 ਦੀ ਕੀਤੀ ਸ਼ੁਰੂਆਤ

ਨਵੀਂ ਦਿੱਲੀ, 17 ਫਰਵਰੀ (ਚ.ਨ.ਸ.) : ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਜੈਪੁਰ ਵਿੱਚ ਭਾਰਤ ਵਿਸਤਾਰ ਯੋਜਨਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਰਾਜਸਥਾਨ ਦੇ ਮੁੱਖ ਮੰਤਰੀ ਸ਼੍ਰੀ ਭਜਨ ਲਾਲ ਸ਼ਰਮਾ ਵੀ ਮੌਜੂਦ ਸਨ। ਇਸ ਸਮਾਗਮ ਦੌਰਾਨ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਸਾਨ-ਕੇਂਦ੍ਰਿਤ ਏਆਈ ਹੈਕਾਥਨ, ਐਗਰੀ ਕੋਸ਼ ਏਆਈ ਰਣਨੀਤੀ ਰੋਡਮੈਪ ਦਾ ਵੀ ਉਦਘਾਟਨ ਕੀਤਾ। ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਟੀਚਾ ਕਿਸਾਨਾਂ ਦੀ ਉਤਪਾਦਨ ਸਮਰੱਥਾ ਨੂੰ ਵਧਾਉਣਾ ਹੈ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਅਧਾਰਤ ਭਾਰਤ ਵਿਸਥਾਰ ਯੋਜਨਾ (ਏਆਈ ਰਣਨੀਤੀ ਰੋਡਮੈਪ) ਸ਼ੁਰੂ ਕੀਤੀ ਹੈ। ਇਸ ਯੋਜਨਾ ਦਾ ਉਦੇਸ਼ ਕਿਸਾਨਾਂ ਨੂੰ ਤਕਨਾਲੋਜੀ ਰਾਹੀਂ ਵੱਖ-ਵੱਖ ਖੇਤੀਬਾੜੀ ਜਾਣਕਾਰੀ ਪ੍ਰਦਾਨ ਕਰਨਾ ਹੈ। ਆਪਣੇ ਸਮਾਰਟਫੋਨ ਜਾਂ ਨਿਯਮਤ ਮੋਬਾਈਲ ਫੋਨ ਦੀ ਵਰਤੋਂ ਕਰਕੇ, ਕਿਸਾਨ ਆਪਣੀਆਂ ਸਮੱਸਿਆਵਾਂ ਦੇ ਹੱਲ ਪ੍ਰਾਪਤ ਕਰ ਸਕਦੇ ਹਨ ਅਤੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਤੋਂ ਲਾਭ ਉਠਾ ਸਕਦੇ ਹਨ। ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦੇ ਹੋਏ, ਸ਼੍ਰੀ ਰਾਹੁਲ ਗਾਂਧੀ ਨੂੰ ਪੁੱਛਿਆ ਕਿ ਉਹ ਦੱਸਣ ਕਿ ਯੂਪੀਏ ਸਰਕਾਰ ਨੇ ਸਵਾਮੀਨਾਥਨ ਕਮੇਟੀ ਦੀ ਲਾਗਤ ਵਿੱਚ 50 ਪ੍ਰਤੀਸ਼ਤ ਲਾਭ ਜੋੜ ਕੇ ਐਮਐਸਪੀ ਨਿਰਧਾਰਤ ਕਰਨ ਦੀ ਸਿਫਾਰਸ਼ ਨੂੰ ਸਵੀਕਾਰ ਕਰਨ ਤੋਂ ਕਿਉਂ ਇਨਕਾਰ ਕਰ ਦਿੱਤਾ, ਅਦਾਲਤ ਵਿੱਚ ਇੱਕ ਹਲਫ਼ਨਾਮਾ ਦਾਇਰ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕਿਸਾਨਾਂ ਦੇ ਹਿੱਤ ਵਿੱਚ, ਲਾਗਤ ਵਿੱਚ 50 ਪ੍ਰਤੀਸ਼ਤ ਲਾਭ ਜੋੜ ਕੇ ਐਮਐਸਪੀ ਨਿਰਧਾਰਤ ਕਰਨ ਦੇ ਫੈਸਲੇ ਨੂੰ ਲਾਗੂ ਕੀਤਾ।

ਇੰਡੀਅਨ ਬੈਂਕ ਆਫ਼ਿਸਰਜ਼ ਐਸੋਸੀਏਸ਼ਨ- ਚੰਡੀਗੜ੍ਹ ਨੇ ਕ੍ਰਿਕਟ ਟੂਰਨਾਮੈਂਟ ਕਰਵਾਇਆ

ਚੰਡੀਗੜ੍ਹ, 17 ਫਰਵਰੀ (ਚ.ਨ.ਸ.) : ਇੰਡੀਆਨ ਬੈਂਕ ਦੇਸ਼ ਦੇ ਸਭ ਤੋਂ ਪੁਰਾਤਨ ਅਤੇ ਅਗੇਤਰੀ ਰਾਸ਼ਟਰੀਕ੍ਰਿਤ ਬੈਂਕਾਂ ਵਿੱਚੋਂ ਇੱਕ ਹੈ, ਜੋ ਦੇਸ਼ ਦੀ ਸੇਵਾ ਦੇ ਨਾਲ-ਨਾਲ ਆਪਣੇ ਅਧਿਕਾਰੀਆਂ ਵਿਚ ਇਕਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਵੀ ਪ੍ਰਤੀਬੱਧ ਹੈ। ਇਸੀ ਉਦੇਸ਼ ਨਾਲ ਇੰਡੀਆਨ ਬੈਂਕ ਆਫ਼ਿਸਰਜ਼ ਐਸੋਸੀਏਸ਼ਨ ਚੰਡੀਗੜ੍ਹ ਯੂਨਿਟ ਵੱਲੋਂ ਮਹਾਂਸਚਿਵ ਸ਼੍ਰੀ ਸਚਿਨ ਕਟਿਆਰ ਦੀ ਅਗਵਾਈ ਹੇਠ 14 ਅਤੇ 15 ਫਰਵਰੀ 2026 ਨੂੰ ਦੋ ਦਿਨਾਂ ਦਾ ਇੰਟਰ-ਜ਼ੋਨ ਕ੍ਰਿਕਟ ਟੂਰਨਾਮੈਂਟ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਮੌਕੇ ਸ਼੍ਰੀ ਸੁਸ਼ਮਿਤ ਬੈਨਰਜੀ, ਫੀਲਡ ਜਨਰਲ ਮੈਨੇਜਰ, ਚੰਡੀਗੜ੍ਹ ਸਰਕਲ ਅਤੇ ਸ਼੍ਰੀ ਸੁਭਾਸ਼, ਜੋਨਲ ਹੈਡ, ਜਲੰਧਰ ਜ਼ੋਨ ਦੀ ਗਰਿਮਾਮਈ ਹਾਜ਼ਰੀ ਰਹੀ। ਉਨ੍ਹਾਂ ਨੇ ਖਿਡਾਰੀਆਂ ਦਾ ਹੁੰਸਲਾ ਅਫ਼ਜ਼ਾਈ ਕੀਤਾ ਅਤੇ ਇਸ ਪ੍ਰਯਾਸ ਦੀ ਪ੍ਰਸ਼ੰਸਾ ਕੀਤੀ। ਟੂਰਨਾਮੈਂਟ ਵਿੱਚ ਅੱਠ ਟੀਮਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਅੰਮ੍ਰਿਤਸਰ ਕਿੰਗਜ਼, ਜਲੰਧਰ ਸਟ੍ਰਾਈਕਰਜ਼, ਧੌਲਾਧਾਰ ਇਲੇਵਨ, ਕਰਨਾਲ ਕਿੰਗਜ਼ XI, ਲੁਧਿਆਣਾ ਲਾਇਨਜ਼, ਚੰਡੀਗੜ੍ਹ ਸੁਪਰ ਕਿੰਗਜ਼, ਚੰਡੀਗੜ੍ਹ ਟਾਈਟਨਜ਼ ਅਤੇ ਪੀਕ ਪ੍ਰੇਡੇਟਰਜ਼ ਸ਼ਾਮਲ ਸਨ। ਦੋ ਦਿਨਾਂ ਤੱਕ ਚਲੇ ਮੈਚਾਂ ਦੌਰਾਨ ਖਿਡਾਰੀਆਂ ਨੇ ਉੱਚ ਦਰਜੇ ਦੀ ਖੇਡ ਭਾਵਨਾ, ਅਨੁਸ਼ਾਸਨ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ। ਰੋਸ਼ਨ ਦੀ ਕਪਤਾਨੀ ਹੇਠ ਚੰਡੀਗੜ੍ਹ ਸੁਪਰ ਕਿੰਗਜ਼ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖਿਤਾਬ ਜਿੱਤਿਆ, ਜਦਕਿ ਅਨੁਰਾਗ ਦੀ ਅਗਵਾਈ ਹੇਠ ਲੁਧਿਆਣਾ ਲਾਇਨਜ਼ ਉਪ-ਵਿਜੇਤਾ ਰਹੀ। ਦੋਹਾਂ ਟੀਮਾਂ ਨੇ ਪੂਰੇ ਟੂਰਨਾਮੈਂਟ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦੀ ਸਫਲ ਵਿਵਸਥਾ ਸ਼੍ਰੀ ਰਵੀ ਰੰਜਨ ਅਤੇ ਸ਼੍ਰੀ ਅਨੂਪ ਢੀਂਗਰਾ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਸਾਰੇ ਪ੍ਰਬੰਧ ਸੁਚੱਜੇ ਢੰਗ ਨਾਲ ਸੰਪੰਨ ਕੀਤੇ। ਸਮਾਰੋਹ ਦਾ ਸਮਾਪਨ ਸ਼੍ਰੀ ਅਜੈ ਰਾਣਾ ਵੱਲੋਂ ਧੰਨਵਾਦ ਪ੍ਰਸਤਾਵ ਨਾਲ ਕੀਤਾ ਗਿਆ, ਜਿਨ੍ਹਾਂ ਨੇ ਸਾਰੇ ਅਤਿਥੀਆਂ, ਖਿਡਾਰੀਆਂ ਅਤੇ ਆਯੋਜਕਾਂ ਦਾ ਧੰਨਵਾਦ ਕੀਤਾ। ਇਹ ਟੂਰਨਾਮੈਂਟ ਸਿਰਫ਼ ਮਨੋਰੰਜਨ ਅਤੇ ਸਿਹਤਮੰਦ ਮੁਕਾਬਲੇ ਦਾ ਮੰਚ ਹੀ ਨਹੀਂ ਸੀ, ਸਗੋਂ ਵੱਖ-ਵੱਖ ਜ਼ੋਨਾਂ ਦੇ ਅਧਿਕਾਰੀਆਂ ਵਿਚ ਇਕਤਾ, ਭਾਈਚਾਰੇ ਅਤੇ ਟੀਮ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਵਾਲਾ ਸਫਲ ਪ੍ਰਯਾਸ ਸਾਬਤ ਹੋਇਆ।

ਓਮ ਬਿਰਲਾ ਨੇ ਬੰਗਲਾਦੇਸ਼ ਦੀ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ 'ਚ ਕੀਤੀ ਸ਼ਿਰਕਤ

ਨਵੀਂ ਦਿੱਲੀ/ਢਾਕਾ, 17 ਫਰਵਰੀ (ਚ.ਨ.ਸ.) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਢਾਕਾ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਤਾਰਿਕ ਰਹਿਮਾਨ ਦੀ ਅਗਵਾਈ ਵਾਲੀ ਬੰਗਲਾਦੇਸ਼ ਦੀ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਮੌਕੇ 'ਤੇ, ਸ਼੍ਰੀ ਬਿਰਲਾ ਨੇ ਭਾਰਤ ਦੇ ਲੋਕਾਂ ਵੱਲੋਂ ਸ਼੍ਰੀ ਤਾਰਿਕ ਰਹਿਮਾਨ ਨੂੰ ਦਿਲੋਂ ਵਧਾਈਆਂ ਦਿੱਤੀਆਂ। ਲੋਕ ਸਭਾ ਸਪੀਕਰ ਨੇ ਢਾਕਾ ਵਿੱਚ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਤਾਰਿਕ ਰਹਿਮਾਨ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਇੱਕ ਨਿੱਜੀ ਪੱਤਰ ਸੌਂਪਿਆ, ਜਿਸ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਰਹਿਮਾਨ ਨੂੰ ਜਲਦੀ ਤੋਂ ਜਲਦੀ ਭਾਰਤ ਆਉਣ ਦਾ ਸੱਦਾ ਦਿੱਤਾ ਗਿਆ ਸੀ। ਸ਼੍ਰੀ ਬਿਰਲਾ ਨੇ ਦੁਹਰਾਇਆ ਕਿ ਭਾਰਤ ਲੋਕਤੰਤਰੀ, ਪ੍ਰਗਤੀਸ਼ੀਲ ਅਤੇ ਸਮਾਵੇਸ਼ੀ ਰਾਸ਼ਟਰ ਨਿਰਮਾਣ ਵੱਲ ਬੰਗਲਾਦੇਸ਼ ਦੇ ਯਤਨਾਂ ਵਿੱਚ ਹਮੇਸ਼ਾ ਸਮਰਥਨ ਕਰਨ ਲਈ ਤਿਆਰ ਹੈ। ਉਨ੍ਹਾਂ ਨੇ ਦੋਵਾਂ ਗੁਆਂਢੀ ਦੇਸ਼ਾਂ ਵਿਚਕਾਰ ਸਥਾਈ ਅਤੇ ਮਜ਼ਬੂਤ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਲਈ ਭਾਰਤ ਦੀ ਵਚਨਬੱਧਤਾ ਵੀ ਪ੍ਰਗਟ ਕੀਤੀ। ਸਮਾਰੋਹ ਦੇ ਮੌਕੇ 'ਤੇ, ਸ਼੍ਰੀ ਬਿਰਲਾ ਨੇ ਮਾਲਦੀਵ ਦੇ ਰਾਸ਼ਟਰਪਤੀ ਮਹਾਮਹਿਮ ਡਾ. ਮੁਹੰਮਦ ਮੁਈਜ਼ੂ ਅਤੇ ਭੂਟਾਨ ਦੇ ਪ੍ਰਧਾਨ ਮੰਤਰੀ ਸ਼੍ਰੀ ਸ਼ੇਰਿੰਗ ਟੋਬਗੇ ਅਤੇ ਹੋਰ ਨੇਤਾਵਾਂ ਨਾਲ ਮੁਲਾਕਾਤ ਕੀਤੀ।

ੴ

ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥

ਆਪ ਜੀ ਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਵੇਗੀ ਕਿ ਸਿੱਖ ਪੰਥ ਦੇ
ਮਹਾਨ ਕੀਰਤਨੀਏ

ਭਾਈ ਸਾਹਿਬ ਭਾਈ ਲਖਵਿੰਦਰ ਸਿੰਘ ਜੀ

ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ

ਦੇ ਉੱਦਮ ਸਦਕਾ ਪਟਿਆਲਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਵਾਰ ਵੱਲੋਂ ਪਿਛਲੇ 8 ਸਾਲਾਂ ਤੋਂ ਗੁਰਮਤਿ ਸੰਗੀਤ ਅਕੈਡਮੀ, ਗੁ. ਭਾਈ ਰਾਮ ਕਿਸ਼ਨ ਜੀ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਸ਼ੁਰੂ ਕੀਤੀ ਹੋਈ ਹੈ। ਜਿੱਥੇ ਹੁਣ ਤੱਕ 250 ਦੇ ਕ੍ਰੀਬ ਗ਼ਰੀਬ, ਲੋੜਵੰਦ, ਸੂਰਮੇ, ਬੱਚੇ ਕੀਰਤਨ ਦੀ ਦਾਤ ਪ੍ਰਾਪਤ ਕਰ ਚੁੱਕੇ ਹਨ।

ਮੌਜੂਦਾ ਅਸਥਾਨ ਵਿਖੇ ਥਾਂ ਦੀ ਘਾਟ ਹੋਣ ਕਾਰਨ, ਚੜ੍ਹਦੀਕਲਾ ਟਾਈਮ ਟੀ.ਵੀ., ਰੋਜ਼ਾਨਾ ਚੜ੍ਹਦੀਕਲਾ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਹਿਯੋਗ ਨਾਲ ਬਹਾਦਰਗੜ੍ਹ-ਰਾਏਪੁਰ ਰੋਡ ਉੱਤੇ ਪਿੰਡ ਭੱਠਲਾਂ ਵਿਖੇ ਬੱਚਿਆਂ ਦੀ ਰਿਹਾਇਸ਼ ਤੇ ਅਕੈਡਮੀ ਲਈ ਬਣਨ ਵਾਲੀ ਨਵੀਂ ਇਮਾਰਤ ਦੀ ਉਸਾਰੀ ਦੀ ਖੁਸ਼ੀ ਵਿੱਚ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ 1 ਤੇ 2 ਮਾਰਚ, 2026 ਦਿਨ ਐਤਵਾਰ ਤੇ ਸੋਮਵਾਰ ਨੂੰ ਸਵੇਰੇ 10 ਤੋਂ 2 ਵਜੇ ਮਹਾਨ ਗੁਰਮਤਿ ਸਮਾਗਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਿੱਖ ਪੰਥ ਦੇ ਪ੍ਰਸਿੱਧ ਰਾਗੀ ਭਾਈ ਜਸਕਰਨ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਨਛੱਤਰ ਸਿੰਘ ਜੀ ਦੋਵੇਂ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਸਿੰਘ ਸਾਹਿਬ ਗਿ. ਕੁਲਦੀਪ ਸਿੰਘ ਜੀ ਗੜਗੱਜ, ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ; ਸਿੰਘ ਸਾਹਿਬ ਗਿ. ਅਮਰਜੀਤ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ; ਸਿੰਘ ਸਾਹਿਬ ਗਿ. ਪ੍ਰਣਾਮ ਸਿੰਘ ਜੀ, ਸਿੰਘ ਸਾਹਿਬ ਗਿ. ਪ੍ਰਿਤਪਾਲ ਸਿੰਘ ਜੀ, ਹੈੱਡ ਗ੍ਰੰਥੀ, ਗੁ. ਸ੍ਰੀ ਦੂਖ ਨਿਵਾਰਨ ਸਾਹਿਬ, ਸਿੰਘ ਸਾਹਿਬ ਗਿ. ਅਵਤਾਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਬਹਾਦਰਗੜ੍ਹ ਸਾਹਿਬ, ਸਿੰਘ ਸਾਹਿਬ ਗਿ. ਹਰਵਿੰਦਰ ਸਿੰਘ ਜੀ, ਹੈੱਡ ਗ੍ਰੰਥੀ ਗੁ. ਮੋਤੀ ਬਾਗ਼ ਸਾਹਿਬ ਉਚੇਚੇ ਤੌਰ 'ਤੇ ਪਹੁੰਚਣਗੇ।

ਨਗਰ ਕੀਰਤਨ

ਮਿਤੀ : 28 ਫਰਵਰੀ 2026 ਦਿਨ ਸ਼ਨੀਵਾਰ

ਨੂੰ ਸਵੇਰੇ 10 ਵਜੇ ਇਤਿਹਾਸਕ ਗੁ. ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ,
ਬਹਾਦਰਗੜ੍ਹ ਤੋਂ ਆਰੰਭ ਹੋਵੇਗਾ ਜੋ ਮੇਨ ਬਜ਼ਾਰ ਵਿਚੋਂ ਹੁੰਦਾ ਹੋਇਆ
ਗੁ. ਸਚਖੰਡ ਦਰਬਾਰ, ਸਚਖੰਡ ਐਨਕਲੇਵ, ਗਿਆਨ ਕਲੋਨੀ, ਪਿੰਡ ਭੱਠਲਾਂ ਵਿਖੇ ਸਮਾਪਤ ਹੋਵੇਗਾ।
ਇਲਾਕੇ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮਾਂ ਵਿੱਚ ਸ਼ਾਮਲ ਹੋ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਭਾਈ ਲਖਵਿੰਦਰ ਸਿੰਘ
ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ
(ਮੁੱਖ ਸੇਵਾਦਾਰ)

ਡਾ. ਜਗਜੀਤ ਸਿੰਘ ਦਰਦੀ
'ਪਦਮ ਸ਼੍ਰੀ' ਐਵਾਰਡੀ
ਚੇਅਰਮੈਨ ਚੜ੍ਹਦੀਕਲਾ ਗਰੁੱਪ

ਭਾਈ ਜੋਗਿੰਦਰ ਸਿੰਘ ਜੀ
(ਅਕੈਡਮੀ ਇੰਚਾਰਜ)
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਵਾਰ

ਭਾਈ ਹਰਪਾਲ ਸਿੰਘ ਜੀ

ਸ. ਰਮਨਦੀਪ ਸਿੰਘ ਜੀ

ਟਰੱਸਟੀ, ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਵਾਰ

ਸਮੂਹ ਵਿਦਿਆਰਥੀ
ਗੁਰਮਤਿ ਸੰਗੀਤ ਅਕੈਡਮੀ

ਕਲੈਰੀਕਲ ਕਾਮਿਆਂ ਵੱਲੋਂ ਸਰਕਾਰ ਵਿਰੁੱਧ ਕੀਤੀਆਂ ਗਈਆਂ ਰੈਲੀਆਂ

ਗੁਰਦਾਸਪੁਰ, 17 ਫਰਵਰੀ (ਜਗੀਰ ਸਿੰਘ ਮੰਡ) ਪੰਜਾਬ ਸਟੇਟ ਮਨਿਸਟਰੀਅਲ ਸਰਵਿਸਸ ਯੂਨੀਅਨ ਦੇ ਸੂਬਾ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ 17 ਅਤੇ 18 ਫਰਵਰੀ ਨੂੰ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨਾ ਮੰਨਣ ਕਾਰਨ ਗੁਰਦਾਸਪੁਰ ਅਤੇ ਬਟਾਲਾ ਦੇ ਵੱਖ-ਵੱਖ ਦਫਤਰਾਂ ਵਿਖੇ ਸ.ਰਘਬੀਰ ਸਿੰਘ ਬਡਵਾਲ ਸੂਬਾ ਚੇਅਰਮੈਨ ਅਤੇ ਸਾਵਨ ਸਿੰਘ ਜਿਲਾ ਪ੍ਰਧਾਨ, ਗੁਰਜੀਤ ਸਿੰਘ ਰੰਧਾਵਾ ਜਨਰਲ ਸਕੱਤਰ ਦੀ ਰਹਿਨੁਮਾਈ ਹੇਠ ਪੰਜਾਬ ਸਰਕਾਰ ਵਿਰੁੱਧ ਗੇਟ ਰੋਸ ਰੈਲੀਆਂ ਕਰਕੇ ਨਾਅਰੇਬਾਜ਼ੀ ਕੀਤੀ ਗਈ, ਮੁਲਾਜ਼ਮ ਮੰਗਾਂ ਦੀ ਜਾਣਕਾਰੀ ਦਿੰਦੇ ਹੋਏ ਵਧੀਕ ਸੂਬਾ ਸਕੱਤਰ ਸ੍ਰੀ ਮੈਨੁਅਲ ਨਾਹਰ ਵੱਲੋਂ ਦੱਸਿਆ ਗਿਆ ਕਿ ਭਗਵੰਤ ਮਾਨ ਸਰਕਾਰ ਵੱਲੋ ਮੁਲਾਜ਼ਮਾਂ ਦੀਆਂ ਜਾਇਜ ਤੇ ਹੱਕੀ ਮੰਗਾਂ ਜਿਵੇ ਕਿ ਸਰਕਾਰ ਵੱਲੋਂ ਮੁੱਖ ਮੰਗ ਪੁਰਾਣੀ ਪੈਨਸ਼ਨ ਸਕੀਮ ਲਾਰੇ ਲੱਪੇ ਵਿੱਚ ਰੱਖਕੇ ਲਾਗੂ ਨਾ ਕਰਨਾ ,ਡੀ ਏ ਜਾਰੀ ਨਾ ਕਰਨਾ ,ਡੀ ਏ ਦੀਆ ਕਿਸਤਾ ਦਾ ਬਕਾਇਆ ਜਾਰੀ ਨਾ ਕਰਨਾ,4,9,14 ਏਸੀਪੀ ਸਕੀਮ ਲਾਗੂ ਨਾ ਕਰਨਾ ,ਕੱਚੇ ਮੁਲਾਜ਼ਮਾਂ ਨੂੰ ਪੱਕੇ ਨਾ ਕਰਨਾ , ਨਵੇ ਕ੍ਰਮਚਾਰੀਆ ਨੂੰ ਪਰਖ ਅਧੀਨ ਸਮੇ ਦੋਰਾਨ ਪੂਰੀ ਤਨਖਾਹ ਨਾ ਦੇਣਾ, 17/7/2020 ਪੱਤਰ ਰੱਦ ਕਰਨਾ,ਕੱਟੇ ਭੱਤੇ ਬਹਾਲੀ ਸਮੇਤ ਹੋਰ ਹੱਕੀ ਮੰਗਾਂ ਨੂੰ ਲਾਗੂ ਕਰਵਾਉਣ ਲਈ ਪੀ. ਐਸ.ਐਮ.ਐਸ.ਯੂ ਨੇ ਪੰਜਾਬ ਵਿੱਚ ਸੰਘਰਸ਼ ਦਾ ਬਿਗਲ ਵਜਾਇਆ ਹੋਇਆ ਹੈ ।

ਕਲਯੁੱਗ ਵਿੱਚ ਮਨੁੱਖ ਦੁਆਰਾ ਕੀਤਾ ਜਾਣ ਵਾਲਾ ਸਭ ਤੋਂ ਵਧੀਆ ਕੰਮ ਬਲੀਦਾਨ ਹੈ: ਮਹੰਤ ਪ੍ਰਵੀਨ ਚੌਧਰੀ

ਲੁਧਿਆਣਾ, 17 ਫਰਵਰੀ (ਕਰਨੈਲ ਸਿੰਘ ਐੱਮ.ਏ.) ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਮਾਂ ਬਗਲਾਮੁਖੀ ਧਾਮ ਵਿਖੇ 243 ਘੰਟੇ ਚੱਲੇ ਅਖੰਡ ਯੱਗ ਦੇ ਸੱਤਵੇਂ ਦਿਨ ਮਾਂ ਚਿੰਤਾਪੁਨੀ ਦਰਬਾਰ ਦੇ ਮੁੱਖ ਪੁਜਾਰੀ ਭੂਸ਼ਣ ਕਾਲੀਆ ਨੇ ਯੱਗ ਕੁੰਡ ਵਿੱਚ ਰਸਮੀ ਪੂਜਾ ਕੀਤੀ ਅਤੇ ਭੇਟਾਂ ਚੜ੍ਹਾਈਆਂ। ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਮਾਂ ਬਗਲਾਮੁਖੀ ਦੇ ਚਰਨਾਂ ਵਿੱਚ ਸਿਰ ਝੁਕਾਇਆ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਸਾਬਕਾ ਕੌਂਸਲਰ ਮਮਤਾ ਆਸ਼ੂ ਨੇ ਦੁਨੀਆ ਦੇ ਸਾਰੇ ਜੀਵਾਂ ਲਈ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਸਿਰ ਝੁਕਾ ਕੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਮਹੰਤ ਪ੍ਰਵੀਨ ਚੌਧਰੀ ਨੇ ਪਿਛਲੇ ਸੱਤ ਦਿਨਾਂ ਤੋਂ ਚੱਲ ਰਹੇ ਅਖੰਡ ਯੱਗ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਕਲਯੁੱਗ ਵਿੱਚ ਯੱਗ ਕਰਨਾ ਮਨੁੱਖ ਦੀ ਸਭ ਤੋਂ ਨੀਵੀਂ ਸ਼੍ਰੇਣੀ ਹੈ। ਇਹ ਕਾਰਜ ਸਾਨੂੰ ਸਵਾਰਥ ਤੋਂ ਪਰਉਪਕਾਰ ਵੱਲ ਅਤੇ ਨਿੱਜੀ ਵਿਚਾਰਾਂ ਤੋਂ ਵਿਸ਼ਵ ਭਲਾਈ ਵੱਲ ਲੈ ਜਾਂਦਾ ਹੈ। ਮਾਂ ਚਿੰਤਾਪੁਨੀ ਦਰਬਾਰ ਦੇ ਮੁੱਖ ਪੁਜਾਰੀ ਭੂਸ਼ਣ ਕਾਲੀਆ ਨੇ ਮਹੰਤ ਪ੍ਰਵੀਨ ਚੌਧਰੀ ਦੀ ਅਗਵਾਈ ਹੇਠ ਆਯੋਜਿਤ ਅਖੰਡ ਯੱਗ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਹ ਯੱਗ ਰਾਸ਼ਟਰੀ ਏਕਤਾ ਅਤੇ ਸਮਾਜਿਕ ਸਦਭਾਵਨਾ ਦਾ ਪ੍ਰਤੀਕ ਹੈ। ਸਾਬਕਾ ਕੈਬਨਿਟ ਮੰਤਰੀ ਵਿਧਾਇਕ ਕੁਲਵੰਤ ਸਿੱਧ ਨੇ ਯੱਗ ਸਥਾਨ ਤੇ ਮਿਲਣ ਵਾਲੀ ਮਨ ਦੀ ਸ਼ਾਂਤੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਯੱਗ ਨਾਲ ਲੁਧਿਆਣਾ ਦਾ ਮਾਹੌਲ ਸ਼ੁੱਧ ਹੋ ਰਿਹਾ ਹੈ। ਗਣਪਤੀ ਦੀ ਭਜਨ ਸੰਧਿਆ ਵੰਦਨਾ ਨਾਲ ਸ਼ਾਮ ਦੀ ਆਰਤੀ ਤੋਂ ਬਾਅਦ, ਨੌਜਵਾਨ ਭਜਨ ਗਾਇਕ ਭਾਵਿਕ ਜੱਗੀ ਅਤੇ ਆਜ਼ਾਦ ਲਾਡਲਾ ਨੇ ਮਾਤਾ ਦੀ ਉਸਤਤ ਵਿੱਚ ਭਜਨ ਪੇਸ਼ ਕੀਤੇ। ਧਾਮ ਦੇ ਮੁੱਖ ਸੇਵਕ ਮਨਪ੍ਰੀਤ ਛੱਤਵਾਲ ਅਤੇ ਮਨਜੀਤ ਕੌਰ ਛੱਤਵਾਲ ਨੇ ਸਮੂਹ ਮੈਂਬਰਾਂ ਨਾਲ ਮਿਲ ਕੇ ਆਰਤੀ ਕਰਕੇ ਭਜਨ ਸੰਧਿਆ ਦੀ ਸਮਾਪਤੀ ਕੀਤੀ। ਇਸ ਮੌਕੇ ਵਲੰਟੀਅਰ ਨਵਜੋਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਪ੍ਰਸ਼ੋਤਮ ਚੌਧਰੀ, ਰਾਣਾ ਰਣਜੀਤ ਸਿੰਘ, ਸੁਧੀਰ ਮਹਾਜਨ, ਗੌਰਵ ਕਾਲੀਆ, ਜਤਿਨ ਸੂਦ, ਪਰਮਵੀਰ ਚੌਧਰੀ, ਸੰਦੀਪ ਸੂਦ, ਸੁਨੀਲ ਸਿੰਘ ਇਕਬਾਲ, ਸੁਨੀਲ ਸਿੰਘ, ਬਲਜੀਤ ਸਿੰਘ, ਗਗਨਦੀਪ ਸਿੰਘ ਆਦਿ ਹਾਜ਼ਰ ਸਨ। ਸਚਦੇਵਾ, ਸੁਨੀਲ ਗੇਰਾ, ਅੰਕੁਸ਼ ਆਦਿ ਸਿੰਗਲਾ, ਨਰਿੰਦਰ ਮਹਾਜਨ, ਤਰੁਣ ਚੌਧਰੀ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਨਾਲਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੇ ਗੁਪਤਾ, ਰਮਨ ਸ਼ਰਮਾ, ਅਦਿੱਤਿਆ ਗੁਪਤਾ, ਬਲਜੀਤ ਬਨਰਾਜ, ਬਲਜੀਤ ਬਨਾਰਸੀ, ਡਾ: ਗੁਪਤਾ, ਜਨਕ ਰਾਜ ਸਿੰਗਲਾ, ਬੌਬੀ ਮੱਕੜ, ਨਿਤੇਸ਼ ਸੂਦ, ਰਾਕੇਸ਼ ਪਾਸੀ, ਗੁਨੀਤ ਖੇੜਾ, ਅਜੇ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ, ਭੁਪਿੰਦਰ ਸਿੰਘ, ਵੇਦ ਲੂਥਰਾ, ਦਵਿੰਦਰ ਵਾਲੀਆ ਵਿਜੇ ਗੁਪਤਾ, ਸੁਨੀਲ ਹਾਂਡਾ, ਵਰੁਣ ਸ਼ਰਮਾ, ਪਵਨ ਪਾਰੀਖ, ਨਰਿੰਦਰ ਸਿੰਗਲਾ, ਸੁਧੀਰ ਮਹਾਜਨ, ਅਨੁਜ ਵਧਵਾ, ਜਨਕ ਰਾਜ, ਨਿਤੇਸ਼ ਸੂਦ, ਮੁਨੀਸ਼ ਸ਼ਰਮਾ, ਆਸ਼ੂਤੋਸ਼, ਪ੍ਰਦੀਪ ਟਾਟਾ, ਆਦਿਤਿਆ ਗੁਪਤਾ, ਵਰੁਣ ਚੋਪੜਾ, ਸਾਹਿਲ ਸਿੰਗਲਾ ਨੇ ਵਿਸ਼ੇਸ਼ ਮਹਿਮਾਨਾਂ ਨੂੰ ਯਾਦਗਾਰੀ ਤੋਹਫ਼ੇ ਦਿੱਤੇ।

38ਵੀਆਂ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਧੂਮ- ਧੜੱਕੇ ਨਾਲ ਸਮਾਪਤ

ਲੁਧਿਆਣਾ 17 ਫਰਵਰੀ (ਕਰਨੈਲ ਸਿੰਘ ਐੱਮ.ਏ.) ਜੇ ਐਸਟੀ ਟਰੱਕ ਪਰਮਿਟ ਅਮਰੀਕਾ, ਏਵਨ ਸਾਈਕਲ ਅਤੇ ਕੋਕਾ ਕੋਲਾ 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਦੇ ਇਤਿਹਾਸ ਵਿੱਚ ਇੱਕ ਨਵੀਆਂ ਪੈੜਾਂ ਪਾਉਂਦੀਆਂ ਹੋਈਆਂ ਧੂਮ- ਧੜੱਕੇ ਨਾਲ ਸਮਾਪਤ ਹੋਈਆਂ।ਕਬੱਡੀ ਓਪਨ ਵਿੱਚ ਨਾਇਬ ਸਿੰਘ ਗਰੇਵਾਲ ਯਾਦਗਾਰੀ ਕਬੱਡੀ ਕੱਪ ਲਈ 16 ਟੀਮਾਂ ਦੇ ਆਪਸੀ ਮੁਕਾਬਲੇ ਹੋਏ ਜਿਸ ਵਿੱਚ ਘੱਲੂਘਾਰਾ ਕੱਪ ਦੀ ਟੀਮ ਚੈਂਪੀਅਨ ਅਤੇ ਚਕਰ ਮੋਗਾ ਉਪ ਜੇਤੂ ਰਹੀ। ਹਾਕੀ ਸੀਨੀਅਰ ਵਰਗ ਵਿੱਚ ਲਵਲੀ ਯੂਨੀਵਰਸਿਟੀ ਜਲੰਧਰ ਨੇ ਜਰਖੜ ਅਕੈਡਮੀ ਨੂੰ 3-1 ਨਾਲ ਹਰਾ ਕੇ ਮਹਿੰਦਰ ਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ ਟਰਾਫੀ ਤੇ ਕਬਜ਼ਾ ਕੀਤਾ । ਹਾਕੀ ਕੁੜੀਆਂ ਦੇ ਵਰਗ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਲਵਲੀ ਯੂਨੀਵਰਸਿਟੀ ਜਲੰਧਰ ਨੂੰ 4-2 ਨਾਲ ਹਰਾ ਕੇ ਮੋਹਿੰਦਰਪਰਤਾਪ ਗਰੇਵਾਲ ਟਰਾਫੀ ਹਾਸਲ ਕੀਤੀ।ਹਾਕੀ ਸਬ ਜੂਨੀਅਰ ਜਗਤਾਰ ਯਾਦਗਾਰੀ ਹਾਕੀ ਕੱਪ ਵਿੱਚ ਜਰਖੜ ਅਕੈਡਮੀ ਨੇ ਅਮਰਗੜ੍ਹ ਨੂੰ 2-1 ਨਾਲ ਹਰਾ ਕੇ ਜਿੱਤ ਖਿਤਾਬੀ ਜਿੱਤ ਹਾਸਲ ਕੀਤੀ। ਫੁੱਟਬਾਲ : ਅਮਰਜੀਤ ਸਿੰਘ ਗਰੇਵਾਲ ਕੱਪ ਵਿੱਚ ਮੁੰਡਿਆਂ ਦੇ ਵਰਗ ਵਿੱਚ ਭੈਣੀ ਅਰੋੜਾ ਨੇ ਭੁੱਟਾ ਨੂੰ 2-1 ਨਾਲ ਅਤੇ ਕੁੜੀਆਂ ਦੇ ਵਰਗ ਵਿੱਚ ਗੁਜਰਵਾਲ ਨੇ ਕੋਟਲਾ ਨੂੰ 3-2 ਨਾਲ ਹਰਾ ਕੇ ਚੈਂਪੀਅਨ ਜਿੱਤ ਹਾਸਲ ਕੀਤੀ। ਬਾਬਾ ਸੁਰਜਨ ਸਿੰਘ ਸਰੀਂਹ ਰੱਸਾਕਸੀ ਕੱਪ ਵਿੱਚ ਰੋਪੜ ਨੇ ਪਹਿਲਾ ਸਥਾਨ, ਬਠਿੰਡਾ ਨੇ ਦੂਸਰਾ ਸਥਾਨ ਹਾਸਲ ਕੀਤਾ। ਜਦਕਿ 50 ਸਾਲਾ ਕਬੱਡੀ ਧਰਮ ਸਿੰਘ ਕੱਪ ਵਿੱਚ ਰਾਏਕੋਟ ਨੇ ਪਹਿਲਾ ਸਥਾਨ, ਸੀਹਾਦੋਦ ਨੇ ਦੂਸਰਾ ਸਥਾਨ ਹਾਸਲ ਕੀਤਾ

ਅਪਰਾਧਿਕ ਕਾਰਵਾਈਆਂ ਨੂੰ ਬੰਦੂਕ ਦੀ ਨੀਤੀ ਨਾਲ ਨਹੀਂ ਬਲਕਿ ਬੇਰੁਜ਼ਗਾਰੀ ਨੂੰ ਖਤਮ ਕਰਕੇ ਹੀ ਹੱਲ ਕੀਤਾ ਜਾ ਸਕਦੈ : ਮਾਨ

ਫ਼ਤਹਿਗੜ੍ਹ ਸਾਹਿਬ, 17 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋ ਪੰਜਾਬ ਵਿਚ ਗੈਂਗਸਟਰਵਾਦ ਅਤੇ ਨਸਿਆ ਦੇ ਕਾਰੋਬਾਰ ਨੂੰ ਖ਼ਤਮ ਕਰਨ ਲਈ ਕੀਤੀ ਗਈ ਰੈਲੀ ਦੇ ਮਕਸਦ ਨੂੰ ਉਸ ਸਮੇ ਤੱਕ ਪ੍ਰਾਪਤ ਨਹੀ ਕੀਤਾ ਜਾ ਸਕੇਗਾ, ਜਦੋ ਤੱਕ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਇਸ ਦੀ ਅਸਲ ਜੜ੍ਹ 'ਬੇਰੁਜਗਾਰੀ' ਦੇ ਮੁੱਦੇ ਨੂੰ ਸਮਝਕੇ ਇਸ ਨੂੰ ਪਹਿਲ ਦੇ ਆਧਾਰ ਤੇ ਹੱਲ ਨਹੀ ਕਰਦੇ। ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰ ਤੇ ਪੁਲਿਸ ਗੋਲੀ-ਬੰਦੂਕ ਦੀ ਖੇਡ ਨਾਲ ਇਸ ਉਤੇ ਫ਼ਤਹਿ ਪਾਉਣ ਦੇ ਗੈਰ ਕਾਨੂੰਨੀ ਅਤੇ ਅਣਮਨੁੱਖੀ ਅਮਲ ਕਰ ਰਹੀ ਹੈ, ਪਰ ਅਜਿਹਾ ਕਰਨ ਤੇ ਵੀ ਇਸ ਮਸਲੇ ਨੂੰ ਸਹੀ ਢੰਗ ਨਾਲ ਹੱਲ ਨਹੀ ਕੀਤਾ ਜਾ ਸਕੇਗਾ ਅਤੇ ਇਹ ਸਮਗਲਿੰਗ, ਨਸੀਲੀਆ ਵਸਤਾਂ ਦੀ ਸਪਲਾਈ ਦਾ ਕੰਮ ਨਹੀ ਰੁਕ ਸਕੇਗਾ, ਕਿਉਂਕਿ ਪਿੰਡਾਂ ਅਤੇ ਕਸਬਿਆ ਵਿਚ ਅਤਿ ਦੀ ਗਰੀਬੀ ਹੋਣ ਦੇ ਨਾਲ-ਨਾਲ ਇਨ੍ਹਾਂ ਪਰਿਵਾਰਾਂ ਵਿਚ ਵੱਡੇ ਪੱਧਰ ਤੇ ਬੇਰੁਜਗਾਰੀ ਹੈ ਜਿਸ ਨਾਲ ਵੱਡੇ ਵੱਡੇ ਸਮੱਗਲਰ ਜਾਂ ਇਨ੍ਹਾਂ ਧੰਦਿਆ ਵਿਚ ਮਸਰੂਫ ਕਾਰੋਬਾਰੀ ਲੋਕ ਇਨ੍ਹਾਂ ਦੀ ਬੇਰੁਜਗਾਰੀ ਦਾ ਪੂਰਾ ਫਾਇਦਾ ਉਠਾਉਦੇ ਹੋਏ ਇਨ੍ਹਾਂ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਇਨ੍ਹਾਂ ਕੰਮਾਂ ਵਿਚ ਵੱਡੇ ਪੈਸੇ ਦੇ ਕੇ ਲਗਾ ਦਿੰਦੇ ਹਨ ।ਉਨ੍ਹਾਂ ਕਿਹਾ ਕਿ ਜਦੋ ਬੇਰੁਜਗਾਰ ਨੌਜਵਾਨ ਅਤੇ ਗਰੀਬ ਪਰਿਵਾਰਾਂ ਦੇ ਬੱਚੇ ਪਿੰਡਾਂ ਵਿਚ ਧਨਾਂਡ ਲੋਕਾਂ ਦੀਆਂ ਵੱਡੀਆ-ਵੱਡੀਆ ਕੋਠੀਆ ਬਣਦੇ ਦੇਖਦੇ ਹਨ, ਉਨ੍ਹਾਂ ਦੇ ਐਸਪ੍ਰਸਤੀ ਵਾਲੇ ਜੀਵਨ ਪੱਧਰ ਨੂੰ ਦੇਖਦੇ ਹਨ, ਤਾਂ ਉਹ ਇਸ ਲਾਲਸਾ ਵਿਚ ਅਤੇ ਉਨ੍ਹਾਂ ਦੀ ਚਕਾਚੌਧ ਵਾਲੀ ਜਿੰਦਗੀ ਤੋ ਪ੍ਰਭਾਵਿਤ ਹੋ ਕੇ ਇਨ੍ਹਾਂ ਸਮੱਗਲਰਾਂ ਤੇ ਵੱਡੇ ਗੈਰ ਕਾਨੂੰਨੀ ਕਾਰੋਬਾਰ ਕਰਨ ਵਾਲਿਆ ਦੇ ਕੰਮ ਵਿਚ ਮੋਹਰਾ ਬਣਨ ਲਈ ਆਪਣੀਆ ਪ੍ਰਵਾਨਗੀ ਦੇ ਦਿੰਦੇ ਹਨ । ਜਿਸ ਨਾਲ ਉਨ੍ਹਾਂ ਨੂੰ ਇਕ ਥਾਂ ਤੋ ਦੂਜੀ ਥਾਂ ਨਸ਼ੀਲੀਆਂ ਵਸਤਾਂ ਪਹੁੰਚਾਉਣ ਲਈ ਇਨ੍ਹਾਂ ਧਨਾਢਾਂ ਤੇ ਸਮੱਗਲਰਾਂ ਵੱਲੋ ਚੌਖੀ ਰਕਮ ਮਿਲ ਜਾਂਦੀ ਹੈ ਅਤੇ ਉਨ੍ਹਾਂ ਨੂੰ ਸੌਖੇ ਹੀ ਚੰਗੀਆਂ ਰਕਮਾਂ ਮਿਲਣੀਆ ਸੁਰੂ ਹੋ ਜਾਂਦੀਆ ਹਨ । ਇਸ ਲਈ ਜੇਕਰ ਅੱਜ ਇਹ ਧੰਦਾ ਵੱਧ ਰਿਹਾ ਹੈ ਤਾਂ ਉਸਦਾ ਕਾਰਨ ਬੇਰੁਜਗਾਰੀ ਅਤੇ ਗਰੀਬੀ ਦਾ ਵੱਧਣਾ ਹੈ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਤੇ ਸੈਟਰ ਸਰਕਾਰਾਂ ਨਸੀਲੀਆ ਵਸਤਾਂ ਦੇ ਗੈਰ ਕਾਨੂੰਨੀ ਕਾਰੋਬਾਰ ਨੂੰ ਖਤਮ ਕਰਨ ਲਈ ਸੰਜੀਦਾ ਹਨ, ਤਾਂ ਇਨ੍ਹਾਂ ਦੋਵਾਂ ਸਰਕਾਰਾਂ ਨੂੰ ਸਹੀ ਢੰਗ ਨਾਲ ਯੋਜਨਾ ਬਣਾਕੇ ਪੰਜਾਬ ਵਿਚ ਦਿਹਾਤੀ ਇਲਾਕਿਆ ਵਿਚ ਵੱਧ ਰਹੀ ਬੇਰੁਜਗਾਰੀ ਦੇ ਗੰਭੀਰ ਮੁੱਦੇ ਨੂੰ ਖਤਮ ਕਰਨ ਲਈ ਅੰਗਰੇਜ਼ਾਂ ਵੱਲੋ ਇੰਡੀਅਨ ਆਰਮੀ ਵਿਚ ਕਾਇਮ ਕੀਤੇ ਗਏ ਸਿੱਖਾਂ ਦੇ 33% ਭਰਤੀ ਦੇ ਕੋਟੇ ਨੂੰ ਤੁਰੰਤ ਬਹਾਲ ਕਰਨ ਦਾ ਐਲਾਨ ਕਰਨ । ਇਸਦੇ ਨਾਲ ਹੀ ਹੋਰ ਵਿਭਾਗਾਂ ਅਤੇ ਪ੍ਰਾਈਵੇਟ ਅਦਾਰਿਆ ਵਿਚ ਸਹੀ ਵੇਤਨਾ ਉਤੇ ਪੰਜਾਬ ਵਿਚ ਲੱਖਾਂ ਦੀ ਗਿਣਤੀ ਵਿਚ ਬੇਰੁਜਗਾਰ ਫਿਰ ਰਹੀ ਨੌਜਵਾਨੀ ਨੂੰ ਆਹਰੇ ਲਗਾਉਣ, ਤਦ ਹੀ ਨਸੀਲੀਆ ਵਸਤਾਂ ਦੇ ਵੱਡੇ ਕਾਰੋਬਾਰਾਂ ਅਤੇ ਗੈਂਗਸਟਰਾਂ ਦੇ ਵੱਧਦੇ ਅਪਰਾਧਾਂ ਨੂੰ ਠੱਲ ਪਾ ਸਕਣਗੇ ਨਾ ਕਿ ਗੋਲੀ ਬੰਦੂਕ ਨੀਤੀ ਨਾਲ ਨੌਜਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰਨ ਦੇ ਅਮਲ ਕਰਕੇ । ਅਜਿਹੇ ਅਮਲ ਤਾਂ ਕੌਮਾਂਤਰੀ ਕਾਨੂੰਨਾਂ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਦਾ ਵੀ ਹਨਨ ਕਰਦੇ ਹਨ । ਇਸ ਲਈ ਪੰਜਾਬ ਤੇ ਸੈਟਰ ਸਰਕਾਰਾਂ ਨੂੰ ਇਸ ਵਿਸੇ ਤੇ ਗੈਂਗਸਟਰਾਂ ਜਾਂ ਬੇਰੁਜਗਾਰਾਂ ਨੂੰ ਮਾਰਨ ਦੇ ਅਮਲਾਂ ਤੋ ਤੋਬਾ ਕਰਕੇ ਉਨ੍ਹਾਂ ਦੇ ਰੁਜਗਾਰ ਦੇ ਧੰਦੇ ਪੈਦਾ ਕੀਤੇ ਜਾਣ । ਫਿਰ ਇਹ ਮਸਲਾ ਸਹੀ ਢੰਗ ਨਾਲ ਹੱਲ ਹੋ ਸਕੇਗਾ । ਕਿਉਂਕਿ ਇਹ ਮਸਲਾ ਸਮਾਜਿਕ ਅਤੇ ਮਾਲੀ ਹਾਲਤਾਂ ਨਾਲ ਜੁੜਿਆ ਹੋਇਆ ਹੈ । ਜਿਸ ਨੂੰ ਸਹੀ ਕਰਨਾ ਸਰਕਾਰਾਂ ਦਾ ਫਰਜ ਹੈ । ਸ. ਮਾਨ ਨੇ ਇਸ ਗੱਲ ਤੇ ਵੀ ਸਿਆਸਤਦਾਨਾਂ, ਸਰਕਾਰ ਉਤੇ ਨਿਸਾਨਾ ਸਾਧਦੇ ਹੋਏ ਕਿਹਾ ਕਿ ਪੰਜਾਬ ਦੇ ਹਰ ਖੇਤਰ ਵਿਚ ਸੜਕਾਂ, ਗਲੀਆ, ਨਾਲੀਆ ਵਿਚ ਸਫਾਈ ਕਰਨ ਹਿੱਤ ਅਫਸਰਸਾਹੀ ਵੱਲੋ ਕੋਈ ਜਿੰਮੇਵਾਰੀ ਨਹੀ ਨਿਭਾਈ ਜਾ ਰਹੀ । ਇਹ ਸਭ ਅਫਸਰਸਾਹੀ ਤੇ ਸਿਆਸਤਦਾਨਾਂ ਦੇ ਨੱਕ ਥੱਲੇ ਪੰਜਾਬ ਵਿਚ ਗੰਦਗੀ ਤੇ ਬਦਬੂ ਫੈਲ ਰਹੀ ਹੈ । ਬਿਮਾਰੀਆ ਨੂੰ ਸੱਦਾ ਦਿੱਤਾ ਜਾ ਰਿਹਾ ਹੈ । ਜਦੋਂਕਿ ਇਸ ਦਿਸਾ ਵੱਲ ਜੇਕਰ ਸਿਆਸਤਦਾਨ ਤੇ ਸਰਕਾਰ ਗੌਰ ਨਹੀ ਕਰ ਰਹੀ ਤਾਂ ਜੋ ਅਸਲੀਅਤ ਵਿਚ ਅਫਸਰਸਾਹੀ ਹੈ, ਜਿਸਦੀ ਇਹ ਜਿੰਮੇਵਾਰੀ ਬਣਦੀ ਹੈ ਉਹ ਆਪਣੇ ਮੁਲਕ, ਸੂਬੇ, ਸਹਿਰ, ਨਗਰ ਅਤੇ ਪਿੰਡ ਨੂੰ ਸਾਫ ਸੁਥਰਾ ਰੱਖਣ ਵਿਚ ਆਪਣੇ ਅਮਲੇ ਫੈਲੇ ਨੂੰ ਸਹੀ ਦਿਸ਼ਾ ਨਿਰਦੇਸ ਦੇ ਕੇ ਆਪਣੀਆ ਜਿੰਮੇਵਾਰੀਆ ਨਿਭਾਉਣ ਅਤੇ ਪੰਜਾਬ ਦੇ ਵਾਤਾਵਰਣ ਤੇ ਮਾਹੌਲ ਨੂੰ ਖੁਸਗਵਾਰ ਰੱਖਣ ਵਿਚ ਸਹਾਈ ਹੋਣ ।

2027 ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਕਰਾਰਾ ਸਬਕ ਸਿਖਾਉਣ ਲਈ ਤਿਆਰ : ਭੁੱਟਾ

ਫ਼ਤਿਹਗੜ੍ਹ ਸਾਹਿਬ, 17 ਫਰਵਰੀ (ਹਰਪ੍ਰੀਤ ਕੌਰ ਟਿਵਾਣਾ)ਆਮ ਆਦਮੀ ਪਾਰਟੀ ਦੇ ਆਗੂ ਝੂਠ ਬੋਲਣ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦੇ ਅਤੇ ਪੰਜਾਬੀ ਇਹਨਾਂ ਦੀਆਂ ਚਾਲਾਂ ਤੋਂ ਭਲੀ ਭਾਂਤ ਜਾਣੂ ਹੋ ਗਏ ਹਨ ਅਤੇ ਲੋਕ 2027 ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਕਰਾਰਾ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ। ਇਹ ਗੱਲ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਨੇ ਪਿੰਡ ਪਿੰਡ ਬਡਾਲੀ ਆਲਾ ਸਿੰਘ ਤੇ ਹਰੀਪੁਰ ਵਿਖੇ ਉਨ੍ਹਾਂ ਦੇ ਕੀਤੇ ਗਏ ਸਨਮਾਨ ਮੌਕੇ ਗੱਲਬਾਤ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੀਡਰਾਂ ਨੇ ਭੋਲੇ ਭਾਲੇ ਪੰਜਾਬੀਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ ਜਿਸ ਕਾਰਨ ਲੋਕ ਇਨ੍ਹਾਂ ਨੂੰ ਸਬਕ ਸਿਖਾਉਣ ਲਈ ਤਿਆਰ ਬੈਠੇ ਹਨ।ਸ. ਭੁੱਟਾ ਨੇ ਕਿਹਾ ਕਿ ਆਪ ਨੇ ਗਰੰਟੀਆਂ ਦੇ ਨਾਮ ਤੇ ਲੋਕਾਂ ਨਾਲ ਸਿਰਫ ਝੂਠ ਹੀ ਬੋਲਿਆ ਹੈ ਜਦੋਂ ਕਿ ਹਕੀਕਤ ਵਿੱਚ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕੋ ਇੱਕ ਅਜਿਹੀ ਪਾਰਟੀ ਹੈ ਜਿਸ ਨੇ ਸੂਬੇ ਦੀ ਬੇਹਤਰੀ ਲਈ ਮੋਰਚੇ ਲਗਾਏ ਅਤੇ ਅਕਾਲੀ ਦਲ ਦੇ ਆਗੂਆਂ ਨੇ ਲੰਮੀਆਂ ਜੇਲ੍ਹਾਂ ਕੱਟੀਆਂ। ਉਨ੍ਹਾਂ ਕਿਹਾ ਕਿ ਲੋਕ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਲੋੜ ਸਮਝ ਗਏ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਤਿਆਰ ਬੈਠੇ ਹਨ।ਭੁੱਟਾ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਦੇ ਲੋਕ ਬਾਹਰੋਂ ਆਏ ਲੋਕਾਂ ਦੀ ਆਓ ਭਗਤ ਕਰਕੇ ਆਪਣੀ ਮਹਿਮਾਨ ਨਿਵਾਜੀ ਲਈ ਜਾਣੇ ਜਾਂਦੇ ਹਨ ਉਸੇ ਤਰ੍ਹਾਂ ਪੰਜਾਬੀਆਂ ਦੀ ਬਹਾਦਰੀ ਵੀ ਦੁਨੀਆਂ ਭਰ ਵਿੱਚ ਮੰਨੀ ਜਾਂਦੀ ਹੈ ਅਤੇ ਅੱਜ ਹਰੇਕ ਵਰਗ ਦੇ ਲੋਕ ਮੌਜੂਦਾ ਸਰਕਾਰ ਦੀਆਂ ਲੋਕਮਾਰੂ ਨੀਤੀਆਂ ਤੋ ਦੁਖੀ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਹੁਣ ਸਿਰਫ ਕੁਝ ਸਮਾਂ ਹੀ ਰਹਿ ਗਿਆ ਹੈ ਜਦੋ ਆਮ ਆਦਮੀ ਪਾਰਟੀ ਦਾ ਕੋਈ ਨਾਮ ਲੈਣ ਵਾਲਾ ਨਹੀਂ ਰਹੇਗਾ।

ਜੀਨਾ ਇਸੀ ਕਾ ਨਾਮ ਹੈ ਗਾਇਕੀ ਦਾ ਪ੍ਰੋਗਰਾਮ 22 ਨੂੰ

ਲੁਧਿਆਣਾ 17 ਫਰਵਰੀ (ਕਰਨੈਲ ਸਿੰਘ ਐੱਮ.ਏ.) ਸਿਟੀ ਨੀਡਜ਼, ਸਮਾਲ ਆਈਡੀਆ ਗ੍ਰੇਟ ਆਈਡੀਆ ਅਤੇ ਲੁਧਿਆਣਾ ਡਿਸਟ੍ਰੀਬਿਊਟਰ ਐਸੋਸੀਏਸ਼ਨ ਵੱਲੋਂ 22 ਫਰਵਰੀ ਨੂੰ ਸ਼ਾਮ 4:30 ਵਜੇ ਇਸ਼ਮੀਤ ਮਿਊਜ਼ਿਕ ਇੰਸਟੀਚਿਊਟ, ਲੁਧਿਆਣਾ ਵਿਖੇ ਇੱਕ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਜਾ ਰਿਹਾ ਹੈ। ਮੁੱਖ ਆਕਰਸ਼ਣ ਡੱਚ ਮੂਲ ਦੇ ਹਿੰਦੀ ਗਾਇਕ ਟੋਨੀ ਸਿੰਘ ਦੇ ਸਨਮਾਨ ਵਿੱਚ ਇੱਕ ਸੰਗੀਤਕ ਸ਼ਾਮ ਹੋਵੇਗੀ, ਜੋ ਮੁਹੰਮਦ ਰਫ਼ੀ ਦੇ ਗੀਤਾਂ ਨੂੰ ਬਾਖੂਬੀ ਨਾਲ ਗਾਉਂਦਾ ਹੈ। ਮਹਿਮਾਨ ਗਾਇਕ ਡਾ: ਅਸ਼ਵਿੰਦਰ, ਅਸ਼ੋਕ ਧੀਰ, ਸੁਨੀਤਾ ਮਹਿਰਾ, ਰਾਜੀਵ ਰਾਜ, ਕਲਪਨਾ, ਦੀਪਿਕਾ ਧੀਰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ । ਪ੍ਰਬੰਧਕੀ ਕਮੇਟੀ ਦੇ ਮੈਂਬਰ ਮਨਿਤ ਦੀਵਾਨ, ਡਾ: ਸਤਭੂਸ਼ਣ ਪਾਂਡੇ, ਅਸ਼ੋਕ ਧੀਰ ਅਤੇ ਗੌਰਵ ਖਰਬੰਦਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਲੈ ਕੇ ਲੁਧਿਆਣਾ ਵਾਸੀਆਂ ਵਿੱਚ ਭਾਰੀ ਉਤਸ਼ਾਹ ਹੈ ਅਤੇ ਇਹ ਸ਼ਾਮ ਨੂੰ ਲੁਧਿਆਣਾ ਦੀ ਇੱਕ ਯਾਦਗਾਰੀ ਸ਼ਾਮ ਵਜੋਂ ਯਾਦ ਕੀਤਾ ਜਾਵੇਗਾ।

ਮਾਤਾ ਗੁਜਰੀ ਕਾਲਜ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਵੱਲੋਂ ਵਿਸ਼ੇਸ਼ ਵਰਕਸ਼ਾਪ

ਫ਼ਤਹਿਗੜ੍ਹ ਸਾਹਿਬ, 17 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) ਮਾਤਾ ਗੁਜਰੀ ਕਾਲਜ ਦੇ ਮੈਨੇਜਮੈਂਟ ਸਟੱਡੀਜ਼ ਵਿਭਾਗ ਅਤੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਵੱਲੋਂ ਕਾਲਜ ਦੇ ਇਨੋਵੇਸ਼ਨ ਸੈੱਲ ਦੇ ਸਹਿਯੋਗ ਨਾਲ ਵਿਭਾਗ ਦੇ ਪੋਸਟਗ੍ਰੈਜੂਏਟ ਅਤੇ ਗ੍ਰੈਜੂਏਟ ਆਖਰੀ ਸਾਲ ਦੇ ਵਿਦਿਆਰਥੀਆਂ ਲਈ ਇੰਟਰਵਿਊ ਲਈ ਸੰਚਾਰ ਕੌਸ਼ਲ ਵਿਸ਼ੇ 'ਤੇ ਵਿਸ਼ੇਸ਼ ਵਰਕਸ਼ਾਪ ਆਯੋਜਿਤ ਕੀਤੀ ਗਈ। ਇਸ ਵਰਕਸ਼ਾਪ ਦਾ ਉਦੇਸ਼ ਮੌਜੂਦਾ ਉਦਯੋਗਿਕ ਮਾਪਦੰਡਾਂ ਅਨੁਸਾਰ ਵਿਦਿਆਰਥੀਆਂ ਦੀ ਸੰਚਾਰ ਯੋਗਤਾ, ਇੰਟਰਵਿਊ ਤਿਆਰੀ ਅਤੇ ਪੇਸ਼ਾਵਰ ਆਤਮਵਿਸ਼ਵਾਸ ਨੂੰ ਮਜ਼ਬੂਤ ਕਰਨਾ ਸੀ।ਸੈਸ਼ਨ ਦਾ ਆਯੋਜਨ ਆਈ.ਡੀ.ਪੀ. ਐਜੂਕੇਸ਼ਨ ਲਿਮਿਟਡ, ਖੰਨਾ ਦੇ ਨੁਮਾਇੰਦਿਆਂ ਸਟ੍ਰੈਟੇਜਿਕ ਅਲਾਇੰਸ ਸ੍. ਅੰਮ੍ਰਿਤਪਾਲ ਸਿੰਘ ਪਨੇਸਰ ਅਤੇ ਬ੍ਰਾਂਚ ਮੈਨੇਜਰ ਸ੍ਰੀ ਵਿਸ਼ਾਲ ਗੁਪਤਾ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਬੋਲਚਾਲ ਅਤੇ ਗੈਰ-ਮੌਖਿਕ ਸੰਚਾਰ, ਪੇਸ਼ਾਵਰ ਸ਼ਿਸ਼ਟਾਚਾਰ, ਬਾਡੀ ਲੈਂਗਵੇਜ, ਰਿਜ਼ਿਊਮ ਬਣਾਉਣ ਅਤੇ ਇੰਟਰਵਿਊ ਪ੍ਰਸ਼ਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦੀਆਂ ਰਣਨੀਤੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਮੌਕ ਇੰਟਰੈਕਸ਼ਨ ਅਤੇ ਇੰਟਰਵਿਊ ਅਭਿਆਸਾਂ ਵਿੱਚ ਸਰਗਰਮੀ ਨਾਲ ਭਾਗ ਲਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਾਰਪੋਰੇਟ ਸੈਕਟਰਾਂ ਵੱਲੋਂ ਇਸ ਤਰ੍ਹਾਂ ਦੀ ਪ੍ਰੈਕਟੀਕਲ ਟਰੇਨਿੰਗ ਵਿਦਿਆਰਥੀਆਂ ਦਾ ਵਿਹਾਰਕ ਅਤੇ ਵਿਵਹਾਰਕ ਗਿਆਨ ਵਧਾਉਣ ਵਿੱਚ ਬਹੁਤ ਸਹਾਇਕ ਸਿੱਧ ਹੁੰਦੀ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਅਜਿਹੀ ਸਿੱਖਿਆ ਭਰਪੂਰ ਵਰਕਸ਼ਾਪ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਮੈਨੇਜਮੈਂਟ ਸਟਡੀਜ਼ ਵਿਭਾਗ ਦੀ ਮੁਖੀ ਡਾ. ਕਮਲਪ੍ਰੀਤ ਕੌਰ ਨੇ ਵਿਦਿਆਰਥੀਆਂ ਦੇ ਵਿਹਾਰਕ ਗਿਆਨ ਅਤੇ ਹੁਨਰ ਵਿਕਾਸ ਲਈ ਅਜਿਹੀ ਪ੍ਰੈਕਟੀਕਲ ਸਿਖਲਾਈ ਦੀ ਭੂਮਿਕਾ ਤੇ ਚਾਨਣਾ ਪਾਇਆ। ਕਾਲਜ ਦੇ ਪਲੇਸਮੈਂਟ ਅਫ਼ਸਰ ਡਾ. ਸੌਰਵ ਸ਼ਰਮਾ ਨੇ ਵਰਕਸ਼ਾਪ ਦੇ ਅਖੀਰ ਵਿਚ ਧੰਨਵਾਦ ਦੇ ਮਤੇ ਨਾਲ ਸੈਸ਼ਨ ਦੀ ਸਮਾਪਤੀ ਕੀਤੀ। ਵਰਕਸ਼ਾਪ ਦੌਰਾਨ ਮੈਨੇਜਮੈਂਟ ਸਟੱਡੀਜ਼ ਵਿਭਾਗ ਦੇ ਫੈਕਲਟੀ ਮੈਂਬਰ ਡਾ. ਸ਼ਿਵਾਨੀ ਬੈਕਟਰ, ਡਾ. ਰਤਨੇਸ਼ਪਾਲ ਸਿੰਘ, ਡਾ. ਮਨਪ੍ਰੀਤ ਕੌਰ ਅਤੇ ਡਾ. ਨਿਤਿਕਾ ਵਰਮਾ ਹਾਜ਼ਰ ਸਨ।

ਕੰਪਿਊਟਰ ਅਧਿਆਪਕਾਂ ਦਾ ਇੱਕ ਵਫਦੇ ਉਪ ਜਿਲਾ ਸਿੱਖਿਆ ਅਫਸਰ ਨੂੰ ਮਿਲਿਆ।

ਜਗਰਾਓਂ ,17 ਫਰਵਰੀ, ਦਵਿੰਦਰ ਜੈਨ ਅੱਜ ਕੰਪਿਊਟਰ ਅਧਿਆਪਕਾਂ ਦਾ ਇੱਕ143(7) ਰਕੇਸ਼ ਕੁਮਾਰ ਅਤੇ ਉਪ ਜਿਲਾ ਸਿੱਖਿਆ ਅਫਸਰ ਵਫਦ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਅਤੇ ਕੰਪਿਊਟਰ ਅਧਿਆਪਕ ਯੂਨੀਅਨ ਦੇ ਸਾਂਝੇ ਬੈਨਰ ਹੇਠ 143(7) ਰਕੇਸ਼ ਕੁਮਾਰ ਅਤੇ ਉਪ ਜਿਲਾ ਸਿੱਖਿਆ ਅਫਸਰ ਅਮਨਦੀਪ ਸਿੰਘ ਨੂੰ ਮਿਲਿਆਜਿਸ ਵਿੱਚ ਕੰਪਿਊਟਰ ਅਧਿਆਪਕਾਂ ਵੱਲੋਂ ਉਹਨਾਂ ਦੀਆਂ *ਮੁੱਖ ਮੰਤਰੀ ਸਿਹਤ ਬੀਮਾ ਯੋਜਨਾ* ਵਿੱਚ ਲੱਗ ਰਹੀਆਂ ਡਿਊਟੀਆਂ ਦੀ ਸਮੱਸਿਆ ਸਬੰਧੀ ਗੱਲਬਾਤ ਕੀਤੀ ਗਈ।ਸਮੂਹ ਕੰਪਿਊਟਰ ਅਧਿਆਪਕਾਂ ਵੱਲੋਂ ਮੰਗ ਕੀਤੀ ਗਈ ਕਿ ਅੱਜ ਕੱਲ ਪ੍ਰੀਖਿਆ ਦੇ ਦਿਨਾਂ ਵਿੱਚ ਟੀਚਿੰਗ ਸਟਾਫ ਦੀਆਂ ਡਿਊਟੀਆਂ ਨਾ ਲਗਾਈਆਂ ਜਾਣ ਮੀਟਿੰਗ ਵਿੱਚ 3 ਫਰਵਰੀ ਨੂੰ ਮਾਨਯੋਗ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨਾਲ ਹੋਈ ਮੀਟਿੰਗ ਦਾ ਜਿਕਰ ਵੀ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਮਾਣਯੋਗ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ 3 ਫਰਵਰੀ ਨੂੰ ਕੰਪਿਊਟਰ ਅਧਿਆਪਕਾਂ ਦੀਆਂ ਡਿਊਟੀਆਂ ਕੱਟਣ ਦਾ ਭਰੋਸਾ ਦਿੱਤਾ ਸੀ।

ਮਾਤਾ ਗੁਜਰੀ ਕਾਲਜ ਦੀ ਪਲਾਸਟਿਕ ਬੈਨ ਕਮੇਟੀ ਵੱਲੋਂ ਵਿਸ਼ੇਸ਼ ਵਰਕਸ਼ਾਪ

ਫ਼ਤਹਿਗੜ੍ਹ ਸਾਹਿਬ, 17 ਫ਼ਰਵਰੀ (ਹਰਪ੍ਰੀਤ ਕੌਰ ਟਿਵਾਣਾ)ਮਾਤਾ ਗੁਜਰੀ ਕਾਲਜ ਦੀ ਪਲਾਸਟਿਕ ਬੈਨ ਕਮੇਟੀ ਵੱਲੋਂ ਕਾਲਜ ਦੇ ਫਾਈਨ ਆਰਟਸ ਵਿਭਾਗ ਦੇ ਸਹਿਯੋਗ ਨਾਲ ਵਾਤਾਵਰਣ ਅਨੁਕੂਲ ਵਿਕਲਪਾਂ ਅਤੇ ਟਿਕਾਊ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਵਿਦਿਆਰਥੀਆਂ ਦੇ ਹੱਥ ਨਾਲ ਬਣੇ ਕੱਪੜੇ ਦੇ ਥੈਲਿਆਂ ਦੀ ਵਰਕਸ਼ਾਪ ਅਤੇ ਮੁਕਾਬਲਾ ਆਯੋਜਿਤ ਕੀਤਾ ਗਿਆ। ਇਸ ਵਰਕਸ਼ਾਪ ਦੌਰਾਨ ਵਿਦਿਆਰਥੀਆਂ ਨੇ ਇੱਕ-ਵਾਰ ਵਰਤੇ ਜਾਣ ਵਾਲੇ ਪਲਾਸਟਿਕ ਕੈਰੀ ਬੈਗਾਂ ਦੇ ਸਥਾਨ 'ਤੇ ਦੁਬਾਰਾ ਵਰਤੋਂਯੋਗ ਕੱਪੜੇ ਦੇ ਥੈਲੇ ਤਿਆਰ ਕਰਨ ਅਤੇ ਉਨ੍ਹਾਂ ਨੂੰ ਰਚਨਾਤਮਕ ਢੰਗ ਨਾਲ ਡਿਜ਼ਾਇਨ ਕਰਨ ਵਿੱਚ ਉਤਸ਼ਾਹ ਨਾਲ ਭਾਗ ਲਿਆ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਪ੍ਰਯੋਗਾਤਮਕ ਹੁਨਰ ਸਿਖਾਉਣਾ ਅਤੇ ਵਾਤਾਵਰਣ ਸੰਭਾਲ ਦੀ ਜ਼ਿੰਮੇਵਾਰੀ ਬਾਰੇ ਜਾਗਰੂਕ ਕਰਨਾ ਸੀ। ਵਰਕਸ਼ਾਪ ਤੋਂ ਬਾਅਦ ਵਿਦਿਆਰਥੀਆਂ ਦਾ ਵਿਸ਼ੇਸ਼ ਮੁਕਾਬਲਾ ਕਰਵਾਇਆ ਗਿਆ ਜਿਸ ਦੌਰਾਨ ਉਨ੍ਹਾਂ ਵੱਲੋਂ ਤਿਆਰ ਕੀਤੇ ਹੱਥ ਨਾਲ ਬਣੇ ਕੱਪੜੇ ਦੇ ਥੈਲਿਆਂ ਦੀ ਸੁੰਦਰ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ, ਨਵੀਨ ਸੋਚ ਅਤੇ ਵਾਤਾਵਰਣ ਪ੍ਰਤੀ ਆਪਣੀ ਵਚਨਬੱਧਤਾ ਦਾ ਬੇਹੱਦ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਲਾਸਟਿਕ ਦੀ ਵੱਧ ਵਰਤੋਂ ਮਨੁੱਖਤਾ ਲਈ ਹਾਨੀਕਾਰਕ ਹੈ, ਇਸ ਲਈ ਪਲਾਸਟਿਕ ਕੂੜੇ ਨੂੰ ਬੇਕਾਰ ਸਮਝਣ ਦੀ ਬਜਾਏ ਉਸ ਦਾ ਰਚਨਾਤਮਕ ਢੰਗ ਨਾਲ ਮੁੜ ਉਪਯੋਗ ਜਿਵੇਂ ਸਜਾਵਟ ਆਦਿ ਕਾਰਜਾਂ ਵਿੱਚ ਕਰਨਾ ਚਾਹੀਦਾ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਵੀ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਵਾਤਾਵਰਣ ਬਚਾਉਣ ਵੱਲ ਨੌਜਵਾਨ ਪੀੜ੍ਹੀ ਦੀ ਜਾਗਰੂਕ ਅਤੇ ਸਰਗਰਮ ਭਾਗੀਦਾਰੀ ਸਮਾਜ ਲਈ ਪ੍ਰੇਰਣਾਦਾਇਕ ਉਦਾਹਰਣ ਹੈ। ਮੁਕਾਬਲੇ ਦੀ ਜੱਜਮੈਂਟ ਗਣਿਤ ਵਿਭਾਗ ਦੀ ਮੁਖੀ ਪ੍ਰੋ. ਨਮਿਤਾ ਬੈਰੀ, ਅੰਗਰੇਜ਼ੀ ਵਿਭਾਗ ਦੇ ਡਾ. ਗੌਰੀ ਹਾਂਡਾ ਅਤੇ ਹਿੰਦੀ ਵਿਭਾਗ ਦੀ ਪ੍ਰੋ. ਮੇਮੂਨਾ ਫਾਰੂਕੀ ਵੱਲੋਂ ਕੀਤੀ ਗਈ। ਮੁਕਾਬਲੇ ਵਿੱਚ ਬੀ.ਸੀ.ਏ. ਭਾਗ-ਤੀਸਰਾ ਦੀ ਗੁਰਲੀਨ ਕੌਰ ਅਤੇ ਬੀ.ਏ. ਭਾਗ-ਪਹਿਲਾ ਦੀ ਪਵਨੀ ਕੌਸ਼ਲ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਐੱਮ.ਕਾਮ. ਭਾਗ-ਪਹਿਲਾ ਦੀ ਤਰਨਜੋਤ ਕੌਰ ਅਤੇ ਬੀ.ਏ. ਭਾਗ-ਤੀਸਰਾ ਦੀ ਸੁਮਨ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਬੀ.ਏ.ਐਫ. ਭਾਗ-ਤੀਸਰਾ ਦੀ ਆਰਤੀ ਅਤੇ ਬੀ.ਏ. ਭਾਗ-ਪਹਿਲਾ ਦੀ ਜਸ਼ਨਪ੍ਰੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਫਾਈਨ ਆਰਟਸ ਵਿਭਾਗ ਦੀ ਮੁਖੀ ਡਾ. ਅਵਨੀਤ ਕੌਰ ਅਤੇ ਪ੍ਰੋ. ਬਨਿੰਦਰ ਕੌਰ ਨੇ ਵੱਖ-ਵੱਖ ਕਿਸਮਾਂ ਦੇ ਬੇਕਾਰ ਕੱਪੜਿਆਂ, ਸਵੈਟਰਾਂ, ਬੈੱਡਸ਼ੀਟਾਂ ਅਤੇ ਜੀਨਜ਼ ਤੋਂ ਹੈਂਡਬੈਗ ਬਣਾਉਣ ਦੀ ਵਿਧੀ ਦਾ ਪ੍ਰਦਰਸ਼ਨ ਕੀਤਾ। ਸਮਾਗਮ ਦੇ ਅਖੀਰ ਵਿੱਚ ਫਿਜ਼ਿਕਸ ਵਿਭਾਗ ਦੀ ਡਾ. ਦੀਪਿਕਾ ਜੈਨ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਸਮਾਗਮ ਦੌਰਾਨ ਪਲਾਸਟਿਕ ਬੈਨ ਕਮੇਟੀ ਦੇ ਮੈਂਬਰ ਡਾ. ਕਿਰਨ, ਡਾ. ਮਨਪ੍ਰੀਤ ਕੌਰ, ਪ੍ਰੋ. ਜਸਪ੍ਰੀਤ ਕੌਰ ਅਤੇ ਡਾ. ਰਵਿੰਦਰ ਕੁਮਾਰ ਵੀ ਹਾਜ਼ਰ ਸਨ। ਪਲਾਸਟਿਕ ਬੈਨ ਕਮੇਟੀ ਦੀ ਕਨਵੀਨਰ ਅਤੇ ਬਾਇਓਟੈਕਨਾਲੋਜੀ ਵਿਭਾਗ ਦੇ ਡਾ. ਮੋਨਿਕਾ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਅਤੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ। ਪਲਾਸਟਿਕ ਬੈਨ ਕਮੇਟੀ ਦੀ ਕਨਵੀਨਰ ਅਤੇ ਬਾਇਓਟੈਕਨਾਲੋਜੀ ਵਿਭਾਗ ਦੇ ਡਾ. ਮੋਨਿਕਾ ਨੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਅਤੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਪ੍ਰਸਿੱਧ ਸਾਹਿਤਕਾਰ ਕਸ਼ਮੀਰ ਸਿੰਘ ਧੰਜੂ ਲੇਖਕ ਇੰਦਰਜੀਤ ਕਾਜਲ ਦੇ ਪਿੰਡ ਪਹੁੰਚੇ

ਗੜ੍ਹਦੀਵਾਲਾ 17 ਫਰਵਰੀ (ਗੌਰਵ) ਬੀਤੇ ਦਿਨੀਂ ਅਮਰੀਕਾ ਤੋਂ ਪੰਜਾਬ ਫੇਰੀ ਤੇ ਆਏ ਪ੍ਰਸਿੱਧ ਸਾਹਿਤਕਾਰ ਕਸ਼ਮੀਰ ਸਿੰਘ ਧੰਜੂ ਨੇ ਲੇਖਕ ਇੰਦਰਜੀਤ ਕਾਜਲ ਦੇ ਪਿੰਡ ਜੰਡੌਰ ਵਿਖੇ ਪਹੁੰਚ ਕੇ ਉਨ੍ਹਾਂ ਨਾਲ ਵਿਸ਼ੇਸ਼ ਸਾਹਿਤਕ ਮੁਲਾਕਾਤ ਕੀਤੀ। ਲੰਮੇ ਅਰਸੇ ਤੋਂ ਅਮਰੀਕਾ ਵਿੱਚ ਰਹਿ ਰਹੇ ਕਸ਼ਮੀਰ ਸਿੰਘ ਧੰਜੂ ਦੀ ਕਲਮ ਅੱਜ ਵੀ ਪੰਜਾਬ ਦੀ ਮਿੱਟੀ ਅਤੇ ਸੱਭਿਆਚਾਰਕ ਮਹਿਕ ਨਾਲ ਲਬਰੇਜ਼ ਹੈ। ਉਨ੍ਹਾਂ ਦੀਆਂ ਹੁਣ ਤੱਕ ਅਨੇਕਾਂ ਪੁਸਤਕਾਂ ਪ੍ਰਕਾਸ਼ਿਤ ਹੋ ਕੇ ਪਾਠਕਾਂ ਦੇ ਰੂ-ਬਰੂ ਹੋ ਚੁੱਕੀਆਂ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਦੀਆਂ ਕੁਝ ਨਵੀਆਂ ਪੁਸਤਕਾਂ ਇੰਟਰਨੈੱਟ ਤੇ ਵੀ ਪ੍ਰਕਾਸ਼ਿਤ ਹੋਣ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਲਿਖੇ ਹੋਏ ਗੀਤਾਂ ਨੂੰ ਕਈ ਨਾਮਵਰ ਗਾਇਕਾਂ ਅਤੇ ਗਾਇਕਾਵਾਂ ਵੱਲੋਂ ਆਪਣੀ ਆਵਾਜ਼ ਵਿੱਚ ਰਿਕਾਰਡ ਕਰਵਾਇਆ ਜਾ ਚੁੱਕਾ ਹੈ। ਮੁਲਾਕਾਤ ਦੌਰਾਨ ਕਸ਼ਮੀਰ ਸਿੰਘ ਧੰਜੂ ਨੇ ਇੰਦਰਜੀਤ ਕਾਜਲ ਦੇ ਸਾਹਿਤਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਪਣਾ ਆਸ਼ੀਰਵਾਦ ਦਿੱਤਾ। ਇਸ ਮੌਕੇ ਇੰਦਰਜੀਤ ਕਾਜਲ ਵੱਲੋਂ ਧੰਜੂ ਜੀ ਨੂੰ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਲੋਈ ਭੇਂਟ ਕਰਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਸਾਹਿਤਕ ਮਿਲਣੀ ਦੌਰਾਨ ਕਸ਼ਮੀਰ ਸਿੰਘ ਧੰਜੂ ਜੀ ਦੇ ਨਾਲ ਉਨ੍ਹਾਂ ਦੇ ਭਤੀਜੇ ਹਰਜਿੰਦਰ ਸਿੰਘ ਧੰਜੂ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

19 ਫਰਵਰੀ ਨੂੰ ਐਨਪੀਐਸ ਕਰਮਚਾਰੀ ਫੂਕਣਗੇ ਮੁੱਖ ਮੰਤਰੀ ਦੇ ਪੁਤਲੇ

ਗੜ੍ਹਦੀਵਾਲਾ 17 ਫਰਵਰੀ (ਗੌਰਵ) ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਅਤੇ ਸੀਪੀਐਫ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਉਲੀਕੇ ਸੰਘਰਸ਼ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਪ੍ਰਿੰਸ ਪਲਿਆਲ ਗੜ੍ਹਦੀਵਾਲਾ ਅਤੇ ਰਜੇਸ਼ ਅਰੋੜਾ ਅਤੇ ਉਮੇਸ਼ ਕੁਮਾਰ ਅਤੇ ਜਸਵੀਰ ਬੋਦਲ, ਜਗਿੰਦਰ ਸਿੰਘ, ਗੁਰਮੁੱਖ ਸਿੰਘ ਬਲਾਲਾ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਸਰਕਾਰ ਆਪਣੇ ਚੋਣ ਵਾਅਦੇ ਨੂੰ ਲਾਗੂ ਕਰਨ ਵਿੱਚ ਨਾਕਾਮ ਰਹੀ ਹੈ ਜਿਹੜਾ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਬਹਾਲੀ ਦਾ ਇੱਕ ਲੰਗੜਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਉਸ ਨੂੰ ਤਿੰਨ ਸਾਲ ਬੀਤ ਜਾਣ ਬਾਅਦ ਵੀ ਪੰਜਾਬ ਸਰਕਾਰ ਲਾਗੂ ਨਹੀਂ ਕਰ ਸਕੀ। ਇਸ ਰੋਸ ਵਜੋਂ ਆਗੂਆਂ ਨੇ ਐਲਾਨ ਕੀਤਾ ਕਿ ਹੁਣ ਸਰਕਾਰ ਦੀ ਲਗਾਤਾਰ ਚਾਰ ਸਾਲਾਂ ਤੋਂ ਪੈਨਸ਼ਨ ਬਹਾਲੀ ਲਈ ਧਾਰੀ ਸਾਜ਼ਿਸ਼ੀ ਚੁੱਪੀ ਵਿਰੁੱਧ ਰੋਹ ਭੜਕ ਗਿਆ ਹੈ, ਜਿਸ ਦੇ ਤਹਿਤ 19 ਫਰਵਰੀ ਨੂੰ ਮੁੱਖ ਮੰਤਰੀ ਦੇ ਅਰਥੀ ਫੂਕ ਮੁਜ਼ਾਹਰੇ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਕੀਤੇ ਜਾਣਗੇ ਅਤੇ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਮੂਹ ਐਨ ਪੀ ਐਸ ਕਰਮਚਾਰੀ ਵਿਧਾਨ ਸਭਾ ਵੱਲ ਨੂੰ ਮਾਰਚ ਕਰਨਗੇ ਇਸ ਮੌਕੇ ਤੇ ਗੁਰਮੁੱਖ ਸਿੰਘ ਬਲਾਲਾ, ਜਗਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਨਿਲ ਕੁਮਾਰ, ਭੁਪਿੰਦਰ ਸਿੰਘ, ਜਗਿੰਦਰ ਸਿੰਘ ਰਮਨ ਕੁਮਾਰ ਸ਼ਰਮਾ ,ਸਰਤਾਜ ਸਿੰਘ, ਸਚਿਨ ਕੁਮਾਰ, ਸਰਬਜੀਤ ਸਿੰਘ, ਸੰਜੀਵ ਕੁਮਾਰ, ਨਵਤੇਜ ਸਿੰਘ, ਲਖਬੀਰ ਸਿੰਘ ,ਅਨਿਲ ਕੁਮਾਰ, ਦੀਪਕ ਕੌਂਡਲ, ਮਹਿੰਦਰ ਸਿੰਘ, ਬਚਿੱਤਰ ਸਿੰਘ, ਸੁਖਵਿੰਦਰ ਸਿੰਘ, ਮਲਕੀਤ ਸਿੰਘ, ਚਰਨਜੀਤ ਸਿੰਘ, ਮਨੋਜ ਕੁਮਾਰ ਸ਼ਰਮਾ ਸ਼ਸ਼ੀਕਾਂਤ, ਹਰਜਿੰਦਰ ਸਿੰਘ ਟੋਨੀ,ਮੈਡਮ ਰਮਨਦੀਪ ਕੌਰ, ਸੁਨੀਤਾ ਰਾਣੀ , ਰਜਨੀ ਦੇਵੀ, ਬਲਵਿੰਦਰਜੀਤ ਕੌਰ, ਸਪਨਾ ਸਲਾਰੀਆ, ਪਵਨਦੀਪ ਕੌਰ ,ਨਵਜੀਤ ਕੌਰ ,ਸੁਰਜੀਤ ਕੌਰ ਜਸਵੀਰ ਕੌਰ ,ਪਰਮਜੀਤ ਕੌਰ, ਬੀਨਾ ਕੁਮਾਰੀ, ਸ਼ਾਲਿਨੀ ਰਾਏ , ਰੇਖਾ ਦੇਵੀ, ਲੈਕਚਰਾਰ ਇੰਦਰਜੀਤ ਕੁਮਾਰ,ਮਾਸਟਰ ਜਗਵਿੰਦਰ ਸਿੰਘ ,ਹਰਪਾਲ ਸਿੰਘ ਨਰਿੰਦਰਪਾਲ ਸਿੰਘ ਅਤੇ ਜਗਦੇਵ ਸਿੰਘ ਆਦਿ ਹਾਜ਼ਰ ਸਨ।

ਜਸਟਿਸ ਮੀਨਾਕਸ਼ੀ ਆਈ ਮਹਿਤਾ ਨੇ 'ਵਲਨਰੇਬਲ ਵਿਟਨੈਸ ਡੈਪੋਜਿਸ਼ਨ ਸੈਂਟਰ' ਦਾ ਕੀਤਾ ਉਦਘਾਟਨ

ਹੁਸ਼ਿਆਰਪੁਰ, 17 ਫਰਵਰੀ : (ਦੀਪਕ ਅਗਨੀਹੋਤਰੀ) ਜ਼ਿਲ੍ਹਾ ਨਿਆਂਇਕ ਕੰਪਲੈਕਸ, ਹੁਸ਼ਿਆਰਪੁਰ ਵਿੱਚ ਅੱਜ ਨਿਆਂ ਪ੍ਰਕਿਰਿਆ ਨੂੰ ਹੋਰ ਸੰਵੇਦਨਸ਼ੀਲ, ਸੁਰੱਖਿਅਤ ਅਤੇ ਪੀੜਤ-ਹਿਤੈਸ਼ੀ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਤਹਿਤ ਵਲਨਰੇਬਲ ਵਿਟਨੈਸ ਡੈਪੋਜਿਸ਼ਨ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਕੇਂਦਰ ਦਾ ਉਦਘਾਟਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਡਿਵੀਜ਼ਨ ਦੇ ਪ੍ਰਸ਼ਾਸਨਿਕ ਜੱਜ ਜਸਟਿਸ ਮੀਨਾਕਸ਼ੀ ਆਈ ਮਹਿਤਾ ਵੱਲੋਂ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਹੁਸ਼ਿਆਰਪੁਰ ਰਜਿੰਦਰ ਅਗਰਵਾਲ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਨਿਆਂਇਕ ਕੰਪਲੈਕਸ ਵਿਖੇ ਪਹੁੰਚਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ। ਜਸਟਿਸ ਮੀਨਾਕਸ਼ੀ ਆਈ ਮਹਿਤਾ ਨੇ ਦੱਸਿਆ ਕਿ ਇਸ ਕੇਂਦਰ ਦੀ ਸਥਾਪਨਾ ਦਾ ਉਦੇਸ਼ ਸੰਵੇਦਨਸ਼ੀਲ ਮਾਮਲਿਆਂ ਵਿਚ ਗਵਾਹਾਂ, ਵਿਸ਼ੇਸ਼ ਕਰਕੇ ਔਰਤਾਂ, ਬੱਚਿਆਂ ਅਤੇ ਕਮਜ਼ੋਰ ਵਰਗ ਨਾਲ ਸਬੰਧਤ ਪੀੜਤਾਂ ਨੂੰ ਸੁਰੱਖਿਅਤ, ਸਨਮਾਨਜਨਕ ਅਤੇ ਤਣਾਅ-ਮੁਕਤ ਵਾਤਾਵਰਣ ਵਿਚ ਬਿਆਨ ਦਰਜ ਕਰਵਾਉਣ ਦੀ ਸਹੂਲਤ ਪ੍ਰਦਾਨ ਕਰਨਾ ਹੈ। ਕੇਂਦਰ ਵਿਚ ਆਧੁਨਿਕ ਆਡੀਓ-ਵੀਡੀਓ ਰਿਕਾਰਡਿੰਗ ਪ੍ਰਣਾਲੀ, ਗੁਪਤਤਾ ਨੂੰ ਯਕੀਨੀ ਬਣਾਉਣ ਦੇ ਉਪਾਅ ਅਤੇ ਮਨੋਵਿਗਿਆਨਕ ਤੌਰ ਤੇ ਅਨੁਕੂਲ ਵਾਤਾਵਰਣ ਉਪਲਬੱਧ ਕਰਵਾਇਆ ਗਿਆ ਹੈ, ਜਿਸ ਨਾਲ ਗਵਾਹ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੇ ਬਿਆਨ ਦੇ ਸਕਣ। ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਜਸਟਿਸ ਮੀਨਾਕਸ਼ੀ ਆਈ. ਮਹਿਤਾ ਨੇ ਕਿਹਾ ਕਿ ਨਿਆਂ ਪ੍ਰਣਾਲੀ ਨੂੰ ਹੋਰ ਮਨੁੱਖੀ ਬਣਾਉਣਾ ਸਮੇਂ ਦੀ ਲੋੜ ਹੈ ਅਤੇ ਇਸ ਤਰ੍ਹਾਂ ਦੇ ਕੇਂਦਰ ਪੀੜਤਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜਿੰਦਰ ਅਗਰਵਾਲ ਨੇ ਕਿਹਾ ਕਿ ਇਹ ਸਹੂਲਤ ਨਿਆਂਇਕ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵਸ਼ਾਲੀ, ਪਾਰਦਰਸ਼ੀ ਅਤੇ ਸੰਵੇਦਨਸ਼ੀਲ ਬਣਾਉਣ ਵਿੱਚ ਸਹਾਈ ਸਿਧ ਹੋਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਹਿੰਸਾ, ਰਾਜਨੀਤੀ ਅਤੇ ਪੰਜਾਬ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਆਯੋਜਿਤ

ਫ਼ਤਹਿਗੜ੍ਹ ਸਾਹਿਬ, 17 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਹਿਗੜ੍ਹ ਸਾਹਿਬ ਦੇ ਰਾਜਨੀਤੀ ਵਿਗਿਆਨ ਵਿਭਾਗ ਵੱਲੋਂ ਹਿੰਸਾ, ਰਾਜਨੀਤੀ ਅਤੇ ਪੰਜਾਬ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਆਯੋਜਿਤ ਕੀਤਾ ਗਿਆ। ਇਸ ਲੈਕਚਰ ਦਾ ਉਦੇਸ਼ ਪੰਜਾਬ ਵਿੱਚ ਹਿੰਸਾ ਦੇ ਇਤਿਹਾਸਕ, ਰਾਜਨੀਤਿਕ ਅਤੇ ਸਮਾਜਿਕ ਪੱਖਾਂ ਦੀ ਗਹਿਰਾਈ ਨਾਲ ਸਮੀਖਿਆ ਕਰਨਾ ਅਤੇ ਵਿਦਿਆਰਥੀਆਂ ਵਿੱਚ ਇਸ ਸੰਵੇਦਨਸ਼ੀਲ ਤੇ ਮਹੱਤਵਪੂਰਨ ਮੁੱਦੇ ਬਾਰੇ ਵਿਸ਼ਲੇਸ਼ਣਾਤਮਕ ਸੋਚ ਨੂੰ ਪ੍ਰੋਤਸਾਹਿਤ ਕਰਨਾ ਸੀ।ਮੁੱਖ ਵਕਤਾ ਡਾ. ਸਿਕੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਨੇ ਬਹੁਤ ਹੀ ਗੰਭੀਰ ਅਤੇ ਜਾਣਕਾਰੀਪੂਰਨ ਵਿਆਖਿਆਨ ਪੇਸ਼ ਕੀਤਾ। ਉਨ੍ਹਾਂ ਨੇ 1947 ਤੋਂ ਬਾਅਦ ਪੰਜਾਬ ਵਿੱਚ ਹਿੰਸਾ ਦੇ ਵੱਖ-ਵੱਖ ਕਾਰਣਾਂ ਦੀ ਵਿਆਖਿਆ ਕੀਤੀ ਅਤੇ ਰਾਜਨੀਤਿਕ ਤਬਦੀਲੀਆਂ, ਪਹਿਚਾਣ ਦੀ ਰਾਜਨੀਤੀ ਅਤੇ ਸਮਾਜ-ਆਰਥਿਕ ਕਾਰਕਾਂ ਦੇ ਆਪਸੀ ਸੰਬੰਧਾਂ ਨੂੰ ਰੋਸ਼ਨ ਕੀਤਾ। ਵਿਸ਼ੇਸ਼ ਤੌਰ 'ਤੇ 1984 ਦੇ ਸਮਾਜਕ ਤੇ ਰਾਜਨੀਤਿਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਇਹ ਸਮਝਾਇਆ ਕਿ ਇਨ੍ਹਾਂ ਘਟਨਾਵਾਂ ਨੇ ਪੰਜਾਬ ਦੇ ਰਾਜਨੀਤਿਕ ਪਰਿਦ੍ਰਿਸ਼, ਸਮਾਜਿਕ ਢਾਂਚੇ ਅਤੇ ਸਾਂਝੀ ਯਾਦ 'ਤੇ ਕਿਹੋ ਜਿਹਾ ਡੂੰਘਾ ਪ੍ਰਭਾਵ ਛੱਡਿਆ ਹੈ। ਉਨ੍ਹਾਂ ਨੇ ਇਤਿਹਾਸਕ ਸਮਝ, ਸੰਵਾਦ ਅਤੇ ਅਕਾਦਮਿਕ ਖੋਜ ਨੂੰ ਸ਼ਾਂਤੀ ਅਤੇ ਸਹਿਮਤੀ ਵੱਲ ਅਗਾਂਹ ਵਧਣ ਲਈ ਅਹਿਮ ਦੱਸਿਆ।ਵਾਈਸ ਚਾਂਸਲਰ, ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਵਿਭਾਗ ਵੱਲੋਂ ਕੀਤੇ ਗਏ ਇਸ ਮਹੱਤਵਪੂਰਨ ਅਕਾਦਮਿਕ ਉਪਰਾਲੇ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਵਿੱਚ ਸਮਕਾਲੀ ਅਤੇ ਇਤਿਹਾਸਕ ਮੁੱਦਿਆਂ ਬਾਰੇ ਤਰਕਸੰਗਤ ਸੋਚ ਅਤੇ ਜਾਣਕਾਰੀਪੂਰਨ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ।ਡੀਨ ਅਕਾਦਮਿਕ ਮਾਮਲੇ, ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਵੀ ਵਿਭਾਗ ਵੱਲੋਂ ਅੰਤਰ-ਵਿਭਾਗੀ ਚਰਚਾ ਅਤੇ ਖੇਤਰੀ ਮੁੱਦਿਆਂ ਨਾਲ ਜੁੜੀ ਵਿਦਵਤਾਪੂਰਨ ਸਹਿਭਾਗੀਤਾ ਲਈ ਮਚਾਣ ਤਿਆਰ ਕਰਨ ਦੇ ਉਪਰਾਲੇ ਦੀ ਪ੍ਰਸ਼ੰਸਾ ਕੀਤੀ।ਰਾਜਨੀਤੀ ਵਿਗਿਆਨ ਅਤੇ ਪੰਜਾਬੀ ਵਿਭਾਗਾਂ ਦੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਸਰਗਰਮ ਭਾਗੀਦਾਰੀ ਕੀਤੀ, ਜਿਸ ਨਾਲ ਇਹ ਸੈਸ਼ਨ ਹੋਰ ਵੀ ਰੁਚਿਕਰ ਅਤੇ ਲਾਭਦਾਇਕ ਬਣਿਆ।

ਜ਼ਿਲ੍ਹਾ ਟਰੇਡਰ ਕਮੇਟੀ ਦੀ ਮੀਟਿੰਗ 'ਚ ਸੰਧਵਾਂ, ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੇ ਵਿਧਾਇਕ ਅਮੋਲਕ ਸਿੰਘ ਨੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਦਿੱਤਾ ਭਰੋਸਾ

ਫ਼ਰੀਦਕੋਟ, 17 ਫਰਵਰੀ (ਅਵਤਾਰ ਸਿੰਘ ਮੱਲਾ): ਜ਼ਿਲ੍ਹਾ ਟਰੇਡਰ ਕਮੇਟੀ ਦੀ ਇੱਕ ਅਹਿਮ ਮੀਟਿੰਗ ਪੁਰਾਣੀ ਦਾਣਾ ਮੰਡੀ ਫਰੀਦਕੋਟ ਵਿੱਚ ਨਰੇਸ਼ ਕੁਮਾਰ ਚੇਅਰਮੈਨ ਜ਼ਿਲ੍ਹਾ ਟਰੇਡਰ ਕਮੇਟੀ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ, ਵਿਧਾਇਕ ਹਲਕਾ ਫ਼ਰੀਦਕੋਟ ਗੁਰਦਿੱਤ ਸਿੰਘ ਸੇਖੋਂ ਤੇ ਵਿਧਾਇਕ ਹਲਕਾ ਜੈਤੋ ਅਮੋਲਕ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਤੇਜ ਸਿੰਘ ਖੋਸਾ, ਡਿਪਟੀ ਕਮਿਸ਼ਨਰ ਪੂਨਮਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਜ) ਹਰਜੋਤ ਕੌਰ, ਜੀ.ਏ. ਗੁਰਕਿਰਨਦੀਪ ਸਿੰਘ ਸੰਧੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ ਵਰਗ ਹਾਜ਼ਰ ਸੀ। ਮੀਟਿੰਗ ਦੌਰਾਨ ਸ਼ਹਿਰ ਦੇ ਵਪਾਰੀਆਂ ਵੱਲੋਂ ਉਠਾਈਆਂ ਗਈਆਂ ਵੱਖ-ਵੱਖ ਸਮੱਸਿਆਵਾਂ, ਜਿਵੇਂ ਕਿ ਟਰੈਫਿਕ ਜਾਮ, ਪਾਰਕਿੰਗ ਦੀ ਘਾਟ, ਸਫ਼ਾਈ ਪ੍ਰਬੰਧ, ਸੜਕਾਂ ਦੀ ਮੁਰੰਮਤ, ਸਟ੍ਰੀਟ ਲਾਈਟਾਂ ਵਿੱਚ ਸੁਧਾਰ, ਪੀਣ ਵਾਲੇ ਪਾਣੀ ਦੀ ਉਪਲਬਧਤਾ, ਸੀਵਰੇਜ ਪ੍ਰਣਾਲੀ ਤੇ ਸੁਰੱਖਿਆ ਵਿਵਸਥਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਨਿਵੇਕਲਾ ਉਪਰਾਲਾ ਹੈ ਕਿ ਵਪਾਰੀ ਵਰਗ ਕੋਲ ਜਾ ਕੇ ਵਪਾਰੀਆਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਦਾ ਯੋਗ ਹੱਲ ਕਰਨਾ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਪਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਪਾਰਕ ਖੇਤਰ ਦਾ ਵਿਕਾਸ ਹੀ ਸ਼ਹਿਰ ਦੇ ਆਰਥਿਕ ਤਰੱਕੀ ਦੀ ਕੁੰਜੀ ਹੈ ਅਤੇ ਇਸ ਲਈ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ। ਸਪੀਕਰ ਸੰਧਵਾਂ ਨੇ ਕਿਹਾ ਕਿ ਜਲਦ ਹੀ ਪੁਰਾਣੀ ਦਾਣਾ ਮੰਡੀ ਦੀ ਦਿੱਖ ਵੀ ਬਦਲੀ ਜਾਵੇਗੀ।

ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਹਲਕਾ ਫ਼ਰੀਦਕੋਟ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟ ਜਾਰੀ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਨਵੇਂ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਹਰ ਸਮੱਸਿਆ ਦਾ ਯੋਗ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵਪਾਰੀਆਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ ਤੇ ਨੌਜਵਾਨ ਜੋ ਵੀ ਕੰਮ ਕਰਨਾ ਚਾਹੁੰਦੇ ਹਨ ਜਾਂ ਵਪਾਰੀ ਇੱਕ ਵਪਾਰ ਤੋਂ ਦੂਜੇ ਵਪਾਰ ਵਿੱਚ ਜਾਣਾ ਚਾਹੁੰਦੇ ਹਨ, ਉਸ ਲਈ ਸਰਕਾਰ ਵੱਲੋਂ ਕੈਂਪ ਲਗਾ ਕੇ ਉਨ੍ਹਾਂ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਪਾਰੀਆਂ ਨੇ ਹੀ ਰੁਜ਼ਗਾਰ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾਵੇਗਾ।

ਵਿਧਾਇਕ ਜੈਤੋ ਅਮੋਲਕ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੈਤੋ ਤੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਵੀ ਵਪਾਰਕ ਸਰਗਰਮੀਆਂ ਨੂੰ ਵਧਾਉਣ ਲਈ ਵਿਸ਼ੇਸ਼ ਯੋਜਨਾਵਾਂ ਤਿਆਰ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਣ। ਉਨ੍ਹਾਂ ਕਿਹਾ ਕਿ ਆਪ ਸਰਕਾਰ ਹਮੇਸ਼ਾ ਵਪਾਰੀ ਵਰਗ ਦੇ ਨਾਲ ਖੜ੍ਹੀ ਹੈ, ਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਦੱਸਿਆ ਕਿ ਵਪਾਰੀਆਂ ਨੂੰ ਦਰਪੇਸ਼ ਸਮੱਸਿਆਵਾਂ ਲਈ ਖੁੱਲ੍ਹੇ ਤੌਰ ਤੇ ਮੀਟਿੰਗ ਕੀਤੀ ਗਈ ਤੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ 15 ਦਿਨ ਦੇ ਅੰਦਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਵਪਾਰੀਆਂ ਨਾਲ ਸਬੰਧਤ ਸਕੀਮਾਂ ਸਬੰਧੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੈਮੀਨਾਰ ਵੀ ਜਲਦ ਹੀ ਕਰਵਾਇਆ ਜਾਵੇਗਾ। ਇਸ ਮੌਕੇ ਵਪਾਰੀਆਂ ਨੇ ਆਪਣੀਆਂ ਸਮੱਸਿਆਵਾਂ ਤੇ ਮੁਸ਼ਕਿਲਾਂ ਦੱਸੀਆਂ ਤੇ ਮੀਟਿੰਗ ਦੌਰਾਨ ਟਰੇਡਰ ਯੂਨੀਅਨ ਦੇ ਨੁਮਾਇੰਦਿਆਂ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਜਸਬੀਰ ਸਿੰਘ ਜੱਸੀ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ, ਡਿਪਟੀ ਕਮਿਸ਼ਨਰ ਜੀ.ਐਸ.ਟੀ. ਡੀ.ਐਸ. ਗਰਚਾ, ਸਹਾਇਕ ਸਟੇਟ ਕਮਿਸ਼ਨਰ ਜੀ.ਐਸ.ਟੀ ਵਰੁਣ ਨਾਗਪਾਲ, ਸੁਖਮੰਦਰ ਸਿੰਘ ਰੇਖੀ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ, ਡੀ.ਐਫ.ਐਸ.ਸੀ. ਗੁਰਜੀਤ ਸਿੰਘ ਦਿਉਲ, ਚੇਅਰਮੈਨ ਫਰੀਦਕੋਟ ਗੁਰਪ੍ਰੀਤ ਸਿੰਘ ਸਿੱਧੂ, ਚੇਅਰਮੈਨ ਕੋਟਕਪੂਰਾ ਰਵਿੰਦਰ ਗੋਇਲ, ਚੇਅਰਮੈਨ ਜੈਤੋ ਗੋਪਾਲ ਕ੍ਰਿਸ਼ਨ ਸ਼ੈਲੀ, ਈ.ਓ ਨਗਰ ਕੌਂਸਲ ਅੰਮ੍ਰਿਤ ਲਾਲ, ਮਨਜੀਤ ਸ਼ਰਮਾ ਜ਼ਿਲ੍ਹਾ ਸਕੱਤਰ ਸ਼ੋਸ਼ਲ ਮੀਡੀਆ ਫਰੀਦੋਕਟ, ਕਿਸਾਨ ਵਿੰਗ ਤੋਂ ਗੁਰਸੇਵਕ ਸਿੰਘ ਬੁੱਟਰ, ਰਣਜੀਤ ਕੌਰ ਮਾਣ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਆਗੂ ਅਤੇ ਵਪਾਰੀ ਹਾਜ਼ਰ ਸਨ।

ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਭਾਸ਼ਣ ਮੁਕਾਬਲਿਆਂ 'ਚ ਭਾਗ ਲੈਣ ਲਈ ਵਿਦਿਆਰਥੀਆਂ ਨੂੰ ਅਪੀਲ

ਸ੍ਰੀ ਮੁਕਤਸਰ ਸਾਹਿਬ, 17 ਫਰਵਰੀ (ਚ.ਨ.ਸ.): ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਅਤੇ ਜਸਵੰਤ ਸਿੰਘ ਜ਼ਫਰ, ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਭਾਸ਼ਾ ਵਿਭਾਗ, ਪੰਜਾਬ ਵਲੋਂ ਪੰਜਾਬ ਵਿੱਚ ਜ਼ਿਲ੍ਹਾ ਪੱਧਰ 'ਤੇ 21 ਫਰਵਰੀ ਨੂੰ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਜਾ ਰਿਹਾ ਹੈ। ਮਨਜੀਤ ਪੁਰੀ, ਜ਼ਿਲ੍ਹਾ ਭਾਸ਼ਾ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ 21 ਫਰਵਰੀ ਨੂੰ (ਸਵੇਰੇ 10:00 ਵਜੇ) ਸਕੂਲ ਪੱਧਰ (ਜਮਾਤ ਨੌਵੀਂ ਤੋਂ ਬਾਰ੍ਹਵੀਂ) ਅਤੇ ਕਾਲਜ ਪੱਧਰ ਦੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਜਾਣੇ ਹਨ। ਇਹ ਮੁਕਾਬਲੇ ਬਾਵਾ ਨਿਹਾਲ ਸਿੰਘ ਬੀ.ਐੱਡ. ਕਾਲਜ, ਨੇੜੇ ਦਫ਼ਤਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਸ੍ਰੀ ਮੁਕਤਸਰ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।

ਬਲਜਿੰਦਰ ਸਿੰਘ ਖੋਜ ਅਫ਼ਸਰ, ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਨੇ ਇਨ੍ਹਾਂ ਮੁਕਾਬਲਿਆਂ ਲਈ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਮੋਬਾ. ਨੰ. 94630-24575 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬੀੜ ਤਲਾਬ 'ਚ ਸ਼ਰੇਆਮ ਵਿਕ ਰਿਹਾ 'ਚਿੱਟਾ'

ਬਠਿੰਡਾ, 17 ਫਰਵਰੀ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਵੱਲੋਂ ਮੰਗਲਵਾਰ ਸਵੇਰੇ ਕੀਤੇ ਮੁਕਾਬਲੇ ਦੀਆਂ ਖ਼ਬਰਾਂ ਦੀ ਸਿਆਹੀ ਅਜੇ ਸੁੱਕੀ ਨਹੀਂ ਸੀ ਕਿ ਸੋਸ਼ਲ ਮੀਡੀਆ 'ਤੇ ਸ਼ਰੇਆਮ ਨਸ਼ਾ ਵਿਕਣ ਦੀ ਇੱਕ ਹੋਰ ਵੀਡੀਓ ਨੇ ਪੁਲਿਸ ਪ੍ਰਸ਼ਾਸਨ ਨੂੰ ਮੁੜ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਲਗਾਤਾਰ ਤਿੰਨ ਦਿਨਾਂ ਤੋਂ ਬਠਿੰਡਾ ਵਿੱਚ ਨਸ਼ਾ ਵੇਚਣ ਅਤੇ ਕਰਨ ਦੀਆਂ ਵੀਡੀਓਜ਼ ਲਗਾਤਾਰ ਵਾਇਰਲ ਹੋ ਰਹੀਆਂ ਹਨ। ਤਾਜ਼ਾ ਮਾਮਲਾ ਨਸ਼ਿਆਂ ਲਈ ਬਦਨਾਮ ਮੰਨੇ ਜਾਂਦੇ 'ਬੀੜ ਤਲਾਬ' ਇਲਾਕੇ ਦਾ ਦੱਸਿਆ ਜਾ ਰਿਹਾ ਹੈ। ਹਾਲਾਂਕਿ ਇਹ ਵੀਡੀਓ ਬਿਲਕੁਲ ਤਾਜ਼ਾ ਹੈ ਜਾਂ ਪੁਰਾਣੀ, ਇਹ ਤਾਂ ਪੁਲਿਸ ਦੀ ਜਾਂਚ ਤੋਂ ਬਾਅਦ ਹੀ ਸਾਫ ਹੋ ਸਕੇਗਾ, ਪਰ ਫਿਲਹਾਲ ਇਸ ਵੀਡੀਓ ਨੇ ਸ਼ਹਿਰ ਵਿੱਚ ਚਰਚਾ ਦਾ ਬਾਜ਼ਾਰ ਗਰਮ ਕਰ ਦਿੱਤਾ ਹੈ। ਭਾਵੇਂ ਕੋਤਵਾਲੀ ਪੁਲਿਸ ਦਾ ਦਾਅਵਾ ਹੈ ਕਿ ਮਾਲ ਰੋਡ ਵਾਲੀ ਵੀਡੀਓ ਦੇ ਸਬੰਧ ਵਿੱਚ ਸੱਤ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ, ਪਰ ਬੀੜ ਤਲਾਬ ਤੋਂ ਆਈ ਇਸ ਤਸਵੀਰ ਨੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ।

ਮੰਗਲਵਾਰ ਸਵੇਰੇ ਵਾਇਰਲ ਹੋਈ ਇਸ ਵੀਡੀਓ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਇੱਕ ਮੋਟਰਸਾਈਕਲ ਸਵਾਰ ਨੌਜਵਾਨ ਸ਼ਰੇਆਮ ਨਸ਼ੇ ਦੀਆਂ ਪੁੜੀਆਂ ਵੇਚ ਰਿਹਾ ਹੈ। ਵੀਡੀਓ ਦੀ ਸਭ ਤੋਂ ਹੈਰਾਨ ਕਰਨ ਵਾਲੀ ਗੱਲ ਉਹ ਸੰਵਾਦ ਹੈ, ਜਿੱਥੇ ਨਸ਼ਾ ਖਰੀਦਣ ਵਾਲਾ ਨੌਜਵਾਨ ਕਹਿੰਦਾ ਹੈ, "ਥੋੜ੍ਹਾ ਹੋਰ ਨਸ਼ਾ ਦੇ ਦਿਓ, ਅਸੀਂ ਬਹੁਤ ਲੋਕ ਹਾਂ।" ਇਸ 'ਤੇ ਤਸਕਰ ਬਿਨਾਂ ਕਿਸੇ ਡਰ ਦੇ ਜਵਾਬ ਦਿੰਦਾ ਹੈ, "ਇੰਨਾ ਹੀ ਮਿਲੇਗਾ, ਚਾਹੇ ਪੰਜਾਹ ਲੋਕ ਹੋਣ।" ਇਹ ਗੱਲਬਾਤ ਸਪੱਸ਼ਟ ਕਰਦੀ ਹੈ ਕਿ ਨਸ਼ਾ ਤਸਕਰਾਂ ਦੇ ਮਨਾਂ ਵਿੱਚ ਕਾਨੂੰਨ ਜਾਂ ਵਰਦੀ ਦਾ ਕੋਈ ਖੌਫ਼ ਬਾਕੀ ਨਹੀਂ ਰਿਹਾ।

ਕਾਗਜ਼ਾਂ ਤੱਕ ਸੀਮਤ 'ਗਸ਼ਤ' ਅਤੇ 'ਨਸ਼ਾ ਮੁਕਤ' ਦਾਅਵੇ: ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਬੀੜ ਤਲਾਬ ਇਲਾਕੇ ਵਿੱਚ ਨਸ਼ਾ ਤਸਕਰੀ ਲੰਬੇ ਸਮੇਂ ਤੋਂ ਫਲ-ਫੁੱਲ ਰਹੀ ਹੈ। ਪੁਲਿਸ ਦੀ ਗਸ਼ਤ ਸਿਰਫ਼ ਸੋਸ਼ਲ ਮੀਡੀਆ ਪੋਸਟਾਂ ਅਤੇ ਕਾਗਜ਼ੀ ਕਾਰਵਾਈਆਂ ਤੱਕ ਹੀ ਸੀਮਤ ਹੈ। ਜਦੋਂ ਤੱਕ ਕੋਈ ਵੀਡੀਓ ਵਾਇਰਲ ਨਹੀਂ ਹੁੰਦੀ, ਥਾਣਾ ਸਦਰ ਦੀ ਪੁਲਿਸ 'ਕੁੰਭਕਰਨੀ ਨੀਂਦ' ਸੁੱਤੀ ਰਹਿੰਦੀ ਹੈ। ਵੀਡੀਓ ਸਾਹਮਣੇ ਆਉਣ 'ਤੇ ਹੀ ਰਸਮੀ ਤੌਰ 'ਤੇ ਕੁਝ ਸਮੇਂ ਲਈ ਪੁਲਿਸ ਦੀ ਹਲਚਲ ਦਿਖਾਈ ਦਿੰਦੀ ਹੈ।

ਸੱਚ ਦਿਖਾਉਣ ਵਾਲਿਆਂ ਨੂੰ ਮਿਲ ਰਹੀਆਂ ਧਮਕੀਆਂ।

ਬੀੜ ਤਲਾਬ ਨਸ਼ਾ ਮੁਕਤੀ ਕਮੇਟੀ ਦੇ ਮੈਂਬਰ ਵਿਜੇ ਸਿੰਘ ਨੇ ਪ੍ਰਸ਼ਾਸਨਿਕ ਢਿੱਲ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਜਿਹੜੇ ਲੋਕ ਹਿੰਮਤ ਕਰਕੇ ਤਸਕਰਾਂ ਦਾ ਸੱਚ ਸਾਹਮਣੇ ਲਿਆਉਂਦੇ ਹਨ, ਉਹ ਉਲਟਾ ਤਸਕਰਾਂ ਦੇ ਨਿਸ਼ਾਨੇ 'ਤੇ ਆ ਜਾਂਦੇ ਹਨ। ਵਿਜੇ ਸਿੰਘ ਖੁਦ ਵੀ ਨਸ਼ਾ ਤਸਕਰਾਂ ਦੇ ਜਾਨਲੇਵਾ ਹਮਲੇ ਦਾ ਸ਼ਿਕਾਰ ਹੋ ਚੁੱਕੇ ਹਨ, ਪਰ ਅਫਸੋਸ ਦੀ ਗੱਲ ਹੈ ਕਿ ਨਾ ਤਾਂ ਅਪਰਾਧੀਆਂ 'ਤੇ ਕੋਈ ਸਖ਼ਤ ਸ਼ਿਕੰਜਾ ਕੱਸਿਆ ਗਿਆ ਅਤੇ ਨਾ ਹੀ ਸ਼ਿਕਾਇਤਕਰਤਾਵਾਂ ਨੂੰ ਕੋਈ ਸੁਰੱਖਿਆ ਮਿਲੀ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਇੱਥੇ ਦਿਖਾਵੇ ਦੀ ਬਜਾਏ ਪੱਕੇ ਤੌਰ 'ਤੇ ਨਸ਼ਾ ਖਤਮ ਕਰਨ ਲਈ ਸਖ਼ਤ ਕਾਰਵਾਈ ਕੀਤੀ ਜਾਵੇ।

ਪੁਲਿਸ ਦੀ ਚੁੱਪੀ ਬਣੀ ਸਵਾਲ : ਇਸ ਪੂਰੇ ਮਾਮਲੇ ਬਾਰੇ ਜਦੋਂ ਥਾਣਾ ਸਦਰ ਦੇ ਐਸ.ਐਚ.ਓ. ਜਸਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ 'ਯੁੱਧ ਨਸ਼ੇ ਵਿਰੁੱਧ' ਮੁਹਿੰਮ ਦਾ ਰਟਿਆ-ਰਟਾਇਆ ਜਵਾਬ ਦਿੱਤਾ। ਪਰ ਜਦੋਂ ਵਾਇਰਲ ਵੀਡੀਓ ਵਿੱਚ ਦਿਖਾਈ ਦੇ ਰਹੇ ਚਿਹਰਿਆਂ ਦੀ ਪਛਾਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕੋਲ ਕੋਈ ਸਪੱਸ਼ਟ ਜਵਾਬ ਨਹੀਂ ਸੀ।

ਸਿੱਟਾ: ਸਵਾਲ ਇਹ ਉੱਠਦਾ ਹੈ ਕਿ ਜੇਕਰ ਰੋਜ਼ਾਨਾ ਨਸ਼ੇ ਦੀਆਂ ਵੀਡੀਓਜ਼ ਵਾਇਰਲ ਹੋ ਰਹੀਆਂ ਹਨ, ਤਾਂ ਪੁਲਿਸ ਦਾ ਖੁਫੀਆ ਤੰਤਰ ਕੀ ਕਰ ਰਿਹਾ ਹੈ? ਕੀ ਬਠਿੰਡਾ ਪੁਲਿਸ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਹੋ ਕੇ ਰਹਿ ਗਈ ਹੈ? ਜੇਕਰ ਵਕਤੀ ਕਾਰਵਾਈਆਂ ਦੀ ਬਜਾਏ ਕੋਈ ਠੋਸ ਕਦਮ ਨਾ ਚੁੱਕਿਆ ਗਿਆ ਤਾਂ ਬੀੜ ਤਲਾਬ ਵਰਗੇ ਇਲਾਕੇ ਪੂਰੀ ਤਰ੍ਹਾਂ ਨਸ਼ੇ ਦੀ ਦਲਦਲ ਵਿੱਚ ਡੁੱਬ ਜਾਣਗੇ, ਜਿਸ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਸਥਾਨਕ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।

ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਸੜਕਾਂ ਤੇ ਹਸਪਤਾਲ ਲਈ ਰੱਖੇ ਨੀਂਹ ਪੱਥਰ

ਰਾਮਪੁਰਾ ਫੂਲ, 17 ਫਰਵਰੀ (ਮਨਮੋਹਨ ਗਰਗ): ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਨੇ ਆਪਣੇ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਹੋਰ ਤੇਜ਼ ਕਰਦਿਆਂ ਵੱਖ-ਵੱਖ ਪਿੰਡਾਂ ਤੇ ਇਲਾਕਿਆਂ ਵਿੱਚ ਨਵੀਆਂ ਸੜਕਾਂ ਦੇ ਨਿਰਮਾਣ ਤੇ ਸਿਹਤ ਸਹੂਲਤਾਂ ਲਈ ਨੀਂਹ ਪੱਥਰ ਰੱਖੇ ਹਨ। ਇਹ ਕੰਮ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਪੰਜਾਬ ਨੂੰ ਵਿਕਸਤ, ਬੁਨਿਆਦੀ ਸਹੂਲਤਾਂ ਨਾਲ ਲੈਸ ਅਤੇ ਨਸ਼ਾ ਮੁਕਤ ਬਣਾਉਣ ਦੇ ਯਤਨਾਂ ਦਾ ਹਿੱਸਾ ਹਨ। ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਭਗਤਾ ਭਾਈ ਤੋਂ ਰੌਂਤਾ ਤੱਕ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕਰਨ ਲਈ ਪੌਣੇ ਤਿੰਨ ਕਰੋੜ ਰੁਪਏ ਦੀ ਲਾਗਤ ਆਵੇਗੀ।ਇਸ ਤੋਂ ਇਲਾਵਾ ਭੋਡੀਪੁਰਾ ਤੋਂ ਪੱਖਰਵੱਡ ਤੱਕ 2 ਕਿਲੋਮੀਟਰ ਲੰਬੀ ਸੜਕ ਲਈ 34.78 ਲੱਖ ਰੁਪਏ, ਬਰਨਾਲਾ ਬਾਜਾਖਾਨਾ ਰੋਡ ਤੋਂ ਕੋਠਾ ਗੁਰੂ ਤੱਕ 6 ਕਿਲੋਮੀਟਰ ਲਈ ਲਗਭਗ ਇੱਕ ਕਰੋੜ ਰੁਪਏ, ਕੋਠਾ ਗੁਰੂ-ਬੁਰਜ ਥਰੋੜ ਤੋਂ ਡੋਡ ਪਿੰਡ ਤੱਕ ਲਗਭਗ 24 ਲੱਖ ਰੁਪਏ, ਦਿਆਲਪੁਰਾ ਮਿਰਜ਼ਾ ਤੋਂ ਗੁੰਮਟੀ(18 ਫੁੱਟ) ਤੱਕ 1 ਕਰੋੜ 13 ਲੱਖ ਰੁਪਏ ਅਤੇ ਗੁੰਮਟੀ ਤੋਂ ਛੰਨਾ ਗੁਲਾਬ ਸਿੰਘ ਵਾਲਾ ਤੱਕ 12.60 ਕਿਲੋਮੀਟਰ ਲੰਬੀ ਸੜਕ ਲਈ 2 ਕਰੋੜ 27 ਲੱਖ ਰੁਪਏ ਦੀ ਲਾਗਤ ਨਾਲ ਨਿਰਮਾਣ ਸ਼ੁਰੂ ਕੀਤਾ ਜਾਵੇਗਾ।ਇਸ ਤੋਂ ਇਲਾਵਾ ਪਿੰਡ ਭੋਡੀਪੁਰਾ ਵਿੱਚ ਹਸਪਤਾਲ ਲਈ ਵੀ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਨੀਂਹ ਪੱਥਰ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਹਲਕੇ ਦੀਆਂ ਸੜਕਾਂ, ਬੁਨਿਆਦੀ ਸਹੂਲਤਾਂ ਤੋਂ ਲੈ ਕੇ ਸਿਹਤ ਅਤੇ ਸਿੱਖਿਆ ਖੇਤਰ ਵਿੱਚ ਵੱਡੇ ਉਪਰਾਲੇ ਕਰ ਰਹੀ ਹੈ।ਇਹ ਪ੍ਰੋਜੈਕਟ ਲੋਕਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਨਗੇ ਅਤੇ ਆਵਾਜਾਈ, ਵਪਾਰ ਤੇ ਰੋਜ਼ਾਨਾ ਜੀਵਨ ਨੂੰ ਸੌਖਾ ਬਣਾਉਣ ਵਿੱਚ ਮਦਦ ਕਰਨਗੇ। ਇਸ ਮੌਕੇ ਮਾਰਕੀਟ ਕਮੇਟੀ ਭਗਤਾ ਭਾਈਕਾ ਦੇ ਚੇਅਰਮੈਨ ਬੇਅੰਤ ਸਿੰਘ ਧਾਲੀਵਾਲ ਤੋਂ ਇਲਾਵਾ ਵੱਖ ਵੱਖ ਪਿੰਡਾਂ ਦੇ ਸਰਪੰਚ ਪੰਚ ਅਤੇ ਆਮ ਆਦਮੀ ਪਾਰਟੀ ਦੇ ਮੁਹਤਵਾਰ ਆਗੂ ਤੇ ਵਰਕਰ ਮੌਜੂਦ ਸਨ।

ਬਠਿੰਡਾ 'ਚ ਤੜਕਸਾਰ ਮੁਕਾਬਲਾ: ਪੁਲਿਸ ਦੀ ਗੋਲੀ ਨਾਲ ਇੱਕ ਬਦਮਾਸ਼ ਜ਼ਖਮੀ, 5 ਚੜ੍ਹੇ ਅੜਿੱਕੇ

ਬਠਿੰਡਾ, 17 ਫਰਵਰੀ (ਦੀਪਕ ਸ਼ਰਮਾ): ਮੰਗਲਵਾਰ ਸਵੇਰੇ ਕਰੀਬ 6 ਵਜੇ ਬਠਿੰਡਾ ਦੇ ਹਸਪਤਾਲ ਬਾਜ਼ਾਰ ਇਲਾਕੇ 'ਚ ਪੁਲਿਸ ਤੇ ਬਦਮਾਸ਼ਾਂ ਵਿਚਾਲੇ ਹੋਏ ਮੁਕਾਬਲੇ ਦੌਰਾਨ ਇੱਕ ਮੁਲਜਮ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ। ਇਹ ਘਟਨਾ ਪਰਲਜ਼ ਕੰਪਨੀ ਦੀ ਇੱਕ ਪੁਰਾਣੀ ਖੰਡਰ ਪਈ ਇਮਾਰਤ ਵਿੱਚ ਵਾਪਰੀ, ਜਿਸ ਨੂੰ ਅਪਰਾਧਿਕ ਅੰਸਰਾਂ ਨੇ ਲੰਬੇ ਸਮੇਂ ਤੋਂ ਆਪਣਾ ਅੱਡਾ ਬਣਾਇਆ ਹੋਇਆ ਸੀ। ਪੁਲਿਸ ਨੇ ਮੌਕੇ ਤੋਂ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਮੁਕਾਬਲੇ ਦੀ ਸੂਚਨਾ ਮਿਲਦੇ ਹੀ ਵੱਡੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਮੌਕੇ ਤੇ ਪਹੁੰਚ ਗਏ। ਜ਼ਖਮੀ ਹੋਏ ਵਿਅਕਤੀ ਨੂੰ ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਕਥਿਤ ਦੋਸ਼ੀਆਂ ਖਿਲਾਫ ਥਾਣਾ ਕੋਤਵਾਲੀ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਕੁਝ ਹਥਿਆਰਬੰਦ ਨੌਜਵਾਨ ਰੇਲਵੇ ਸਟੇਸ਼ਨ ਤੋਂ ਉਤਰਨ ਵਾਲੇ ਮੁਸਾਫਰਾਂ ਨੂੰ ਸੰਤਪੁਰਾ ਰੋਡ ਅਤੇ ਗੋਲ ਡਿੱਗੀ ਦੇ ਰਸਤੇ 'ਚ ਘੇਰ ਕੇ ਲੁੱਟਦੇ ਹਨ। ਇਹ ਮੁਲਜ਼ਮ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਸਪਤਾਲ ਬਾਜ਼ਾਰ ਨੇੜੇ ਇੱਕ ਖੰਡਰ ਇਮਾਰਤ ਵਿੱਚ ਲੁਕ ਜਾਂਦੇ ਸਨ। ਜਦੋਂ ਥਾਣਾ ਕੋਤਵਾਲੀ ਦੇ ਇੰਚਾਰਜ ਪਰਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਇਮਾਰਤ 'ਤੇ ਛਾਪਾ ਮਾਰਿਆ ਤਾਂ ਉੱਥੇ ਮੌਜੂਦ ਨੀਰਜ ਸ਼ਰਮਾ ਉਰਫ ਕਾਲੂ ਨਾਮ ਦੇ ਨੌਜਵਾਨ ਨੇ

ਪੁਲਿਸ 'ਤੇ ਫਾਇਰਿੰਗ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਪੁਲਿਸ ਵੱਲੋਂ ਚਲਾਈ ਗੋਲੀ ਨੀਰਜ ਦੀ ਖੱਬੀ ਲੱਤ ਵਿੱਚ ਲੱਗੀ, ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ।

ਪੁਲਿਸ ਨੇ ਮੌਕੇ ਤੋਂ ਨੀਰਜ ਸ਼ਰਮਾ ਤੋਂ ਇਲਾਵਾ ਉਸ ਦੇ ਭਰਾ ਘੋਟਾ, ਕਰਨ, ਰਾਹੁਲ ਅਤੇ ਵਿਕਰਮਜੀਤ ਨੂੰ ਕਾਬੂ ਕੀਤਾ ਹੈ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਨੀਰਜ ਅਤੇ ਘੋਟਾ ਖ਼ਿਲਾਫ਼ ਪਹਿਲਾਂ ਹੀ ਵੱਖ-ਵੱਖ ਥਾਣਿਆਂ ਵਿੱਚ 7-7 ਅਪਰਾਧਿਕ ਮਾਮਲੇ ਦਰਜ ਹਨ। ਇਸੇ ਤਰ੍ਹਾਂ ਕਰਨ ਤੇ ਵਿਕਰਮਜੀਤ ਵੀ ਪੁਰਾਣੇ ਕੇਸਾਂ ਵਿੱਚ ਨਾਮਜ਼ਦ ਹਨ। ਇਹ ਗਿਰੋਹ ਲੁੱਟ ਦੀ ਰਕਮ ਨਾਲ ਨਸ਼ਾ ਖਰੀਦਦਾ ਸੀ ਤੇ ਇਸੇ ਇਮਾਰਤ ਵਿੱਚ ਬੈਠ ਕੇ ਨਸ਼ੇ ਦਾ ਕਾਰੋਬਾਰ ਵੀ ਚਲਾਉਂਦਾ ਸੀ।

ਵਾਇਰਲ ਵੀਡੀਓ ਨਾਲ ਸਬੰਧ

ਇਸ ਸਬੰਧੀ ਐਸ.ਪੀ. ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਪਿਛਲੇ ਕੁੱਝ ਦਿਨਾਂ ਤੋਂ ਇਸ ਇਲਾਕੇ ਵਿੱਚ ਨਸ਼ਾ ਵਿਕਣ ਦੀ ਇੱਕ ਵੀਡੀਓ ਵਾਇਰਲ ਹੋ ਰਹੀ ਸੀ। ਹਾਲਾਂਕਿ ਇਹ ਮੁਕਾਬਲਾ ਉਸ ਵੀਡੀਓ ਤੋਂ ਵੱਖਰਾ ਮਾਮਲਾ ਹੈ। ਵੀਡੀਓ ਦੇ ਸਬੰਧ ਵਿੱਚ ਪੁਲਿਸ ਨੇ 7 ਹੋਰ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ ਜਿਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਫਿਲਹਾਲ ਤਾਜ਼ਾ ਮੁਕਾਬਲੇ ਦੇ ਸਬੰਧ ਵਿੱਚ ਕੋਤਵਾਲੀ ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਨਵਾਂ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਸਥਾਨਕ ਰੇਲਵੇ ਸਟੇਸ਼ਨ ਤੇ ਆਉਣ ਵਾਲੇ ਮੁਸਾਫਰਾਂ ਨਾਲ ਲੁੱਟ ਖੋਹ ਦੀਆਂ ਵਾਰਦਾਤਾਂ ਵਾਪਰ ਰਹੀਆਂ ਸਨ। ਜਿਸ ਕਾਰਨ ਪੁਲਿਸ ਅਧਿਕਾਰੀ ਉਕਤ ਗਿਰੋਹ ਤੇ ਨਜ਼ਰ ਰੱਖੇ ਹੋਏ ਸਨ। ਮੰਗਲਵਾਰ ਤੜਕਸਾਰ ਗਸ਼ਤ ਦੌਰਾਨ ਪੁਲਿਸ ਪਾਰਟੀ ਨੂੰ ਸੂਚਨਾ ਮਿਲੀ ਕਿ ਪਾਰਲ ਦੀ ਖੰਡਰਨੁਮਾ ਇਮਾਰਤ ਵਿੱਚ ਕੁਛ ਅਪਰਾਧਿਕ ਅਨਸਰ ਮੌਜੂਦ ਹਨ।

ਜਿਸ ਤੋਂ ਬਾਅਦ ਥਾਣਾ ਕੋਤਵਾਲੀ ਦੇ ਐਸਐਚਓ ਦੀ ਅਗਵਾਈ ਚ ਪੁਲਿਸ ਪਾਰਟੀ ਨੇ ਉਕਤ ਖੰਡਰ ਨੂੰ ਘੇਰ ਲਿਆ ਅਤੇ ਮੁਲਜਮਾਂ ਨੂੰ ਆਤਮ ਸਮਰਪਣ ਕਰਨ ਲਈ ਕਿਹਾ। ਪਰ ਉਹਨਾਂ ਨੇ ਪੁਲਿਸ ਪਾਰਟੀ ਤੇ ਗੋਲੀ ਚਲਾ ਦਿੱਤੀ। ਜਿਸ ਤੋਂ ਬਾਅਦ ਜਵਾਬ ਵੀ ਕਾਰਵਾਈ ਚ ਇੱਕ ਮੁਲਜਮ ਜ਼ਖਮੀ ਹੋ ਗਿਆ। ਇਸ ਮੌਕੇ ਥਾਣਾ ਕੋਤਵਾਲੀ ਦੇ ਐਸਐਚਓ ਤੋਂ ਇਲਾਵਾ ਪੀਸੀਆਰ ਦੇ ਸਾਇਦ ਇੰਚਾਰਜ ਸੰਜੀਵ ਕੁਮਾਰ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚ ਗਏ ਤੇ ਪੁਲਿਸ ਦੇ ਉੱਚ ਅਧਿਕਾਰੀ ਵੀ ਮੌਕੇ ਤੇ ਮੌਜੂਦ ਰਹੇ।

ਸਰਕਾਰੀ ਕਾਲਜ ਵਿਖੇ ਐਨ ਐਸ ਐਸ ਕੈਂਪ ਦੀ ਸ਼ੁਰੂਆਤ

ਸੁਨਾਮ, 17 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸ਼ਹੀਦ ਉਧਮ ਸਿੰਘ ਸਰਕਾਰੀ ਕਾਲਜ ਸੁਨਾਮ ਵਿਖੇ ਪ੍ਰਿੰਸੀਪਲ ਸ਼ਾਮ ਸੁੰਦਰ ਸ਼ਰਮਾ ਜੀ ਦੀ ਰਹਿਨੁਮਾਈ ਹੇਠ ਐਨਐਸਐਸ ਪ੍ਰੋਗਰਾਮ ਅਫਸਰ ਪ੍ਰੋਫੈਸਰ ਗੁਰਪ੍ਰੀਤ ਸਿੰਘ ਡਾਕਟਰ ਮਨੀਤਾ ਜੋਸ਼ੀ ਪ੍ਰੋਫੈਸਰ ਕਾਲਾ ਸਿੰਘ ਡਾਕਟਰ ਮਨਪ੍ਰੀਤ ਕੌਰ ਹੁੰਡਾ ਵੱਲੋਂ ਸਤਰੋਜਾ ਐਨਐਸਐਸ ਕੈਂਪ ਦਾ ਆਰੰਭ ਕੀਤਾ ਗਿਆ ਇਸ ਮੌਕੇ ਡਿਪਟੀ ਡੀਪੀਆਈ ਪ੍ਰਿੰਸੀਪਲ ਸਟੇਟ ਕਾਲਜ ਪਟਿਆਲਾ ਰਿਟਾਇਰਡ ਡਾਕਟਰ ਪਰਮਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚੇ ਇਸ ਤੋਂ ਇਲਾਵਾ ਪਿੰਡ ਟਿੱਬੀ ਤੋਂ ਜਗਤਾਰ ਸਿੰਘ ਅਤੇ ਪਿੰਡ ਮਾਡਲ ਟਾਊਨ ਤੋਂ ਸਿਕੰਦਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਕਾਲਜ ਕੈਂਪਸ ਵਿੱਚ ਪਹੁੰਚੇ ਇਸ ਸਮਾਰੋਹ ਵਿੱਚ 200 ਵਲੰਟੀਅਰ ਨੇ ਭਾਗ ਲਿਆ ਪ੍ਰੋਗਰਾਮ ਦੀ ਸ਼ੁਰੂਆਤ ਸਮੇਂ ਪ੍ਰਿੰਸੀਪਲ ਸ਼ਾਮ ਸੁੰਦਰ ਸ਼ਰਮਾ ਜੀ ਨੇ ਵਲੰਟੀਅਰਜ ਨੂੰ ਐਨਐਸਐਸ ਦੀ ਮਹੱਤਤਾ ਦੱਸਦੇ ਹੋਏ ਵੱਧ ਤੋਂ ਵੱਧ ਹਰ ਗਤੀਵਿਧੀ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਅਤੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਮੁੱਖ ਮਹਿਮਾਨ ਡਾਕਟਰ ਪਰਮਿੰਦਰ ਸਿੰਘ ਜੀ ਨੇ ਵੀ ਵਲੰਟੀਅਰ ਨੂੰ ਸਮਾਜ ਸੇਵਾ ਨਾਲ ਜੁੜ ਕੇ ਆਪਣੀ ਸ਼ਖਸ਼ੀਅਤ ਨੂੰ ਉਭਾਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਉਨਾਂ ਆਪਣੇ ਐਨਐਸਐਸ ਦੇ ਤਜਰਬਿਆਂ ਨੂੰ ਵਲੰਟੀਅਰ ਨਾਲ ਸਾਂਝਾ ਕੀਤਾ ਨਾਲ ਹੀ ਪਿੰਡ ਟਿੱਬੀ ਤੋਂ ਜਗਤਾਰ ਸਿੰਘ ਪਿੰਡ ਮਾਡਲ ਟਾਊਨ ਤੋਂ ਸਿਕੰਦਰ ਸਿੰਘ ਜੀ ਨੇ ਵੀ ਵਲੰਟੀਅਰਸ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਇਸ ਮੌਕੇ ਮੁਸਕਾਨ ਨੈਨਸੀ ਅਤੇ ਜਸਪ੍ਰੀਤ ਕੌਰ ਨੇ ਬਹੁਤ ਵਧੀਆ ਪੇਸ਼ਕਾਰੀ ਕਰਦੇ ਹੋਏ ਵਲੰਟੀਅਰ ਦਾ ਮਨ ਮੋਲ ਆ ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਿੰਸੀਪਲ ਸਾਹਿਬ ਵੱਲੋਂ ਅਤੇ ਐਨਐਸਐਸ ਪ੍ਰੋਗਰਾਮ ਅਫਸਰਾਂ ਵੱਲੋਂ ਆਏ ਹੋਏ ਮਹਿਮਾਨਾਂ ਨੂੰ. ਇਸ ਮੌਕੇ ਵਾਈਸ ਪ੍ਰਿੰਸੀਪਲ ਡਾਕਟਰ ਅਚਲਾ,ਡਾਕਟਰ ਪਰਮਿੰਦਰ ਕੌਰ ਪ੍ਰੋਫੈਸਰ ਸਿਮਰਨਜੀਤ ਕੌਰ ਪ੍ਰੋਫੈਸਰ ਮੁਖਤਿਆਰ ਸਿੰਘ ਡਾਕਟਰ ਕੁਲਦੀਪ ਸਿੰਘ ਬਾਆ ਪ੍ਰੋਫੈਸਰ ਦਰਸ਼ਨ ਸਿੰਘ ਰਘਵੀਰ ਸਿੰਘ ਆਦਿ ਸ਼ਾਮਿਲ ਹੋਏ

ਉਘੇ ਉਦਯੋਗਪਤੀ ਯੋਗੇਸ਼ ਬਾਂਸਲ ਸਨਮਾਨਤ

ਸੁਨਾਮ, 17 ਫਰਵਰੀ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਸੁਨਾਮ ਦੇ ਉਘੇ ਨੌਜਵਾਨ ਉਦਯੋਗਪਤੀ ਯੋਗੇਸ਼ ਬਾਂਸਲ ਸਪੁੱਤਰ ਜਨਕ ਰਾਜ ਫੀਡ ਵਾਲੇ ਨੂੰ ਉਨ੍ਹਾਂ ਵੱਲੋਂ ਡੇਅਰੀ ਤੇ ਪਸੂ ਪਾਲਣ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਪੰਜਾਬ ਦੇ ਡੇਅਰੀ ਤੇ ਪਸੂ ਪਾਲਣ ਵਿਭਾਗ ਦੀ ਸਿਫਾਰਸ਼ ਤੇ ਕੇਂਦਰੀ ਡੇਅਰੀ ਵਿਕਾਸ ਤੇ ਪਸੂ ਪਾਲਣ ਵਿਭਗ ਵੱਲੋਂ ਸੁਤੰਤਰਤਾ ਦਿਵਸ ਮੌਕੇ 26 ਜਨਵਰੀ ਨੂੰ ਦਿੱਲੀ ਵਿੱਖੇ ਮਹਿਕਮੇ ਦੇ ਕੇਂਦਰੀ ਮੰਤਰੀ ਰਾਜੀਵ ਰੰਜਨ ਨੇ ਵਧੀਆ ਸੇਵਾਵਾਂ ਦਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਹੈ। ਯੋਗੇਸ਼ ਬਾਂਸਲ ਵੱਲੋਂ ਹਾਲ ਹੀ ਵਿੱਚ ਇੱਕ ਬਹੁਤ ਹੀ ਆਧੂਨਿਕ ਫੀਡ ਪਲਾਂਟ ਲਾ ਕੇ ਉੱਚ ਕਵਾਲਟੀ ਦੀ ਫੀਡ ਤਿਆਰ ਕਰਨ ਦੀ ਵਧੀਆ ਕਾਰਗੁਜਾਰੀ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਸਨਮਾਨ ਲਈ ਚੁਣਿਆ ਗਿਆ ਸੀ। ਇਸ ਸਨਮਾਨ ਨੂੰ ਪ੍ਰਾਪਤ ਕਰਨ ਲਈ ਭਾਰਤ ਦੇ ਮਨਿਸਟਰੀ ਆਫ ਡਿਫੈਂਸ ਵਿਭਾਗ ਨੇ ਯੋਗੇਸ਼ ਬਾਂਸਲ ਨੂੰ ਵਿਸੇਸ਼ ਤੌਰ ਤੇ ਸੱਦਾ ਪੱਤਰ ਭੇਜਿਆ ਗਿਆ ਸੀ।ਇਸ ਤਰਾਂ ਉਨ੍ਹਾਂ ਦਾ ਨਾਮ ਪੰਜਾਬ ਸਰਕਾਰ ਦੇ ਇਸ ਮਹਿਕਮੇ ਦੇ ਉਘੇ ਉਦਯੋਗ ਪਤੀਆਂ ਦੀ ਸੂਚੀ ਵਿੱਚ ਸਾਮਲ ਹੋ ਗਿਆ ਹੈ। ਯੋਗੇਸ਼ ਬਾਂਸਲ ਸ਼ਹਿਰ ਦੀ ਨਾਮੀ ਧਾਰਮਿੱਕ ਸੰਸਥਾ ਬਾਂਕੇ ਬਿਹਾਰੀ ਮੰਦਰ ਕਮੇਟੀ ਬਿਗੜਵਾਲ ਰੋਡ ਦੇ ਵੀ ਟਰੱਸਟੀ ਹਨ। ਉਨ੍ਹਾਂ ਨੂੰ ਸਨਮਾਨਿਤ ਕਰਨ ਤੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ ਤੇ ਸੀਤਾ ਸਰ ਮੰਦਰ ਕਮੇਟੀ ਵੱਲੋਂ ਹਰੀ ਦੇਵ ਗੋਇਲ ਨੇ ਵਧਾਈ ਦਿੱਤੀ ਤੇ ਬਾਂਸਲ ਪ੍ਰੀਵਾਰ ਦੀ ਤਰੱਕੀ ਤੇ ਚੜਦੀਕਲਾ ਕਲਾ ਦੀ ਕਾਮਨਾ ਕੀਤੀ ਹੈ।

ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਦੀ ਪਲੇਠੀ ਜ਼ਿਲ੍ਹਾ ਪੱਧਰੀ ਬੈਠਕ

ਸੰਗਰੂਰ, 17 ਫਰਵਰੀ (ਹਰਕੰਵਲ ਸਿੰਘ ਹੈਪੀ): ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਤੇ ਕਾਰੋਬਾਰੀਆਂ ਨੂੰ ਵਪਾਰ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਸਮਾਂਬੱਧ ਢੰਗ ਨਾਲ ਕਰਨ ਲਈ ਬਣਾਏ ਪੰਜਾਬ ਸਟੇਟ ਟਰੇਡਰਜ਼ ਕਮਿਸ਼ਨ ਦੀ ਜ਼ਿਲ੍ਹਾ ਪੱਧਰੀ ਇਕਾਈ ਵੱਲੋਂ ਅੱਜ ਸੰਗਰੂਰ ਦੇ ਵਪਾਰੀਆਂ ਨਾਲ ਕਿਲ੍ਹਾ ਮਾਰਕਿਟ ਵਿਖੇ ਪਲੇਠੀ ਜ਼ਿਲ੍ਹਾ ਪੱਧਰੀ ਬੈਠਕ ਕੀਤੀ ਗਈ। ਇਸ ਮੌਕੇ ਛੋਟੇ



ਅਤੇ ਦਰਮਿਆਨੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪਣੀਆਂ ਸਮੱਸਿਆਵਾਂ ਰੱਖੀਆਂ। ਇਸ ਮੌਕੇ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ, ਡਿਪਟੀ ਕਮਿਸ਼ਨਰ ਰਾਹੁਲ ਚਾਬਾ, ਏ.ਡੀ.ਸੀ. ਅੰਕੁਰ ਮਹਿੰਦਰੂ, ਜ਼ਿਲ੍ਹਾ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਜਿੰਦਲ ਵੀ ਮੌਜੂਦ ਸਨ।

ਇਸ ਮੌਕੇ ਸੰਗਰੂਰ ਦੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਖੁਦ ਵਪਾਰੀਆਂ ਤੱਕ ਪੁੱਜ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਦਾ ਉਦੇਸ਼ ਵਪਾਰ-ਪੱਖੀ ਨੀਤੀਆਂ ਨੂੰ ਹੋਰ ਮਜ਼ਬੂਤ ਕਰਨਾ ਤੇ ਪਾਰਦਰਸ਼ੀ ਸ਼ਿਕਾਇਤ ਨਿਵਾਰਨ ਪ੍ਰਣਾਲੀ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਕਿ ਵਪਾਰੀਆਂ ਲਈ ਜ਼ਿਲ੍ਹਾ ਪੱਧਰ ਤੋਂ ਵੀ ਹੇਠਾਂ ਵਿਧਾਨ ਸਭਾ ਹਲਕੇ ਤੱਕ ਸੁਣਵਾਈ ਲਈ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ ਤੇ ਇਹ ਵੀ ਸੁਨਿਸ਼ਚਿਤ ਕੀਤਾ ਗਿਆ ਹੈ ਕਿ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰ ਵਪਾਰੀ ਵਰਗ ਨਾਲ ਹੀ ਸਬੰਧ ਰੱਖਦੇ ਹੋਣ। ਇਸ ਮੌਕੇ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਹਰ ਮਾਮਲੇ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਨੂੰ ਲਿਖਤੀ ਰੂਪ ਵਿੱਚ ਦਰਜ ਕਰਵਾਉਣ ਤਾਂ ਜੋ ਸਮੱਸਿਆ ਦਾ ਨਿਪਟਾਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਟਰੇਡਰਜ਼ ਕਮਿਸ਼ਨ ਕੋਲ ਰੱਖੀ ਹਰੇਕ ਸਮੱਸਿਆ ਜ਼ਿਲ੍ਹਾ ਪ੍ਰਸ਼ਾਸਨ ਕੋਲ ਤੁਰੰਤ ਪੁੱਜੇਗੀ ਤੇ ਉਸ 'ਤੇ ਤੁਰੰਤ ਕਾਰਵਾਈ ਵੀ ਯਕੀਨੀ ਬਣਾਈ ਜਾਵੇਗੀ। ਜ਼ਿਲ੍ਹਾ ਪੱਧਰੀ ਟਰੇਡਰਜ਼ ਕਮਿਸ਼ਨ ਦੇ ਚੇਅਰਮੈਨ ਅਰੁਣ ਜਿੰਦਲ ਨੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਲਈ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਨੂੰ ਤੁਰੰਤ ਤੇ ਪ੍ਰਭਾਵਸ਼ਾਲੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਜ਼ਿਲ੍ਹਾ ਚੇਅਰਮੈਨ ਅਰੁਣ ਜਿੰਦਲ, ਹਲਕਾ ਚੇਅਰਮੈਨ ਸੁਖਜਿੰਦਰ ਮਾਨ, ਹਲਕਾ ਲਹਿਰਾ ਚੇਅਰਮੈਨ ਪ੍ਰਿੰਸ ਗਰਗ, ਹਲਕਾ ਧੂਰੀ ਚੇਅਰਮੈਨ ਪੁਸ਼ਪਿੰਦਰ ਸ਼ਰਮਾ, ਹਲਕਾ ਸੁਨਾਮ ਚੇਅਰਮੈਨ ਰਾਮ ਕੁਮਾਰ, ਹਲਕਾ ਦਿੜ੍ਹਬਾ ਚੇਅਰਮੈਨ ਅਜੇ ਬਾਂਸਲ, ਜੀ.ਐਮ. ਡੀ.ਆਈ.ਸੀ. ਰਾਕੇਸ਼ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵਪਾਰੀ ਪ੍ਰਤੀਨਿਧੀ ਮੌਜੂਦ ਸਨ।

ਬਲਦੇਵ ਸਿੰਘ ਸਰਾਓ ਸੁਰਜਣਭੈਣੀ ਸੂਬਾ ਕਾਨੂੰਨੀ ਸਲਾਕਰ ਨਿਯੁਕਤ



ਮੂਨਕ, 17 ਫਰਵਰੀ (ਸਮਸ਼ੇਰ ਭੁਟਾਲ): ਬੀਤੇ ਦਿਨ ਭਾਰਤੀਯ ਅੰਬੇਡਕਰ ਮਿਸ਼ਨ ਰਜਿਸਟਰ ਭਾਰਤ ਸਰਕਾਰ ਜੀ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਬਲਦੇਵ ਸਿੰਘ ਸਰਾਓ ਪਿੰਡ ਸੁਰਜਣਭੈਣੀ ਨੂੰ ਭਾਰਤੀਯ ਅੰਬੇਡਕਰ ਮਿਸ਼ਨ ਰਜਿਸਟਰ ਭਾਰਤ ਵੱਲੋਂ ਸੂਬਾ (ਪੰਜਾਬ) ਦੇ ਕਾਨੂੰਨੀ ਸਲਾਹਕਾਰ ਨਿਯੁਕਤ ਕੀਤੇ ਗਏ ਹਨ। ਇਸ ਮੌਕੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਤੇ ਸਾਬਕਾ ਸੂਬਾ ਚੇਅਰਮੈਨ ਮੌਜੂਦਾ ਸਰਪ੍ਰਸਤ ਪੂਨਮ ਕਾਂਗੜਾ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਬਲਦੇਵ ਸਿੰਘ ਸਰਾਓ ਸੁਰਜਣਭੈਣੀ ਪਿਛਲੇ 5 ਸ਼ਾਲਾ ਤੋਂ ਭਾਰਤੀਯ ਅੰਬੇਡਕਰ ਮਿਸ਼ਨ ਰਜਿ: ਭਾਰਤ ਦੇ ਸਾਬਕਾ ਜ਼ਿਲ੍ਹਾ ਜਰਨਲ ਸਕੱਤਰ ਤੇ ਸਾਬਕਾ ਸੂਬਾ ਮੀਡੀਆ ਕੁਆਰਡੀਨੇਟਰ ਤੋ ਸਾਬਕਾ ਸੂਬਾ ਪ੍ਰਧਾਨ ਤੌਰ ਤੇ ਸੇਵਾ ਨਿਭਾਈ ਗਈ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਇਸ ਵਾਰ ਵਧੀਆ ਸੇਵਾਵਾਂ ਨੂੰ ਦੇਖਦੇ ਹੋਏ ਸੂਬਾ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ ਇਸ ਮੌਕੇ ਸਰਦਾਰ ਬਲਦੇਵ ਸਿੰਘ ਸਰਾਓ ਸੁਰਜਨ ਭੈਣੀ ਨੇ ਕਿਹਾ ਕਿ ਮੈਂ ਪਹਿਲਾਂ ਦੀ ਤਰ੍ਹਾਂ ਪੂਰੀ ਇਮਾਨਦਾਰੀ ਨਾਲ ਸੇਵਾ ਨਿਭਾਵਾਂਗਾ ਤੇ ਇਸ ਮੌਕੇ ਉਹਨਾਂ ਵੱਲੋਂ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਤੇ ਸਰਪ੍ਰਸਤ ਪੰਜਾਬ ਪੂਨਮ ਕਾਂਗੜਾ ਜੀ ਦਾ ਧੰਨਵਾਦ ਕੀਤਾ ਗਿਆ।

ਗੰਧਲੇ ਪਾਣੀ ਦੀ ਸਪਲਾਈ ਨੂੰ ਲੈ ਕੇ ਪਰਮਿੰਦਰ ਢੀਂਡਸਾ ਨੇ ਨਗਰ ਕੌਂਸਲ ਦਫ਼ਤਰ ਅੱਗੇ ਲਗਾਇਆ ਧਰਨਾ

ਲਹਿਰਾਗਾਗਾ, 17 ਫਰਵਰੀ (ਗੁਰਦੀਪ ਸਿੰਘ): ਸਥਾਨਕ ਸ਼ਹਿਰ ਦੇ ਕੁਝ ਵਾਰਡਾਂ ਵਿੱਚ ਪੀਣ ਵਾਲੇ ਪਾਣੀ ਦੀ ਜੋ ਸਪਲਾਈ ਹੋ ਰਿਹਾ ਹੈ ਉਸ ਵਿੱਚ ਸੀਵਰੇਜ ਦਾ ਪਾਣੀ ਮਿਕਸ ਹੋਣ ਕਰਕੇ ਸ਼ਹਿਰ ਵਿੱਚ ਹਾਹਾਕਾਰ ਮੱਚੀ ਹੋਈ ਹੈ, ਵਿਰੋਧੀ ਪਾਰਟੀਆਂ ਦੇ ਆਗੂ ਵੀ ਹਰ ਰੋਜ਼ ਇਸ ਮਸਲੇ ਨੂੰ ਗੰਭੀਰਤਾ ਨਾਲ ਉਠਾ ਰਹੇ ਹਨ। ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਅੱਜ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਨਗਰ ਕੌਂਸਲ ਦਫਤਰ ਅੱਗੇ ਸੰਕੇਤਕ ਧਰਨਾ ਦੇ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਢੀਂਡਸਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੰਧਲੇ ਪਾਣੀ ਦੀ ਸਪਲਾਈ ਨਾਲ ਸ਼ਹਿਰ ਅੰਦਰ ਬਿਮਾਰੀਆਂ ਫੈਲਣ ਦਾ ਸਿਰਫ ਡਰ ਹੀ ਨਹੀਂ ਬਣਿਆ ਹੋਇਆ ਸਗੋਂ ਘਰਾਂ ਵਿੱਚ ਮਰੀਜਾਂ ਦੀ ਗਿਣਤੀ ਹਰ ਰੋਜ ਵੱਧ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਵੀ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਨੂੰ ਤਰਸਣਾ ਪਵੇ, ਸ਼ਹਿਰ ਅੰਦਰ ਫੈਲ ਰਹੀਆਂ ਸਾਰੀਆਂ ਬਿਮਾਰੀਆਂ ਦੀ ਜੜ੍ਹ ਘਰਾਂ ਵਿਚ ਸਪਲਾਈ ਹੋ ਰਿਹਾ ਗੰਦਾ ਪਾਣੀ ਹੈ।ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਗੰਧਲਾ ਪਾਣੀ ਆਉਣ ਕਾਰਨ ਛੋਟੇ-ਛੋਟੇ ਬੱਚੇ ਤੇ ਬਜ਼ੁਰਗਾਂ ਨੂੰ ਬਿਮਾਰੀਆਂ ਨਾਲ ਜੂਝਣਾ ਪੈ ਰਿਹਾ ਹੈ।ਉਨ੍ਹਾਂ ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ. ਮਸਲੇ ਦਾ ਹੱਲ ਨਾ ਹੋਇਆ ਤਾਂ ਉਹ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਜਥੇਦਾਰ ਰਾਮਪਾਲ ਸਿੰਘ ਬਹਿਣੀਵਾਲ, ਸਾਬਕਾ ਚੇਅਰਮੈਨ ਗੁਰਸੰਤ ਸਿੰਘ ਭੁਟਾਲ, ਭਾਜਪਾ ਦੇ ਸੀਨੀਅਰ ਆਗੂ ਕੇਵਲ ਕ੍ਰਿਸ਼ਨ, ਸੁਖਵਿੰਦਰ ਸਿੰਘ ਬਿੱਲੂ ਖੰਡੇਬਾਦ, ਰਾਜ ਕੁਮਾਰ ਗਰਗ, ਸਾਬਕਾ ਚੇਅਰਮੈਨ ਗੁਰਦੀਪ ਸਿੰਘ ਕੋਟੜਾ, ਆੜ੍ਹਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਸਿੰਗਲਾ, ਕੌਂਸਲਰ ਕਿਰਪਾਲ ਸਿੰਘ ਨਾਥਾ, ਸਾਬਕਾ ਕੌਂਸਲਰ ਦਵਿੰਦਰ ਨੀਟੂ, ਸਾਬਕਾ ਕੌਂਸਲਰ ਨੀਟੂ ਸ਼ਰਮਾ, ਆਮ ਆਦਮੀ ਪਾਰਟੀ ਤੋਂ ਬਾਗੀ ਹੋਏ ਗੁਰੀ ਚਹਿਲ,

ਸੱਤਪਾਲ ਪਾਲੀ, ਸੁਰੇਸ਼ ਕੁਮਾਰ ਪਾਲਾ, ਛੱਜੂ ਸਿੰਘ ਧਾਲੀਵਾਲ, ਰਿੰਕੂ ਖਰੋੜ, ਰਣਵੀਰ ਸਿੰਘ ਦੇਹਲਾ ਮੌਜੂਦ ਸਨ।

ਨਗਰ ਕੌਂਸਲ ਲਹਿਰਾਗਾਗਾ ਦੇ ਪ੍ਰਧਾਨ ਮੈਡਮ ਕਾਂਤਾ ਗੋਇਲ ਨੇ ਸਪੱਸ਼ਟ ਕੀਤਾ ਹੈ ਕਿ ਸ਼ਹਿਰ ਵਿਚ ਗੰਦਲੇ ਪਾਣੀ ਦੀ ਕੋਈ ਸਮੱਸਿਆ ਨਹੀਂ ਹੈ, ਨਗਰ ਕੌਂਸਲ ਨੇ 95 ਫੀਸਦੀ ਮਸਲਾ ਹੱਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਲਹਿਰਾਗਾਗਾ ਇਸ ਮਸਲੇ ਨੂੰ ਲੈ ਕੇ ਪੂਰੀ ਗੰਭੀਰ ਹੈ, ਸ਼ਹਿਰ ਦੇ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ, ਧਰਨਾ ਲਗਾਉਣਾ ਮਸਲੇ ਦਾ ਹੱਲ ਨਹੀਂ ਹੈ।ਪ੍ਰਧਾਨ ਕਾਂਤਾ ਗੋਇਲ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਗੰਧਲੇ ਪਾਣੀ ਦੀ ਸਪਲਾਈ ਲਈ ਪਰਮਿੰਦਰ ਢੀਂਡਸਾ ਖੁਦ ਜ਼ਿੰਮੇਵਾਰ ਹਨ ਕਿਉਂਕਿ ਇਨ੍ਹਾਂ ਦੀ ਹੀ ਸਰਕਾਰ ਸਮੇਂ ਪਾਣੀ ਵਾਲੀ ਸਪਲਾਈ ਉੱਪਰ ਦੀ ਸੀਵਰੇਜ ਦੀ ਸਪਲਾਈ ਪਾਉਣ ਲਈ ਇਹ ਸਮੱਸਿਆ ਖੜ੍ਹੀ ਹੋਈ ਹੈ।

ਵੱਡੇ ਕਾਫਲੇ ਸਮੇਤ ਕਿਲੀ ਚਾਹਲਾਂ (ਮੋਗਾ) ਦੀ "ਯੁੱਧ ਨਸ਼ਿਆਂ ਵਿਰੁੱਧ" ਵਿਸ਼ਾਲ ਰੈਲੀ 'ਚ ਪਹੁੰਚੇ : ਬਲਕਾਰ ਸਿੰਘ ਸਿੱਧੂ

ਭਗਤਾ ਭਾਈ ਕਾ, 17 ਫਰਵਰੀ (ਸਵਰਨ ਸਿੰਘ ਭਗਤਾ): ਕਿਲੀ ਚਾਹਲਾਂ (ਮੋਗਾ) ਵਿਖੇ ਆਯੋਜਿਤ "ਯੁੱਧ ਨਸ਼ਿਆਂ ਵਿਰੁੱਧ" ਵਿਸ਼ਾਲ ਰੈਲੀ ਵਿੱਚ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਡੀ ਗਿਣਤੀ ਵਰਕਰਾਂ ਤੇ ਸਮਰਥਕਾਂ ਸਮੇਤ ਸ਼ਮੂਲੀਅਤ ਕਰਨ ਪਹੁੰਚੇ। ਇਸ ਮੌਕੇ ਉਨ੍ਹਾਂ ਦਾ ਵੱਡਾ ਕਾਫਲਾ ਭਗਤਾ ਭਾਈ ਕਾ ਦਾਣਾ ਮੰਡੀ ਤੋਂ ਰਵਾਨਾ ਹੋਇਆ, ਜਿਸ ਨੇ ਇਲਾਕੇ ਵਿੱਚ ਨਸ਼ਿਆਂ ਖ਼ਿਲਾਫ਼ ਜੰਗ ਲਈ ਲੋਕਾਂ ਦੇ ਜਜ਼ਬੇ ਨੂੰ ਦਰਸਾਇਆ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਨੇ ਕਿਹਾ ਕਿ ਜੇਕਰ ਸਮਾਜ ਦੇ ਹਰ ਵਰਗ ਦਾ ਸਾਥ ਮਿਲੇ ਤਾਂ ਚਿੱਟੇ ਵਰਗੇ ਕੋਹੜ ਨੂੰ ਜੜ੍ਹੋਂ ਖਤਮ ਕਰਨਾ ਸੰਭਵ ਹੈ।ਉਨ੍ਹਾਂ ਨੇ ਪਿੰਡਾਂ ਵਿੱਚ ਤਾਇਨਾਤ ਕੀਤੇ ਗਏ ਵੀਡੀਸੀ ਮੈਂਬਰ ਪਿੰਡਾਂ ਦੇ ਪਹਿਰੇਦਾਰਾਂ ਦੀ ਭਰਪੂਰ ਸਰਾਹਨਾ ਕਰਦਿਆਂ ਕਿਹਾ ਕਿ ਉਹ ਆਪਣੇ ਫਰਜ਼ ਨੂੰ ਬਹੁਤ ਸੁਚੱਜੇ ਤੇ ਇਮਾਨਦਾਰ ਢੰਗ ਨਾਲ ਨਿਭਾ ਰਹੇ ਹਨ। ਇਹ ਸਾਂਝੀ ਕੋਸ਼ਿਸ਼ ਹੀ ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਵੱਲ ਇੱਕ ਮਜ਼ਬੂਤ ਕਦਮ ਹੈ।

ਵਿਧਾਇਕ ਸਿੱਧੂ ਨੇ ਸਭ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਖ਼ਿਲਾਫ਼ ਚਲ ਰਹੀ ਇਸ ਲੜਾਈ ਵਿੱਚ ਰਾਜਨੀਤੀ ਤੋਂ ਉੱਪਰ ਉੱਠ ਕੇ ਇਕੱਠੇ ਹੋ ਕੇ ਸਾਥ ਦਿੱਤਾ ਜਾਵੇ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਅਤੇ ਸੁਖਾਲਾ ਭਵਿੱਖ ਦਿੱਤਾ ਜਾ ਸਕੇ।

ਅਕਾਲੀ ਦਲ ਵਾਰਿਸ ਪੰਜਾਬ ਦੀ ਮੀਟਿੰਗ

ਭਗਤਾ ਭਾਈ ਕਾ, 17 ਫਰਵਰੀ (ਸਵਰਨ ਸਿੰਘ ਭਗਤਾ): ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੀ ਜਰੂਰੀ ਮੀਟਿੰਗ ਧਰਮਿਕ ਵਿੰਗ ਦੇ ਸੀਨੀਅਰ ਆਗੂ ਬਾਬਾ ਸਤਨਾਮ ਸਿੰਘ ਦਿਆਲਪੁਰਾ ਤੇ ਜਿਲਾ ਬਠਿੰਡਾ ਦੇ ਪ੍ਰਧਾਨ ਭਾਈ ਚਮਕੌਰ ਸਿੰਘ ਕੋਇਰ ਸਿੰਘ ਵਾਲਾ ਦੀ ਅਗਵਾਈ ਵਿੱਚ ਦਿਆਲਪੁਰਾ ਮਿਰਜ਼ਾ ਵਿਖੇ ਹੋਈ ਜਿਸ ਦੌਰਾਨ ਪਾਰਟੀ ਦੀ ਬੇਹਤਰੀ ਲਈ ਵਿਚਾਰਾਂ ਕੀਤੀਆਂ ਗਈਆਂ।ਇਸ ਮੌਕੇ ਚਮਕੌਰ ਸਿੰਘ ਕੋਇਰ ਸਿੰਘ ਵਾਲਾ ਨੂੰ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਬਠਿੰਡਾ ਜ਼ਿਲ੍ਹੇ ਪ੍ਰਧਾਨ ਲਗਾਉਣ ਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਸਤਨਾਮ ਸਿੰਘ ਅਤੇ ਚਮਕੌਰ ਸਿੰਘ ਨੇ ਦੱਸਿਆ ਕਿ 25 ਫਰਵਰੀ ਨੂੰ ਕੱਢੀ ਜਾ ਰਹੀ ਖਾਲਸਾ ਵਹੀਰ ਸਬੰਧੀ ਵਿਚਾਰਾਂ ਕੀਤੀਆਂ ਗਈਆਂ ਤੇ ਸੰਗਤਾਂ ਨੂੰ ਵੱਧ ਤੋਂ ਵੱਧ ਵਹੀਰ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਰਕਾਰਾਂ ਨੇ ਖਾਲਸਾ ਵਹੀਰ ਨੂੰ ਰੋਕਣ ਵਾਸਤੇ ਡਿਬੜੂਗੜ ਜੇਲ ਵਿੱਚ ਐਨ ਐਸ ਏ ਲਾਕੇ ਬੰਦ ਕੀਤਾ ਗਿਆ ਤੇ ਉਹਨਾਂ ਨੂੰ ਰਿਹਾਅ ਕਰਾਉਣ ਤੇ ਅੰਨ੍ਹੀਆਂ ਬੋਲੀਆਂ ਸਰਕਾਰਾਂ ਦੇ ਕੰਨਾਂ ਤੱਕ ਅਵਾਜ਼ ਪਹੁੰਚਾਉਣ ਲਈ ਸੰਗਤਾਂ ਵੱਧ ਚੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਥ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਖਾਲਸਾ ਵਹੀਰ ਵਿੱਚ ਸਾਮਲ ਹੋਣ। ਆਗੂਆਂ ਨੇ ਦੱਸਿਆ ਕਿ ਵਹੀਰ 25 ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ੁਰੂ ਹੋ ਕੇ ਮੁਦਕੀ ਵਿਖੇ ਵਿਸ਼ਰਾਮ ਹੋਵੇਗਾ ਅਤੇ ਅਗਲੇ ਦਿਨ 26 ਫਰਵਰੀ ਨੂੰ ਮੁਦਕੀ ਤੋਂ ਦਮਦਮਾ ਸਾਹਿਬ ਸਮਾਪਤ ਹੋਵੇਗੀ ।ਉਸ ਤੋਂ ਉਪਰੰਤ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ ਜੋ ਅੰਮ੍ਰਿਤ ਅਭਿਲਾਖੀਆ ਨੂੰ ਅੰਮ੍ਰਿਤ ਛਕਾਇਆ ਜਾਵੇਗਾ।ਇਸ ਮੌਕੇ ਭਾਈ ਸੁਰਿੰਦਰ ਸਿੰਘ ਨਥਾਣਾ, ਬਾਬਾ ਲੱਛਾ ਸਿੰਘ ਦਿਆਲਪੁਰਾ ਭਾਈਕਾ, ਭਾਈ ਅੰਮ੍ਰਿਤਪਾਲ ਸਿੰਘ ਜਲਾਲ, ਰਸਵਿੰਦਰ ਸਿੰਘ ਦਿਆਲਪੁਰਾ, ਹਰਨੇਕ ਸਿੰਘ ਦਿਆਲਪੁਰਾ, ਸੁਖਦੀਪ ਸਿੰਘ ਭੁੱਚੋ, ਜਗਸੀਰ ਸਿੰਘ ਕਲਿਆਣ ਮੱਲਕਾ, ਮੋਹਤਮ ਸਿੰਘ ਕਲਿਆਣ, ਸੁਖਮੰਦਰ ਸਿੰਘ ਨਿਕਲ ਅਤੇ ਰਾਜਵਿੰਦਰ ਸਿੰਘ ਆਦਿ ਸਨ।

22 ਨੂੰ 'ਆਪ' ਤੇ ਭਾਜਪਾ ਆਗੂਆਂ ਦੇ ਘਰਾਂ ਦੇ ਅੱਗੇ ਧਰਨਿਆਂ ਦਾ ਐਲਾਨ

ਭਵਾਨੀਗੜ੍ਹ, 17 ਫਰਵਰੀ (ਅਮਨਦੀਪ ਸਿੰਘ ਮਾਝਾ): ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਜਿਲ੍ਹਾ ਸੰਗਰੂਰ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਕਪਿਆਲ ਦੀ ਪ੍ਰਧਾਨਗੀ ਹੇਠ ਸੰਗਰੂਰ ਵਿਖੇ ਕੀਤੀ ਗਈ ਜਿਸ ਵਿੱਚ ਵੱਖ ਵੱਖ ਪਿੰਡਾਂ ਤੋਂ ਕਿਸਾਨ ਆਗੂ ਸਾਮਲ ਹੋਏ। ਮੀਟਿੰਗ ਵਿੱਚ ਕਿਸਾਨੀ ਮੁੱਦਿਆਂ ਤੇ ਵਿਚਾਰਾਂ ਕਰਦਿਆਂ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਭਾਰਤ ਤੇ ਅਮਰੀਕਾ ਦਾ ਵਪਾਰਕ ਸਮਝੌਤਾ ਟਰੰਪ ਦੇ ਦਬਾਅ ਹੇਠ ਕੀਤਾ ਗਿਆ ਹੈ। ਇਸ ਸਮਝੌਤੇ ਨਾਲ ਭਾਰਤ ਦੇ ਕਿਸਾਨਾਂ ਨੂੰ ਤੇ ਪੰਜਾਬ ਲਈ ਜਿਆਦਾ ਵੱਡਾ ਨੁਕਸਾਨ ਹੋਵੇਗਾ। ਕਿਉਕਿ ਪੰਜਾਬ ਦਾ ਕਿਸਾਨ ਅਮਰੀਕਾ ਦੇ ਕਿਸਾਨ ਦਾ ਮੁਕਾਬਲਾ ਨਹੀਂ ਕਰ ਸਕਦਾ। ਅਮਰੀਕਾ ਆਪਣੇ ਕਿਸਾਨਾਂ ਨੂੰ ਹਰ ਸਾਲ ਲੱਖਾਂ ਡਾਲਰ ਸਬਸਿਡੀਆਂ ਦਿੰਦੀ ਹੈ। ਅਮਰੀਕਾ ਦਾ ਅਨਾਜ, ਦੁੱਧ, ਦਾਲਾਂ, ਸਬਜੀਆਂ ਤੇ ਹੋਰ ਸਮਾਨ ਬਿਨਾਂ ਟੈਕਸ ਤੋਂ ਭਾਰਤ ਆਵੇਗਾ ਤੇ ਘੱਟ ਰੇਟ ਤੇ ਬਜਾਰਾਂ ਵਿੱਚ ਵਿਕੇਗਾ। ਭਾਰਤ ਦੀ ਸਰਕਾਰ ਪੰਜਾਬ ਨੂੰ ਨਾ ਮਾਤਰ ਸਬਸਿਡੀਆ ਦਿੰਦੀ ਹੈ ਆਪਣੇ ਕਿਸਾਨਾਂ ਨੂੰ ਸਬਸਿਡੀਆਂ ਨਾ ਮਿਲਣ ਕਾਰਨ ਕਿਸਾਨਾਂ ਦਾ ਖੱਰਚਾ ਵੱਧ ਹੋਣ ਕਰਕੇ ਘੱਟ ਰੇਟ ਤੇ ਆਪਣਾ ਸਮਾਨ ਨਹੀਂ ਵੇਚ ਸਕਦਾ। ਮੀਟਿੰਗ ਦਾ ਸਰਬਸੰਮਤੀ ਨਾਲ ਇਹ ਵਿਚਾਰ ਬਣਿਆ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨਾਲ ਪੰਜਾਬ ਸਰਕਾਰ ਵੀ ਪੂਰੀ ਤਰ੍ਹਾਂ ਸਹਿਮਤ ਹੈ। ਪੰਜਾਬ ਸਰਕਾਰ ਨੇ ਅੱਜ ਤੱਕ ਬਿਜਲੀ ਸੋਧ ਬਿੱਲ ਦੇ ਖਿਲਾਫ ਬਿਆਨ

ਤੱਕ ਨਹੀਂ ਦਿੱਤਾ ਸਗੋਂ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ, ਮਜ਼ਦੂਰਾਂ ਮੁਲਾਜ਼ਮਾਂ ਦੇ ਘੋਲਾਂ ਦੀ ਅਣਦੇਖੀ ਕਰਨ ਅਤੇ ਸੰਘਰਸ਼ੀ ਲੋਕਾਂ ਤੇ ਜਬਰ ਕਰਨ ਦੇ ਰਾਹ ਪਈ ਹੋਈ ਹੈ। ਇਸ ਲਈ ਸਾਰੇ ਜਿਲ੍ਹਿਆਂ ਵਿੱਚ 22 ਫਰਵਰੀ ਨੂੰ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦੇ ਘਰਾਂ ਅੱਗੇ 11 ਵਜੇ ਤੋਂ ਤਿੰਨ ਵਜੇ ਤੱਕ ਧਰਨੇ ਦਿੱਤੇ ਜਾਣਗੇ। ਧਰਨਿਆਂ ਵਾਲੀਆਂ ਥਾਵਾਂ ਸੰਯੁਕਤ ਕਿਸਾਨ ਮੋਰਚੇ ਵਲੋਂ ਜ਼ਿਲਿਆਂ ਦੀਆਂ ਸਾਂਝੀਆਂ ਮੀਟਿੰਗਾਂ ਕਰਕੇ ਤੈਅ ਕੀਤੀਆਂ ਜਾਣਗੀਆਂ। ਹੋਰਨਾ ਤੋਂ ਇਲਾਵਾ ਮਲਕੀਤ ਸਿੰਘ ਲੱਖਮੀਰਵਾਲਾ, ਕਸਮੀਰ ਸਿੰਘ ਘਰਾਚੋਂ, ਰੋਹੀ ਸਿੰਘ ਮੰਗਵਾਲ, ਜਸਪਾਲ ਸਿੰਘ ਘਰਾਚੋਂ, ਪ੍ਰੀਤਮ ਸਿੰਘ ਬਡਰੁੱਖਾਂ, ਗੁਰਜੰਟ ਸਿੰਘ ਮੰਗਵਾਲ, ਗੁਰਮੇਲ ਸਿੰਘ ਗਿਦੜਿਆਣੀ, ਪ੍ਰੀਤਮ ਸਿੰਘ ਬਾਦਸ਼ਾਹਪੁਰ, ਅਮਰਜੀਤ ਸਿੰਘ ਖਨਾਲ ਕਲਾਂ, ਬਲਵਿੰਦਰ ਸਿੰਘ ਘੋੜੇਨਾਵ, ਜਗਸੀਰ ਸਿੰਘ ਭੰਗੂ, ਪ੍ਰੀਤਇੰਦਰ ਸਿੰਘ ਗਰੇਵਾਲ, ਰਣ ਸਿੰਘ ਬਡਰੁੱਖਾਂ, ਯਾਦਵਿੰਦਰ ਸਿੰਘ ਘਰਾਚੋਂ, ਸੁਖਵਿੰਦਰ ਸਿੰਘ, ਮੇਜਰ ਸਿੰਘ, ਮਹਿਦਰ ਸਿੰਘ, ਹਰੀ ਸਿੰਘ, ਕਿਰਪਾਲ ਸਿੰਘ ਆਦਿ ਨੇ ਸਬੋਧਨ ਕੀਤਾ।

ਸੜਕਾਂ, ਸ਼ੈੱਡਾਂ, ਖੇਡ ਮੈਦਾਨਾਂ ਸਮੇਤ ਵਿਕਾਸ ਕੰਮ ਜਾਰੀ, ਅਧਿਕਾਰੀਆਂ ਨੂੰ ਤੇਜ਼ੀ ਲਿਆਉਣ ਦੇ ਨਿਰਦੇਸ਼

ਸਿਵਲ ਹਸਪਤਾਲ ਵਿੱਚ 16.50 ਕਰੋੜ ਦੀ ਲਾਗਤ ਨਾਲ ਬਣ ਰਿਹੈ ਕ੍ਰਿਟੀਕਲ ਕੇਅਰ ਯੂਨਿਟ: ਮੀਤ ਹੇਅਰ

ਬਰਨਾਲਾ, 17 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸਿਵਲ ਹਸਪਤਾਲ ਬਰਨਾਲਾ ਵਿੱਚ 16.50 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਿਹਾ ਕ੍ਰਿਟੀਕਲ ਕੇਅਰ ਯੂਨਿਟ (ਸੀ.ਸੀ.ਯੂ.) ਇਸੇ ਸਾਲ ਬਰਨਾਲਾ ਵਾਸੀਆਂ ਨੂੰ ਸਮਰਪਿਤ ਕੀਤਾ ਜਾਵੇਗਾ। ਇਸ ਯੂਨਿਟ ਦੀ ਸਮਰੱਥਾ 50 ਬੈੱਡ ਹੋਵੇਗੀ। ਇਹ ਪ੍ਰਗਟਾਵਾ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵਲੋਂ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤੇ ਐੱਮਪੀ ਲੈਡ ਫੰਡਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਵਿਕਾਸ ਤਾਲਮੇਲ ਤੇ ਨਿਗਰਾਨੀ ਕਮੇਟੀ (ਦਿਸ਼ਾ) ਦੀ ਮੀਟਿੰਗ ਦੌਰਾਨ ਕੀਤਾ ਗਿਆ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਕੰਮਾਂ ਦਾ ਜਾਇਜ਼ਾ ਲੈਂਦਿਆਂ ਕ੍ਰਿਟੀਕਲ ਕੇਅਰ ਯੂਨਿਟ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਆਮ ਲੋਕਾਂ ਨੂੰ ਸਿਹਤ ਸੇਵਾਵਾਂ ਮਿਲਣ ਵਿੱਚ ਕੋਈ ਦੇਰੀ ਨਾ ਹੋਵੇ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਚੌਥੀ ਮੰਜ਼ਿਲ ਦੇ ਕੰਮ ਦਾ ਵੀ ਜਾਇਜ਼ਾ ਲਿਆ ਜੋ ਕਿ 8.39 ਕਰੋੜ ਦੀ ਲਾਗਤ ਨਾਲ ਬਣ ਰਹੀ ਹੈ ਅਤੇ ਕੰਮ 80 ਫੀਸਦੀ ਮੁਕੰਮਲ ਹੋ ਚੁੱਕਿਆ ਹੈ। ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ 149.43 ਲੱਖ ਦੀ ਲਾਗਤ ਨਾਲ ਠੀਕਰੀਵਾਲ ਤੋਂ ਭੱਦਲਵਡ ਡਰੇਨ ਦੇ ਪੁਲ ਦਾ ਕੰਮ 92 ਫੀਸਦੀ ਮੁਕੰਮਲ ਹੋ ਚੁੱਕਿਆ ਹੈ। ਸੰਸਦ ਮੈਂਬਰ ਨੇ ਲਿੰਕ ਸੜਕਾਂ ਦੇ ਨਿਰਮਾਣ ਕਾਰਜ ਦਾ ਵੀ ਜਾਇਜ਼ਾ ਲਿਆ ਅਤੇ ਕੰਮ ਮਾਰਚ ਅੰਤ ਤੱਕ ਮੁਕੰਮਲ ਕਰਨ ਉੱਤੇ ਜ਼ੋਰ ਦਿੱਤਾ। ਇਸ ਮੌਕੇ ਮੰਡੀ ਬੋਰਡ ਅਧਿਕਾਰੀਆਂ ਨੇ ਦੱਸਿਆ ਕਿ 14 ਕਰੋੜ ਦੀ ਲਾਗਤ ਨਾਲ ਮੰਡੀਆਂ ਵਿੱਚ ਸ਼ੈੱਡਾਂ ਦਾ ਕੰਮ ਚੱਲ ਰਿਹਾ ਹੈ। ਇਸ ਮੌਕੇ ਸ੍ਰੀ ਮੀਤ ਹੇਅਰ ਨੇ ਕਿਹਾ ਕਿ ਉਨ੍ਹਾਂ ਵਲੋਂ ਐਮ ਪੀ ਲੈਡ ਅਧੀਨ ਪੌਣੇ 6 ਕਰੋੜ ਦੇ ਕੰਮ ਮਨਜ਼ੂਰ ਕੀਤੇ ਗਏ ਹਨ ਜਿਨ੍ਹਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਜਲ ਸਪਲਾਈ ਵਿਭਾਗ ਦੀਆਂ ਸਕੀਮਾਂ, ਸਿਹਤ ਵਿਭਾਗ ਦੀਆਂ ਸਕੀਮਾਂ, ਬਰਨਾਲਾ ਸ਼ਹਿਰ ਦੇ ਜਲ ਸਪਲਾਈ, ਸੀਵਰੇਜ ਤੇ ਬਰਨਾਲਾ ਨਗਰ ਨਿਗਮ ਦੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਬਰਨਾਲਾ, ਤਪਾ ਅਤੇ ਭਦੌੜ ਵਿੱਚ ਆਮ ਆਦਮੀ ਕਲੀਨਿਕਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੋਡਲ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਵਰਤੋਂ ਸਰਟੀਫਿਕੇਟ ਤੁਰੰਤ ਜਮ੍ਹਾਂ ਕਰਵਾਏ ਜਾਣ ਅਤੇ ਹਰ ਪ੍ਰਾਜੈਕਟ ਸਥਾਨ ’ਤੇ ਕੰਮ ਦੀ ਮਿਆਦ, ਲਾਗਤ ਤੇ ਵੇਰਵਾ ਸਪਸ਼ਟ ਤੌਰ ’ਤੇ ਦਰਜ ਕੀਤਾ ਜਾਵੇ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ ਨੇ ਵੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰ ਦੀਆਂ ਸਕੀਮਾਂ ਅਤੇ ਪ੍ਰੋਜੈਕਟਾਂ ਨੂੰ ਸਮਾਂਬੱਧ ਤਰੀਕੇ ਨਾਲ ਨੇਪਰੇ ਚਾੜਿਆ ਜਾਵੇ। ਉਨ੍ਹਾਂ ਕਿਹਾ ਕਿ ਸਮੇਂ ਸਮੇਂ ’ਤੇ ਇਨ੍ਹਾਂ ਪ੍ਰੋਜੈਕਟਾਂ ਦਾ ਜਾਇਜ਼ਾ ਲਿਆ ਜਾਵੇਗਾ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਹਰਜਿੰਦਰ ਸਿੰਘ ਬੇਦੀ ਆਈ ਏ ਐੱਸ, ਐੱਸ ਡੀ ਐੱਮ ਤਪਾ ਸ੍ਰੀ ਆਯੂਸ਼ ਗੋਇਲ, ਜ਼ਿਲ੍ਹਾ ਯੋਜਨਾ ਬੋਰਡ ਬਰਨਾਲਾ ਦੇ ਚੇਅਰਮੈਨ ਪਰਮਿੰਦਰ ਸਿੰਘ ਭੰਗੂ, ਨਗਰ ਸੁਧਾਰ ਟਰੱਸਟ ਬਰਨਾਲਾ ਦੇ ਚੇਅਰਮੈਨ ਰਾਮ ਤੀਰਥ ਮੰਨਾ, ਹਰਿੰਦਰ ਸਿੰਘ ਧਾਲੀਵਾਲ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਤਰਫੋਂ ਹਰਮਨਦੀਪ ਸਿੰਘ, ਵੱਖ ਵੱਖ ਵਾਰਡਾਂ ਦੇ ਮਿਊਂਸਪਲ ਕੌਂਸਲਰ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਜੱਗਾ ਸਿੰਘ ਸਿੱਧੂ ਭਦੌੜ ਦੇ 11 ਨੰ: ਵਾਰਡ ’ਚੋਂ ਆਜ਼ਾਦ ਚੋਣ ਲੜਨਗੇ

ਭਦੌੜ, 17 ਫਰਵਰੀ (ਸੁਖਵਿੰਦਰ ਪਲਾਹਾ) : ਬੇਸ਼ੱਕ ਨਗਰ ਕੌਂਸਲ ਚੋਣਾਂ ਮਾਨਯੋਗ ਹਾਈਕੋਰਟ ਵੱਲੋਂ ਕੁਝ ਸਮੇਂ ਲਈ ਕੈਂਸਲ ਕਰ ਦਿੱਤੀਆਂ ਗਈਆਂ ਹਨ ਪਰ ਕੌਂਸਲਰ ਬਣਨ ਦੇ ਚਾਹਵਾਨ ਅਜੇ ਵੀ ਆਪਣੀ ਕਿਸਮਤ ਅਜਮਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਜੇਕਰ ਗੱਲ ਕਰੀਏ ਤਾਂ ਨਗਰ ਕੌਂਸਲ ਭਦੌੜ ਦੀ ਤਾਂ ਭਦੌੜ ਨਗਰ ਕੌਂਸਲ ਅਧੀਨ ਆਉਂਦੇ 13 ਵਾਰਡਾਂ ਵਿੱਚ ਕਈ ਵਾਰਡਾਂ ਵਿੱਚੋਂ ਕੌਂਸਲਰ ਵਰਨ ਦੇ ਚਾਹਵਾਨ ਆਪਣੀ ਦਾਵੇਦਾਰੀ ਠੋਕ ਚੁੱਕੇ ਹਨ। ਇਸੇ ਤਰ੍ਹਾਂ ਹੀ ਵਾਰਡ ਨੰਬਰ 11 ਵਿੱਚੋਂ ਜੱਗਾ ਸਿੰਘ ਸਿੱਧੂ ਆਜ਼ਾਦ ਉਮੀਦਵਾਰ ਦੇ ਤੌਰ ’ਤੇ ਚੋਣ ਲੜਨ ਲਈ ਤੱਤਪਰ ਹਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੱਗਾ ਸਿੰਘ ਨੇ ਦੱਸਿਆ ਕਿ ਮੈਂ ਪਿਛਲੇ ਲੰਬੇ ਸਮੇਂ ਤੋਂ ਹਰ ਇੱਕ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੁੰਦਾ ਹਾਂ ਅਤੇ ਲੋਕਾਂ ਦੇ ਕੰਮ ਵੀ ਮੂਹਰੇ ਲੱਗ ਕੇ ਕਰਵਾਉਂਦਾ ਹਾਂ, ਜਿਸ ਕਰਕੇ ਇਸ ਵਾਰ ਮੈਂ ਫੈਸਲਾ ਕੀਤਾ ਹੈ ਕਿ ਵਾਰਡ ਨੰਬਰ 11 ਵਿੱਚੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਜ਼ਰੂਰ ਲੜਾਂਗਾ। ਜੱਗਾ ਸਿੰਘ ਨੇ ਦੱਸਿਆ ਕਿ ਹਰ ਵਾਰ ਪਹਿਲਾਂ ਹੀ ਜਿੱਤੇ ਹੋਏ ਉਮੀਦਵਾਰ ਆਪਣੇ ਕਾਗਜ ਦਾਖਲ ਕਰ ਦਿੰਦੇ ਹਨ ਪਰ ਇਸ ਵਾਰ ਸਥਿਤੀ ਉਲਟ ਹੋਵੇਗੀ, ਕਿਉਂਕਿ ਪੁਰਾਣੇ ਕੌਂਸਲਰਾਂ ਵੱਲੋਂ ਵਿਕਾਸ ਦਾ ਕੋਈ ਵੀ ਕਾਰਜ ਨਾ ਕਰਨ ਕਰਕੇ ਸਾਰੇ ਵਾਰਡਾਂ ਵਿੱਚ ਲੋਕ ਮੌਜੂਦਾ ਸਰਕਾਰ ਤੋਂ ਅਤੇ ਕੌਂਸਲਰਾਂ ਤੋਂ ਦੁਖੀ ਹਨ, ਜਿਸ ਕਰਕੇ ਇਸ ਵਾਰ ਵਾਰਡ ਨੰਬਰ 11 ਵਿੱਚੋਂ ਮੇਰੀ ਜਿੱਤ ਯਕੀਨੀ ਹੋਵੇਗੀ।

ਮੈਰਿਟ ਮਿਸ਼ਨ, ਮਿਸ਼ਨ ਸੌ ਫ਼ੀਸਦੀ ਤਹਿਤ ਇਨਾਮ ਵੰਡ ਸਮਾਰੋਹ ਕਰਵਾਇਆ

ਬਰਨਾਲਾ, 17 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਸਰਕਾਰ, ਸਿੱਖਿਆ ਵਿਭਾਗ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ) ਬਰਨਾਲਾ ਸੁਨੀਤਇੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿੱ:) ਬਰਨਾਲਾ ਇੰਦੂ ਸਿਮਕ ਦੀ ਅਗਵਾਈ ਹੇਠ ਸਰਕਾਰੀ ਮਿਡਲ ਸਕੂਲ ਸੰਗਰ ਪੱਤੀ ਧਨੌਲਾ ਵਿਖੇ ਮਿਸ਼ਨ ਮੈਰਿਟ, ਮਿਸ਼ਨ ਸੌ ਪ੍ਰਤੀਸ਼ਤ ਤਹਿਤ ਇਨਾਮ ਵੰਡ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਮੰਡਲ ਵਿੱਚ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਸਿੱ ਬਰਨਾਲਾ ਬਰਜਿੰਦਰ ਪਾਲ ਸਿੰਘ, ਗੁਰਪੰਚਪਾਲ ਸਿੰਘ ਤੱਗੜ ਇੰਜਨੀਅਰ ਬਰੈਂਪਟਨ ਕਨੇਡਾ, ਸ੍ਰੀਮਤੀ ਨਿਰੰਜਨ ਕੌਰ ਬਰਨ, ਇੰਚਾਰਜ ਮਿਡਲ ਸਕੂਲ ਸੰਗਰਪੱਤੀ ਧਨੌਲਾ ਮੀਸ਼ੂ ਰਾਣੀ, ਹੈੱਡ ਟੀਚਰ ਪ੍ਰਾਇਮਰੀ ਸਕੂਲ ਸੰਗਰਪੱਤੀ ਧਨੌਲਾ ਮੀਨਾਕਸ਼ੀ ਸ਼ਖ਼ਸੀਅਤਾਂ ਸ਼ਾਮਲ ਰਹੀਆਂ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨਾ ਹੈ । ਜਿਸ ਨਾਲ ਵਿਦਿਆਰਥੀਆਂ ਵਿੱਚ ਪੜ੍ਹਨ ਰੁਚੀ ਪੈਦਾ ਹੋਵੇ। ਉਹ ਮਿਹਨਤ ਕਰਕੇ ਵੱਧ ਨੰਬਰ ਪ੍ਰਾਪਤ ਕਰਨ। ਮਿਡਲ ਤੇ ਪ੍ਰਾਇਮਰੀ ਸਕੂਲ ਵਿੱਚ ਸੈਸ਼ਨ 2024-25 ਦੇ ਸਲਾਨਾ ਇਮਤਿਹਾਨ ਵਿੱਚ ਪੰਜਵੀਂ ਅਤੇ ਅੱਠਵੀਂ ਜਮਾਤ ਵਿੱਚ ਪਹਿਲੀ ਦੂਜੀ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਵਜੋਂ ਨਕਦ ਰਾਸ਼ੀ ਸਰਟੀਫ਼ਿਕੇਟ ਫਾਈਲ ਭੇਂਟ ਕੀਤੀਆਂ ਗਈਆਂ। ਜਿਸ ਵਿੱਚ ਮਿਡਲ ਸਕੂਲ ਦੀ ਅੱਠਵੀਂ ਜਮਾਤ ਦੀ ਏਕਮਵੀਰ ਕੌਰ ਪਹਿਲੇ ਸਥਾਨ ਤੇ ਰਹੀ। ਨੂਰਦੀਨ ਕੌਰ ਦੂਜੇ ਸਥਾਨ ਤੇ ਰਹੀ ਅਤੇ ਅਵੀਜੋਤ ਸਿੰਘ ਤੀਜੇ ਸਥਾਨ ਤੇ ਰਿਹਾ। ਇਸੇ ਤਰ੍ਹਾਂ ਹੀ ਪ੍ਰਾਇਮਰੀ ਸਕੂਲ ਵਿੱਚ ਅੰਜਲੀ ਪਹਿਲੇ ਸਥਾਨ ਤੇ ਰਹੀ, ਰਜਨੀ ਅਤੇ ਸੇਵਾ ਸਿੰਘ ਦੂਜੇ ਸਥਾਨ ਤੇ ਰਹੇ। ਹੁਸਨਦੀਪ ਕੌਰ, ਕਰਨਵੀਰ ਸਿੰਘ, ਹਰਮਨਜੋਤ ਸਿੰਘ ਤੀਜੇ ਸਥਾਨ ਤੇ ਰਹੇ। ਇਸ ਸਮੇਂ ਸਕੂਲ ਸਟਾਫ਼ ਸ੍ਰੀਮਤੀ ਰਜਨੀ ਬਾਲਾ, ਜਸਪ੍ਰੀਤ ਕੌਰ, ਹਰਪ੍ਰੀਤ ਕੌਰ, ਅਮਨਦੀਪ ਮਿੱਤਲ, ਗੁਰਵਿੰਦਰ ਸਿੰਘ ਅਤੇ ਵਿਦਿਆਰਥੀ ਹਾਜ਼ਰ ਰਹੇ। ਇਸ ਤਰ੍ਹਾਂ ਇਹ ਪ੍ਰੋਗਰਾਮ ਸਫ਼ਲਤਾਪੂਰਕ ਸੰਪੰਨ ਹੋਇਆ।

ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਨੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬੋਰਡ ਪ੍ਰੀਖਿਆਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ

ਬਰਨਾਲਾ, 17 ਫ਼ਰਵਰੀ (ਬਘੇਲ ਸਿੰਘ ਧਾਲੀਵਾਲ) : ਅੱਜ ਬਰਨਾਲਾ ਦੇ ਬੀਵੀਐਮ ਇੰਟਰਨੈਸ਼ਨਲ ਸਕੂਲ ਵਿਖੇ ਸ਼ੁਰੂ ਹੋਈ ਆਈਸੀਐਸਈ ਬੋਰਡ ਪ੍ਰੀਖਿਆ ਦੇ ਮੌਕੇ @ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ ਗਿਆ। ਬੋਰਡ ਪ੍ਰੀਖਿਆਵਾਂ ਦਾ ਪਹਿਲਾ ਪ੍ਰਸ਼ਨ ਪੱਤਰ ਅੱਜ ਹੋਇਆ, ਜਿਸ ਦੇ ਨਾਲ ਵਿਦਿਆਰਥੀਆਂ ਦੀ ਬਹੁਤ ਉਡੀਕੀ ਜਾ ਰਹੀ ਵਿਦਿਅਕ ਯਾਤਰਾ ਦਾ ਇੱਕ ਮਹੱਤਵਪੂਰਨ ਪੜਾਅ ਸ਼ੁਰੂ ਹੋਇਆ। ਇਸ ਖਾਸ ਮੌਕੇ @ਤੇ ਸਕੂਲ ਕੈਂਪਸ ਵਿੱਚ ਇੱਕ ਸਾਦਾ ਅਤੇ ਭਾਵੁਕ ਮਾਹੌਲ ਦੇਖਣ ਨੂੰ ਮਿਲਿਆ। ਦਸਵੀਂ ਜਮਾਤ ਦੇ ਵਿਦਿਆਰਥੀ, ਜੋ ਲੰਬੇ ਸਮੇਂ ਤੋਂ ਇਸ ਪ੍ਰੀਖਿਆ ਦੀ ਤਿਆਰੀ ਕਰ ਰਹੇ ਸਨ, ਅੱਜ ਨਵੇਂ ਉਤਸ਼ਾਹ ਅਤੇ ਦ੍ਰਿੜ ਇਰਾਦੇ ਨਾਲ ਪ੍ਰੀਖਿਆ ਲਈ ਹਾਜ਼ਰ ਹੋਏ। ਸਕੂਲ ਦੇ ਚੇਅਰਮੈਨ ਸ਼੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ਼੍ਰੀਮਤੀ ਗੀਤਾ ਅਰੋੜਾ, ਸ਼੍ਰੀ ਨਿਖਿਲ ਅਰੋੜਾ ਅਤੇ ਸ਼੍ਰੀਮਤੀ ਨੇਹੁਲ ਅਰੋੜਾ ਨੇ ਵੀ ਵਿਦਿਆਰਥੀਆਂ ਨੂੰ ਆਪਣੀਆਂ ਦਿਲੋਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ, ਸਾਡੇ ਵਿਦਿਆਰਥੀਆਂ ਨੇ ਲਗਾਤਾਰ ਸਖ਼ਤ ਮਿਹਨਤ ਅਤੇ ਲਗਨ ਨਾਲ ਤਿਆਰੀ ਕੀਤੀ ਹੈ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਮਨਿੰਦਰਜੀਤ ਕੌਰ ਧਾਲੀਵਾਲ ਨੇ ਕਿਹਾ, ਬੋਰਡ ਪ੍ਰੀਖਿਆਵਾਂ ਜ਼ਿੰਦਗੀ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹਨ, ਪਰ ਇਨ੍ਹਾਂ ਨੂੰ ਆਤਮਵਿਸ਼ਵਾਸ ਅਤੇ ਸਕਾਰਾਤਮਕ ਰਵੱਈਏ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਦਸਵੀਂ ਜਮਾਤ ਦੇ ਵਿਦਿਆਰਥੀ ਆਪਣੀ ਮਿਹਨਤ, ਲਗਨ ਅਤੇ ਆਤਮਵਿਸ਼ਵਾਸ ਦੀ ਮਦਦ ਨਾਲ ਸਫਲਤਾ ਦੀਆਂ ਨਵੀਆਂ ਉਚਾਈਆਂ ਨੂੰ ਛੂਹਣਗੇ।

ਵਾਈ.ਐਸ. ਸਕੂਲ ਫਿਰ ਚਮਕਿਆ : ਨੀਤੀ ਆਯੋਗ ਦੁਆਰਾ ਉੱਤਮਤਾ ਲਈ 38 ਵਾਰ ਰਾਸ਼ਟਰੀ ਸਨਮਾਨ

ਬਰਨਾਲਾ, 17 ਫ਼ਰਵਰੀ (ਇਸ਼ੇਨ ਕੰਗ) : ਵਾਈਐਸ ਸਕੂਲ ਗੁਣਵੱਤਾ ਸਿੱਖਿਆ ਅਤੇ ਨਵੀਨਤਾ ਵਿੱਚ ਨਵੇਂ ਮਾਪਦੰਡ ਸਥਾਪਤ ਕਰਨਾ ਜਾਰੀ ਰੱਖਦਾ ਹੈ, ਮਾਣ ਨਾਲ ਇੱਕ ਵਾਰ ਫਿਰ ਰਾਸ਼ਟਰੀ ਮਾਨਤਾ ਪ੍ਰਾਪਤ ਕਰਦਾ ਹੈ। ਅਟਲ ਇਨੋਵੇਸ਼ਨ ਮਿਸ਼ਨ ਦੇ ਤਹਿਤ ਨੀਤੀ ਆਯੋਗ ਦੁਆਰਾ ਸਕੂਲ ਨੂੰ 38ਵੀਂ ਵਾਰ ਮਹੀਨੇ ਦੇ ਏਟੀਐਲ ਸਕੂਲ ਵਜੋਂ ਚੁਣਿਆ ਗਿਆ ਹੈ, ਜੋ ਕਿ ਨੌਜਵਾਨ ਨਵੀਨਤਾਕਾਰਾਂ ਨੂੰ ਪਾਲਣ-ਪੋਸ਼ਣ ਕਰਨ ਲਈ ਇਸਦੀ ਸ਼ਾਨਦਾਰ ਅਤੇ ਇਕਸਾਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਵੱਕਾਰੀ ਪ੍ਰਾਪਤੀ ਟੈਕਨਾਲੋਜੀ-ਅਧਾਰਤ ਸਿਖਲਾਈ ਅਤੇ ਰਚਨਾਤਮਕ ਸੋਚ ਤੇ ਵਾਈਐਸ ਸਕੂਲ ਦੇ ਮਜ਼ਬੂਤ ਫੋਕਸ ਨੂੰ ਉਜਾਗਰ ਕਰਦੀ ਹੈ। ਸਿੱਖਿਆ ਲਈ ਆਪਣੇ ਵਿਲੱਖਣ ਪਹੁੰਚ ਲਈ ਖੇਤਰ ਭਰ ਵਿੱਚ ਜਾਣਿਆ ਜਾਂਦਾ ਹੈ, ਸਕੂਲ ਵਿਦਿਆਰਥੀਆਂ ਨੂੰ ਸਿਰਫ਼ ਪਾਠ-ਪੁਸਤਕਾਂ ਦੀ ਬਜਾਏ ਵਿਹਾਰਕ ਅਨੁਭਵਾਂ ਰਾਹੀਂ ਖੋਜ ਕਰਨ, ਪ੍ਰਯੋਗ ਕਰਨ ਅਤੇ ਸਿੱਖਣ ਲਈ ਉਤਸ਼ਾਹਿਤ ਕਰਦਾ ਹੈ। ਟੈਕਨਾਲੋਜੀ ਦਿਵਸ ਅਤੇ ਕਮਿਊਨਿਟੀ ਦਿਵਸ ਜਸ਼ਨਾਂ ਦੇ ਹਿੱਸੇ ਵਜੋਂ, ਵਾਈਐਸ ਸਕੂਲ ਪ੍ਰਦਰਸ਼ਨੀਆਂ ਦਾ ਆਯੋਜਨ ਕਰਦਾ ਹੈ ਅਤੇ ਛੁੱਟੀਆਂ ਦੇ ਹਿੱਸੇ ਵਜੋਂ ਟਕਨੀਕੀ-ਪ੍ਰੋਜੈਕਟ ਦਿੰਦਾ ਹੈ ਜਿੱਥੇ ਵਿਦਿਆਰਥੀ ਵਿਸ਼ਵਾਸ ਨਾਲ ਆਪਣੀਆਂ ਨਵੀਨਤਾਵਾਂ ਤੇ ਕੰਮ ਕਰਦੇ ਹਨ। ਇਹਨਾਂ ਹੱਥੀਂ ਪ੍ਰੋਜੈਕਟਾਂ ਨੇ ਵਿਦਿਆਰਥੀਆਂ ਦੀ ਉਤਸੁਕਤਾ, ਸਮੱਸਿਆ-ਹੱਲ ਕਰਨ ਦੇ ਹੁਨਰ ਅਤੇ ਵਿਗਿਆਨ ਅਤੇ ਤਕਨਾਲੋਜੀ ਲਈ ਉਤਸ਼ਾਹ ਨੂੰ ਪ੍ਰਦਰਸ਼ਿਤ ਕੀਤਾ। ਰੋਜ਼ਾਨਾ ਕਲਾਸਰੂਮ ਸਿੱਖਿਆ ਵਿੱਚ ਟੈਕਨਾਲੋਜੀ ਨੂੰ ਜੋੜ ਕੇ, ਵਾਈਐਸ ਸਕੂਲ ਵਿਦਿਆਰਥੀਆਂ ਨੂੰ ਆਤਮਵਿਸ਼ਵਾਸੀ, ਨਵੀਨਤਾਕਾਰੀ ਅਤੇ ਭਵਿੱਖ ਲਈ ਤਿਆਰ ਵਿਅਕਤੀ ਬਣਨ ਲਈ ਆਕਾਰ ਦੇ ਰਿਹਾ ਹੈ। ਇਹ ਵਾਰ-ਵਾਰ ਦਿੱਤਾ ਜਾਣ ਵਾਲਾ ਰਾਸ਼ਟਰੀ ਸਨਮਾਨ ਇੱਕ ਵਾਰ ਫਿਰ ਸਾਬਤ ਕਰਦਾ ਹੈ ਕਿ ਵਾਈਐਸ ਸਕੂਲ ਨਵੀਨਤਾ-ਅਧਾਰਤ ਸਿੱਖਿਆ ਵਿੱਚ ਇੱਕ ਸੱਚਾ ਮੋਹਰੀ ਹੈ, ਨੌਜਵਾਨ ਮਨਾਂ ਨੂੰ ਪ੍ਰੇਰਿਤ ਕਰਦਾ ਹੈ ਅਤੇ ਇੱਕ ਉੱਜਵਲ ਕੱਲ੍ਹ ਦਾ ਨਿਰਮਾਣ ਕਰਦਾ ਹੈ।

ਸਿਹਤ ਸੰਸਥਾਵਾਂ ’ਚ ਬਾਲ ਕੈਂਸਰ ਦਿਵਸ ਸਬੰਧੀ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ

ਬਰਨਾਲਾ, 17 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੀਆਂ ਸਿਹਤ ਸੰਸਥਾਵਾਂ ਵਿਚ ÷ਕੌਮਾਂਤਰੀ ਬਾਲ ਕੈਂਸਰ ਦਿਵਸ ਸਬੰਧੀ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਸੀਨੀਅਰ ਮੈਡੀਕਲ ਅਫ਼ਸਰ ਬਰਨਾਲਾ ਡਾ. ਇੰਦੂ ਬਾਂਸਲ ਨੇ ਦੱਸਿਆ ਕਿ ਕੈਂਸਰ ਦੀ ਬਿਮਾਰੀ ਜ਼ਿਆਆਦਾਤਰ ਵੱਡਿਆਂ @ਚ ਪਾਈ ਜਾਣ ਵਾਲੀ ਬਿਮਾਰੀ ਸੀ, ਪ੍ਰੰਤੂ ਅੱਜਕੱਲ੍ਹ ਛੋਟੇ ਬੱਚਿਆਂ ਵਿਚ ਵੀ ਇਸ ਬਿਮਾਰੀ ਦੇ ਮਾਮਲੇ ਵਧ ਰਹੇ ਹਨ। ਇਹ ਸਾਡੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਬਚਪਨ ਦਾ ਕੈਂਸਰ ਇਲਾਜਯੋਗ ਹੈ, ਜੇਕਰ ਮੁਢਲੀ ਸਟੇਜ ’ਤੇ ਇਸਦੀ ਪਹਿਚਾਣ ਹੋ ਜਾਵੇ ਅਤੇ ਮਰੀਜ਼ ਨੂੰ ਸਹੀ ਸਮੇਂ ’ਤੇ ਇਸ ਦਾ ਸਹੀ ਇਲਾਜ ਮਿਲ ਜਾਵੇ। ਇਸ ਲਈ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਸੁਚੇਤ ਹੋਣ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਕੌਮਾਂਤਰੀ ਬਾਲ ਕੈਂਸਰ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਿੰਮਤ,ਉਮੀਦ ਅਤੇ ਸਹਾਰੇ ਨਾਲ ਇਸ ਬਿਮਾਰੀ ’ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਕੈਂਸਰ ਨਾਲ ਲੜ੍ਹ ਰਹੇ ਅਤੇ ਠੀਕ ਹੋ ਰਹੇ ਬੱਚਿਆਂ ਲਈ ਹੌਸਲਾ ਅਤੇ ਪਰਿਵਾਰ ਲਈ ਸਹਾਰਾ ਬਣ ਕੇ ਉਨ੍ਹਾਂ ਦੀ ਤੰਦਰੁਸਤੀ ਲਈ ਸਮੇਂ-ਸਮੇਂ ’ਤੇ ਉਪਰਾਲੇ ਕਰਨ ਦੀ ਜ਼ਰੂਰਤ ਹੈ। ਇਸ ਬਿਮਾਰੀ ਤੋਂ ਬਚਾਅ ਲਈ ਬਾਜ਼ਾਰ ਦੇ ਬੇਮੌਸਮੀ ਫ਼ਲ ਸਬਜ਼ੀਆਂ, ਤਲ੍ਹੇ-ਮਸਾਲੇਦਾਰ ਭੋਜਨ ਅਤੇ ਤੰਬਾਕੂ ਉਤਪਾਦਾਂ ਦੇ ਸੇਵਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸੰਤੁਲਿਤ ਭੋਜਨ ’ਚ ਰੋਜ਼ਾਨਾ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਮੌਸਮ ਅਨੁਸਾਰ ਫ਼ਲ,ਸਬਜ਼ੀਆਂ, ਅਨਾਜ ਅਤੇ ਦਾਲਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਅਸੀਂ ਸਾਰੇ ਇਸ ਬਿਮਾਰੀ ਪ੍ਰਤੀ ਜਾਗਰੂਕ ਹੋ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ ਨੇ ਦੱਸਿਆ ਕਿ ਸਰੀਰ ਦੇ ਕਿਸੇ ਹਿੱਸੇ ’ਚ ਗਿਲਟੀ,ਆਵਾਜ਼ ਦਾ ਭਾਰੀਪਣ, ਨਾ ਠੀਕ ਹੋਣ ਵਾਲੇ ਮੂੰਹ ਦੇ ਛਾਲੇ ਆਦਿ ਲੱਛਣ ਦਿਖਾਈ ਦੇਣ ਤਾਂ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

‘ਮੁੱਖ ਮੰਤਰੀ ਤੀਰਥ ਯਾਤਰਾ’ ਸਕੀਮ ਸਾਬਿਤ ਹੋ ਰਹੀ ਹੈ ਵਰਦਾਨ : ਵਿਧਾਇਕ ਕੁਲਵੰਤ ਸਿੰਘ ਪੰਡੋਰੀ

ਬਰਨਾਲਾ, 17 ਫਰਵਰੀ (ਬਘੇਲ ਸਿੰਘ ਧਾਲੀਵਾਲ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਸ਼ੁਰੂ ਕੀਤੀ ਗਈ ‘ਮੁੱਖ ਮੰਤਰੀ ਤੀਰਥ ਯਾਤਰਾ ਸਕੀਮ’ ਆਮ ਲੋਕਾਂ ਖਾਸ ਕਰਕੇ ਬਜ਼ੁਰਗਾਂ ਲਈ ਵਰਦਾਨ ਸਿੱਧ ਹੋ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ (ਵਿਧਾਨ ਸਭਾ) ਅਤੇ ਵਿਧਾਇਕ ਮਹਿਲ ਕਲਾਂ ਸ. ਕੁਲਵੰਤ ਸਿੰਘ ਪੰਡੋਰੀ ਨੇ ਪਿੰਡ ਸਹਿਜੜਾ ਵਿਖੇ ਯਾਤਰਾ ਤੋਂ ਪਰਤੀਆਂ ਸੰਗਤਾਂ ਨਾਲ ਮੁਲਾਕਾਤ ਕਰਨ ਉਪਰੰਤ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਪੰਡੋਰੀ ਨੇ ਦੱਸਿਆ ਕਿ ਪਿੰਡ ਸਹਿਜੜਾ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ) ਅਤੇ ਵਾਹਗਾ ਬਾਰਡਰ ਅਤੇ ਹੋਰ ਅਸਥਾਨਾਂ ਦੇ ਦਰਸ਼ਨ ਕਰਕੇ ਪਰਤੇ ਹਨ। ਉਨ੍ਹਾਂ ਕਿਹਾ ਕਿ ਜਦੋਂ ਮੈਂ ਇਨ੍ਹਾਂ ਬਜ਼ੁਰਗਾਂ ਅਤੇ ਮਾਤਾਵਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੇ ਚਿਹਰਿਆਂ @ਤੇ ਇੱਕ ਵੱਖਰੀ ਹੀ ਖੁਸ਼ੀ ਅਤੇ ਸਕੂਨ ਸੀ। ਸੰਗਤਾਂ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਸਰਕਾਰ ਵੱਲੋਂ ਯਾਤਰਾ ਦੌਰਾਨ ਰਹਿਣ, ਖਾਣ-ਪੀਣ ਅਤੇ ਆਉਣ-ਜਾਣ ਦੇ ਬਹੁਤ ਵਧੀਆ ਪ੍ਰਬੰਧ ਕੀਤੇ ਗਏ ਸਨ ਕਿ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਿਆ। ਵਿਧਾਇਕ ਪੰਡੋਰੀ ਨੇ ਕਿਹਾ ਕਿ ਕਈ ਬਜ਼ੁਰਗਾਂ ਵੱਲੋਂ ਦੱਸਿਆ ਗਿਆ ਕਿ ਉਹ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਸ੍ਰੀ ਹਰਮੰਦਿਰ ਸਾਹਿਬ ਨਤਮਸਤਕ ਹੋਏ ਹਨ। ਉਨ੍ਹਾਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਸ਼ਿਵਰਾਤਰੀ ਮੌਕੇ ਰਣੀਕੇ ਵਿਖੇ ਮੁਫ਼ਤ ਬੱਸ ਲਿਜਾ ਕੇ ਸ਼ਰਧਾਲੂਆਂ ਨੂੰ ਕਰਵਾਏ ਭਗਵਾਨ ਭੋਲੇ ਨਾਥ ਜੀ ਦੇ ਦਰਸ਼ਨ

ਬਰਨਾਲਾ, 17 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਭਗਵਾਨ ਭੋਲੇਨਾਥ ਦੀ ਅਨਿੰਨ ਭਗਤ ਸੋਨਿਕਾ ਗੁਪਤਾ ਬਰਨਾਲਾ ਤੋਂ ਰਣੀਕੇ ਸ਼ਿਵਧਾਮ ਲਈ ਸਾਲ 2005 ਤੋਂ ਹਰ ਸਾਲ ਫ਼ਰੀ ਬਸ ਲਿਜਾ ਕੇ ਸ਼ਰਧਾਲੂਆਂ ਨੂੰ ਭਗਵਾਨ ਭੋਲੇਨਾਥ ਜੀ ਦੇ ਦਰਸ਼ਨ ਕਰਵਾਏ ਜਾਂਦੇ ਹਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਹਾਂ ਸ਼ਿਵਰਾਤਰੀ ਉਤਸਵ ਮਨਾਉਣ ਲਈ ਸ਼ਰਧਾਲੂਆਂ ਨਾਲ ਭਰੀ ਬਸ ਰਣੀਕੇ ਵਿਖੇ ਲੈ ਕੇ ਗਏ। ਸਮਾਜਸੇਵੀ ਸੋਨਿਕਾ ਗੁਪਤਾ ਨੇ ਦੱਸਿਆ ਕਿ ਰਣੀਕੇ ਵਿਖੇ ਸਮੂਹ ਭਗਤਾਂ ਨੇ ਭਗਵਾਨ ਸ਼ੰਕਰ ਭੋਲੇ ਨਾਥ ਜੀ ਦੇ ਸ਼ਿਵਲਿੰਗ ਤੇ ਜਲਾਭਿਸ਼ੇਕ ਕਰਨ ਉਪਰੰਤ ਭਜਨ ਗਾਇਕ ਬਬੀਤਾ ਜਿੰਦਲ ਪ੍ਰਧਾਨ ਮਹਿਲਾ ਵਿੰਗ ਅਗਰਵਾਲ ਸਭਾ ਬਰਨਾਲਾ ਦੇ ਮਾਰਗਦਰਸ਼ਨ ਚ ਭਗਵਾਨ ਭੋਲੇਨਾਥ ਦਾ ਗੁਣਗਾਨ ਕੀਤਾ। ਸੋਨਿਕਾ ਗੁਪਤਾ ਨੇ ਅੱਗੇ ਕਿਹਾ ਕਿ 2005 ਤੋਂ ਪਹਿਲਾਂ ਮੇਰੀ ਸੱਸ ਮਾਤਾ ਮਹਾ ਸ਼ਿਵਰਾਤਰੀ ਮੌਕੇ ਫ਼ਰੀ ਬੱਸ ਲੈ ਕੇ ਜਾਂਦੇ ਸਨ। ਪਰਿਵਾਰ ਦੀ ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਮੈਂ (ਸੋਨਿਕਾ ਗੁਪਤਾ) ਸ਼ਿਵਰਾਤਰੀ ਮੌਕੇ ਸ਼ਰਧਾਲੂਆਂ ਨੂੰ ਇੱਕ ਬਸ ਰਾਹੀਂ ਰਣੀਕੇ ਵਿਖੇ ਲਿਆ ਕੇ ਸ਼ਰਧਾਲੂਆਂ ਨੂੰ ਭਗਵਾਨ ਭੋਲੇਨਾਥ ਦੇ ਦਰਸ਼ਨ ਕਰਵਾ ਕੇ ਆਪਣੇ ਆਪ ਨੂੰ ਧੰਨ ਸਮਝਿਆ ਹੈ। ਇਸ ਮੌਕੇ ਮਾਤਾ ਰਾਣੀ ਦੇ ਮੰਦਿਰ ਅਤੇ ਮਨਸਾ ਦੇਵੀ ਮਾਤਾ ਦੇ ਦਰਸ਼ਨ ਵੀ ਕੀਤੇ ਗਏ। ਉਹਨਾਂ ਕਿਹਾ ਕਿ ਸ਼ਿਵਰਾਤਰੀ ਦਾ ਤਿਉਹਾਰ ਸਾਨੂੰ ਸਾਂਝੀਵਾਲਤਾ, ਪਿਆਰ, ਦਇਆ ਭਾਵ ਅਤੇ ਮਿਲ ਕੇ ਰਹਿਣ ਦੀ ਪ੍ਰੇਰਨਾ ਦਿੰਦਾ ਹੈ। ਜਿਹੜਾ ਵੀ ਭਗਤ ਸੱਚੇ ਮਨ ਨਾਲ ਸ਼ਿਵ ਭੋਲੇ ਨਾਥ ਦਾ ਵਰਤ ਰੱਖ ਕੇ ਭਗਵਾਨ ਸ਼ਿਵ ਦੀ ਪੂਜਾ ਕਰਦਾ ਹੈ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਇਸ ਮੌਕੇ ਸੋਨਿਕਾ ਗੁਪਤਾ, ਸੁਰੇਸ਼ ਰਾਣੀ, ਜੋਤੀ ਰਾਣੀ, ਸੁਮਨ ਜਿੰਦਲ, ਨੀਲਮ ਸ਼ਰਮਾ, ਬਬੀਤਾ ਗਰਗ, ਸੁਨੀਤਾ ਗਰਗ, ਬਿੰਦੂ ਬਾਲਾ, ਸ਼ਰੁਤੀ, ਮੀਨਾ ਵਰਮਾ, ਸਵਿਤਾ, ਰਜਨੀ, ਮਨੀ, ਕੰਚਨ, ਸੁਨੀਤਾ ਸਿੰਗਲਾ, ਊਸ਼ਾ ਗੁਪਤਾ, ਰਮਨ, ਨੀਨਾ ਕੇਸ਼ਵ, ਪੂਜਾ, ਸਪਨਾ, ਬਿੰਦੂ ਗਰਗ, ਸੌਮਿਆ, ਅੰਕਿਤਾ, ਰਕੇਸ਼ ਕੁਮਾਰ, ਪ੍ਰੇਮ ਰਾਣੀ ਆਦਿ ਨੇ ਮਿਲ ਕੇ ਪ੍ਰਭੂ ਦਾ ਗੁਣਗਾਨ ਕੀਤਾ। ਅੰਤ ’ਚ ਸਭਨਾਂ ਨੂੰ ਭਗਵਾਨ ਸ਼ਿਵ ਭੋਲੇ ਨਾਥ ਜੀ ਦਾ ਪ੍ਰਸ਼ਾਦ ਵਿਤਰਣ ਕੀਤਾ ਗਿਆ।

ਮਦਰ ਟੀਚਰ ਸਕੂਲ ਨੂੰ ਚੰਗੀ ਵਿੱਦਿਅਕ ਕਾਰਗੁਜ਼ਾਰੀ ਸਦਕਾ ਰਾਸ਼ਟਰੀ ਵਿਦਿਅਕ ਮਾਨਤਾ ਪ੍ਰਾਪਤ

ਬਰਨਾਲਾ, 17 ਫ਼ਰਵਰੀ (ਇਸ਼ੇਨ ਕੰਗ) : ਨਵੀਂ ਦਿੱਲੀ ਵਿੱਚ ਹੋਏ ਵਿਦਿਅਕ ਸੰਮੇਲਨ ਵਿੱਚ ਪ੍ਰਤਿਸ਼ਠਾਵਾਨ ਪੰਜ ਤਾਰਾ ਰੇਟਿੰਗ ਪ੍ਰਾਪਤ ਕਰਕੇ ਮਦਰ ਟੀਚਰ ਸਕੂਲ ਨੇ ਇਲਾਕੇ ਦਾ ਮਾਣ ਵਧਾਇਆ ਹੈ। ਇਹ ਸੰਮੇਲਨ 1 ਫਰਵਰੀ, 2026 ਨੂੰ ਨਵੀਂ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ ਸੀ। ਇਹ ਬਹੁਤ ਮਾਣ ਵਾਲਾ ਪਲ ਸੀ ਕਿ ਮਦਰ ਟੀਚਰ ਸਕੂਲ, ਬਰਨਾਲਾ ਨੂੰ ਸੈਂਟਰ ਫਾਰ ਐਜੂਕੇਸ਼ਨ ਡਿਵੈਲਪਮੈਂਟ ਫਾਊਂਡੇਸ਼ਨ ਦੁਆਰਾ ਆਯੋਜਿਤ ਰਾਸ਼ਟਰੀ ਮੁਲਾਂਕਣ ਕਾਨਫਰੰਸ ਵਿੱਚ ਪੰਜ ਤਾਰਾ ਰੇਟਿੰਗ ਸਕੂਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਸ਼ਾਨਦਾਰ ਸਮਾਰੋਹ ਦਿੱਲੀ ਦੇ ਮਯੂਰ ਵਿਹਾਰ ਦੇ ਹਾਲੀਡੇ ਇਨ ਵਿਖੇ ਹੋਇਆ ਅਤੇ ਇਸ ਵਿੱਚ ਦੇਸ਼ ਭਰ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀਆਂ ਅਤੇ ਨੀਤੀ ਨਿਰਮਾਤਾਵਾਂ ਨੇ ਸ਼ਿਰਕਤ ਕੀਤੀ। ਇਸ ਕਾਨਫਰੰਸ ਵਿੱਚ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ NIOS ਦੇ ਡਿਪਟੀ ਡਾਇਰੈਕਟਰ ਡਾ. ਆਲੋਕ ਕੁਮਾਰ ਗੁਪਤਾ, ਸੀ.ਬੀ.ਐਸ.ਈ. ਦਿੱਲੀ ਵੈਸਟ ਦੇ ਖੇਤਰੀ ਨਿਰਦੇਸ਼ਕ ਸ਼੍ਰੀ ਕੇ. ਸ਼੍ਰੀਨਿਵਾਸਨ, ਅੰਤਰਰਾਸ਼ਟਰੀ ਪੱਧਰ ਤੇ ਪ੍ਰਸਿੱਧ ਲੇਖਕ ਅਤੇ ਸਪੀਕਰ ਡਾ. ਸ਼ੰਕਰ ਗੋਇਨਕਾ, ਐਜੂਫਿਨਿਟੀ ਦੀ ਸੰਸਥਾਪਕ ਅਤੇ ਏ .ਆਈ. ਮਾਹਰ ਸ਼੍ਰੀਮਤੀ ਗੁਰਪ੍ਰੀਤ ਕੌਰ, ਅਤੇ ਨੋਇਡਾ ਫਿਲਮ ਸਿਟੀ ਦੇ ਸੰਸਥਾਪਕ ਡਾ. ਸੰਦੀਪ ਮਾਰਵਾਹ ਵੀ ਸ਼ਾਮਿਲ ਸਨ। ਮਦਰ ਟੀਚਰ ਸਕੂਲ ਨੂੰ ਨਵੀਂ ਸਿੱਖਿਆ ਨੀਤੀ (NEP) ਦੇ ਸ਼ਾਨਦਾਰ ਅਤੇ ਪ੍ਰਭਾਵਸ਼ਾਲੀ ਤਰੀਕੇ ਲਾਗੂ ਕਰਨ ਲਈ ਪੰਜ ਤਾਰਾ ਰੇਟਿੰਗ ਪ੍ਰਾਪਤ ਹੋਈ ਹੈ। ਇਹ ਨਵੀਨਤਾਕਾਰੀ ਸਿੱਖਿਆ ਸ਼ਾਸਤਰ, ਡਿਜੀਟਲ ਤਰੱਕੀ, ਸੰਪੂਰਨ ਸਿੱਖਿਆ, ਅਤੇ ਸੰਸਥਾਗਤ ਲੀਡਰਸ਼ਿਪ ਵਿੱਚ ਸ਼ਾਨਦਾਰ ਕੰਮ ਦਰਸਾਉਂਦਾ ਹੈ। ਇਹ ਸ਼ਾਨਦਾਰ ਸਫਲਤਾ ਸਕੂਲ ਪ੍ਰਬੰਧਨ, ਪ੍ਰਿੰਸੀਪਲ ਦੀ ਦੂਰਦਰਸ਼ੀ ਅਗਵਾਈ, ਅਧਿਆਪਕਾਂ ਦੇ ਅਣਥੱਕ ਸਮਰਪਣ ਅਤੇ ਵਿਦਿਆਰਥੀਆਂ ਦੇ ਸੱਚੇ ਯਤਨਾਂ ਦਾ ਪ੍ਰਮਾਣ ਹੈ। ਇਹ ਪੰਜ ਤਾਰਾ ਮਾਨਤਾ ਸਕੂਲ ਦੀ ਸਥਿਤੀ ਨੂੰ ਗੁਣਵੱਤਾ ਵਾਲੀ ਸਿੱਖਿਆ ਅਤੇ ਰਾਸ਼ਟਰ ਨਿਰਮਾਣ ਲਈ ਇੱਕ ਮੋਹਰੀ ਸੰਸਥਾ ਵਜੋਂ ਹੋਰ ਮਜ਼ਬੂਤ ਕਰਦੀ ਹੈ। ਇਸ ਸ਼ਾਨਦਾਰ ਪ੍ਰਾਪਤੀ ਦੇ ਨਾਲ ਸਕੂਲ ,ਸਿੱਖਿਆ ਵਿੱਚ ਉੱਤਮਤਾ ਨੂੰ ਉੱਚਾ ਚੁੱਕਣਾ ਅਤੇ ਅਕਾਦਮਿਕ ਭਾਈਚਾਰੇ ਨੂੰ ਪ੍ਰੇਰਿਤ ਕਰਨਾ ਜਾਰੀ ਰੱਖਦਾ ਹੈ।

ਸਰਕਾਰ ਗਊ ਸੈੱਸ ਤੋਂ ਪ੍ਰਾਪਤ ਕਰੋੜਾਂ ਰੁਪਏ ਖ਼ਰਚ ਕਰਕੇ ਗਊਸ਼ਾਲਾਵਾਂ ’ਚ ਕਰੇ ਸੁਧਾਰ

ਬਰਨਾਲਾ, 17 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪ੍ਰਾਚੀਨ ਗਊਸ਼ਾਲਾ ਬਰਨਾਲਾ ਦੇ ਪ੍ਰਧਾਨ ਉਪਿੰਦਰ ਸਰਪੰਚ, ਕੈਸ਼ੀਅਰ ਅਮਰਜੀਤ ਕਾਲੇਕੇ ਅਤੇ ਮੈਂਬਰ ਡਾਕਟਰ ਸਤੀਸ਼ ਕੁਮਾਰ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੀਆਂ ਗਊਸ਼ਾਲਾਵਾਂ ਦੀ ਹਾਲਤ ਨੂੰ ਬਿਹਤਰ ਬਣਾਉਣ ਲਈ ਗਊ ਸੈੱਸ ਦੇ ਤੌਰ ਤੇ ਹਰ ਸਾਲ ਇਕੱਠੀ ਕੀਤੀ ਕਰੋੜਾਂ ਰੁਪਏ ਦੀ ਰਾਸ਼ੀ ਨੂੰ ਗਊਸ਼ਾਲਾਵਾਂ ਨੂੰ ਪ੍ਰਤੀ ਗਊ ਦੇ ਹਿਸਾਬ ਨਾਲ ਗਰਾਂਟ ਜਾਰੀ ਕਰਕੇ ਗਊਸ਼ਾਲਾਵਾਂ ਦਾ ਸੁਧਾਰ ਕੀਤਾ ਜਾਵੇ। ਪੰਜਾਬ ਚ ਗਊਸ਼ਾਲਾਵਾਂ ਦੇ ਬਿਜਲੀ ਦੇ ਬਿੱਲ ਮੁਆਫ਼ ਕੀਤੇ ਜਾਣ । ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਪ੍ਰਾਚੀਨ ਗਊਸ਼ਾਲਾ ਨੂੰ ਸੁਖਦੇਵ ਸਿੰਘ ਢੀਂਡਸਾ ਨੇ ਆਪਣੇ ਐਮ ਪੀ ਕੋਟੇ ਵਿੱਚੋਂ ਦੋ ਵਾਰ 5-5 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਸੀ । ਕਾਂਗਰਸ ਸਰਕਾਰ ਸਮੇਂ ਵੀ ਇੱਕ ਵਾਰੀ 5 ਲੱਖ ਰੁਪਏ ਸੋਲਰ ਪਲਾਂਟ ਲਗਾਉਣ ਲਈ ਮਿਲੇ ਸਨ ਪ੍ਰੰਤੂ ਆਮ ਆਦਮੀ ਦੇ ਕਾਰਜਕਾਲ ਦੌਰਾਨ ਗਊਸ਼ਾਲਾਵਾਂ ਨੂੰ ਕੁਝ ਵੀ ਨਹੀਂ ਮਿਲਿਆ । ਉਨ੍ਹਾਂ ਮੈਂਬਰ ਪਾਰਲੀਮੈਂਟ ਮੀਤ ਹੇਅਰ ਤੋਂ ਮੰਗ ਕੀਤੀ ਕਿ ਉਹ ਪ੍ਰਾਚੀਨ ਗਊ ਸਾਲਾ ਨੂੰ ਆਪਣੇ ਐਮ ਪੀ ਕੋਟੇ ’ਚੋਂ ਗਰਾਂਟ ਜਾਰੀ ਕਰਕੇ ਗਊਸ਼ਾਲਾ ਦੀ ਮੱਦਦ ਕਰਨ। ਪੰਜਾਬ ਸਰਕਾਰ ਗਊਸ਼ਾਲਾਵਾਂ ਦੇ ਬਿਜਲੀ ਦੇ ਬਿੱਲ ਮੁਆਫ਼ ਕਰਕੇ ਅਤੇ ਗਊ ਸੈੱਸ ਫੰਡ ਚੋਂ ਗ੍ਰਾਂਟ ਜਾਰੀ ਕਰੇ ਤਾਂ ਜੋ ਗਊ ਧਨ ਦੀ ਵਧੀਆ ਢੰਗ ਨਾਲ ਸੇਵਾ ਕੀਤੀ ਜਾ ਸਕੇ । ਅਮਰਜੀਤ ਕਾਲੇਕੇ ਨੇ ਦੱਸਿਆ ਕਿ ਪ੍ਰਾਚੀਨ ਗਊਸ਼ਾਲਾ ਬਰਨਾਲਾ ਅਤੇ ਗਊਸ਼ਾਲਾ ਕਮੇਟੀ ਰਾਏਕੋਟ ਰੋਡ ਬਰਨਾਲਾ ਦਾ ਬਿਜਲੀ ਅਤੇ ਪਾਣੀ ਦੇ ਬਿੱਲਾਂ ਦਾ ਲਗਭਗ 11 ਤੋਂ 12 ਲੱਖ ਰੁਪਏ ਦਾ ਭੁਗਤਾਨ ਬਕਾਇਆ ਪਿਆ ਹੈ ਜੋ ਕਿ ਭਰਿਆ ਨਹੀਂ ਜਾ ਸਕਿਆ। ਜੇਕਰ ਪੰਜਾਬ ਦੀਆਂ ਗਊਸ਼ਾਲਾਵਾਂ ਨੂੰ ਪੰਜਾਬ ਸਰਕਾਰ ਬਿਜਲੀ ਦੇ ਬਿਲ ਮੁਆਫ਼ ਕਰ ਦੇਵੇ ਅਤੇ ਹਰ ਗਊਸ਼ਾਲਾ ਹਰ ਸਾਲ ਸਮੇਂ ਸਿਰ ਨੂੰ ਗਰਾਂਟ ਜਾਰੀ ਕਰੇ ਤਾਂ ਗਊਸ਼ਾਲਾਵਾਂ ਦੀ ਹਾਲਤ ਸੁਧਾਰਣ ਦਾ ਜਨਤਕ ਮੁੱਦਾ ਹੱਲ ਹੋ ਸਕਦਾ ਹੈ।

ਬੱਚਿਆਂ ਦੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਗੂੰਜਿਆ ਟੰਡਨ ਸਕੂਲ, ਦਰਸ਼ਕ ਹੋਏ ਹੈਰਾਨ

ਬਰਨਾਲਾ, 17 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਇਲਾਕੇ ਦੀ ਪ੍ਰਸਿੱਧ ਸੰਸਥਾ ਟੰਡਨ ਇੰਟਰਨੈਸ਼ਨਲ ਸਕੂਲ ਵਿਖੇ ਸਲਾਨਾ ਸਮਾਰੋਹ ਰਾਈਜ਼ਿੰਗ ਟੂਗੈਦਰ ਕਰਵਾਇਆ ਗਿਆ। ਜਿਸ ਵਿਚ ਸਕੂਲ ਦੇ ਪਲੇ ਵੇ ਤੋਂ ਦੂਸਰੀ ਕਲਾਸ ਦੇ ਬੱਚਿਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿਚ ਹਾਰਦਿਕ ਕੌਸ਼ਲ, ਸਤਪਾਲ ਮੌੜ ਮੁੱਖ ਮਹਿਮਾਨ ਵਜੋਂ ਆਏ। ਇਹਨਾਂ ਦਾ ਸਕੂਲ ਦੇ ਬੱਚਿਆਂ ਨੇ ਬੈਜ ਲਗਾ ਕੇ ਸਵਾਗਤ ਕੀਤਾ। ਇਸ ਤੋਂ ਬਾਅਦ ਆਏ ਹੋਏ ਮਹਿਮਾਨਾਂ ਨੇ ਜੋਤੀ ਦੀ ਰਸਮ ਅਦਾਇਗੀ ਕੀਤੀ। ਸਕੂਲ ਦੇ ਸਾਲਾਨਾ ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀ ਗਣੇਸ਼ ਜੀ ਦੀ ਬੰਦਨਾ ਨਾਲ ਕੀਤੀ ਗਈ । ਇਸ ਤੋਂ ਬਾਅਦ ਬਹੁਤ ਹੀ ਮਨਮੋਹਕ ਪੇਸ਼ਕਾਰੀਆਂ ਕੀਤੀਆਂ ਗਈਆਂ। ਛੋਟੇ ਬੱਚਿਆਂ ਨੇ ਸ਼ਿਵ ਤਾਂਡਵ ਦੀ ਜੋਸ਼ੀਲੀ ਪੇਸ਼ਕਾਰੀ ਨਾਲ ਸਭ ਦੇ ਰੋਂਗਟੇ ਖੜੇ ਕਰ ਦਿਤੇ। ਪਲੇ ਵੇ ਦੇ ਬੱਚਿਆਂ ਦੀ ਡਾਂਸ ਪੇਸ਼ਕਾਰੀ ਨੇ ਸਭ ਦਾ ਮਨ ਮੋਹ ਲਿਆ। ਇਸ ਤੋਂ ਬਾਅਦ ਦੀਆਂ ਇਕ ਤੋਂ ਇਕ ਪੇਸ਼ਕਾਰੀ ਜਿਵੇ ਕਿ ਤਾਨਾ ਜੀ ਮਹਾਰਾਜ ਅਤੇ ਪਹਿਲਗਾਂਵ ਹਮਲੇ ਉਪਰ ਦੀ ਪੇਸ਼ਕਾਰੀ ਨੇ ਸਾਰਿਆਂ ਨਾਲ ਮਾਨ ਭਰ ਦਿੱਤਾ। ਵਿਚ ਹੋਏ ਜੋਸ਼ੀਲਾ ਭੰਗੜਾ, ਜਿਸ ਨੇ ਸਭ ਦੇ ਪੈਰ ਥਿਰਕਣ ਲਗਾ ਦਿੱਤੇ। ਸਕੂਲ ਦਾ ਸਲਾਨਾ ਪ੍ਰੋਗਰਾਮ ਦੀ ਗ੍ਰੈਂਡ ਐਨਡਿੰਗ ਨਾਲ ਸਮਾਪਤੀ ਹੋਈ। ਸਕੂਲ ਦੇ 100 ਤੋਂ ਵੱਧ ਬੱਚਿਆਂ ਨੂੰ ਇਸ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਉਪਰ ਸਨਮਾਨਿਤ ਕੀਤਾ ਗਿਆ। ਸਪੋਰਟਸ ਵਿਚ ਸਟੇਟ ਅਤੇ ਜ਼ਿਲ੍ਹੇ ਪੱਧਰ ਉਪਰ ਮੈਡਲ ਜੇਤੂ ਰਹੇ ਵਿਦਿਆਰਥੀ ਅਤੇ ਸਕੂਲ ਅਕਾਦਮਿਕ ਵਿਚ ਚੰਗਾ ਪ੍ਰਦਰਸ਼ਨ ਵਾਲੇ ਵਿਦਿਆਰਥੀਆਂ ਨੂੰ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਮੇਰੀ ਕਮੀ ਮੇਰੀ ਕਮਜ਼ੋਰੀ ਨਹੀਂ, ਮੇਰੀ ਤਾਕਤ ਬਣ ਗਈ।ਹਰਦਿਕ ਕੌਸ਼ਲ ਇਸ ਸਾਲਾਨਾ ਪ੍ਰੋਗਰਾਮ ਵਿਚ ਸਬ ਨੂੰ ਸੰਬੋਧਿਤ ਕਰਦੇ ਕਿਹਾ ਨੇ ਕਿਹਾ,ਰੱਬ ਨੇ ਮੇਰੇ ਕੋਲੋਂ ਹੱਥ ਲੈ ਲਏ, ਪਰ ਹੌਸਲਾ ਦੋਗੁਣਾ ਦੇ ਦਿੱਤਾ। ਜ਼ਿੰਦਗੀ ਵਿੱਚ ਮੁਸ਼ਕਲਾਂ ਹਰ ਕਿਸੇ ਨੂੰ ਆਉਂਦੀਆਂ ਹਨ, ਪਰ ਜਿੱਤ ਉਹੀਦਾ ਹੁੰਦੀ ਹੈ ਜੋ ਹਾਰ ਨਹੀਂ ਮੰਨਦਾ। ਮੈਂ ਕਦੇ ਆਪਣੀ ਕਿਸਮਤ ਨੂੰ ਦੋਸ਼ ਨਹੀਂ ਦਿੱਤਾ। ਮੈਂ ਆਪਣੇ ਮਨ ਨੂੰ ਮਜ਼ਬੂਤ ਕੀਤਾ ਅਤੇ ਹਰ ਰੋਜ਼ ਆਪਣੇ ਸੁਪਨੇ ਲਈ ਮਿਹਨਤ ਕੀਤੀ। ਅੱਜ ਜੱਜ ਦਾ ਇਮਤਿਹਾਨ ਪਾਸ ਕਰਨਾ ਸਾਬਤ ਕਰਦਾ ਹੈ ਕਿ ਜੇ ਇਰਾਦੇ ਪੱਕੇ ਹੋਣ ਤਾਂ ਕੋਈ ਵੀ ਰੁਕਾਵਟ ਸਾਨੂੰ ਰੋਕ ਨਹੀਂ ਸਕਦੀ। ਮੇਰਾ ਸੰਦੇਸ਼ ਨੌਜਵਾਨਾਂ ਲਈ ਇਹ ਹੈ ਕਿ ਆਪਣੇ ਅੰਦਰ ਦੀ ਤਾਕਤ ਨੂੰ ਪਛਾਣੋ। ਸ਼ਰੀਰ ਦੀ ਕਮੀ ਨਹੀਂ, ਸੋਚ ਦੀ ਕਮੀ ਇਨਸਾਨ ਨੂੰ ਪਿੱਛੇ ਰੱਖਦੀ ਹੈ। ਵਿਸ਼ਵਾਸ ਰੱਖੋ, ਮਿਹਨਤ ਕਰੋ ਅਤੇ ਕਦੇ ਵੀ ਹੌਸਲਾ ਨਾ ਛੱਡੋ।ਸਕੂਲ ਦੀ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਜੀ ਨੇ ਸਕੂਲ ਦੇ ਸਾਲਾਨਾ ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਸਕੂਲ ਦੀਆਂ ਉਪਲਬਧੀਆਂ ਗਿਣਵਾਈਆਂ ਅਤੇ ਕਿਹਾ ਕਿ ਅੱਜ ਸਕੂਲ ਸਫਲਤਾ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਸਕੂਲ ਨੇ ਸ਼ਿੱਖਿਆ, ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਵਿਦਿਆਰਥੀਆਂ ਨੇ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ ’ਤੇ ਮੈਡਲ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਜੀ ਨੇ ਅਧਿਆਪਕ ਵਰਗ ਦੀ ਮਿਹਨਤ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਸਫਲਤਾ ਸਿਰਫ਼ ਵਿਦਿਆਰਥੀਆਂ ਦੀ ਨਹੀਂ, ਸਗੋਂ ਸਮੂਹ ਸਟਾਫ਼ ਅਤੇ ਮਾਪਿਆਂ ਦੀ ਲਗਨ ਦਾ ਨਤੀਜਾ ਹੈ। ਸਕੂਲ ਦੇ ਐਮ ਡੀ ਸ਼ਿਵ ਸਿੰਗਲਾ , ਪ੍ਰਿੰਸੀਪਲ ਸ਼ਾਲਿਨੀ ਕੌਸ਼ਲ , ਐਸ ਐਸ ਡੀ ਕਾਲਜ ਦੇ ਪ੍ਰਿੰਸੀਪਲ ਸ਼੍ਰੀ ਰਾਕੇਸ਼ ਜਿੰਦਲ , ਸੁਭਾਸ਼ ਮਕੜਾ ,ਲੋਕੇਸ਼ ਮਕੜਾ ਨੇ ਮੁੱਖ ਮਹਿਮਾਨ ਨੂੰ ਟੋਕਨ ਆਫ ਲਵ ਨਾਲ ਸਨਮਾਨਿਤ ਕੀਤਾ।

ਸਕੂਲ ਦੇ ਐਮ ਡੀ ਸ਼ਿਵ ਸਿੰਗਲਾ ਜੀ ਨੇ 2 ਤੋਂ 5 ਸਾਲ ਦੇ ਨਿੱਕੇ-ਨਿੱਕੇ ਬੱਚਿਆਂ ਦੀ ਮੰਚ ਪੇਸ਼ਕਾਰੀ ਦੀ ਦਿਲੋਂ ਸਰਾਹਨਾ ਕੀਤੀ। ਛੋਟੇ ਬੱਚਿਆਂ ਨੂੰ ਸਟੇਜ ਤੱਕ ਲਿਆਉਣਾ ਅਤੇ ਉਨ੍ਹਾਂ ਵੱਲੋਂ ਬੇਝਿਝਕ ਪ੍ਰਦਰਸ਼ਨ ਕਰਵਾਉਣਾ ਸੱਚਮੁੱਚ ਬਹੁਤ ਹੀ ਚੁਣੌਤੀ ਭਰਿਆ ਕੰਮ ਹੁੰਦਾ ਹੈ। ਐਮ.ਡੀ. ਸਾਹਿਬ ਨੇ ਕਿਹਾ ਕਿ ਇਸ ਉਮਰ ਵਿੱਚ ਬੱਚਿਆਂ ਦਾ ਹੌਸਲਾ, ਆਤਮਵਿਸ਼ਵਾਸ ਅਤੇ ਮੁਸਕਰਾਹਟ ਸਾਡੇ ਲਈ ਮਾਣ ਦੀ ਗੱਲ ਹੈ। ਉਨ੍ਹਾਂ ਨੇ ਅਧਿਆਪਕਾਂ ਦੀ ਮਹਿਨਤ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਬੱਚਿਆਂ ਨੂੰ ਇਸ ਮੰਚ ਤੱਕ ਤਿਆਰ ਕਰਨਾ ਸਿਰਫ ਸਬਰ, ਪਿਆਰ ਅਤੇ ਲਗਨ ਨਾਲ ਹੀ ਸੰਭਵ ਹੈ। ਅਜਿਹੀਆਂ ਗਤੀਵਿਧੀਆਂ ਬੱਚਿਆਂ ਦੇ ਅੰਦਰ ਲੁਕੇ ਹੋਏ ਟੈਲੈਂਟ ਨੂੰ ਨਿਖਾਰਦੀਆਂ ਹਨ ਅਤੇ ਉਨ੍ਹਾਂ ਵਿੱਚ ਆਤਮਵਿਸ਼ਵਾਸ ਪੈਦਾ ਕਰਦੀਆਂ ਹਨ। ਸਕੂਲ ਦਾ ਮਕਸਦ ਸਿਰਫ਼ ਕਿਤਾਬੀ ਗਿਆਨ ਦੇਣਾ ਨਹੀਂ, ਬਲਕਿ ਬੱਚਿਆਂ ਨੂੰ ਨੈਤਿਕ ਮੁੱਲਾਂ ਅਤੇ ਅਨੁਸ਼ਾਸਨ ਨਾਲ ਸੰਪੰਨ ਕਰਨਾ ਵੀ ਹੈ। ਐਮ.ਡੀ. ਸਾਹਿਬ ਨੇ ਮਾਪਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਉਤਸ਼ਾਹਿਤ ਕਰਕੇ ਇਸ ਪ੍ਰੋਗਰਾਮ ਦਾ ਹਿੱਸਾ ਬਣਾਇਆ। ਇਹ ਨਿੱਕੇ-ਨਿੱਕੇ ਕਲਾਕਾਰ ਭਵਿੱਖ ਵਿੱਚ ਸਕੂਲ ਅਤੇ ਮਾਪਿਆਂ ਦਾ ਨਾਮ ਰੋਸ਼ਨ ਕਰਨਗੇ। ਐਮ ਡੀ ਸ਼ਿਵ ਸਿੰਗਲਾ ਪ੍ਰਿੰਸੀਪਲ , ਸਕੂਲ ਦੀ ਪ੍ਰਿੰਸੀਪਲ ਮੈਡਮ ਸ਼ਾਲਿਨੀ ਕੌਸ਼ਲ ਨੇ ਇਸ ਸਲਾਨਾ ਪ੍ਰੋਗਰਾਮ ਵਿਚ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਆਊਟਸੋਰਸ ਕਾਮਿਆਂ ਦੀਆਂ ਮੰਗਾਂ ਨਾ ਮੰਨਣ ’ਤੇ ਹੋਵੇਗਾ ਸੰਘਰਸ਼

ਬਰਨਾਲਾ, 17 ਫ਼ਰਵਰੀ (ਸੁਖਵਿੰਦਰ ਸਿੰਘ ਭੰਡਾਰੀ) : ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰ ਯੂਨੀਅਨ ਜ਼ਿਲ੍ਹਾ ਬਰਨਾਲਾ ਦੇ ਆਊਟਸੋਰਸ ਵਰਕਰਾਂ ਵੱਲੋਂ ਜ਼ਿਲ੍ਹਾ ਪ੍ਰਧਾਨ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਵਰਕਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਸੰਬੰਧੀ ਸੀਵਰੇਜ਼ ਬੋਰਡ ਮੇਨ ਦਫ਼ਤਰ ਵਿਖੇ ਧਰਨਾ ਸ਼ੁਰੂ ਕੀਤਾ ਗਿਆ। ਸਤੰਬਰ 2025 ਤੋਂ ਕਿਰਤ ਕਮਿਸ਼ਨਰ ਦੇ ਵਧੇ ਹੋਏ ਰੇਟਾਂ ਮੁਤਾਬਕ 5 ਮਹੀਨੇ ਬੀਤਣ ਦੇ ਬਾਵਜੂਦ ਅਜੇ ਤੱਕ ਤਨਖਾਹਾਂ ਵਿੱਚ ਵਾਧਾ ਨਹੀਂ ਕੀਤਾ ਗਿਆ।ਹੰਡਿਆਇਆ ਅਤੇ ਭਦੌੜ ਦੇ ਵਰਕਰਾਂ ਦੀ ਅਗਸਤ ਮਹੀਨੇ ਦੀ ਰਹਿੰਦੀ ਤਨਖਾਹ ਅਜੇ ਤੱਕ ਜਾਰੀ ਨਹੀਂ ਕੀਤੀ ਗਈ। ਭਦੌੜ ਅਤੇ ਬਰਨਾਲਾ ਟਰੱਸਟ ਦੇ ਵਰਕਰਾ ਦਾ ਈ ਪੀ ਐਫ ਸਤੰਬਰ ਤੋਂ ਬਾਅਦ ਹੁਣ ਤੱਕ ਜਮਾਂ ਨਹੀਂ ਕਰਵਾਇਆ ਗਿਆ।ਸੀਵਰਮੈਨਾਂ ਨੂੰ ਕਿਰਤ ਕਮਿਸ਼ਨਰ ਦੇ ਪੱਤਰ ਮੁਤਾਬਕ ਉੱਚ ਸਿੱਖਿਅਤ ਸ਼੍ਰੇਣੀ ਵਿੱਚ ਮਰਜ ਕਰਕੇ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇ।ਜਥੇਬੰਦੀ ਦੇ ਵੱਲੋਂ ਮਹਿਕਮੇ ਦੇ ਅਧਿਕਾਰੀਆਂ ਨੂੰ ਵਾਰ - ਵਾਰ ਮੰਗ ਪੱਤਰ ਦੇਣ ਦੇ ਬਾਵਜੂਦ ਅਜੇ ਤੱਕ ਮੰਗਾਂ ਦਾ ਕੋਈ ਹੱਲ ਨਹੀਂ ਕੀਤਾ ਗਿਆ ਜੇਕਰ ਇਹਨਾਂ ਮੰਗਾਂ ਦਾ ਜਲਦੀ ਹੱਲ ਨਹੀਂ ਕੀਤਾ ਜਾਂਦਾ ਤਾਂ ਆਉਣ ਵਾਲੇ ਦਿਨਾਂ ਵਿੱਚ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਅਮਰੀਕ ਸਿੰਘ ਜਲੂਰ,ਮਨਜੀਤ ਮਹਿਤਾ, ਗੁਰਦੀਪ ਜਲੂਰ, ਮੋਹਨ ਲਾਲ, ਰੋਸ਼ਨ ਲਾਲ, ਰਮੇਸ਼ ਕੁਮਾਰ ਭਦੌੜ ਆਦਿ ਹਾਜ਼ਰ ਸਨ।

ਪਟਿਆਲਾ-ਆਸ/ਪਾਸ

ਪਟਿਆਲਾ ਵਿਰਾਸਤੀ ਮੇਲਾ-2026

ਨਾਟਕ 1675 ਦਾ ਸਫ਼ਲ ਮੰਚਨ ਦਰਸ਼ਕਾਂ ਨੂੰ ਭਾਵੁਕ ਕਰਦਿਆਂ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਸੱਦਾ ਦੇ ਗਿਆ

➢ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਾਟਕ ਦੀ ਪੇਸ਼ਕਾਰੀ ਸ਼ਲਾਘਾਯੋਗ : ਬਰਸਟ

ਪਟਿਆਲਾ, 17 ਫਰਵਰੀ (ਰੁਪਾਣਾ/ਅਮਰਜੀਤ) : ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਪਟਿਆਲਾ ਵਿਰਾਸਤੀ ਮੇਲੇ -2026 ਦੀ ਪੰਜਵੀਂ ਸ਼ਾਮ ਇੱਥੇ ਹਰਪਾਲ ਟਿਵਾਣਾ ਕਲਾ ਕੇਂਦਰ ਵਿਖੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਡਾ. ਅਮਰਜੀਤ ਗਰੇਵਾਲ ਦੇ ਲਿਖੇ ਨਾਟਕ 1675 ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨਾਲ ਬਾਖ਼ੂਬੀ ਜੋੜਨ ਦਾ ਕੰਮ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪਟਿਆਲਾ ਹੈਰੀਟੇਜ ਫੈਸਟੀਵਲ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅਜਿਹੇ ਨਾਟਕ ਕਰਵਾ ਕੇ ਲੋਕਾਂ ਨੂੰ ਇਤਿਹਾਸ ਤੇ ਸਾਡੀ ਅਣਮੁੱਲੀ ਵਿਰਾਸਤ ਨਾਲ ਜੋੜਨਾ ਸ਼ਲਾਘਯੋਗ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਜਿਹੇ ਵਿਰਾਸਤੀ ਮੇਲੇ ਕਰਵਾਉਣੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਵੱਲ ਵਧਣ ਲਈ ਸਹਾਈ ਹੋਣਗੇ। ਸ. ਬਰਸਟ ਨੇ ਕਿਹਾ ਕਿ 1675 ਦਾ ਸਾਲ ਇੱਕ ਤਾਰੀਖ ਹੀ ਨਹੀਂ ਸੀ ਬਲਕਿ ਮਨੁੱਖੀ ਚੇਤਨਾ ਦੇ ਵਿਕਾਸ ਵਿੱਚ ਇਕ ਕੌਸਮਿਕ ਧਮਾਕਾ ਸੀ, ਕਿਉਂਕਿ ਇਸ ਵਰ੍ਹੇ ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਲਈ ਆਪਣਾ ਸੀਸ ਵਾਰ ਕੇ ਸਰਬੱਤ ਦੇ ਭਲੇ ਦੀ ਪ੍ਰੰਪਰਾ ਨੂੰ ਹੋਰ ਤੇਜੀ ਨਾਲ ਅੱਗੇ ਵਧਾਇਆ ਸੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸਿਮਰਪ੍ਰੀਤ ਕੌਰ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਮੰਚ-ਰੰਗਮੰਚ ਦੇ ਕਲਾਕਾਰਾਂ ਵੱਲੋਂ ਇਸ ਵਿਲੱਖਣ ਨਾਟਕ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨਾਲ ਜੋੜਿਆ ਹੈ। ਏ ਡੀ ਸੀ ਨੇ ਨੋਡਲ ਅਫ਼ਸਰ ਨਮਨ ਮਾਰਕੰਨ ਤੇ ਉਨ੍ਹਾਂ ਦੀ ਟੀਮ ਵੱਲੋਂ ਉਤਰ ਖੇਤਰੀ ਸੱਭਿਆਚਾਰਕ ਕੇਂਦਰ ਦੇ ਸਹਾਇਕ ਡਾਇਰੈਕਟਰ ਰਵਿੰਦਰ ਸ਼ਰਮਾ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਈ ਇਸ ਦਿਲਕਸ਼ ਪੇਸ਼ਕਾਰੀ ਲਈ ਡਾਇਰੈਕਟਰ ਕੇਵਲ ਧਾਲੀਵਾਲ ਤੇ ਸਮੁੱਚੇ ਕਲਾਕਾਰਾਂ ਦਾ ਧੰਨਵਾਦ ਕੀਤਾ।ਮੰਚ-ਰੰਗਮੰਚ, ਅੰਮ੍ਰਿਤਸਰ ਦੀ ਟੀਮ ਵੱਲੋਂ ਪੇਸ਼ ਕੀਤੇ ਨਾਟਕ @1675@ ਨੇ ਇਤਿਹਾਸ ਤੋਂ ਭਵਿੱਖ ਤੱਕ ਦੇ ਸੰਵਾਦ ਨੂੰ ਬਾਖ਼ੂਬੀ ਪੇਸ਼ ਕਰਦੇ ਹੋਏ 1675 ਦੇ ਚਾਂਦਨੀ ਚੌਂਕ ਦੇ ਤਸੀਹਿਆਂ ਦੇ ਇਤਿਹਾਸ ਤੋਂ 2026 ਤੱਕ ਦੇ ਆਰਟੀਫਿਸ਼ੀਲ ਇੰਟੈਲੀਜੈਂਸ ਤੇ ਪ੍ਰਯੋਗਸ਼ਾਲਾ ਭਰੇ ਸੰਸਾਰ ਨੂੰ ਦਿਖਾਇਆ ਹੈ। ਇਸ ਨਾਟਕ ਦੇ ਸਫ਼ਲ ਮੰਚਨ ਨੇ ਦਰਸ਼ਕਾਂ ਨੂੰ ਭਾਵੁਕ ਕੀਤਾ। ਇਸ ਨਾਟਕ ਵਿੱਚ ਰੋਸ਼ਨੀ ਦਾ ਪ੍ਰਭਾਵ ਹਰਮੀਤ ਸਿੰਘ ਭੁੱਲਰ ਨੇ ਦਿੱਤਾ ਹੈ, ਗਾਇਕ ਕੁਸ਼ਾਗਰ ਕਾਲੀਆ, ਮਿਉਜਿਕ ਹਰਿੰਦਰ ਸੋਹਲ, ਸਕਰੀਨ ਸ਼ਿਵਮ, ਫੋਟੋਗ੍ਰਾਫੀ ਸਵਰਨਜੀਤ ਸਵੀ ਤੇ ਪ੍ਰੋਡਕਸ਼ਨ ਇੰਚਾਰਜ ਇਮੈਨੁਅਲ ਸਿੰਘ ਹਨ। ਜਦਕਿ ਕਲਾਕਾਰਾਂ ਵਿਚ ਸਜਨ ਕੋਹਿਨੂਰ, ਵਿਸ਼ੂ ਸ਼ਰਮਾ, ਹਰਪ੍ਰੀਤ ਸਿੰਘ, ਹਰਸ਼ਿਤਾ, ਗੁਰਲੀਨ, ਡਾ. ਆਤਮਾ ਸਿੰਘ ਗਿੱਲ, ਯੁਵਨੀਸ਼ ਸ਼ਰਮਾ, ਰੋਬਨਜੀਤ ਸਿੰਘ, ਵਿਕਾਸ ਜੋਸ਼ੀ, ਆਕਾਸ਼ਦੀਪ ਸਿੰਘ, ਕਬੀਰ, ਇੰਦਰਜੀਤ, ਸੁਖਮਨ ਸਿੰਘ, ਨਿਤਿਨ ਕਪੂਰ, ਨਿਸ਼ਾਨ ਸਿੰਘ ਤੇ ਜਸਵੰਤ ਸਿੰਘ ਸ਼ਾਮਲ ਸਨ। ਇਕ ਪਾਸੇ ਆਰਾ, ਕੜਾਹਾ, ਲੋਗੜ ਤੇ ਦੂਜੇ ਪਾਸੇ ਸਰਵਰ, ਕੋਡ, ਅਲਗੋਰਦਿਮ, ਦੋਵੇਂ ਵੱਖਰੇ ਦਿਸਦੇ ਹਨ ਪਰ ਦੋਵੇਂ ਹੀ ਇੱਕ ਸਵਾਲ ਪੁੱਛਦੇ ਹਨ ਕਿ ਕੀ ਮਨੁੱਖਤਾ ਡਰ ਦਾ ਰਾਹ ਚੁਣੇਗੀ ਜਾਂ ਪ੍ਰੇਮ ਦਾ? ਨਾਟਕ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਲਿਦਾਨੀ ਆਵਾਜ ਸੀਮਾ ਤੇ ਏਡਨ ਦੇ ਡਿਜ਼ੀਟਲ-ਜੀਵਨ ਵਿੱਚ ਗੂੰਜਦੀ ਹੈ। ਭਾਈ ਮਤੀਦਾਸ ਦੇ ਹੌਂਸਲੇ ਦੀ ਚਮਕ ਕੁਆਂਟਮ ਕੋਡਾਂ ਵਿੱਚ ਰੋਸ਼ਨੀ ਬਣਕੇ ਜਗਦੀ ਹੈ, ਇਸ ਤਰ੍ਹਾਂ 1675 ਇੱਕ ਨਾਟਕ ਨਹੀਂ ਬਲਕਿ ਇੱਕ ਬ੍ਰਹਿਮੰਡੀ ਦਰਪਣ ਜਾਪਦਾ ਹੈ ਅਤੇ ਗੁਰੂ ਸਾਹਿਬ ਵੱਲੋਂ ਦਰਸਾਏ ਪ੍ਰੇਮ ਦੇ ਰਾਹ 'ਤੇ ਚੱਲਣ ਦਾ ਹੋਕਾ ਦੇਣ ਵਿੱਚ ਸਫਲ ਹੋਇਆ। ਨੋਡਲ ਅਫ਼ਸਰ ਤੇ ਐਸ ਡੀ ਐਮ ਨਮਨ ਮਾਰਕੰਨ ਨੇ ਸਭਨਾ ਦਾ ਧੰਨਵਾਦ ਕੀਤਾ। ਦਰਸ਼ਕਾਂ ਨੇ ਇਸ ਨਾਟਕ ਦੀ ਭਰਵੀਂ ਪ੍ਰਸੰਸਾ ਕੀਤੀ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਲੀਕੇ ਪ੍ਰੋਗਰਾਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ, ਮਨਪਾਲ ਟਿਵਾਣਾ, ਸਮੇਤ ਵੱਡੀ ਗਿਣਤੀ ਦਰਸ਼ਕ ਮੌਜੂਦ ਸਨ।

ਰੋਹੜ ਜਗੀਰ ਦੇ ਸੈਂਕੜੇ ਪਰਿਵਾਰਾਂ ਨੇ ਫੜ੍ਹਿਆ ਆਪ ਦਾ ਪੱਲਾ, ਰਵਾਇਤੀ ਪਾਰਟੀਆਂ ਨੂੰ ਕਹੀ ਅਲਵਿਦਾ

ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਵੱਲੋਂ ਨਵੇਂ ਸਾਥੀਆਂ ਦਾ ਸਵਾਗਤ

ਦੇਵੀਗੜ੍ਹ, 17 ਫ਼ਰਵਰੀ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਵਿੱਚ ਆਮ ਆਦਮੀ ਪਾਰਟੀ ਦਾ ਪਰਿਵਾਰ ਉਸ ਸਮੇਂ ਹੋਰ ਵਿਸ਼ਾਲ ਹੋ ਗਿਆ, ਜਦੋਂ ਪਿੰਡ ਰੋਹੜ ਜਗੀਰ ਵਿਖੇ ਰਵਾਇਤੀ ਪਾਰਟੀਆਂ ਨੂੰ ਵੱਡਾ ਸਿਆਸੀ ਝਟਕਾ ਲੱਗਿਆ। ਪਿੰਡ ਦੇ ਮੌਜੂਦਾ ਸਰਪੰਚ ਲਖਵੀਰ ਸਿੰਘ ਦੀ ਅਗਵਾਈ ਵਿੱਚ ਸੈਂਕੜਿਆਂ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ-ਪੱਖੀ ਨੀਤੀਆਂ ਵਿੱਚ ਵਿਸ਼ਵਾਸ ਪ੍ਰਗਟਾਉਂਦਿਆਂ 'ਆਮ ਆਦਮੀ ਪਾਰਟੀ' ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਨਵੇਂ ਸ਼ਾਮਲ ਹੋਏ ਪਰਿਵਾਰਾਂ ਨੂੰ ਸਿਰੋਪਾਓ ਦੇ ਕੇ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ। ਇਸ ਮੌਕੇ ਕੁਲਦੀਪ ਸਿੰਘ, ਜੰਗ ਸਿੰਘ, ਦੇਵ ਸਿੰਘ, ਕਰਨੈਲ ਸਿੰਘ, ਕਿਰਪਾਲ ਸਿੰਘ, ਅਮਰਜੀਤ ਸਿੰਘ ਪੰਨੂ, ਹਰਮੀਤ ਅੰਤਾਲ, ਸੁਭਾਸ਼ ਸ਼ਰਮਾ, ਕੁਲਵੰਤ ਸਿੰਘ ਮਾਨ, ਗੁਰਬਚਨ ਅੰਤਾਲ ਅਤੇ ਹੋਰ ਸੈਂਕੜੇ ਪਿੰਡ ਵਾਸੀ ਮੌਜੂਦ ਸਨ। ਇਕੱਠ ਨੂੰ ਸੰਬੋਧਨ ਕਰਦਿਆਂ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਅੱਜ ਪਿੰਡ ਰੋਹੜ ਜਗੀਰ ਵਿੱਚ ਹੋਈ ਇਹ ਭਰਵੀਂ ਜੁਆਇਨਿੰਗ ਇਸ ਗੱਲ ਦਾ ਸਬੂਤ ਹੈ ਕਿ ਲੋਕ ਰਵਾਇਤੀ ਪਾਰਟੀਆਂ ਦੀਆਂ ਲੁੱਟ-ਖਸੁੱਟ ਵਾਲੀਆਂ ਨੀਤੀਆਂ ਅਤੇ ਝੂਠੇ ਲਾਰਿਆਂ ਤੋਂ ਅੱਕ ਚੁੱਕੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਵਿਅਕਤੀ ਨੂੰ ਪੂਰਾ ਮਾਨ-ਸਨਮਾਨ ਦਿੱਤਾ ਜਾਵੇਗਾ ਅਤੇ ਪਿੰਡ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ 'ਤੇ ਮੁਕੰਮਲ ਕੀਤਾ ਜਾਵੇਗਾ। ਇਸ ਮੌਕੇ ਕਈ ਪੰਚਾਇਤ ਮੈਂਬਰ, ਬਲਾਕ ਪ੍ਰਧਾਨ, ਪਾਰਟੀ ਦੇ ਸੀਨੀਅਰ ਆਗੂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਜੈਕਾਰਿਆਂ ਦੀ ਗੂੰਜ ਵਿੱਚ ਪੂਰਾ ਪਿੰਡ 'ਆਪ' ਦੇ ਰੰਗ ਵਿੱਚ ਰੰਗਿਆ ਨਜ਼ਰ ਆਇਆ।

ਸ਼ਹਿਰ 'ਚੋਂ ਦੋ ਮੋਟਰਸਾਈਕਲ ਚੋਰੀ

ਪਟਿਆਲਾ, 17 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਕੋਲ ਸੁਭਪ੍ਰੀਤ ਸਿੰਘ ਪੁੱਤਰ ਗੁਰਪਾਲ ਸਿੰਘ ਵਾਸੀ ਮੱਲਾ ਪੱਤੀ ਪਿੰਡ ਉਗਰਾਹਾ ਥਾਣਾ ਛਾਜਲੀ ਜ਼ਿਲ੍ਹਾ ਸੰਗਰੂਰ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣਾ ਮੋਟਰਸਾਇਕਲ ਜੋ ਕਿ ਮਕਾਨ ਨੰ. 4 ਮਾਡਲ ਟਾਊਨ ਪਟਿਆਲਾ ਦੇ ਅੰਦਰ ਖੜ੍ਹਾ ਕੀਤਾ ਸੀ, ਜੋ ਕਿਸੇ ਅਣਪਛਾਤੇ ਵਿਅਕਤੀਆਂ ਨੇ ਚੋਰੀ ਕਰ ਲਿਆ । ਇਸੇ ਤਰ੍ਹਾਂ ਮਨਦੀਪ ਸਿੰਘ ਪੁੱਤਰ ਰਵਿੰਦਰ ਸਿੰਘ ਵਾਸੀ ਨੌਲੱਖਾ ਥਾਣਾ ਮੁਲੇਪੁਰ ਜਿਲਾ ਫਤਿਹਗੜ੍ਹ ਸਾਹਿਬ ਦਾ ਵੀ ਮੋਟਰਸਾਇਕਲ ਰਾਜਿੰਦਰਾ ਹਸਪਤਾਲ ਪਟਿਆਲਾ ਕੋਲੋਂ ਚੋਰੀ ਹੋ ਗਿਆ। ਪੁਲਿਸ ਨੇ ਧਾਰਾ 331, 305 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਖ਼ਾਲਸਾ ਕਾਲਜ ਦੀ ਡਾ. ਰੂਪੀ ਧੀਰ ਨੂੰ ਮਿਲਿਆ 'ਬੈਸਟ ਸਾਇੰਸ ਟੀਚਰ' ਐਵਾਰਡ

ਪਟਿਆਲਾ, 17 ਫਰਵਰੀ (ਰੁਪਾਣਾ) : ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ ਪਟਿਆਲਾ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਕਾਲਜ ਦੇ ਕੈਮਿਸਟਰੀ ਵਿਭਾਗ ਦੇ ਐਸੋਸੀਏਟ ਪ੍ਰੋਫ਼ੈਸਰ ਡਾ. ਰੂਪੀ ਧੀਰ ਨੂੰ ਵੱਕਾਰੀ 'ਪੰਜਾਬ ਅਕੈਡਮੀ ਆਫ਼ ਸਾਇੰਸਜ਼' ਵੱਲੋਂ 'ਬੈਸਟ ਸਾਇੰਸ ਟੀਚਰ (ਕਾਲਜ)ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਉਨ੍ਹਾਂ ਨੂੰ 29ਵੀਂ ਪੰਜਾਬ ਸਾਇੰਸ ਕਾਂਗਰਸ ਦੇ ਸਮਾਪਤੀ ਸਮਾਰੋਹ ਦੌਰਾਨ ਦਿੱਤਾ ਗਿਆ। ਇਸ ਮੌਕੇ ਆਈ.ਆਈ.ਟੀ. ਰੋਪੜ ਦੇ ਡਾਇਰੈਕਟਰ ਪ੍ਰੋ. ਰਾਜੀਵ ਅਹੂਜਾ, ਕੈਨੇਡਾ ਦੀ ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ ਦੇ ਵਾਈਸ ਚਾਂਸਲਰ ਡਾ. ਜੇਮਜ਼ ਮੈਂਡੀਗੋ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਾਬਕਾ ਵਾਈਸ ਚਾਂਸਲਰ ਡਾ. ਆਰ.ਸੀ. ਸੋਬਤੀ, ਪੰਜਾਬ ਅਕੈਡਮੀ ਆਫ਼ ਸਾਇੰਸਜ਼ ਦੇ ਪ੍ਰਧਾਨ ਪ੍ਰੋ. ਤਰਲੋਕ ਸਿੰਘ ਅਤੇ ਸਕੱਤਰ ਪ੍ਰੋ. ਐਨ.ਆਰ. ਧਾਮੀਵਾਲ ਵਰਗੀਆਂ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਡਾ. ਰੂਪੀ ਧੀਰ ਨੂੰ ਵਧਾਈ ਦਿੱਤੀ।

ਜੌੜਾਮਾਜਰਾ ਵੱਲੋਂ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਸਿਹਤ ਤੇ ਮੈਡੀਕਲ ਕੈਂਪ ਦਾ ਉਦਘਾਟਨ

ਸਮਾਣਾ, 17 ਫ਼ਰਵਰੀ (ਵਿਜੇ ਕੁਮਾਰ/ਸੁਖਜਿੰਦਰ/ਜਵੰਦਾ/ਅਮਿਤ) : ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਸਮਾਣਾ ਵਿੱਖੇ ਲਗਾਏ ਗਏ ਵਿਸ਼ੇਸ਼ ਹੈਲਥ ਅਤੇ ਮੈਡੀਕਲ ਕੈਂਪ ਵਿੱਚ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਸਿਹਤ ਅਤੇ ਭਲਾਈ ਲਈ ਵਚਨਬੱਧ ਹੈ ਅਤੇ ਅਜਿਹੇ ਕੈਂਪਾਂ ਰਾਹੀਂ ਉਨ੍ਹਾਂ ਨੂੰ ਮੁਫ਼ਤ ਅਤੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਧਰੋਹਰ ਹਨ ਅਤੇ ਉਨ੍ਹਾਂ ਦੀ ਸੇਵਾ ਕਰਨਾ ਸਾਡਾ ਫਰਜ਼ ਹੈ। ਕੈਂਪ ਦੌਰਾਨ ਡਾਕਟਰਾਂ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ, ਸਮਾਜਿਕ ਸੁਰੱਖਿਆ ਵਿਭਾਗ ਦੇ ਪ੍ਰਤੀਨਿਧੀ ਅਤੇ ਸਥਾਨਕ ਆਗੂ ਵੀ ਮੌਜੂਦ ਸਨ। ਇਸ ਮੌਕੇ ਹਰਜਿੰਦਰ ਸਿੰਘ ਮਿੱਠੂ ਜੌੜਾਮਾਜਰਾ, ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਜ਼ਿਲ੍ਹਾ ਪਰਿਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਡੀ ਐੱਸ ਐੱਸ ਓ ਜੋਬਨਦੀਪ ਕੌਰ, ਡਾ ਮਨਿੰਦਰ ਸਿੰਘ, ਸਚਿਨ ਗਰਗ, ਡਾ ਜਤਿਨ ਡਾਹਰਾ, ਡਾ ਗੁਰਪ੍ਰੀਤ ਸਿੰਘ, ਸੀਡੀਪੀਓ ਬਲਜੀਤ ਕੌਰ, ਪਾਰਸ ਸ਼ਰਮਾ, ਸੰਜੇ ਕੁਮਾਰ, ਸੰਜੇ ਸਿੰਗਲਾ, ਗੋਪਾਲ ਕ੍ਰਿਸ਼ਨ ਬਿੱਟੂ, ਸੰਜੇ ਸਾਹਨੀ, ਰਾਹੁਲ ਗੁਪਤਾ, ਪਰਦੀਪ ਸ਼ਰਮਾ, ਰਾਹੁਲ ਭਾਰਦਵਾਜ, ਰਮੀ ਸ਼ਰਮਾ, ਸੋਮਨਾਥ, ਰਵੀ ਰੰਧਾਵਾ, ਅਮਿਤ ਧਾਲੀਵਾਲ, ਸੁਰਜਨ ਚੱਠਾ, ਪਵਨ ਬਾਜਵਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬਜ਼ੁਰਗ ਮਜੂਦ ਸਨ।

ਘੇਰ ਕੇ ਕੁੱਟਮਾਰ ਕਰਨ ਸਬੰਧੀ ਮਾਮਲਾ ਦਰਜ

ਪਟਿਆਲਾ, 17 ਫਰਵਰੀ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਕੋਲ ਪਾਰਸ ਕੁਮਾਰ ਪੁੱਤਰ ਜੀਵਨ ਲਾਲ ਵਾਸੀ ਬੈਕਸਾਇਕ ਕਿਸ਼ੋਰੀ ਲਾਲ ਦਾ ਸਟੋਰ ਮਥੁਰਾ ਕਲੋਨੀ ਪਟਿਆਲਾ ਨੇ ਕਥਿਤ ਦੋਸ਼ੀਆਂ ਸੂਰਜ, ਗੁਨੂੰ, ਹਰਸ਼ਿਤ, ਵਿਸ਼ਵਜੀਤ, ਤਰੁਨ ਕੁਮਾਰ, ਕ੍ਰਿਸ਼ਨ, ਅਸ਼ੀਸ਼ ਵਾਸੀਆਨ ਮਥੁਰਾ ਕਲੋਨੀ ਪਟਿਆਲਾ ਅਤੇ 5-6 ਹੋਰ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਸ਼ਿਵਰਾਤਰੀ ਦੇ ਤਿਉਹਾਰ ਪਰ ਕਲੋਨੀ ਵਿੱਚ ਨਿਕਲ ਰਹੀ ਸ਼ੋਭਾ ਯਾਤਰਾ ਤੋ ਮੱਥਾ ਟੇਕ ਕੇ ਘਰ ਵਾਪਿਸ ਆ ਰਿਹਾ ਸੀ ਤਾਂ ਕਥਿਤ ਦੋਸ਼ੀਆਂ ਨੇ ਰਸਤੇ ਵਿੱਚ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 126(2), 351(2),191(3), 190 ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਹਲਕਾ ਘਨੌਰ ਦੇ ਪਿੰਡ ਆਲਮਪੁਰ 'ਚ 'ਮੇਰਾ ਘਰ ਮੇਰੇ ਨਾਮ' ਤਹਿਤ ਰਜਿਸਟਰੀ ਸਮਾਰੋਹ

ਘਨੌਰ, 17 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਹਲਕਾ ਘਨੌਰ ਵਿੱਚ ਪੈਂਦੇ ਪਿੰਡ ਆਲਮਪੁਰ ਵਿੱਚ 'ਮੇਰਾ ਘਰ ਮੇਰੇ ਨਾਮ' ਮੁਹਿੰਮ ਤਹਿਤ ਲਾਲ ਲਕੀਰ ਵਾਲੀ ਜਗ੍ਹਾ ਦੀ ਰਜਿਸਟਰੀ ਹੋਣ ਉਪਰੰਤ ਖੁਸ਼ੀ ਦੀ ਲਹਿਰ ਦਿਖਾਈ ਦਿੱਤੀ। ਇਸ ਮੌਕੇ 'ਤੇ ਪਿੰਡ ਦੇ ਸਰਪੰਚ ਠੇਕੇਦਾਰ ਗੁਰਭੇਜ ਸਿੰਘ, ਪਟਵਾਰੀ ਅਰਸ਼ਦੀਪ ਕੌਰ ਅਤੇ ਪੰਚਾਇਤ ਮੈਂਬਰ ਜਸਪਾਲ ਸਿੰਘ, ਵਿਰਸਾ ਸਿੰਘ, ਰਣਜੀਤ ਸਿੰਘ, ਆਲਮ ਸਿੰਘ, ਰੋਸ਼ਨ ਸਿੰਘ, ਕਰਮ ਸਿੰਘ, ਪਰਮਿੰਦਰ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।ਪਿੰਡ ਵਾਸੀਆਂ ਨੇ ਦੱਸਿਆ ਕਿ ਲਾਲ ਲਕੀਰ ਵਾਲੀ ਜਗ੍ਹਾ ਦੀ ਰਜਿਸਟਰੀ ਹੋਣ ਨਾਲ ਲੋਕਾਂ ਨੂੰ ਕਾਨੂੰਨੀ ਮਲਕੀਅਤ ਮਿਲੀ ਹੈ। ਇਸ ਨਾਲ ਹੁਣ ਲੋਕ ਆਪਣੇ ਮਕਾਨ ਦੇ ਕਾਗਜ਼ਾਤ ਦੇ ਆਧਾਰ 'ਤੇ ਬੈਂਕਾਂ ਤੋਂ ਜ਼ਮਾਨਤ ਤੇ ਕਰਜ਼ਾ ਵੀ ਲੈ ਸਕਣਗੇ, ਜਿਸ ਨਾਲ ਆਰਥਿਕ ਹਾਲਾਤ ਸੁਧਾਰਨ ਵਿੱਚ ਮਦਦ ਮਿਲੇਗੀ।ਪਿੰਡ ਦੇ ਨੁਮਾਇੰਦਿਆਂ ਨੇ ਕਿਹਾ ਕਿ ਇਸ ਯੋਜਨਾ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।

ਨਸ਼ੇ ਦਾ ਸੇਵਨ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 17 ਫਰਵਰੀ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕਰਨਦੀਪ ਵਾਸੀ ਆਦਰਸ਼ ਕਲੋਨੀ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ।ਏਐਸਆਈ ਸੂਬਾ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਬਿਜਲੀ ਬੋਰਡ ਵਰਕਸ਼ਾਪ ਪਟਿਆਲਾ ਕੋਲ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ੀ ਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ। ਇਸੇ ਤਰ੍ਹਾਂ ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰਵੀ ਸਿੰਘ ਵਾਸੀ ਪਿੰਡ ਦੌਣ ਕਲਾਂ ਮਾਮਲਾ ਦਰਜ ਕੀਤਾ ਹੈ। ਐਸ.ਆਈ ਜਨਕ ਰਾਜ ਸਮੇਤ ਪੁਲਿਸ ਪਾਰਟੀ ਅੰਡਰ ਬ੍ਰਿਜ ਬਹਾਦਰਗੜ੍ਹ ਮੌਜੂਦ ਸੀ, ਜੋ ਦੋਸ਼ੀ ਮੜ੍ਹੀਆ ਬਹਾਦਰਗੜ੍ਹ ਨੇੜੇ ਝਾੜੀਆ ਵਿੱਚ ਬੈਠਾ ਨਸ਼ੇ ਦਾ ਸੇਵਨ ਕਰ ਰਿਹਾ ਹੈ।

ਹਸਪਤਾਲ ਦੇ ਮਾੜੇ ਪ੍ਰਬੰਧਾਂ ਖ਼ਿਲਾਫ਼ ਤੇ ਐਮਰਜੈਂਸੀ ਸੇਵਾਵਾਂ ਬਹਾਲ ਕਰਵਾਉਣ ਲਈ ਲਗਾਇਆ ਧਰਨਾ

ਸ਼ੇਰਪੁਰ, 17 ਫਰਵਰੀ (ਬਲਜੀਤ ਸਿੰਘ ਟਿੱਬਾ) : ਸਰਕਾਰੀ ਹਸਪਤਾਲ ਸ਼ੇਰਪੁਰ ਵਿਚਲੇ ਮਾੜੇ ਪ੍ਰਬੰਧਾਂ ਖਿਲਾਫ ਅਤੇ ਐਮਰਜੈਂਸੀ ਸੇਵਾਵਾਂ ਨੂੰ ਮੁੜ ਬਹਾਲ ਕਰਵਾਉਣ ਲਈ ਨਸ਼ਾ ਰੋਕੂ ਕਮੇਟੀ ਖੇੜੀ ਕਲਾਂ-ਸ਼ੇਰਪੁਰ ਵੱਲੋਂ ਹੋਰ ਵੱਖ-ਵੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਧਰਨਾ ਲਗਾਇਆ ਗਿਆ। ਕਮੇਟੀ ਦੇ ਮੋਹਰੀ ਆਗੂ ਬਲਵਿੰਦਰ ਸਿੰਘ ਬਿੰਦਾ ਨੇ ਕਿਹਾ ਕਿ ਸਰਕਾਰੀ ਹਸਪਤਾਲ ਸ਼ੇਰਪੁਰ ਅੰਦਰ ਜਿੱਥੇ ਮਾਹਿਰ ਡਾਕਟਰਾਂ, ਐਮਬੂਲੈਂਸ ਨਾ ਹੋਣਾ ਅਤੇ ਮੈਡੀਕਲ ਉਪਕਰਨਾਂ ਦੀ ਵੱਡੀ ਘਾਟ ਹੈ, ਉੱਥੇ ਹੀ ਐਮਰਜੈਂਸੀ ਸੇਵਾਵਾਂ ਬਿਲਕੁੱਲ ਠੱਪ ਹਨ। ਉਨ੍ਹਾਂ ਕਿਹਾ ਕਿ ਬੀਤੇ ਕੱਲ ਵੀ ਸੜਕ ਹਾਦਸੇ ਦੌਰਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਖੇੜੀ ਕਲਾਂ ਦੇ ਇੱਕ ਨੌਜਵਾਨ ਦੀ ਵੀ ਸ਼ੇਰਪੁਰ ਦੇ ਹਸਪਤਾਲ ਵਿੱਚ ਮੁੱਢਲੀ ਸਹਾਇਤਾ ਨਾ ਮਿਲਣ ਕਰਕੇ ਅਤੇ ਐਮਬੂਲੈਂਸ ਉਪਲੱਬਧ ਨਾ ਹੋਣ ਕਾਰਨ ਜਾਨ ਚਲੀ ਗਈ ਸੀ। ਸੀਨੀਅਰ ਕਾਂਗਰਸੀ ਆਗੂ ਕਮਲਜੀਤ ਸਿੰਘ ਚੱਕ, ਅਕਾਲੀ ਆਗੂ ਨਾਥ ਸਿੰਘ ਹਮੀਦੀ, ਜੱਥੇਦਾਰ ਨਰਿੰਦਰ ਸਿੰਘ ਕਾਲਾਬੂਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਵਿੱਚ ਬਿਲਕੁਲ ਅਸਫਲ ਸਾਬਿਤ ਹੋਈ ਹੈ। ਸ਼ੇਰਪੁਰ ਹਸਪਤਾਲ ਵਿੱਚ ਜ਼ੇਕਰ ਡਾਕਟਰਾਂ ਦੀ ਪੱਕੇ ਤੌਰ 'ਤੇ ਤੈਨਾਤੀ, ਐਮਬੂਲੈਂਸ ਦੀ ਸਹੂਲਤ, ਐਮਰਜੈਂਸੀ ਸਹੂਲਤਾਂ ਨੂੰ ਬਹਾਲ ਕਰਨਾ ਅਤੇ ਡਾਕਟਰੀ ਉਪਕਰਨਾਂ ਦੀ ਘਾਟ ਨੂੰ ਪੂਰਾ ਨਾ ਕੀਤਾ ਗਿਆ ਤਾਂ ਤਿੱਖਾ ਸੰਘਰਸ਼ ਵਿਢਿਆ ਜਾਵੇਗਾ। ਇਸ ਮੌਕੇ ਅਕਾਲੀ ਆਗੂ ਨਾਥ ਸਿੰਘ ਹਮੀਦੀ, ਕਾਂਗਰਸੀ ਆਗੂ ਕਮਲਜੀਤ ਸਿੰਘ ਚੱਕ, ਜੱਥੇਦਾਰ ਨਰਿੰਦਰ ਸਿੰਘ ਕਾਲਾਬੂਲਾ, ਵਪਾਰ ਮੰਡਲ ਦੇ ਪ੍ਰਧਾਨ ਮਨਦੀਪ ਸਿੰਘ ਖੀਪਲ, ਐਡਵੋਕੇਟ ਜਸਵੀਰ ਸਿੰਘ ਖੇੜੀ, ਬੌਬੀ ਚੀਮਾ, ਹੈਪੀ ਤੂਰ, ਹੰਸਰਾਜ ਬਾਵਾ ਕਾਤਰੋ, ਜਸਪਾਲ ਸਿੰਘ ਬੀਰੀ, ਗੁਰਮੁੱਖ ਸਿੰਘ ਸ਼ੇਰਪੁਰ, ਜਸਪ੍ਰੀਤ ਸਿੰਘ ਖੇੜੀ, ਬਹਾਦਰ ਸਿੰਘ ਚੌਧਰੀ, ਮਨਜੀਤ ਸਿੰਘ ਧਾਮੀ, ਰਾਮਦਾਸ ਬਿੱਟੂ, ਸੰਦੀਪ ਸਿੰਘ ਗਰੇਵਾਲ, ਕਮਲ ਸ਼ਰਮਾ, ਗੁਰਿੰਦਰ ਗੋਇਲ, ਵਿਸ਼ੂ ਗਰਗ, ਅਮਰਜੀਤ ਸਿੰਘ ਪਾਲ, ਨਰਿੰਦਰ ਅੱਤਰੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਘਰਸ਼ਸ਼ੀਲ, ਸਮਾਜਿਕ, ਧਾਰਮਿਕ, ਰਾਜਨੀਤਿਕ ਤੇ ਕਿਸਾਨ ਜਥੇਬੰਦੀਆਂ ਦੇ ਆਗੂ ਮੌਜੂਦ ਸਨ। ਥਾਣਾ ਸ਼ੇਰਪੁਰ ਦੇ ਐਸ.ਐਚ.ਓ ਬਲੌਰ ਸਿੰਘ ਵੱਲੋਂ ਧਰਨਾਕਾਰੀਆਂ ਨਾਲ ਸਿਹਤ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਕਰਵਾਈ ਗਈ, ਜਿਸ ਵਿੱਚ ਸਹਿਮਤੀ ਬਣਨ ਉਪਰੰਤ ਸੀਨੀਅਰ ਮੈਡੀਕਲ ਅਫ਼ਸਰ ਡਾ.ਜਸਦੀਪ ਸਿੰਘ ਨੇ ਐਲਾਨ ਕੀਤਾ ਕਿ ਕੱਲ ਤੋਂ ਤਿੰਨ ਡਾਕਟਰਾਂ ਦੀ ਤੈਨਾਤੀ ਕਰਕੇ 24 ਘੰਟੇ ਐਮਰਜੈਂਸੀ ਸੇਵਾਵਾਂ ਨੂੰ ਮੁੜ ਬਹਾਲ ਕੀਤਾ ਜਾਵੇਗਾ। ਉਨ੍ਹਾਂ ਐਮਬੂਲੈਂਸ ਦੀ ਪੱਕੀ ਤੈਨਾਤੀ ਕਰਨ ਬਾਬਤ ਵੀ ਭਰੋਸਾ ਦਿਵਾਇਆ, ਜਿਸ ਉਪਰੰਤ ਧਰਨੇ ਨੂੰ ਸਮਾਪਤ ਕਰ ਦਿੱਤਾ ਗਿਆ।

ਮਹਾਸ਼ਿਵਰਾਤਰੀ ਦਾ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ

ਸਮਾਣਾ, 17 ਫਰਵਰੀ (ਵਿਜੇ ਕੁਮਾਰ) : ਸ਼੍ਰੀ ਸ਼ਿਵ ਮੰਦਿਰ ਸਤਿਸੰਗ ਭਵਨ ਕਮੇਟੀ ਬਹਾਵਲਪੁਰ ਧਰਮਸ਼ਾਲਾ ਅਤੇ ਮਹਿਲਾ ਸੰਕੀਰਤਨ ਮੰਡਲ ਵੱਲੋਂ ਮਹਾਂਸ਼ਿਵਰਾਤਰੀ ਦਾ ਸ਼ੁਭ ਤਿਉਹਾਰ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਸਤਸੰਗ ਭਵਨ 'ਚ ਹਰੀ ਚੰਦ ਵਰਮਾ ਭੀਮ ਧਵਨ ਦੀ ਸਰਪ੍ਰਸਤੀ ਅਤੇ ਦਲੀਪ ਪਾਹਵਾ ਦੀ ਪ੍ਰਧਾਨਗੀ ਹੇਠ ਆਯੋਜਿਤ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਅਮਿਤ ਲੁਥਰਾ, ਮਦਨ ਲਾਲ ਡੁਡੇਜਾ ਅਤੇ ਉਨ੍ਹਾਂ ਦੀ ਪਤਨੀ ਸੁਸ਼ਮਾ ਡੁਡੇਜਾ ਨੇ ਸਿਰਕਤ ਕਰਦਿਆਂ ਜੋਤੀ ਪ੍ਰਚੰਡ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਸਮਾਗਮ ਦੌਰਾਨ ਭਜਨ ਗਾਇਕ ਜਤਿਨ ਛਾਬੜਾ ਐਂਡ ਪਾਰਟੀ ਵੱਲੋਂ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਮੁੱਖ ਮਹਿਮਾਨ ਅਮਿਤ ਲੁਥਰਾ ਅਤੇ ਮਦਨ ਲਾਲ ਡੁਡੇਜਾ ਨੇ ਸ਼ਿਵਰਾਤਰੀ ਦੇ ਮਹੱਤਵ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਾਨੂੰ ਭਗਵਾਨ ਸ਼ਿਵ ਜੀ ਦੇ ਦਰਸਾਏ ਮਾਰਗ 'ਤੇ ਚਲ ਕੇ ਸਮਾਜ ਦੀ ਸੇਵਾ ਕਰਨੀ ਚਾਹੀਦੀ ਹੈ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਜਿੱਥੇ ਆਈਆਂ ਪ੍ਰਮੁੱਖ ਸਖ਼ਸ਼ੀਅਤਾਂ ਦਾ ਸਨਮਾਨ ਕੀਤਾ ਗਿਆ ਉੱਥੇ ਮੰਦਰ ਕਮੇਟੀ ਵੱਲੋਂ ਅਮਿਤ ਲੁਥਰਾ ਅਤੇ ਮਦਨ ਲਾਲ ਡੁਡੇਜਾ ਨੂੰ ਸਨਮਾਨ ਚਿੰਨ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਮੈਂਬਰ ਰਾਜਕੁਮਾਰ ਜੈ ਸਿੰਘ, ਯਸ ਗੋਗੀਆ, ਰਮੇਸ਼ ਗੋਗੀਆ, ਡਾ: ਸਿਆਮ ਲਾਲ, ਗੋਪਾਲ ਅਰੋੜਾ, ਮੇਹਰ ਚੰਦ ਨਹਿਰੂ, ਸੁਖਦੇਵ ਛਾਬੜਾ, ਰਜੇਸ਼ ਕਾਲੜਾ, ਸੰਜੇ ਸੇਠੀ, ਰਾਧਾ ਕ੍ਰਿਸ਼ਨ ਜੈ ਸਿੰਘ, ਜਗਦੀਸ਼ ਸ਼ਰਮਾ, ਰਾਜ ਅਨੇਜਾ, ਰਾਮ ਲਾਲ ਮਦਾਨ, ਕਿਸ਼ੋਰ ਜੈ ਸਿੰਘ, ਵਿੱਕੀ ਕਥੂਰੀਆ, ਪ੍ਰੈਸ ਸਕੱਤਰ ਸੰਜੀਵ ਕਾਲੜਾ ਅਤੇ ਸੰਤ ਰਾਮ ਸ਼ਰਮਾ ਆਦਿ ਵੀ ਹਾਜ਼ਰ ਸਨ।

ਸਿਹਤ ਬੀਮਾ ਯੋਜਨਾ ਮਾਨ ਸਰਕਾਰ ਦਾ ਨਿਵੇਕਲਾ ਤੇ ਸ਼ਲਾਘਾਯੋਗ ਕਦਮ : ਕੁਲਦੀਪ ਵਿਰਕ, ਹਰਸ਼ ਵਿਰਕ

ਸਮਾਣਾ, 17 ਫ਼ਰਵਰੀ (ਜਵੰਦਾ) : ਸੂਬੇ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਦੀ ਸਿਹਤ ਦਾ ਖਿਆਲ ਰੱਖਦਿਆਂ ਮਾਨ ਸਰਕਾਰ ਨੇ ਦਸ ਲੱਖ ਰੁਪਏ ਸਿਹਤ ਬੀਮਾ ਯੋਜਨਾ ਪ੍ਰਣਾਲੀ ਨੂੰ ਸੂਬੇ ਅੰਦਰ ਲਾਗੂ ਕਰਕੇ ਨਿਵੇਕਲਾ ਤੇ ਸ਼ਲਾਘਾਯੋਗ ਕਦਮ ਪੁੱਟਿਆ ਹੈ, ਜਿਸ ਦਾ ਹਰੇਕ ਵਰਗ ਨੂੰ ਲਾਭ ਮਿਲੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਸਮਾਣਾ ਤੋਂ ਆਮ ਆਦਮੀ ਪਾਰਟੀ ਦੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੇ ਕੋਆਰਡੀਨੇਟਰ ਕੁਲਦੀਪ ਸਿੰਘ ਵਿਰਕ ਅਤੇ 'ਆਪ' ਪਾਰਟੀ ਦੇ ਯੂਥ ਆਗੂ ਹਰਸ਼ ਵਿਰਕ ਨੇ ਪ੍ਰੈੱਸ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਹਰੇਕ ਵਰਗ ਨੂੰ ਦਸ ਲੱਖ ਰੁਪਏ ਦੀ ਸਿਹਤ ਬੀਮਾ ਯੋਜਨਾ ਨਾਲ ਜੋੜਿਆ ਜਾਵੇਗਾ। ਉਨ੍ਹਾਂ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਸੂਬਾ ਪ੍ਰਧਾਨ ਮਨੀਸ਼ ਸਿਸੋਦੀਆ ਦਾ ਵੀ ਧੰਨਵਾਦ ਕੀਤਾ ਜੋ ਪੰਜਾਬ ਦੇ ਹਿੱਤਾਂ ਬਾਰੇ ਸੋਚਦੇ ਹੋਏ ਅਜਿਹੀਆਂ ਲੋਕ ਭਲਾਈ ਸਕੀਮਾਂ ਸੂਬੇ ਅੰਦਰ ਲਿਆ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕਾ ਸਮਾਣਾ 'ਚ ਵੀ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਦੀ ਅਗਵਾਈ ਹੇਠ ਉਨ੍ਹਾਂ ਦੀ ਸਮੁੱਚੀ ਟੀਮ ਸਿਹਤ ਬੀਮਾ ਯੋਜਨਾ ਨੂੰ ਘਰ-ਘਰ ਪਹੁੰਚਾਉਣ ਲਈ ਨਿਰੰਤਰ ਲੱਗੀ ਹੋਈ ਹੈ।

'ਦਾਨ ਕਾ ਦਾਨ-ਇਨਾਮ ਕਾ ਇਨਾਮ' ਤਹਿਤ ਪ੍ਰਾਚੀਨ ਸ਼ਿਵ ਮੰਦਰ ਕਮੇਟੀ ਨੇ ਪਬਲਿਕ ਦੇ ਸਾਹਮਣੇ ਇਨਾਮ ਕੱਢੇ

ਪਟਿਆਲਾ, 17 ਫਰਵਰੀ (ਚ.ਨ.ਸ.) : ਪ੍ਰਾਚੀਨ ਸ਼ਿਵ ਮੰਦਿਰ ਨਜ਼ਦੀਕ ਥਾਣਾ ਡਵੀਜ਼ਨ ਨੰਬਰ ਚਾਰ ਵਿਖੇ ਹਰ ਸਾਲ ਦੀ ਤਰ੍ਹਾਂ ਸ਼ਿਵਰਾਤਰੀ ਤੋਂ ਅਗਲੇ ਦਿਨ ਜੋ ਕਿ ਪਰੰਪਰਾ ਕਰੀਬ 20 ਸਾਲ ਤੋਂ ਚੱਲੀ ਆ ਰਹੀ ਹੈ ਉਸ ਦੀ ਕੜੀ ਵਜੋਂ ਦੇਰ ਸ਼ਾਮ ਮੰਦਰ ਲਈ ਦਿੱਤੇ ਗਏ 'ਦਾਨ ਕਾ ਦਾਨ ਇਨਾਮ ਕਾ ਇਨਾਮ' ਦੇ ਤਹਿਤ ਪ੍ਰਾਚੀਨ ਸ਼ਿਵ ਮੰਦਰ ਕਮੇਟੀ ਵੱਲੋਂ ਪਬਲਿਕ ਦੇ ਸਾਹਮਣੇ ਇਨਾਮ ਕੱਢੇ ਗਏ । ਇਸ ਵਿੱਚ ਮੁੱਖ ਮਹਿਮਾਨ ਐਮ ਸੀ ਰਾਜੂ ਰਾਣਾ, ਹਿੰਦੂ ਸੁਰਕਸ਼ਾ ਸਮਤੀ ਤੋਂ ਖੁਸ਼ਿਲ ਚੋਪੜਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਇਹਨਾਂ ਦੀ ਦੇਖ-ਰੇਖ 'ਚ ਇਨਾਮ ਕੱਢੇ ਗਏ। ਪਹਿਲਾਂ ਇਨਾਮ ਮੋਟਰਸਾਈਕਲ ਜਿਸ ਦਾ ਨੰਬਰ 9241, ਦੂਜਾ ਇਨਾਮ ਫਰਿਜ ਜਿਸ ਦਾ ਨੰਬਰ 3557 ਤੀਜਾ ਇਨਾਮ ਦੋ ਸਾਈਕਲ ਜਿਨ੍ਹਾਂ ਦਾ ਨੰਬਰ 8722 ਅਤੇ 6677, ਚੌਥਾ ਹੀ ਨਾਮ ਅਲਮਾਰੀ ਨੰਬਰ 3873 ਹੈ। ਕੁਲ 101 ਨਾਮ ਹਨ, ਜਿਨ੍ਹਾਂ ਦੀ ਲਿਸਟ ਮੰਦਰ 'ਤੇ ਲੱਗੀ ਹੋਈ ਹੈ ਜਿਨਾਂ ਦੇ ਇਨਾਮ ਨਿਕਲੇ ਹਨ ਉਹਨਾਂ ਨੂੰ ਮੌਕੇ 'ਤੇ ਇਹ ਇਨਾਮ ਦਿੱਤੇ ਗਏ। ਇਨਾਮ ਵੰਡ ਸਮਾਗਮ ਵਿੱਚ ਕਮੇਟੀ ਦੇ ਚੇਅਰਮੈਨ ਜਨਕ ਰਾਜ ਪ੍ਰਧਾਨ ਸੁਮੀਤ ਕੁਮਾਰ ਹਰੀਸ਼ ਕੁਮਾਰ, ਅਸ਼ੋਕ ਕੁਮਾਰ, ਸੁਖਦੇਵ ਤੋ ਇਲਾਵਾ ਸਮੂਹ ਕਮੇਟੀ ਮੈਂਬਰ ਹਾਜਰ ਸਨ। ਕਮੇਟੀ ਮੈਂਬਰਾਂ ਨੇ ਦਾਨੀ ਸੱਜਣਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ।

ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਪਟਿਆਲਾ ਸਾਹਿਤ ਉਤਸਵ ਅਤੇ ਪੁਸਤਕ ਮੇਲਾ 20 ਨੂੰ

ਪਟਿਆਲਾ, 17 ਫਰਵਰੀ (ਚ.ਨ.ਸ.) : ਪਟਿਆਲਾ ਸਾਹਿਤ ਉਤਸਵ ਅਤੇ ਪੁਸਤਕ ਮੇਲਾ 2026 ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵਿੱਚ ਸੁਰਜੀਤ ਪਾਤਰ ਜੀ ਦੀ ਯਾਦ ਨੂੰ ਸਮਰਪਿਤ ਇੱਕ ਵਿਸ਼ਾਲ, ਬਹੁ-ਆਯਾਮੀ ਅਤੇ ਇਤਿਹਾਸਕ ਮਹੱਤਤਾ ਵਾਲਾ ਸਾਹਿਤਕ-ਸੱਭਿਆਚਾਰਕ ਸਮਾਗਮ 20 ਫਰਵਰੀ 2026 ਨੂੰ ਗਵਰਨਮੈਂਟ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਦੇ ਹਾਲ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਮਹੱਤਵਪੂਰਨ ਉਪਰਾਲਾ ਪੰਜਾਬ ਸਾਹਿਤ ਅਕਾਦਮੀ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਾਂਝੇ ਸਹਿਯੋਗ ਨਾਲ, ਸਤਬੀਰ ਸਿੰਘ ਅਮੀਰਾ ਫਾਰਮ, ਅੰਮ੍ਰਿਤਸਰ ਦੇ ਵਿਸ਼ੇਸ਼ ਯੋਗਦਾਨ ਨਾਲ ਕਰਵਾਇਆ ਜਾ ਰਿਹਾ ਹੈ। ਇਸ ਉਤਸਵ ਦੀ ਸ਼ੁਰੂਆਤ ਸ਼ਾਨਦਾਰ ਉਦਘਾਟਨੀ ਸੈਸ਼ਨ ਨਾਲ ਹੋਵੇਗੀ, ਉਦਘਾਟਨੀ ਸ਼ੈਸ਼ਨ ਸਵੇਰੇ 10 ਵਜੇ ਸ਼ੁਰੂ ਹੋਵੇਗਾ, ਜਿਸ ਵਿੱਚ ਪ੍ਰੋ. (ਡਾ.) ਬਲਜੀਤ ਸਿੰਘ ਖਹਿਰਾ ਵੱਲੋਂ ਸਵਾਗਤੀ ਸ਼ਬਦ ਪੇਸ਼ ਕੀਤੇ ਜਾਣਗੇ, ਜਦਕਿ ਪ੍ਰੋ. (ਡਾ.) ਰਤਨ ਸਿੰਘ ਪ੍ਰਧਾਨਗੀ ਕਰਣਗੇ। ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸਵਰਨਜੀਤ ਸਵੀ ਅਤੇ ਅਮਰਜੀਤ ਸਿੰਘ ਗਰੇਵਾਲ ਸ਼ਿਰਕਤ ਕਰਨਗੇ, ਜਦਕਿ ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਆਤਮ ਸਿੰਘ ਰੰਧਾਵਾ ਸ਼ਾਮਲ ਹੋਣਗੇ। ਮੰਚ ਸੰਚਾਲਨ ਡਾ. ਧਰਮਿੰਦਰ ਸਿੰਘ ਕਰਨਗੇ ਅਤੇ ਅੰਤ ਵਿੱਚ ਡਾ. ਅਮਿਤੋਜ ਸਿੰਘ ਧੰਨਵਾਦ ਕਰਨਗੇ। ਮੁੱਖ ਭਾਸ਼ਣ ਦਾ ਵਿਸ਼ਾ ਪਟਿਆਲਾ ਸਾਹਿਤਕ ਪਰੰਪਰਾ - ਇਤਿਹਾਸ ਅਤੇ ਸਮਕਾਲ ਰੱਖਿਆ ਗਿਆ ਹੈ, ਜਿਸ ਰਾਹੀਂ ਪਟਿਆਲਾ ਦੇ ਇਤਿਹਾਸਕ ਸਾਹਿਤਕ ਯੋਗਦਾਨ, ਦਰਬਾਰੀ ਰਿਵਾਇਤਾਂ, ਪ੍ਰਗਤੀਸ਼ੀਲ ਲਹਿਰਾਂ ਅਤੇ ਸਮਕਾਲੀ ਲਿਖਤ ਦੇ ਰੁਝਾਨਾਂ ਦੀ ਵਿਸਥਾਰ ਨਾਲ ਚਰਚਾ ਹੋਵੇਗੀ।

ਮਹਾਸ਼ਿਵਰਾਤਰੀ ਦੇ ਮੌਕੇ ਸ੍ਰੀ ਕੇਦਾਰ ਨਾਥ ਮੰਦਰ ਵਿਖੇ ਲੰਗਰ ਵਰਤਾਇਆ

ਪਟਿਆਲਾ, 17 ਫਰਵਰੀ (ਚ.ਨ.ਸ.) : ਸਰਪ੍ਰਸਤ ਸਤਨਾਮ ਹਸੀਜਾ ਨੇ ਦੱਸਿਆ ਕਿ 11 ਵਜੇ ਦੇ ਕਰੀਬ ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ ਦਾ ਫੋਨ ਆਇਆ ਕਿ ਅੱਜ ਮਾਤਾ ਪਾਰਵਤੀ ਫੇਰੇ ਦਾ ਲੰਗਰ ਬਣਾਉਣਾ ਹੈ ਅਤੇ ਵਰਤਾਉਣਾ ਹੈ। ਇਸ ਤੋਂ ਪਹਿਲਾਂ ਮਹਾਸ਼ਿਵਰਾਤਰੀ ਬੜੀ ਧੂਮ -ਧਾਮ ਨਾਲ ਮਨਾਈ ਗਈ। ਖੀਰ ਪੂੜੇ ਦਾ ਲੰਗਰ, ਠੰਡੀਆਈ, ਕੜੀ ਚਾਵਲ ਅਤੇ ਕਈ ਪ੍ਰਕਾਰ ਦੀਆਂ ਸਟਾਲਾਂ ਲਗਾਈਆਂ ਗਈਆਂ। ਮਹੰਤ ਬਾਬੂ ਰਾਮ ਜ਼ੋ ਕਿ ਮੰਦਿਰ ਦੇ ਨਜਦੀਕ ਰਹਿੰਦੇ ਹਨ। ਖਾਸ ਕਰਕੇ ਖੀਰ ਪੂੜੇ ਦਾ ਲੰਗਰ ਇਕਬਾਲ ਸਿੰਘ ਸ਼ੈਂਟੀ ਅਤੇ ਦਲੇਰ ਸੈਣੀ ਨੇ ਰਜਿੰਦਰਾ ਹਸਪਤਾਲ ਲੰਗਰ ਸਟਾਲ ਵਿੱਚ ਜਾ ਕੇ ਹਰੇਕ ਵਾਰਡ ਵਿੱਚ ਜਾ ਕੇ ਅਤੁੱਟ ਵੰਡਿਆ। ਇਸ ਵਿੱਚ ਚੇਅਰਮੈਨ ਰਣਬੀਰ ਸਿੰਘ ਕਾਟੀ, ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ, ਪ੍ਰਧਾਨ ਮਿਠੁਨ, ਸੈਕਟਰੀ ਦਲੀਪ, ਮੁੱਖ ਖਜਾਨਚੀ ਪੂਰਨ, ਸਹਾਇਕ ਖਜਾਨਚੀ ਮਦਨ ਲਾਲ, ਸੈਕਟਰੀ ਦਲੀਪ (ਹੈਪੀ), ਲੇਖਾਕਾਰ ਰਾਮ ਲਾਲ ਗੋਇਲ, ਸਲਾਹਕਾਰ ਸੁਰਿੰਦਰ ਪਾਠਕ, ਦਾਨ ਕੁਲੈਕਟਰ ਕੇਦਾਰ ਗੋਇਲ, ਮੁਕੇਸ਼ ਕਾਲੂ, ਰਾਕੇਸ਼ ਦੂਬੇ, ਸੇਵਾਦਾਰ ਗੁਰਪ੍ਰੀਤ ਸਿੰਘ, ਰਾਜਾ ਰਾਜ ਕੁਮਾਰ, ਰੂਪ ਚੰਦ ਬਾਬਾ, ਸੰਜੂ ਜੇ.ਸੀ.ਬੀ. ਵਾਲਾ, ਸਾਗਰ ਗੋਰੂ, ਖਾਸ ਕਰਕੇ ਡੀ.ਕੇ. ਜੈ ਮਾਂ ਨਿਸ਼ਕਾਮ ਸਭਾ ਵੱਲੋਂ ਲੰਗਰ ਵਰਤਾਉਣ ਦੀ ਸੇਵਾ ਕੀਤੀ। ਇਸ ਦੇ ਨਾਲ ਲੱਖੀ ਰਾਮ ਸਿੰਗਲਾ ਅਤੇ ਦਿਪਾਂਸ਼ੂ ਅਗਰਵਾਲ ਨੇ ਵੀ ਸੇਵਾ ਕੀਤੀ।

'ਕੇਅਰ ਵਨ ਕੇਅਰ ਆਲ' ਸਮਾਜ ਸੇਵਾ ਦੇ ਖੇਤਰ 'ਚ 12 ਸਾਲ ਤੋਂ ਤਤਪਰ ਡਾ. ਪਰਮਜੀਤ ਸਿੰਘ

➢ਮੁਫ਼ਤ ਸਿੱਖਿਆ, ਮੁਫ਼ਤ ਦਵਾਈਆਂ ਤੇ ਲੋੜਵੰਦਾਂ ਨੂੰ ਰਾਸ਼ਨ ਦੇਣਾ ਸੰਸਥਾ ਮੁੱਖ ਮਕਸਦ

ਪਟਿਆਲਾ, 17 ਫਰਵਰੀ (ਗੁਰਮੁੱਖ ਰੁਪਾਣਾ) : ਕੇਅਰ ਵਨ ਕੇਅਰ ਆਲ ਗਰੁੱਪ ਜੋ ਕੇ ਇੱਕ ਰਜਿਸਟਰਡ ਚੈਰਟੀ ਸੰਸਥਾ ਹੈ। ਇਹ ਸੰਸਥਾ ਜੋ ਕਿ ਇੰਡੀਆ, ਆਸਟਰੇਲੀਆ ਅਤੇ ਹੋਰ ਲੋੜਵੰਦ ਇਲਾਕਿਆਂ ਵਿੱਚ ਪਿਛਲੇ 12 ਸਾਲਾਂ ਤੋਂ ਬਹੁਤ ਸਾਰੇ ਸਮਾਜ ਸੇਵਾ ਦੇ ਕੰਮ ਕਰ ਰਹੀ ਹੈ। ਅੱਜ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਡਾ. ਪਰਮਜੀਤ ਸਿੰਘ ਨੇ ਦੱਸਿਆ ਕਿ ਸਾਡਾ ਮੁੱਖ ਟਾਰਗਟ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਪੜਾਉਣਾਂ ਅਤੇ ਸਿਹਤ ਸਹੂਲਤਾਂ ਦੇਣੀਆਂ ਹਨ। ਉਨ੍ਹਾਂ ਕਿਹਾ ਕਿ ਹਰ ਸਾਲ ਲੱਗਭੱਗ 30000 ਤੋਂ ਉੱਪਰ ਲੋੜਵੰਦ ਇਹਨਾਂ ਸੇਵਾਵਾਂ ਦਾ ਲਾਭ ਉਠਾਉਂਦੇ ਹਨ । ਆਨੰਦਪੁਰ ਸਾਹਿਬ ਦੇ ਨਜ਼ਦੀਕ ਪੰਜਾਬ ਵਿੱਚ ਸੰਸਥਾ ਵੱਲੋਂ ਜੰਗਲ ਏਰੀਏ ਵਿੱਚ ਪ੍ਰੋਜੈਕਟ ਚਲਾਏ ਜਾ ਰਹੇ ਹਨ। ਇਨ੍ਹਾਂ ਇਲਾਕਿਆਂ 'ਚ ਲੋੜਵੰਦਾਂ ਲਈ ਫਰੀ ਓਪਨ ਟਿਊਸ਼ਨ ਸਕੂਲ ਲੋਦੀਪੁਰ, ਫ੍ਰੀ ਸਿਲਾਈ ਸੈਂਟਰ, ਸਿਲਾਈ ਮਸ਼ੀਨਾ, ਕੰਪਿਊਟਰ ਸੈਂਟਰ, ਟਿਊਸ਼ਨ ਸੈਂਟਰ, ਨਵੋਦਿਆ ਸਕੂਲ ਦੇ ਇੰਟ੍ਰੈਂਸ ਟੈਸਟ ਦੀ ਤਿਆਰੀ, ਚੜ੍ਹਦੀਕਲਾ ਸਕਾਲਰਸ਼ਿਪ ਪ੍ਰੋਗਰਾਮ, ਸਿੱਕ, ਡਿਸਏਬਲ, ਲੋੜਵੰਦ ਅਤੇ ਵਿਧਵਾ ਪਰਿਵਾਰਾਂ ਦੇ ਲਈ ਮਹੀਨਾਵਾਰ ਰਾਸ਼ਨ, ਯਤੀਮ, ਸਿੰਗਲ ਪੇਰੈਂਟ, ਲੋੜਵੰਦ, ਹੁਸ਼ਿਆਰ ਅਤੇ ਅਨਾਥ ਬੱਚਿਆਂ ਲਈ ਅਡੋਪਸ਼ਨ ਸਕੀਮ ਡਾ.ਪਰਮਜੀਤ ਸਿੰਘ ਮੁਤਾਬਕ ਸਕਾਲਰਸ਼ਿਪ ਯੋਜਨਾ ਪਹਿਲਾਂ ਕੋਟਕਪੂਰਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਸਹਾਇਤਾ ਨਾਲ ਸ਼ੁਰੂ ਹੋਈ ਸੀ ਅਤੇ ਤਿੰਨ ਸਾਲ ਪਹਿਲਾਂ ਇਲਾਕੇ ਤੱਕ ਵਧਾਈ ਗਈ। ਇਸ ਸਾਲ 100 ਸਕਾਲਰਸ਼ਿਪਾਂ ਵਿੱਚੋਂ 50 ਦੀ ਫੰਡਿੰਗ ਮੈਲਬਰਨ ਤੋਂ ਮੈਡਮ ਜਸਵਿੰਦਰ ਕੌਰ ਅਤੇ ਭਾਈ ਰਗਬੀਰ ਸਿੰਘ (ਏਕਮ ਗਲੋਬਲ ਪ੍ਰਾਈ.ਲਿਮ.) ਨੇ ਕੀਤੀ, ਜਦਕਿ ਹੋਰ 50 ਸਕਾਲਰਸ਼ਿਪਾਂ ਸਿਡਨੀ ਤੋਂ ਸ.ਦਲਵੀਰ ਸਿੰਘ ਕਲੇਰ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਦਿੱਤੀਆਂ ਗਈਆਂ। ਇਸ ਦੌਰਾਨ ਡਾ. ਪਰਮਜੀਤ ਸਿੰਘ ਨੇ ਅਪੀਲ ਕੀਤੀ ਕਿ ਜੇਕਰ ਕੋਈ ਆਪਣਾ ਯੋਗਦਾਨ ਪਾਉਣਾ ਚਾਹੁੰਦਾ ਹੋਵੇ ਜਾਂ ਕਿਸੇ ਨੂੰ ਲੋੜ ਹੋਵੇ ਉਹ ਟੀਮ ਨਾਲ ਸੰਪਰਕ ਕਰ ਸਕਦਾ ਹੈ। ਕੇਅਰ ਵਨ ਕੇਅਰ ਆਲ ਗਰੁੱਪ ਦੇ ਆਗੂਆਂ 'ਚ ਪ੍ਰਧਾਨ ਰਸਬਿੰਦਰ ਸਿੰਘ, ਵਾਈਸ ਪ੍ਰਧਾਨ ਹਰਕੀਰਤ ਸਿੰਘ ਸੰਧੂ, ਡਾ ਕਮਲਜੀਤ ਕੌਰ, ਰਾਜਿੰਦਰ ਸਿੰਘ ਜੌਹਲ, ਰਸ਼ਵਿੰਦਰ ਸਿੰਘ, ਹਰਕੀਰਤ ਸਿੰਘ ਸੰਧੂ, ਹਰਜੀਤ ਕੌਰ, ਬਲਬੀਰ ਸਿੰਘ ਨੇ ਵੀ ਵਧੇਰੇ ਜਾਣਕਾਰੀ ਦਿੱਤੀ।

ਪਟਿਆਲਾ-ਆਸ/ਪਾਸ

ਲਾਪਤਾ ਨਾਬਾਲਿਗ ਲੜਕੀ ਨੂੰ ਸੁਰੱਖਿਅਤ ਤੌਰ 'ਤੇ ਪੱਛਮੀ ਬੰਗਾਲ ਵਿਖੇ ਮਾਪਿਆਂ ਨਾਲ ਮਿਲਾਇਆ

➢ਬਾਲ ਸੁਰੱਖਿਆ ਮਾਮਲਿਆਂ 'ਚ ਜਨਤਾ ਨੂੰ ਸੁਚੇਤ ਰਹਿਣ ਦੀ ਅਪੀਲ

ਮਲੇਰਕੋਟਲਾ, 17 ਫਰਵਰੀ (ਚ.ਨ.ਸ.) : ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਦੀਆਂ ਹਦਾਇਤਾਂ ਅਨੁਸਾਰ ਬਾਲ ਸੁਰੱਖਿਆ ਵਿਭਾਗ ਵੱਲੋਂ ਇੱਕ ਲਾਪਤਾ ਨਾਬਾਲਿਗ ਲੜਕੀ (ਮੂਲ ਨਿਵਾਸੀ ਪੱਛਮੀ ਬੰਗਾਲ) ਨੂੰ ਸੁਰੱਖਿਅਤ ਤੌਰ 'ਤੇ ਉਸਦੇ ਮਾਪਿਆਂ ਨਾਲ ਮਿਲਾਉਣ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ। ਬਾਲ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ 22 ਨਵੰਬਰ ਨੂੰ ਸ਼ਰਮੀਲਾ ਨਾਮਕ ਨਾਬਾਲਿਗ ਲੜਕੀ ਆਪਣੇ ਘਰ ਤੋਂ ਲਾਪਤਾ ਹੋ ਗਈ ਸੀ। ਬਾਅਦ ਵਿੱਚ ਉਹ ਜ਼ਿਲ੍ਹਾ ਮਾਲੇਰਕੋਟਲਾ ਦੇ ਕੁੱਪ ਕਲਾ ਖੇਤਰ ਵਿੱਚ ਮੁਸ਼ਕਿਲ ਹਾਲਾਤਾਂ ਵਿੱਚ ਪੁਲਿਸ ਨੂੰ ਮਿਲੀ। ਇਸ ਸਬੰਧੀ ਸੂਚਨਾ ਤੁਰੰਤ ਚਾਈਲਡਲਾਈਨ ਮਾਲੇਰਕੋਟਲਾ ਦੀ ਸਥਾਨਕ ਟੀਮ ਨੂੰ ਦਿੱਤੀ ਗਈ, ਜਿਸ ਉਪਰੰਤ ਬੱਚੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਿਆਂ

ਉਸਨੂੰ ਤੁਰੰਤ ਰੈਸਕਿਊ ਕਰ ਲਿਆ ਗਿਆ। ਟੀਮ ਵੱਲੋਂ ਚਾਈਲਡ ਵੈਲਫੇਅਰ ਕਮੇਟੀ ਮਾਲੇਰਕੋਟਲਾ ਦੇ ਆਦੇਸ਼ਾਂ ਅਨੁਸਾਰ ਬੱਚੀ ਨੂੰ ਅਸਥਾਈ ਤੌਰ 'ਤੇ ਬਾਲ ਸੰਭਾਲ ਕੇਂਦਰ, ਜਲੰਧਰ ਵਿਖੇ ਸ਼ਿਫਟ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਦੀ ਟੀਮ ਵੱਲੋਂ ਲਗਾਤਾਰ ਉਪਰਾਲੇ ਕਰਦੇ ਹੋਏ ਲੜਕੀ ਦੇ ਪਰਿਵਾਰ ਦੀ ਪਛਾਣ ਅਤੇ ਸੰਪਰਕ ਸਥਾਪਿਤ ਕੀਤਾ ਗਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸੰਬੰਧਿਤ ਰਾਜ ਅਧਿਕਾਰੀਆਂ ਨਾਲ ਤਾਲਮੇਲ ਕਰਦਿਆਂ ਕੇਸ ਨੂੰ ਚਾਈਲਡ ਵੈਲਫੇਅਰ ਕਮੇਟੀ ਕੋਲਕਾਤਾ ਨਾਲ ਵੀ ਸਾਂਝਾ ਕੀਤਾ ਗਿਆ, ਤਾਂ ਜੋ ਬੱਚੀ ਨੂੰ ਉਸਦੇ ਮਾਪਿਆਂ ਨਾਲ ਮਿਲਾਇਆ ਜਾ ਸਕੇ। ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਅਤੇ ਲਗਾਤਾਰ ਤਾਲਮੇਲ ਬਰਕਰਾਰ ਰੱਖਣ ਤੋਂ ਬਾਅਦ ਪੁਲਿਸ ਵਿਭਾਗ ਦੇ ਅਧਿਕਾਰੀਆਂ ਦੀ ਦੇਖਰੇਖ ਹੇਠ ਬੱਚੀ ਨੂੰ ਸੁਰੱਖਿਅਤ ਤੌਰ 'ਤੇ ਪੱਛਮੀ ਬੰਗਾਲ, ਕੋਲਕਾਤਾ ਪਹੁੰਚਾ ਕੇ ਉਸਦੇ ਮਾਪਿਆਂ ਦੇ ਹਵਾਲੇ ਕਰ ਦਿੱਤਾ ਗਿਆ। ਇਸ ਮੌਕੇ ਐਸ.ਆਈ. ਬਲਜਿੰਦਰ ਕੌਰ, ਮੋਹਨ ਸਿੰਘ, ਗਾਂਧੀ ਵਨੀਤਾ ਆਸ਼ਰਮ ਜਲੰਧਰ ਦੀ ਟੀਮ, ਜ਼ਿਲ੍ਹਾ ਪੁਲਿਸ ਵਿਭਾਗ ਅਤੇ ਬਾਲ ਸੁਰੱਖਿਆ ਵਿਭਾਗ ਵੱਲੋਂ ਸਰਾਹਣਯੋਗ ਭੂਮਿਕਾ ਨਿਭਾਈ ਗਈ। ਜ਼ਿਲ੍ਹਾ ਪ੍ਰਸ਼ਾਸਨ ਅਤੇ ਬਾਲ ਸੁਰੱਖਿਆ ਵਿਭਾਗ ਵੱਲੋਂ ਇਸ ਸਫਲ ਕਾਰਵਾਈ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਵਿਭਾਗਾਂ ਦਾ ਧੰਨਵਾਦ ਕੀਤਾ ਗਿਆ ਹੈ। ਨਾਲ ਹੀ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਬੱਚੇ ਨਾਲ ਸੰਬੰਧਿਤ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਬਾਲ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਜਾਂ ਹੈਲਪਲਾਈਨ 1098 'ਤੇ ਸੰਪਰਕ ਕੀਤਾ ਜਾਵੇ, ਤਾਂ ਜੋ ਹਰ ਬੱਚੇ ਦੀ ਸੁਰੱਖਿਆ ਅਤੇ ਭਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਭਾਸ਼ਾ ਵਿਭਾਗ ਨੇ ਪੰਜਾਬ ਭਵਨ 'ਚ ਸੁਸ਼ੋਭਿਤ ਕੀਤੀਆਂ 20 ਦਾਨਿਸ਼ਵਰਾਂ ਦੀਆਂ ਤਸਵੀਰਾਂ

➢ਹੁਣ ਤੱਕ 60 ਤਸਵੀਰਾਂ ਲਗਾਈਆਂ ਜਾ ਚੁੱਕੀਆਂ ਨੇ ਪੰਜਾਬ ਭਵਨ 'ਚ

ਪਟਿਆਲਾ, 17 ਫਰਵਰੀ (ਰੁਪਾਣਾ) : ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਪਿਛਲੇ ਸਾਲ ਤੋਂ ਦਿੱਲੀ ਦੇ ਪੰਜਾਬ ਭਵਨ ਵਿੱਚ ਪੰਜਾਬੀ ਦਾਨਿਸ਼ਵਰਾਂ ਦੀਆਂ ਤਸਵੀਰਾਂ ਸਥਾਪਿਤ ਕਰਨ ਦੇ ਕਾਰਜ ਤਹਿਤ ਪਹਿਲਾਂ ਲਗਾਈਆਂ ਲਗਭਗ 40 ਤਸਵੀਰਾਂ ਤੋਂ ਬਾਅਦ ਅੱਜ 20 ਹੋਰ ਸਵਰਗੀ ਲੇਖਕਾਂ ਅਤੇ ਵਿਦਵਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ, ਜਿਨ੍ਹਾਂ ਵਿੱਚ ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਡਾ. ਦੀਵਾਨ ਸਿੰਘ ਕਾਲੇਪਾਣੀ, ਪ੍ਰਿੰਸੀਪਲ ਸੁਜਾਨ ਸਿੰਘ, ਸ. ਜਸਵੰਤ ਸਿੰਘ ਕੰਵਲ, ਸ. ਨਾਨਕ ਸਿੰਘ, ਡਾ. ਹਰਭਜਨ ਸਿੰਘ, ਸ੍ਰੀਮਤੀ ਦਲੀਪ ਕੌਰ ਟਿਵਾਣਾ, ਸ੍ਰੀ ਬਲਰਾਜ ਸਾਹਨੀ, ਬਾਵਾ ਬੁੱਧ ਸਿੰਘ, ਸ਼੍ਰੀਮਤੀ ਸੁਖਵੰਤ ਕੌਰ ਮਾਨ, ਸ. ਮਹਿੰਦਰ ਸਿੰਘ ਸਰਨਾ, ਜਨਾਬ ਦੀਪਕ ਜੈਤੋਈ, ਮਹਿੰਦਰ ਕੌਰ ਗਿੱਲ, ਸ਼੍ਰੀ ਰਾਮ ਸਰੂਪ ਅਣਖੀ, ਡਾ. ਰਤਨ ਸਿੰਘ ਜੱਗੀ, ਸ਼੍ਰੀ

ਮੋਹਨਜੀਤ, ਸ਼੍ਰੀ ਪਰਮਿੰਦਰਜੀਤ ਅਤੇ ਪ੍ਰੋ. ਅਜਮੇਰ ਔਲਖ ਸ਼ਾਮਿਲ ਹਨ। ਇਹ ਤਸਵੀਰਾਂ ਪੰਜਾਬ ਭਵਨ ਦੇ ਬੀ ਬਲਾਕ ਦੀ ਡਿਓੜੀ ਅਤੇ ਉੱਪਰਲੀਆਂ ਮੰਜ਼ਿਲਾਂ ਦੇ ਵਰਾਂਡਿਆਂ ਵਿੱਚ ਲਗਾਈਆਂ ਗਈਆਂ। ਸ੍ਰੀ ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਵਨ ਦੇ ਕਰਮਚਾਰੀਆਂ ਵੱਲੋਂ ਇਹ ਕਾਰਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਅਤੇ ਡਿਪਟੀ ਡਾਇਰੈਕਟਰ ਸ੍ਰੀ ਆਲੋਕ ਚਾਵਲਾ ਦੀ ਨਿਗਰਾਨੀ ਵਿਚ ਕੀਤਾ ਗਿਆ। ਇਸ ਤੋਂ ਪਹਿਲਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਰੈਜ਼ੀਡੈਂਟ ਕਮਿਸ਼ਨਰ ਸ੍ਰੀ ਐਸ ਕਰੁਣਾ ਰਾਜੂ ਨਾਲ ਮੁਲਾਕਾਤ ਕਰਕੇ ਪੰਜਾਬ ਭਵਨ ਵਿੱਚ ਪੰਜਾਬੀਅਤ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਡਿਪਟੀ ਰੈਜ਼ੀਡੈਂਟ ਕਮਿਸ਼ਨਰ ਸ੍ਰੀਮਤੀ ਆਸਿਤਾ ਸ਼ਰਮਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਭਾਸ਼ਾ ਵਿਭਾਗ ਦੀ ਸਥਾਨਕ ਲਾਇਬਰੇਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਕਰਾ ਕੇ ਇਸ ਨੂੰ ਇੱਥੇ ਆਉਣ ਅਤੇ ਠਹਿਰਨ ਵਾਲੀਆਂ ਸ਼ਖ਼ਸੀਅਤਾਂ ਲਈ ਆਕਰਸ਼ਕ ਬਣਾਇਆ ਜਾਵੇਗਾ। ਇਸ ਮੌਕੇ ਵਿਭਾਗ ਦੀ ਮੁਲਾਜ਼ਮ ਕਰੁਣਾ ਅਤੇ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

ਘੱਗਰ ਦੀ ਮਾਰ ਤੋਂ ਬਚਾਅ ਲਈ ਸੁਪਰੀਮ ਕੋਰਟ ਸਖ਼ਤ

ਸੀ.ਡਬਲਿਊ.ਪੀ.ਆਰ.ਐੱਸ. ਕੋਲੋਂ 12 ਮਹੀਨਿਆਂ 'ਚ ਮੰਗੀ ਸੋਧੀ ਹੋਈ ਰਿਪੋਰਟ

ਪਟਿਆਲਾ, 17 ਫਰਵਰੀ (ਚ.ਨ.ਸ.) : ਮਾਲਵਾ ਖੇਤਰ ਲਈ 'ਮੌਤ ਦਾ ਦਰਿਆ' ਬਣ ਚੁੱਕੇ ਘੱਗਰ ਦੇ ਹੜ੍ਹਾਂ ਤੋਂ ਸਥਾਈ ਨਿਜਾਤ ਪਾਉਣ ਲਈ ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਨੇ ਵੱਡਾ ਕਦਮ ਚੁੱਕਿਆ ਹੈ। ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨੇ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੂੰ ਭੇਜੇ ਇੱਕ ਪੱਤਰ ਵਿੱਚ ਦੱਸਿਆ ਹੈ ਕਿ ਸੁਪਰੀਮ ਕੋਰਟ ਨੇ 'ਸੈਂਟਰਲ ਵਾਟਰ ਐਂਡ ਪਾਵਰ ਰਿਸਰਚ ਸਟੇਸ਼ਨ' (CWPRS) ਨੂੰ ਘੱਗਰ ਦੇ ਹੜ੍ਹਾਂ ਸਬੰਧੀ ਆਪਣੀ ਪੁਰਾਣੀ ਅਧਿਐਨ ਰਿਪੋਰਟ ਵਿੱਚ ਸੋਧ ਕਰਨ ਅਤੇ ਅਗਲੇ 12 ਮਹੀਨਿਆਂ ਦੇ ਅੰਦਰ ਨਵੀਂ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਸਾਲ 2021 ਵਿੱਚ ਸੀ.ਡਬਲਿਊ.ਪੀ.ਆਰ.ਐੱਸ. ਨੇ ਇੱਕ 'ਮੈਥੇਮੈਟੀਕਲ ਮਾਡਲਿੰਗ ਸਟੱਡੀ' ਰਾਹੀਂ ਹੜ੍ਹ ਰੋਕੂ ਉਪਾਵਾਂ ਦੀ ਸਿਫਾਰਸ਼ ਕੀਤੀ ਸੀ, ਜਿਸ ਨੂੰ ਲਾਗੂ ਕਰਨ ਲਈ ਸੁਪਰੀਮ ਕੋਰਟ ਨੇ 17 ਅਗਸਤ 2022 ਨੂੰ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਆਦੇਸ਼ ਦਿੱਤੇ ਸਨ ਪਰ ਜੁਲਾਈ 2023 ਵਿੱਚ ਆਏ ਭਿਆਨਕ ਹੜ੍ਹਾਂ ਤੋਂ ਬਾਅਦ ਦੋਵਾਂ ਸੂਬਿਆਂ ਨੇ ਪੁਰਾਣੇ ਅੰਕੜਿਆਂ ਨੂੰ ਨਾਕਾਫ਼ੀ ਦੱਸਦਿਆਂ ਨਵੇਂ ਡਾਟਾ ਦੇ ਆਧਾਰ 'ਤੇ ਅਧਿਐਨ ਨੂੰ ਦੁਬਾਰਾ ਕਰਨ ਦੀ ਮੰਗ ਕੀਤੀ ਸੀ। ਇਸੇ ਮੰਗ ਨੂੰ ਪ੍ਰਵਾਨ ਕਰਦਿਆਂ ਮਾਨਯੋਗ ਅਦਾਲਤ ਨੇ 12 ਜਨਵਰੀ ਨੂੰ ਨਵੇਂ ਆਦੇਸ਼ ਜਾਰੀ ਕੀਤੇ ਹਨ। ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਦਸੰਬਰ 2025 ਵਿੱਚ ਕੇਂਦਰੀ ਮੰਤਰੀ ਨੂੰ ਚਿੱਠੀ ਲਿਖ ਕੇ ਘੱਗਰ ਕਾਰਨ ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਵਿੱਚ ਹੁੰਦੀ ਫਸਲਾਂ ਅਤੇ ਜਾਇਦਾਦ ਦੀ ਬਰਬਾਦੀ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਮੰਗ ਕੀਤੀ ਸੀ ਕਿ ਹਰ ਸਾਲ ਬੰਨ੍ਹ ਟੁੱਟਣ ਕਾਰਨ ਕਿਸਾਨਾਂ ਨੂੰ ਹੁੰਦੇ ਕਰੋੜਾਂ ਦੇ ਨੁਕਸਾਨ ਨੂੰ ਰੋਕਣ ਲਈ ਕੋਈ ਪੁਖ਼ਤਾ ਤਕਨੀਕੀ ਹੱਲ ਲੱਭਿਆ ਜਾਵੇ। ਕੇਂਦਰੀ ਮੰਤਰੀ ਅਨੁਸਾਰ 'ਘੱਗਰ ਸਟੈਂਡਿੰਗ ਕਮੇਟੀ' (GSC) ਲਗਾਤਾਰ ਇਸ ਬੇਸਿਨ ਵਿੱਚ ਹੜ੍ਹ ਪ੍ਰਬੰਧਨ ਦੇ ਕੰਮਾਂ ਦੀ ਨਿਗਰਾਨੀ ਕਰ ਰਹੀ ਹੈ ਅਤੇ ਹੁਣ ਨਵੀਂ ਰਿਪੋਰਟ ਆਉਣ ਤੋਂ ਬਾਅਦ ਹੜ੍ਹਾਂ ਨੂੰ ਰੋਕਣ ਲਈ ਲੰਬੇ ਸਮੇਂ ਦੀ ਰਣਨੀਤੀ ਉਲੀਕੀ ਜਾਵੇਗੀ। ਮਾਲਵਾ ਖੇਤਰ ਦੇ ਲੋਕਾਂ ਨੂੰ ਉਮੀਦ ਹੈ ਕਿ ਇਸ ਵਾਰ ਤਕਨੀਕੀ ਅਧਿਐਨ ਤੋਂ ਬਾਅਦ ਜ਼ਮੀਨੀ ਪੱਧਰ 'ਤੇ ਕੰਮ ਹੋਵੇਗਾ ਤਾਂ ਜੋ ਹਰ ਮਾਨਸੂਨ ਦੌਰਾਨ ਪੈਦਾ ਹੁੰਦੇ ਦਹਿਸ਼ਤ ਦੇ ਮਾਹੌਲ ਤੋਂ ਛੁਟਕਾਰਾ ਮਿਲ ਸਕੇ।

12 ਘੰਟਿਆਂ 'ਚ ਪੁਲਿਸ ਨੇ ਕਤਲ ਦੀ ਗੁੱਥੀ ਸੁਲਝਾਈ, ਮੁੱਖ ਦੋਸ਼ੀ ਗ੍ਰਿਫ਼ਤਾਰ

ਘਨੌਰ, 17 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਕਪਤਾਨ ਪੁਲਿਸ ਇਨਵੈਸਟੀਗੇਸ਼ਨ ਪਟਿਆਲਾ ਗੁਰਬੰਸ ਸਿੰਘ ਬੈਂਸ ਦੀਆਂ ਹਦਾਇਤਾਂ ਅਨੁਸਾਰ, ਉਪ ਕਪਤਾਨ ਪੁਲਿਸ ਸਰਕਲ ਘਨੌਰ ਹਰਮਨਪ੍ਰੀਤ ਸਿੰਘ ਚੀਮਾ ਅਤੇ ਮੁੱਖ ਅਫਸਰ ਥਾਣਾ ਖੇੜੀ ਗੰਡਿਆਂ ਇੰਸਪੈਕਟਰ ਜੈਦੀਪ ਸ਼ਰਮਾ ਦੀ ਅਗਵਾਈ ਹੇਠ ਪੁਲਿਸ ਨੇ ਕਤਲ ਦੇ ਇੱਕ ਸਨਸਨੀਖੇਜ਼ ਮਾਮਲੇ ਨੂੰ ਸਿਰਫ਼ 12 ਘੰਟਿਆਂ ਵਿੱਚ ਟਰੇਸ ਕਰਕੇ ਮੁੱਖ ਦੋਸ਼ੀ ਨੂੰ ਕਾਬੂ ਕਰ ਲਿਆ ਹੈ। ਸਿਮਰਨ ਸਿੰਘ ਪੁੱਤਰ ਲੇਟ ਸੁਖਦੇਵ ਸਿੰਘ ਵਾਸੀ ਉਗਾਲਾ, ਥਾਣਾ ਬਰਾੜਾ, ਤਹਿਸੀਲ ਬਰਾੜਾ, ਜ਼ਿਲ੍ਹਾ ਅੰਬਾਲਾ ਵੱਲੋਂ ਦਰਖ਼ਾਸਤ ਦਿੱਤੀ ਗਈ ਕਿ ਗੁਰਮੀਤ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਖੇੜੀ ਗੰਡਿਆਂ ਨੇ ਆਪਣੀ ਪਤਨੀ ਰਮਨਪ੍ਰੀਤ ਕੌਰ ਦੇ ਸਿਰ 'ਤੇ ਲੋਹੇ ਦੇ ਪਾਇਪ ਨਾਲ ਵਾਰ ਕਰਕੇ ਉਸਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਹੈ। ਇਸ ਵਾਰਦਾਤ ਵਿੱਚ ਹਾਕਮ ਸਿੰਘ, ਜਰਨੈਲ ਕੌਰ ਪਤਨੀ ਹਾਕਮ ਸਿੰਘ, ਜੈਲਾ ਸਿੰਘ ਅਤੇ ਗੁਰਮੁੱਖ ਸਿੰਘ ਵਾਸੀ ਖੇੜੀ ਗੰਡਿਆਂ ਵੱਲੋਂ ਸਾਥ ਦੇਣ ਦੇ ਦੋਸ਼ ਵੀ ਲਗਾਏ ਗਏ ਹਨ। ਸ਼ਿਕਾਇਤ ਮਿਲਣ ਉਪਰੰਤ ਥਾਣਾ ਖੇੜੀ ਗੰਡਿਆਂ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮਾਮਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ। ਟੈਕਨੀਕਲ ਅਤੇ ਮੈਦਾਨੀ ਜਾਂਚ ਦੇ ਆਧਾਰ 'ਤੇ ਪੁਲਿਸ ਟੀਮ ਨੇ ਕੇਵਲ 12 ਘੰਟਿਆਂ ਦੇ ਅੰਦਰ ਅੰਦਰ ਮੁੱਖ ਦੋਸ਼ੀ ਗੁਰਮੀਤ ਸਿੰਘ ਪੁੱਤਰ ਹਾਕਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਵੱਲੋਂ ਬਾਕੀ ਨਾਮਜ਼ਦ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪਾਮਾਰੀ ਕੀਤੀ ਜਾ ਰਹੀ ਹੈ।

ਵਿਧਾਇਕ ਜੌੜਾਮਾਜਰਾ ਨੇ ਬੱਸ ਅੱਡੇ ਦੀ ਸੜਕ ਦੇ ਨਵੀਨੀਕਰਨ ਦਾ ਟੱਕ ਲਗਾਇਆ

ਸਮਾਣਾ, 17 ਫਰਵਰੀ (ਵਿਜੇ ਕੁਮਾਰ) : ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਹਲਕੇ ਵਿਚ ਵਿਕਾਸ ਕੰਮਾਂ ਨੂੰ ਤੇਜ਼ ਕਰਦਿਆਂ ਸ਼ਹਿਰ ਦੀ ਤਹਿਸੀਲ ਸੜਕ ਦੇ ਨਵੀਨੀਕਰਨ ਦੇ ਕੰਮ ਨੂੰ ਟੱਕ ਲਗਾ ਕੇ ਸ਼ੁਰੂ ਕਰਵਾਇਆ ਹੈ। ਉਨ੍ਹਾਂ ਨੇ ਘੱਗਾ ਸੜਕ ਦੇ ਟੀ ਪੁਆਇੰਟ ਤੋਂ ਪੰਜ ਪੀਰ ਤੱਕ ਜਾਣ ਵਾਲੀ ਇਸ ਸੜਕ 'ਤੇ ਕੁੱਲ 1.20 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਨਾਲ ਇਲਾਕਾ ਵਾਸੀਆਂ ਨੂੰ ਬਿਹਤਰ ਆਵਾਜਾਈ ਅਤੇ ਸੁਰੱਖਿਆ ਮਿਲੇਗੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਮਿੰਟੂ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਮਾਰਕੀਟ ਕਮੇਟੀ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਅਗਰਵਾਲ ਧਰਮਸ਼ਾਲਾ ਕਮੇਟੀ ਪ੍ਰਧਾਨ ਮਦਨ ਮਿੱਤਲ ਅਤੇ ਨਗਰ ਕੌਂਸਲ ਦੇ ਕਾਰਜਸਾਧਕ

ਅਫਸਰ ਅਪਰਅਪਾਰ ਸਿੰਘ ਵੀ ਹਾਜ਼ਰ ਸਨ। ਵਿਧਾਇਕ ਸ. ਜੌੜਾਮਾਜਰਾ ਨੇ ਇਸ ਮੌਕੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਲਕੇ ਦੀਆਂ ਸੜਕਾਂ, ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਤਰਜੀਹ ਦੇ ਰਹੀ ਹੈ। ਇਸ ਸੜਕ ਦੀ ਮੁਰੰਮਤ ਨਾਲ ਸ਼ਹਿਰ ਦੇ ਲੋਕਾਂ ਅਤੇ ਸ਼ਹਿਰ ਵਿਚ ਰੋਜ਼ਾਨਾ ਆਉਣ-ਜਾਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਇਹ ਕੰਮ ਜਲਦੀ ਪੂਰਾ ਕਰਵਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਹਲਕੇ ਦੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਕੀਤੀ ਜਾ ਰਹੀ ਹੈ, ਸੜਕਾਂ ਨੂੰ ਚੌੜਾ ਕੀਤਾ ਜਾ ਰਿਹਾ ਹੈ ਅਤੇ ਕੱਚੇ ਰਸਤਿਆਂ ਨੂੰ ਪੱਕਾ ਕੀਤਾ ਜਾ ਰਿਹਾ ਹੈ। ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਕਾਰਨ ਹਲਕਾ ਸਮਾਣਾ ਵਿਚ ਹੀ ਨਹੀਂ ਸਗੋਂ ਸਮੁੱਚੇ ਸੂਬੇ ਵਿਚ ਲੋਕ ਨਸ਼ਿਆਂ ਵਿਰੁੱਧ ਮੈਦਾਨ ਵਿਚ ਆ ਗਏ ਹਨ। ਉਹ ਦਿਨ ਦੂਰ ਨਹੀਂ ਹਨ ਜਦੋਂ ਪੰਜਾਬ ਨਸ਼ਾ ਮੁਕਤ ਹੋ ਜਾਵੇਗਾ। ਇਸ ਮੌਕੇ ਗੋਪਾਲ ਕ੍ਰਿਸ਼ਨ ਗਰਗ, ਸੰਜੇ ਸਿੰਗਲਾ, ਡਾ. ਸੁਰਜੀਤ ਦਈਆ, ਰਮਨਦੀਪ ਸ਼ਰਮਾ, ਸੰਜੇ ਸਾਹਨੀ, ਮਨੋਜ ਕਮਾਰ ਆਦਿ ਵੀ ਮੌਜੂਦ ਸਨ।

ਸਰਕਾਰੀ ਹਾਈ ਸਕੂਲ ਬਰਸਟ ਵਿਖੇ ਸਪੋਰਟਸ ਮੀਟ ਕਰਵਾਈ

ਭੁਨਰਹੇੜੀ, 17 ਫਰਵਰੀ (ਗੁਰਜੀਤ ਸਿੰਘ ਢੋਟ) : ਪਟਿਆਲਾ ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਦੀ ਸਰਪ੍ਰਸਤੀ ਵਿੱਚ ਸਰਕਾਰੀ ਹਾਈ ਸਕੂਲ ਬਰਸਟ ਵਲੋਂ ਮੁੱਖ ਅਧਿਆਪਕਾ ਮੈਡਮ ਸੰਨੀ ਗੁਪਤਾ ਦੀ ਅਗਵਾਈ ਹੇਠ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਕੂਲ ਲੈਵਲ ਦੀ ਸਲਾਨਾਂ ਸਪੋਰਟਸ ਮੀਟ ਆਯੋਜਿਤ ਕੀਤੀ ਗਈ। ਨਰਿੰਦਰ ਸਿੰਘ ਸਰਪੰਚ ਗ੍ਰਾਮ ਪੰਚਾਇਤ ਬਰਸਟ ਮੁੱਖ ਮਹਿਮਾਨ ਸਨ।ਡਾ.ਰੀਨਾ ਗੋਇਲ ਮੈਡੀਕਲ ਅਫਸਰ ਸਰਕਾਰੀ ਡਿਸਪੈਂਸਰੀ ਬਰਸਟ ਅਤੇ ਮੈਡਮ ਸੁਰਿੰਦਰ ਕੌਰ ਹੈਡ ਟੀਚਰ ਸਰਕਾਰੀ ਐਲੀਮੈਂਟਰੀ ਸਕੂਲ ਬਰਸਟ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਦੀ ਮੁੱਖ ਅਧਿਆਪਕਾ ਮੈਡਮ ਸੰਨੀ ਗੁਪਤਾ ਨੇ ਸਵਾਗਤੀ ਭਾਸ਼ਣ ਦਿੰਦਿਆਂ ਸਕੂਲ ਦੀਆਂ ਸ਼ਲਾਘਾਯੋਗ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਸ੍ਰੀਮਤੀ ਹਰਪ੍ਰੀਤ ਕੌਰ ਚੇਅਰਮੈਨ ਸਕੂਲ ਪ੍ਰਬੰਧਕ ਕਮੇਟੀ ਨੇ ਧੰਨਵਾਦੀ ਸ਼ਬਦ ਕਹੇ। ਟੂਰਨਾਮੈਂਟ ਵਿੱਚ ਕ੍ਰਿਕਟ ਖੇਡ ਦਾ ਮੁਕਾਬਲਾ ਕਰਵਾਇਆ ਗਿਆ ਜਦਕਿ ਅਥਲੈਟਿਕਸ ਵਿੱਚ 50 ਤੇ 100 ਮੀਟਰ ਦੀ ਦੌੜ, ਲੰਮੀ ਛਾਲ ਅਤੇ ਸਪੂਨ ਰੇਸ ਦੇ ਮੁਕਾਬਲੇ ਕਰਵਾਏ ਗਏ। ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨਾਂ ਵੱਲੋਂ ਜੇਤੂ ਖਿਡਾਰੀਆਂ ਨੂੰ ਯਾਦ ਚਿੰਨ੍ਹ ਤੇ ਮੈਡਲ ਵੀ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵਿੰਦਰ ਸਿੰਘ, ਗੁਰਵਿੰਦਰ ਸਿੰਘ ਵਰਿੰਦਰ ਪਾਲ ਕੌਰ, ਗਗਨਦੀਪ ਸਿੰਘ, ਸਹਿਜਪ੍ਰੀਤ ਸਿੰਘ ਮਾਪੇ, ਸਮੂੰਹ ਵਿਦਿਆਰਥੀ ਅਤੇ ਮਿਡ ਡੇ ਮੀਲ ਵਰਕਰ ਵੀ ਹਾਜ਼ਰ ਸਨ।

ਕੋਰਟ ਦੇ ਫਲੋਰਾਂ 'ਤੇ ਪੀਲਾ ਪੱਥਰ ਅਤੇ ਪੌੜੀਆ 'ਤੇ ਚੜਨ ਲਈ ਸੈਂਟਰ 'ਚ ਰਿਫਲੈਕਟਰ ਲਗਾਇਆ

ਪਟਿਆਲਾ, 17 ਫਰਵਰੀ (ਵਿਨੋਦ ਸ਼ਰਮਾ) : ਕੋਰਟ ਕੰਪਲੈਕਸ ਪਟਿਆਲਾ ਵਿਖੇ ਛੇ ਮੰਜ਼ਿਲਾ ਇਮਾਰਤ ਜੋ ਪਹਿਲਾਂ ਹੀ ਬਣੀ ਹੋਈ ਹੈ। ਉਸੇ ਬਿਲਡਿੰਗ ਦੇ ਫਲੋਰਾਂ 'ਤੇ ਸੈਂਟਰ ਵਿੱਚ ਅਤੇ ਕੋਰਟ ਰੂਮਾਂ ਦੇ ਰਸਤਿਆਂ ਵਿੱਚ ਅਤੇ ਅਹਿਲਮਦਾਂ ਦੇ ਰੂਮਾਂ ਅਤੇ ਬਾਹਰੋਂ ਆਉਣ-ਜਾਣ ਵਾਲੇ ਰਸਤਿਆਂ ਅਤੇ ਹੋਰ ਕਮਰਿਆਂ ਨੂੰ ਜਾਣ ਵਾਲੇ ਰਸਤਿਆਂ ਦੇ ਸੈਂਟਰ ਵਿੱਚ ਪੀਲਾ ਪੱਥਰ ਅਤੇ ਪੌੜੀਆਂ ਚੜ੍ਹਦੇ ਸਮੇਂ ਰਿਫਲੈਕਟਰ ਲਗਾਏ ਗਏ ਹਨ, ਤਾਂ ਜੋ ਲੋਕ ਅਤੇ ਖਾਸ ਕਰ ਦਿਵਿਆਂਗ ਵਿਅਕਤੀ ਇਸ ਦਾ ਫਾਇਦਾ ਉਠਾ ਸਕਣ।

ਨਸ਼ੀਲੀਆਂ ਗੋਲ਼ੀਆਂ ਰੱਖਣ ਵਾਲੇ ਨੂੰ ਦਸ ਸਾਲ ਦੀ ਸਜ਼ਾ

ਪਟਿਆਲਾ, 17 ਫਰਵਰੀ (ਵਿਨੋਦ ਸ਼ਰਮਾ) : ਨਸ਼ੀਲੀਆਂ ਗੋਲੀਆਂ ਰੱਖਣ ਦੇ ਮਾਮਲੇ ਵਿੱਚ ਵਧੀਕ ਸੈਸ਼ਨ ਜੱਜ ਅਤੁਲ ਕੰਬੋਜ ਦੀ ਅਦਾਲਤ ਨੇ ਦੋਸ਼ੀ ਬਿਕਰਮਜੀਤ ਸਿੰਘ ਵਾਸੀ ਰਾਜਪੁਰਾ ਨੂੰ ਦਸ ਸਾਲ ਦੀ ਸਜ਼ਾ ਸੁਣਾਈ ਹੈ ਅਤੇ ਇੱਕ ਲੱਖ ਜੁਰਮਾਨਾ ਭਰਨ ਦੇ ਆਦੇਸ਼ ਦਿੱਤੇ ਹਨ। ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਉਕਤ ਦੋਸ਼ੀ ਨੂੰ ਛੇ ਮਹੀਨੇ ਦੀ ਵੱਖਰੀ ਸਜ਼ਾ ਭੁਗਤਣੀ ਪਏਗੀ। ਪੁਲਿਸ ਨੇ ਉਕਤ ਦੋਸ਼ੀ ਤੋਂ ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਕੇ ਥਾਣਾ ਸ਼ੰਭੂ ਵਿਖੇ ਵੱਖ-ਵੱਖ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕੀਤਾ ਸੀ।

ਰਜਿੰਦਰਾ ਜਿਮਖਾਨਾ ਕਲੱਬ ਵੱਲੋਂ ਮੇਅਰ ਕੁੰਦਨ ਗੋਗੀਆ ਦਾ ਸਨਮਾਨ

ਪਟਿਆਲਾ, 17 ਫਰਵਰੀ (ਰੁਪਾਣਾ) : ਸ਼ਾਹੀ ਸ਼ਹਿਰ ਪਟਿਆਲਾ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਦਿਨ-ਰਾਤ ਇੱਕ ਕਰਨ ਵਾਲੇ ਮੇਅਰ ਕੁੰਦਨ ਗੋਗੀਆ ਦੇ ਕਾਰਜਕਾਲ ਦਾ ਇੱਕ ਸਾਲ ਸਫਲਤਾਪੂਰਵਕ ਪੂਰਾ ਹੋਣ 'ਤੇ ਅੱਜ ਰਜਿੰਦਰਾ ਜਿਮਖਾਨਾ ਕਲੱਬ ਦੇ ਪ੍ਰਮੁੱਖ ਅਹੁਦੇਦਾਰਾਂ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਕਲੱਬ ਦੇ ਪ੍ਰਧਾਨ ਸ਼ੇਰਬੀਰ ਸਿੰਘ ਅਤੇ ਸੈਕਟਰੀ ਹਰਪ੍ਰੀਤ ਸੰਧੂ ਅਤੇ ਹੋਰ ਮੈਂਬਰਾਂ ਨੇ ਮੇਅਰ ਗੋਗੀਆ ਨੂੰ ਉਨ੍ਹਾਂ ਦੇ ਸਫਲ ਕਾਰਜਕਾਲ ਲਈ ਤਹਿ ਦਿਲੋਂ ਵਧਾਈ ਦਿੱਤੀ ਅਤੇ ਸ਼ਹਿਰ ਦੀ ਨੁਹਾਰ ਬਦਲਣ ਲਈ ਕੀਤੇ ਗਏ ਕੰਮਾਂ ਦੀ ਬੇਹੱਦ ਸ਼ਲਾਘਾ ਕੀਤੀ।ਇਸ ਮੌਕੇ ਕਲੱਬ ਦੇ ਹੋਰ ਵੀ ਕਈ ਮੈਂਬਰ ਮੌਜੂਦ ਸਨ, ਜਿਨ੍ਹਾਂ ਨੇ ਮੇਅਰ ਗੋਗੀਆ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ।

ਗਿਆਨਦੀਪ ਮੰਚ ਨੇ ਸਾਹਿਤਕ ਸਮਾਗਮ ਕਰਵਾਇਆ

ਪਟਿਆਲਾ, 17 ਫਰਵਰੀ (ਚ.ਨ.ਸ.) : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਮਹੀਨਾਵਾਰ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੇ ਕਵੀਆਂ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦਿੱਤਾ।ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਨੇ ਕਿਹਾ ਕਿ ਅੱਜ ਸ਼ਿਵਰਾਤਰੀ ਦਾ ਸ਼ੁਭ ਦਿਹਾੜਾ ਹੈ।ਸ਼ਿਵ ਜੀ ਨੇ ਦੁਸ਼ਮਣੀ ਅਤੇ ਭੇਦ ਭਾਵੀਂ ਰੂਪੀ ਜ਼ਹਿਰ ਪੀ ਕੇ ਵਿਸ਼ਵ ਨੂੰ ਅਮਨ ਸ਼ਾਂਤੀ ਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਲੇਖਕਾਂ ਨੂੰ ਵੀ ਨੂੰ ਇਹ ਸੰਦੇਸ਼ ਆਪਣੀਆਂ ਰਚਨਾਵਾਂ ਰਾਹੀਂ ਲੋਕਾਈ ਨੂੰ ਦੇਣਾ ਚਾਹੀਦਾ ਹੈ।ਮੰਚ ਦੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ

ਨਾਰੀਕੇ ਨੇ ਕਿਹਾ ਕਿ ਲੇਖਕ ਅਜਿਹਾ ਲਿਖਣ ਜਿਸ ਨਾਲ ਉਹਨਾਂ ਦੀਆਂ ਰਚਨਾਵਾਂ ਅਮਰ ਹੋ ਜਾਣ। ਸਮਾਗਮ ਦੌਰਾਨ ਸਰਬਸੰਮਤੀ ਨਾਲ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੂੰ ਗਿਆਨਦੀਪ ਸਾਹਿਤ ਸਾਧਨਾ ਮੰਚ ਪਟਿਆਲ਼ਾ ਦਾ ਜਨਰਲ ਸਕੱਤਰ, ਦਰਸ਼ਨ ਸਿੰਘ ਦਰਸ਼ ਪਸਿਆਣਾ ਨੂੰ ਸਕੱਤਰ, ਗੁਰਪ੍ਰੀਤ ਢਿੱਲੋਂ ਨੂੰ ਸੰਯੁਕਤ ਸਕੱਤਰ ਨਿਯੁਕਤ ਕੀਤਾ ਗਿਆ। ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਸਿੰਘ ਢਿੱਲੋਂ, ਰਾਜਬੀਰ ਸਿੰਘ ਮੱਲ੍ਹੀ, ਹਰਿਸੁਬੇਗ ਸਿੰਘ, ਇੰਜ. ਮੇਜਰ ਸਿੰਘ, ਇੰਦਰਪਾਲ ਸਿੰਘ, ਗੁਰਮੇਲ ਸਿੰਘ ਐੱਸ ਡੀ ਓ, ਜਸਵਿੰਦਰ ਕੌਰ, ਹਰਜੀਤ ਕੌਰ, ਜੱਗਾ ਰੰਗੂਵਾਲ, ਰਾਜੇਸ਼ਵਰ ਕੁਮਾਰ, ਗੁਰਪ੍ਰੀਤ ਲੰਗ, ਬਲਵੰਤ ਬੱਲੀ ਅਤੇ ਹਰਵਿੰਦਰ ਸਿੰਘ ਗੁਲਾਮ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅਭੈ ਰਾਵਤ, ਅਵਤਾਰ ਸਿੰਘ ਅਤੇ ਯੋਗਿੰਦਰ ਕੁਮਾਰ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ।

'ਸਾਡੇ ਬਜ਼ੁਰਗ ਸਾਡਾ ਮਾਣ' ਅਭਿਆਨ ਤਹਿਤ ਸਿਵਲ ਹਸਪਤਾਲ ਨਾਭਾ ਵਿਖੇ ਹੈਲਥ ਚੈਕਅੱਪ ਕੈਂਪ ਲਗਾਇਆ

ਨਾਭਾ, 17 ਫਰਵਰੀ (ਗੁਰਚਰਨ ਸਿੰਘ ਚੌਧਰੀਮਾਜਰਾ) : ਸਿਵਲ ਸਰਜਨ ਪਟਿਆਲਾ ਡਾ ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ ਵੀਨੂੰ ਗੋਇਲ, ਐਸ.ਐਮ.ਓ ਨਾਭਾ ਦੀ ਯੋਗ ਅਗਵਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਜਿਲਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਜ਼ੁਰਗਾਂ ਲਈ ਮੁਫਤ ਹੈਲਥ ਚੈਕਅੱਪ ਕੈਂਪ 'ਸਾਡੇ ਬਜ਼ੁਰਗ ਸਾਡਾ ਮਾਣ' ਅਭਿਆਨ ਤਹਿਤ ਲਗਾਇਆ ਗਿਆ, ਜਿਸ ਵਿੱਚ ਮੈਡੀਸਨ, ਆਰਥੋ, ਈ.ਐਨ.ਟੀ ਅਤੇ ਅੱਖਾ ਦੇ ਮਾਹਿਰ ਡਾਕਟਰਾਂ ਦੁਆਰਾ 60 ਸਾਲ ਤੋਂ ਵੱਧ ਉਮਰ ਦੇ ਤਕਰੀਬਨ 400 ਮਰੀਜਾਂ ਦਾ ਹੈਲਥ ਚੈਕਅੱਪ ਕੀਤਾ ਗਿਆ। ਇਸ ਮੌਕੇ ਸ਼੍ਰੀ ਗੁਰਵਿੰਦਰ ਸਿੰਘ ਬੱਲ, ਡੀ.ਐਸ.ਪੀ ਨਾਭਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੌਕੇ ਤੇ ਡਾ ਵੀਨੂੰ ਗੋਇਲ ਨੇ ਦੱਸਿਆ ਕਿ ਇਸ ਕੈਂਪ ਦੌਰਾਨ 60 ਸਾਲ ਤੋਂ ਵੱਧ ਉਮਰ ਦੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਜਾ ਰਹੀਆਂ ਹਨ ਅਤੇ ਅੱਖਾਂ ਦੀ ਜਾਂਚ ਦੌਰਾਨ ਕੁੱਲ 16 ਮਰੀਜ਼ਾਂ ਦੀਆਂ ਅੱਖਾਂ ਵਿੱਚ ਚਿੱਟਾ ਮੋਤੀਆ ਪਾਇਆ ਗਿਆ ਹੈ, ਜਿਹਨਾਂ ਦਾ ਅਪ੍ਰੇਸ਼ਨ ਇਸ ਹਸਪਤਾਲ ਵਿੱਚ ਮੁਫਤ ਕੀਤਾ ਜਾਵੇਗਾ। ਸ੍ਰੀ ਗੁਰਵਿੰਦਰ ਸਿੰਘ ਬੱਲ ਡੀ.ਐਸ.ਪੀ ਨਾਭਾ ਦੁਆਰਾ ਕਿਹਾ ਗਿਆ ਕਿ ਅਜਿਹੇ ਕੈਂਪ ਲੱਗਣ ਨਾਲ ਲੋਕਾਂ ਨੂੰ ਬਹੁਤ ਲਾਭ ਮਿਲਦਾ ਹੈ। ਇਸ ਮੌਕੇ ਡਾ. ਅਨੁਮੇਹਾ ਭੱਲਾ, ਡਾ. ਰਾਓਵਰਿੰਦਰ ਸਿੰਘ ਈ.ਐਨ.ਟੀ ਸਪੈਸ਼ਲਿਸਟ, ਡਾ. ਮਨਦੀਪ ਸਿੰਘ ਅੱਖਾਂ ਦੇ ਮਾਹਿਰ, ਡਾ. ਅਕਿੰਤ ਹੱਡੀਆਂ ਦੇ ਮਾਹਿਰ, ਹਰਨਰਾਇਣ ਸਿੰਘ ਅਪਥੈਲਮਿਕ ਅਫਸਰ, ਰੰਮੀ ਰਾਣੀ ਫਾਰਮੇਸੀ ਅਫਸਰ, ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਤੇ ਬਾਲ ਵਿਕਾਸ ਪਟਿਆਲਾ ਤੋਂ ਇੰਦਰਪ੍ਰੀਤ ਸਿੰਘ ਅਤੇ ਬਲਜਿੰਦਰ ਸਿੰਘ, ਸੀ.ਡੀ.ਪੀ.ਓ ਦਫਤਰ ਨਾਭਾ ਤੋਂ ਪਰਮਜੀਤ ਸਿੰਘ, ਹਾਕਮ ਸਿੰਘ, ਗੁਰਦਲਬੀਰ ਸਿੰਘ ਅਤੇ ਸਮੂਹ ਸੁਪਰਵਾਇਜ਼ਰ, ਆਂਗਨਵਾੜੀ ਵਰਕਰ, ਆਸ਼ਾ ਵਰਕਰ ਮੌਜੂਦ ਸਨ।

ਖ਼ਾਲਸਾ ਕਾਲਜ ਵਿਖੇ 19ਵਾਂ ਸੱਤ ਰੋਜ਼ਾ ਸਾਲਾਨਾ ਅੰਗਰੇਜ਼ੀ ਸਾਹਿਤਕ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

ਪਟਿਆਲਾ, 17 ਫਰਵਰੀ (ਰੁਪਾਣਾ) : ਖ਼ਾਲਸਾ ਕਾਲਜ, ਪਟਿਆਲਾ ਦੇ ਪੋਸਟ ਗ੍ਰੈਜੂਏਟ ਅੰਗਰੇਜ਼ੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਭਾਗ ਦੀ 'ਇੰਗਲਿਸ਼ ਲਿਟਰੇਰੀ ਸੁਸਾਇਟੀ' ਵੱਲੋਂ ਕਰਵਾਇਆ ਗਿਆ 19ਵਾਂ ਸੱਤ ਰੋਜ਼ਾ ਸਾਲਾਨਾ ਅੰਗਰੇਜ਼ੀ ਸਾਹਿਤਕ ਮੇਲਾ ਅੱਜ ਆਪਣੀ ਪੂਰੀ ਸਫ਼ਲਤਾ ਨਾਲ ਸਮਾਪਤ ਹੋ ਗਿਆ। ਇਸ ਸਮਾਗਮ ਦੇ ਗ੍ਰੈਂਡ ਫਿਨਾਲੇ ਦੌਰਾਨ ਵਿਦਿਆਰਥੀਆਂ ਦੀ ਸਾਹਿਤਕ ਪ੍ਰਤਿਭਾ ਅਤੇ ਰਚਨਾਤਮਕਤਾ ਦਾ ਬੇਮਿਸਾਲ ਸੰਗਮ ਦੇਖਣ ਨੂੰ ਮਿਲਿਆ। ਇਸ ਸੱਤ ਰੋਜ਼ਾ ਉਤਸਵ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇੱਕ ਅਜਿਹਾ ਮੰਚ ਪ੍ਰਦਾਨ ਕਰਨਾ ਸੀ, ਜਿੱਥੇ ਉਹ

ਅੰਗਰੇਜ਼ੀ ਭਾਸ਼ਾ ਪ੍ਰਤੀ ਆਪਣੀ ਲਗਨ ਅਤੇ ਕਲਾਤਮਕ ਹੁਨਰ ਦਾ ਪ੍ਰਦਰਸ਼ਨ ਕਰ ਸਕਣ। ਇਸ ਸਾਹਿਤਕ ਮੇਲੇ ਦੌਰਾਨ ਕੁੱਲ ਅੱਠ ਪ੍ਰਮੁੱਖ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਲਿਟਰੇਚਰ ਕੁਇਜ਼, ਇਡੀਓਮੈਟਿਕ ਕਨਵਰਸੇਸ਼ਨ (ਮੁਹਾਵਰੇਦਾਰ ਵਾਰਤਾਲਾਪ), ਟੈੱਲ-ਏ-ਟੇਲ, ਲਘੂ ਕਹਾਣੀ ਲੇਖਣ, ਭਾਸ਼ਣ ਕਲਾ (ਐਲੋਕਿਊਸ਼ਨ), ਰੋਲ ਪਲੇਅ, ਸਲੋਗਨ ਰਾਈਟਿੰਗ ਅਤੇ ਨਾਟਕ ਮੰਚਨ ਸ਼ਾਮਲ ਸਨ।ਕਾਲਜ ਦੇ ਵਿਦਿਆਰਥੀਆਂ ਨੇ ਇਨ੍ਹਾਂ ਸਾਰੀਆਂ ਵੰਨਗੀਆਂ ਵਿੱਚ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਆਪਣੀ ਨਵੀਨਤਮ ਸੋਚ ਅਤੇ ਬੌਧਿਕ ਸਮਰੱਥਾ ਦਾ ਸਬੂਤ ਦਿੱਤਾ। ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਾਹਿਤਕ ਮੇਲਾ ਕੇਵਲ ਇੱਕ ਸਮਾਗਮ ਨਹੀਂ, ਸਗੋਂ ਰਚਨਾਤਮਕਤਾ, ਬੁੱਧੀ ਅਤੇ ਕਲਾਤਮਕ ਪ੍ਰਗਟਾਵੇ ਦਾ ਇੱਕ ਮਹਾਨ ਜਸ਼ਨ ਹੈ। ਵਿਭਾਗ ਦੇ ਮੁਖੀ, ਡੀਨ ਪਲੇਸਮੈਂਟ ਅਤੇ ਕੰਟਰੋਲਰ ਪ੍ਰੀਖਿਆਵਾਂ ਡਾ. ਜਸਪ੍ਰੀਤ ਕੌਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਮੇਲੇ ਨੇ ਵਿਦਿਆਰਥੀਆਂ ਨੂੰ ਭਾਸ਼ਾ ਦੀ ਅਮੀਰੀ, ਕਹਾਣੀ ਸੁਣਾਉਣ ਦੀ ਕਲਾ ਅਤੇ ਸਾਹਿਤਕ ਜਗਤ ਦੀਆਂ ਡੂੰਘਾਈਆਂ ਨੂੰ ਸਮਝਣ ਦਾ ਸੁਨਹਿਰੀ ਮੌਕਾ ਦਿੱਤਾ ਹੈ। ਇਸ ਮੌਕੇ ਸੁਸਾਇਟੀ ਦੀ ਕਨਵੀਨਰ ਡਾ. ਰੂਬਲ ਬਰਾੜ ਨੇ ਸਮਾਗਮ ਦੀ ਸਫ਼ਲਤਾ 'ਤੇ ਖੁਸ਼ੀ ਜ਼ਾਹਿਰ ਕਰਦਿਆਂ ਪ੍ਰਿੰਸੀਪਲ ਸਾਹਿਬ ਅਤੇ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਰਟੀਫ਼ਿਕੇਟ ਅਤੇ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਹਰਵਿੰਦਰ ਕੌਰ, ਡਾ. ਹਰਜੀਤ ਕੌਰ (ਮੁਖੀ, ਇਤਿਹਾਸ ਵਿਭਾਗ), ਡਾ. ਬਲਬੀਰ ਕੌਰ (ਮੁਖੀ, ਹੋਮ ਸਾਇੰਸ ਵਿਭਾਗ), ਡਾ. ਅੰਜੂ ਖੁੱਲਰ (ਮੁਖੀ, ਕੈਮਿਸਟਰੀ ਵਿਭਾਗ) ਅਤੇ ਡਾ. ਜਗਦੀਪ ਸਿੰਘ (ਥੀਏਟਰ ਸਟੱਡੀਜ਼ ਵਿਭਾਗ) ਨੇ ਜੱਜਾਂ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

DDU-GKY
Empowering India-Powering the World
ਦਾਖਲਾ ਸ਼ੁਰੂ
ਸਰਕਾਰ ਵਲੋ ਮੁਫਤ ਕੋਰਸ (ਪਟਿਆਲਾ)
NURSING (General Duty Assistant)

ਕੋਰਸ ਦਾ ਸਮਾ: 4 ਮਹੀਨੇ, ਯੋਗਤਾ : 10ਵੀਂ ਪਾਸ, ਉਮਰ: 18 ਤੋਂ 35
ਸੰਗਰੂਰ ਅਤੇ ਪਟਿਆਲਾ ਦੇ ਕਿਸੇ ਵੀ ਪੇਂਡੂ ਇਲਾਕੇ ਤੋਂ ਲੜਕੀਆਂ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦੀਆਂ ਹਨ।
ਅੰਗਰੇਜ਼ੀ, ਕੰਪਿਊਟਰ, ਸਾਫਟ ਸਕਿੱਲ
ਦਸਤਾਵੇਜ਼
• Photo / 4
• ਆਧਾਰ ਕਾਰਡ
• ਜਾਤੀ ਸਰਟੀਫਿਕੇਟ
• 10ਵੀਂ ਦਾ ਸਰਟੀਫਿਕੇਟ
• 12ਵੀਂ ਦਾ ਸਰਟੀਫਿਕੇਟ
• ਰਾਸ਼ਨ ਕਾਰਡ
ਮੁਫਤ ਭੋਜਨ
ਮੁਫਤ ਹੋਸਟਲ
ਮੁਫਤ ਯੂਨੀਫਾਰਮ
ਮੁਫਤ ਕਿਤਾਬਾਂ
ਮੁਫਤ ਸਿਖਲਾਈ ਸਮੱਗਰੀ
ਲਿਟਿਲ ਮਿਲੇਨਿਅਮ ਸਕੂਲ, ਰਾਏਪੁਰ ਮੰਡਲਾਂ, ਨੇੜੇ ਪੰਜਾਬ ਕਾਲਜ ਬਠਲਾਂ, ਸੀਲ ਰੋਡ, ਬਹਾਦੁਰਗੜ੍ਹ, ਪਟਿਆਲਾ, ਪੰਜਾਬ - 147021
ਸਾਡੇ ਨਾਲ ਹੁਣੇ ਸੰਪਰਕ ਕਰੋ
Admission Helpline 87270 39556
Office Helpline WhatsApp Queries:- 84480 38721
@ddugky_punjab
ਸਾਡੇ ਨਾਲ ਵਧਣ ਦਿਓ....